ਕੁਲ ਸੰਸਾਰ ਇਕ ਪਰਿਵਾਰ....

ਨਵੀਂ ਦੁਨੀਆ
Nawi Dunia

Free



8 ਮਾਰਚ : ਕੌਮਾਂਤਰੀ ਇਸਤਰੀ ਦਿਵਸ

ਸਾਲ : 3 ਅੰਕ : 3 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਮਾਰਚ – 2012

ਅਲਬਰਟਾ ਸਿਹਤ ਅਥਾਰਟੀ .... ਪੰਨਾ-3



ਹੁੱਲੜ ਗਾਇਕੀ.... ਪੰਨਾ-9





ਲੇਖਕ ਢਹਿੰਦੇ ਵਿਚਾਰਾਂ ਵਾਲਾ ਨਹੀ ਹੁੰਦਾ- ਪ੍ਰੇਮ ਗੋਰਖੀ ਪੰਨਾ-27

9/11, ਅਮਰੀਕਾ, ਇਸਲਾਮ ਅਤੇ ਸਿਨੇਮਾ ਪੰਨਾ-46





ਪੰਜਾਬ ’ਚ ਮੁੜ ਬਾਦਲਾਂ ਦੀ ਹਕੂਮਤ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਸਿਆਸੀ ਪੈਟਰਨ ਨੂੰ ਬਦਲਦੇ ਹੋਏ ਵਿਧਾਨ ਸਭਾ ਚੋਣਾਂ ਵਿਚ ਇਤਿਹਾਸਕ ਜਿੱਤ ਦੇ ਰੂਪ ਵਿਚ ਆਪਣੇ ਪਿਤਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੋਲੀ ਦਾ ਸ਼ਾਨਦਾਰ ਤੋਹਫਾ ਦਿੱਤਾ ਹੈ। ਅਜਿਹਾ 46 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਕੋਈ ਪਾਰਟੀ ਲਗਾਤਾਰ ਦੂਸਰੀ ਵਾਰੀ ਸੱਤਾ ਵਿਚ ਆਈ। ਸਹਿਯੋਗੀ ਭਾਜਪਾ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਮਤ ਤੱਕ ਪਹੁੰਚਾਉਣ ਵਿਚ ਅਹਿਮ ਭੂਮਿਕਾ ਅਦਾ ਕੀਤੀ। ਪ੍ਰਮੁੱਖ ਵਿਰੋਧੀ ਪਾਰਟੀ ਕਾਂਗਰਸ ਨੂੰ ਜਿਥੇ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ, ਉਥੇ ਅਵਾਮ ਅਤੇ ਨਿਜਾਮ ਨੂੰ ਬਦਲਣ ਦਾ ਨਾਅਰਾ ਲੈ ਕੇ ਅੱਗੇ ਵਧੇ ਮਨਪ੍ਰੀਤ ਬਾਦਲ ਦੀ ਪੰਜਾਬ ਪੀਪਲਜ਼ ਪਾਰਟੀ ਖਾਤਾ ਵੀ ਨਹੀਂ ਖੋਲ੍ਹ ਸਕੀ। ਦੋ ਸੀਟਾਂ ਤੋਂ ਕਿਸਮਤ ਅਜ਼ਮਾ ਰਹੇ ਮਨਪ੍ਰੀਤ ਬਾਦਲ ਇਕ ਉਤੇ ਵੀ ਨਾ ਜਿੱਤ ਸਕੇ।

ਚੋਣ ਨਤੀਜਿਆਂ ਅਨੁਸਾਰ ਸੁਖਬੀਰ ਨੇ ਪਾਰਟੀ ਨੂੰ ਬਹੁਮਤ ਦਿਵਾਇਆ। ਸ਼੍ਰੋਮਣੀ ਅਕਾਲੀ ਦਲ ਨੂੰ ਜਿਥੇ 56 ਸੀਟਾਂ ਮਿਲੀਆਂ, ਉਥੇ ਭਾਜਪਾ ਨੂੰ 12 ਸੀਟਾਂ ਉਤੇ ਜਿੱਤ ਹਾਸਿਲ ਹੋਈ। ਕਾਂਗਰਸ ਨੂੰ ਕੇਵਲ 46 ਸੀਟਾਂ ’ਤੇ ਹੀ ਸੰਤੋਸ਼ ਕਰਨਾ ਪਿਆ। ਅਮਰੀਕਾ ਤੋਂ ਐਮ.ਬੀ.ਏ ਕਰਨ ਵਾਲੇ ਸੁਖਬੀਰ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਚੋਣ ਲੜੀ, ਜਿਸ ਵਿਚ ਸੁਖਬੀਰ ਦਾ ਮਾਈਕਰੋ ਮੈਨੇਜਮੈਂਟ ਸਫ਼ਲ ਰਿਹਾ।

5 ਸੂਬਾਈ ਚੋਣਾਂ

ਹੈਰਾਨੀਜਨਕ ਨਤੀਜੇ, ਕਾਂਗਰਸ ਹਾਰੀ

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 2012 ਦੇ ਨਤੀਜੇ ਆ ਗਏ ਹਨ। ਲੋਕਤੰਤਰ ਦੀ ਅਸਲੀ ਸਰਕਾਰ ਜਨਤਾ ਨੇ ਕਿਤੇ ਸੱਤਾਧਾਰੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਤਾਂ ਕਿਤੇ ਫਿਰ ਤੋਂ ਉਨ੍ਹਾਂ ਨੂੰ ਮੌਕਾ ਦਿੱਤਾ ਹੈ। ਨਤੀਜੇ ਉਮੀਦ ਦੇ ਮੁਤਾਬਿਕ ਹੈਰਾਨ ਕਰਨ ਵਾਲੇ ਰਹੇ। ਸੱਤਾ ਵਿਚ ਆਉਣ ਦਾ ਕਾਂਗਰਸ ਦਾ ਸੁਫਨਾ ਪੰਜਾਬ ਅਤੇ ਉਤਰ ਪ੍ਰਦੇਸ਼ ਵਿਚ ਧੁੰਦਲਾ ਹੋਇਆ ਹੈ। ਉਤਰਾਖੰਡ ਵਿਚ ਕਾਂਗਰਸ ਸਰਕਾਰ ਬਣਾਉਣ ਦੀ ਸਥਿਤੀ ਵਿਚ ਹੈ ਹਾਲਾਂਕਿ ਉਸ ਨੂੰ ਇਸ ਲਈ ਬਸਪਾ ਤੇ ਆਜ਼ਾਦ ਉਮੀਦਵਾਰਾਂ ਦੀ ਹਮਾਇਤ ਚਾਹੀਦੀ ਹੈ। ਮਣੀਪੁਰ ਵਿਚ ਉਸ ਨੂੰ ਸਪਸ਼ਟ ਬਹੁਮਤ ਮਿਲ ਗਿਆ ਹੈ, ਜਦੋਂ ਕਿ ਗੋਆ ਵਿਚ ਉਸ ਨੂੰ ਕਰਾਰਾ ਝਟਕਾ ਲੱਗਿਆ ਹੈ, ਉਥੇ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ 40 ਮੈਂਬਰੀ ਵਿਧਾਨ ਸਭਾ ਵਿਚ 24 ਸੀਟਾਂ ਮਿਲੀਆਂ ਹਨ। ਪੰਜਾਬ ਵਿਚ ਵਿਧਾਨ ਸਭਾ ਚੋਣਾਂ ਵਿਚ ਪੂਰਨ ਬਹੁਮਤ ਹਾਸਿਲ ਕਰਨ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੇ ਵੋਟ ਪ੍ਰਤੀਸ਼ਤ ਵਿਚ ਗਿਰਾਵਟ ਦਰਜ ਕੀਤੀ ਗਈ ਹੈ, ਜਦੋਂ ਕਿ ਕਾਂਗਰਸ ਦਾ ਵੋਟ ਪ੍ਰਤੀਸ਼ਤ ਵਧਿਆ ਹੈ। ਮਣੀਪੁਰ ਵਿਚ ਕਾਂਗਰਸ ਨੂੰ ਰਾਹਤ ਮਿਲੀ ਹੈ ਅਤੇ 60 ਸੀਟਾਂ ਵਿਚੋਂ 42 ਉਤੇ ਉਹ ਜਿੱਤੀ ਹੈ। ਪੰਜਾਬ ਵਿਚ ਅਕਾਲੀ ਦਲ-ਭਾਜਪਾ ਗਠਜੋੜ ਨੇ ਸੱਤਾ ਬਰਕਰਾਰ ਰੱਖਦੇ ਹੋਏ ਇਤਿਹਾਸ ਰਚਿਆ ਤਾਂ ਗੋਆ ਵਿਚ ਸੱਤਾਧਾਰੀ ਕਾਂਗਰਸ ਨੂੰ ਭਾਜਪਾ ਨੇ ਹਰਾਇਆ। ਯੂ.ਪੀ ਵਿਚ ਸਮਾਜਵਾਦੀ ਪਾਰਟੀ ਨੇ ਸੱਤਾ ਵਿਰੋਧੀ ਲਹਿਰ ਦੇ ਚਲਦਿਆਂ ਜ਼ਬਰਦਸਤ ਜਿੱਤ ਦਰਜ ਕਰਦੇ ਹੋਏ ਮਾਇਆਵਤੀ ਨੂੰ ਸੱਤਾ ਤੋਂ ਬੇਦਖ਼ਲ ਕਰ ਦਿੱਤਾ। ਨਤੀਜੇ ਬਹੁਮਤ ਦਾ ਦਾਅਵਾ ਕਰਨ ਵਾਲੀ ਕਾਂਗਰਸ ਲਈ ਬੇਹੱਦ ਨਿਰਾਸ਼ਾਜਨਕ ਰਹੇ। ਭਾਜਪਾ ਨੂੰ ਵੀ ਯੂ.ਪੀ ਵਿਚ ਵੱਡਾ ਝਟਕਾ ਲੱਗਿਆ ਹੈ, ਜਿਥੇ ਉਸ ਨੂੰ ਕਾਫੀ ਉਮੀਦ ਸੀ ਪਰ ਉਹ 2007 ਦੀਆਂ ਚੋਣਾਂ ਤੋਂ ਵੀ ਘੱਟ ਸੀਟਾਂ ਹਾਸਿਲ ਕਰ ਸਕੀ। ਮਣੀਪੁਰ ਵਿਚ ਕਾਂਗਰਸ ਲਗਾਤਾਰ ਤੀਸਰੀ ਵਾਰ ਜਿੱਤਣ ਵਿਚ ਸਫ਼ਲ ਰਹੀ। ਉਤਰਾਖੰਡ ਵਿਚ ਤ੍ਰਿਸ਼ੰਕੂ ਵਿਧਾਨ ਸਭਾ ਬਣਨ ਦੇ ਆਸਾਰ ਹਨ। ਸਪਾ ਨੇ ਯੂ.ਪੀ ਵਿਚ ਐਲਾਨ ਕੀਤਾ ਹੈ ਕਿ ਮੁਲਾਇਮ ਸਿੰਘ ਯਾਦਵ ਉਤਰ ਪ੍ਰਦੇਸ਼ ਦੇ ਅਗਲੇ ਮੁੱਖ ਮੰਤਰੀ ਹੋਣਗੇ।

ਹੋਰ ਚੋਣ ਰਿਪੋਰਟਾਂ ਦੇਖੋ ਸਫ਼ਾ 6, 7, 8 ’ਤੇ

ਅਲਬਰਟਾ ਸੂਬੇ ਦੀ ਬੇਹਤਰੀ, ਵਧੀਆ ਸਿਹਤ ਸੇਵਾਵਾਂ, ਸਿਖਿਆ ਅਤੇ ਬੱਚਿਆਂ ਦੇ ਉੱਜਲ ਭਵਿੱਖ ਲਈ ✓ ਸੁਹੇਲ ਕਾਦਰੀ



PC Alberta

✓Sohail Quadri

PC Alberta Candidate, Edmonton-Mill Woods

“I’m running to keep our province on the right track by Investing in Healthcare, Education and Our Children’s Future.”

Proven Track Record in Leadership & Entrepreneurship

To share your views and concerns please call me at 780.850.4080

squadri@shaw.ca quadri.votepc.ca

ਕੈਪਟਨ ਨੇ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ

ਨਵੀਂ ਦਿੱਲੀ – ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਪਾਰਟੀ ਨੂੰ ਮਿਲੀ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਇਸ ਬਾਰੇ ਸਰਵ ਭਾਰਤੀ ਕਾਂਗਰਸ ਕਮੇਟੀ ਨੂੰ ਸੂਚਿਤ ਕਰ ਦਿੱਤਾ। ਪੰਜਾਬ ਕਾਂਗਰਸ ਦੇ ਇੰਚਾਰਜ ਗੁਲਚੈਨ ਸਿੰਘ ਚੜਕ ਨੇ ਉਨ੍ਹਾਂ ਦੇ ਅਸਤੀਫੇ ਦੀ ਪੁਸ਼ਟੀ ਕੀਤੀ। ਚੜਕ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਤੇ ਉਨ੍ਹਾਂ ਨੇ ਸੂਬੇ ਵਿਚ ਕਾਂਗਰਸ ਨੂੰ ਮਿਲੀ ਹਾਰ ਨੂੰ ਸਵੀਕਾਰ ਕਰਦੇ ਹੋਏ ਜ਼ਿੰਮੇਵਾਰ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਦਾ ਫੈਸਲਾ ਲਿਆ ਹੈ।

Roof Trusses
Floor Systems
Lumber - Stairs

ZyTech
BUILDING SYSTEMS INC.

High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter

ਰਘੁਬੀਰ ਸਿੰਘ ਭੰਡਾਲ 780 554 9192

ਜਸਪਾਲ ਸਿੰਘ ਭੰਡਾਲ 403 226 7136

3rd in CANADA FOR CENTURY 21-2005
Century 21 Canada Masters Hall of Fame Inductee

Sweg Deol "Your Key Connection To Real Estate"



Please call for all your Commercial Real Estate Needs in Hotel, Motel, Apartments & Shopping Centers

Land Parcels Available in throughout Alberta

A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE

CELL: 780.905.7274
FAX: 780.436.2510

DOMINION LENDING CENTRES
MORTGAGE MENTORS
CANADA’S NATIONAL MORTGAGE COMPANY
INDEPENDENTLY OWNED & OPERATED

ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ

BETTYGILL@DOMINIONLENDING.CA
WWW.BETTYGILL.CA



Sarjan Luthra
B.Sc, L.LB

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation


SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance

- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।

For more information please call

780-465-6900 Jasvir Deol
403-830-7007 Jessie Singh





Now More Locations To Serve You Better

Preparing you for a safe & healthy journey


Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

Atlas Immunization Services
Phone: 780 465 5150
www.atlasimmunization.com
Suite 104, 7633-50 St. Edmonton (Meridian Place)


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ


POWAR
HOMES LTD.
Quality Custom Home Builder
ਪਾਵਰ ਹੋਮਸ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਸ਼ੋਅਰੂਮ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.
Kuldip S. Powar
Ranjit S. Powar
ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.
Fax: 780-406-6797
Email: ranjit_pawar@hotmail.com
Contact At:
Ph: 780-695-6595


WILDROSE MASONARY & STONE WORKS
Commertial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4


Supreme Pizza
ਸੁਪਰੀਮ ਪੀਜ਼ਾ
Chicken Wings Hot, Honey Garlic
Menisa Plaza (on Millwood Road) 1079 Knottwood Road East NW Edmonton
780 485 1213 or 780 485 1231
Try Us Tonight For Best Deal In Town
3 For 1
Any 3 Toppings
12" Medium - 14" Large
ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ
Paneer Pizza Vegetarian Supreme Special Chicken Special The Pasta Niche


HARRY'S EXCAVATING
Ph 780-918-2252
Specialist in : Digging Basements
& All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ


C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims


ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895
EAGLE ROCK GOLF COURSE
50549, Range Road 234
Edmonton, AB
EAGLE ROCK
Catering
Wedding
Banquet
Birthday Parties
Ladies Sangeet
Golf Tournaments


DASHMESH TIRE & LUBE
All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on remote locations including Weighing Scales.
Vehicle Inspection by Certified Mechanic.
Call: Manjit S.Khosa, Garry Dhaliwal
Ph: 780-298-1114, 780-993-4441
Enough Parking Space
6609 34 st. , Edmonton, Alberta.


MILLWOODS PIZZA
& INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
Take Out
Buffets
780 462 4313
Cell: 780 504 5600
starting from
$ 7.99
Out door Catering at reasonable rates
www.millwoodspizza.com
Faryad Pannu


ALPHA
Tent Rentals
All Events Big or Small
We are in this Business Since 2001
Ladies Sangeet Jago Equipment
Tents All Size and Different Colours,
Tables Rectangular & Round, Chairs All Colours,
Lights, Dance Floor, Heaters, Fans,
Catering Equipment, Coffee Brewers,
Food Warmers, Big Burners, Big Pots (Patila), Cutlery and Plates,
Portable Bars, Beer Tubs, Ice Boxes,
Carpet, Stantions, Linens and Clips.
ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354

ਅਲਬਰਟਾ ਸਿਹਤ ਅਥਾਰਟੀ ਹਸਪਤਾਲ ਤੇ ਕਾਮਿਆਂ ਵਿਚਾਲੇ ਵਿਚੋਲਗੀ ਲਈ ਸਹਿਮਤ

ਐਡਮਿੰਟਨ (ਨਦਬ)-ਅਲਬਰਟਾ ਸਿਹਤ ਅਥਾਰਟੀ ਤੇ ਸਿਹਤ ਕਾਮਿਆਂ ਦੀ ਪ੍ਰਤੀਨਿਧ ਯੂਨੀਅਨ ਸਿਹਤ ਕਾਮਿਆਂ ਦੀਆਂ ਮੰਗਾਂ ਦੇ ਸਬੰਧ ਵਿਚ ਵਿਚੋਲਗੀ ਕਰਨ ਲਈ ਸਹਿਮਤ ਹੋ ਗਈਆਂ ਹਨ। ਆਪਣੀਆਂ ਮੰਗਾਂ ਦੇ ਹੱਕ ਵਿਚ ਸਿਹਤ ਕਾਮਿਆਂ ਨੇ ਹੜਤਾਲ ਦਾ ਐਲਾਨ ਕੀਤਾ ਸੀ। ਅਥਾਰਟੀ ਵਲੋਂ ਰਾਇਲ ਅਲੈਗਜ਼ੈਂਡਰ ਹਸਪਤਾਲ ਦੇ ਘੱਟੋ-ਘੱਟ 68 ਡਾਕਟਰਾਂ ਨੂੰ ਕੰਮ 'ਤੇ ਪਰਤਣ ਲਈ ਜ਼ੋਰ ਪਾਇਆ।

ਹਾਊਸਕੀਪਰਾਂ ਤੇ ਹੋਰਨਾਂ ਕਾਮਿਆਂ ਸਮੇਤ 800 ਦੇ ਕਰੀਬ ਕਾਮਿਆਂ ਨੇ ਅਲਬਰਟਾ ਯੂਨੀਅਨ ਆਫ ਪ੍ਰੋਵਿਨਸ਼ੀਅਲ ਇੰਪਲਾਈਜ਼ ਦੇ ਸੱਦੇ 'ਤੇ ਹੜਤਾਲ ਵਿੱਢੀ ਗਈ। ਅਬਲਰਟਾ ਸਿਹਤ ਸੇਵਾਵਾਂ ਦੇ ਐਗਜ਼ੀਕਿਊਟਿਵ ਮੀਤ ਪ੍ਰਧਾਨ ਕ੍ਰਿਸ ਮੈਜ਼ੁਰਕਵਿਕ ਨੇ ਕਿਹਾ ਕਿ ਅਲਬਰਟਾ ਯੂਨੀਅਨ ਆਫ ਪ੍ਰੋਵਿਨਸ਼ੀਅਲ ਇੰਪਲਾਈਜ਼ ਐਮਰਜੈਂਸੀ ਵਾਲੀਆਂ ਥਾਵਾਂ 'ਤੇ ਹੜਤਾਲ ਦੀਆਂ ਗਤੀਵਿਧੀਆਂ ਰੋਕਣ ਲਈ ਸਹਿਮਤ ਹੋ ਗਈ ਹੈ। ਐਡਮਿੰਟਨ ਇਲਾਕੇ ਵਿਚ 500 ਦੇ ਕਰੀਬ ਹੜਤਾਲੀ ਕਾਮੇ ਜ਼ਰੂਰੀ ਸਿਹਤ ਸੇਵਾਵਾਂ ਦੇਣ ਲਈ ਰਾਜ਼ੀ ਹੋ ਗਏ ਹਨ।



ਯੂਨੀਅਨ ਨੇ ਅਚਾਨਕ ਹੜਤਾਲ ਕਰਨ ਦਾ ਐਲਾਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਦੇਖਦਿਆਂ ਦੇਖਦਿਆਂ ਐਡਮਿੰਟਨ, ਕੈਲਗਰੀ, ਸਮੋਕੀ ਲੇਕ, ਲਿਡਊਕ, ਪੀਸ ਰਿਵਰ, ਕੋਲਡ ਲੇਕ ਤੇ ਬੋਇਲੇ ਸਮੇਤ ਅਲਬਰਟਾ ਵਿਚ 20 ਤੋਂ ਵਧੇਰੇ ਹਸਪਤਾਲਾਂ ਵਿਚ ਕਾਮੇ ਹੜਤਾਲ 'ਤੇ ਚਲੇ ਗਏ। ਅਲਬਰਟਾ ਸਿਹਤ ਸੇਵਾਵਾਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਕਿੰਨੇ ਚੁਣੇ ਹੋਏ ਡਾਕਟਰਾਂ ਨੂੰ ਰਾਇਲ ਅਲੈਕਸ ਦੇ ਬਾਹਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਯੂਨੀਅਨ ਇਸ ਗੱਲ ਲਈ ਸਹਿਮਤ ਹੋ ਗਈ ਹੈ ਕਿ ਨੌਕਰੀ ਸਬੰਧੀ ਕਾਰਵਾਈਆਂ ਖ਼ਤਮ ਕਰਨ ਲਈ ਸਾਰੇ ਲੋੜੀਂਦੇ ਕਦਮ ਚੁੱਕੇਗੀ। ਅਸੀਂ ਜਲਦੀ ਹੀ ਓਪਰੇਸ਼ਨ ਤੇ ਬਿਮਾਰੀਆਂ ਸਬੰਧੀ ਪਰਖਾਂ ਦੀ ਮੁੜ ਸੂਚੀ ਤਿਆਰ ਕਰੇਗੀ ਤੇ ਜਿੰਨੀ ਛੇਤੀ ਹੋ ਸਕੇ ਮਰੀਜ਼ਾਂ ਨਾਲ ਸੰਪਰਕ ਬਣਾਇਆ ਜਾਵੇਗਾ। ਯੂਨੀਅਨ ਦੇ ਮੁਖੀ ਗੇਅ ਸਮਿਥ ਨੇ ਕਿਹਾ ਕਿ ਕਾਮਿਆਂ ਦਾ ਦੁੱਖ ਸਮਝ ਆਉਂਦਾ ਕਿਉਂਕਿ ਉਹ ਮਾਰਚ 2011 ਤੋਂ ਬਿਨਾਂ ਕੰਟਰੈਕਟ 'ਤੇ ਚੱਲੇ ਆ ਰਹੇ ਹਨ। ਸਮਿਥ ਨੇ ਕਿਹਾ ਕਿ ਯੂਨੀਅਨ ਨੇ ਯੋਜਨਾ ਬਣਾਈ ਹੈ ਕਿ ਕੁਝ ਜ਼ਰੂਰੀ ਸੇਵਾਵਾਂ ਲਈ ਸਟਾਫ ਦੀ ਵਾਪਸੀ ਕੀਤੀ ਜਾਵੇਗੀ ਪਰ ਰਾਇਲ ਅਲੈਕਸ ਦੇ ਬਾਹਰ ਹੜਤਾਲ ਮੰਗਾਂ ਮੰਨੇ ਜਾਣ ਤਕ ਜਾਰੀ ਰਹੇਗੀ।

ਗੁੰਮਰਾਹਕੁਨ ਫੋਨ ਕਾਲਾਂ ਦੀ ਜਾਂਚ ਬਾਰੇ ਐਨਡੀਪੀ ਵੱਲੋਂ ਸੰਸਦ'ਚ ਲਿਆਂਦਾ ਮਤਾ ਪਾਸ

ਓਟਵਾ (ਨਦਬ) : ਪਿਛਲੇ ਸਾਲ ਹੋਈਆਂ ਫੈਡਰਲ ਚੋਣਾਂ ਵਿੱਚ ਗੁੰਮਰਾਹਕੁਨ ਫੋਨ ਕਾਲਾਂ ਰਾਹੀਂ ਵੋਟਰਾਂ ਨੂੰ ਭੰਬਲਭੂਸੇ ਵਿੱਚ ਪਾਉਣ ਦੇ ਮਾਮਲੇ ਦੀ ਆਰ ਸੀ ਐਮ ਪੀ ਤੇ ਇਲੈਕਸ਼ਨਜ਼ ਕੈਨੇਡਾ ਵੱਲੋਂ ਜਾਂਚ ਕਰਵਾਏ ਜਾਣ ਸਬੰਧੀ ਮਤਾ ਸਰਬਸੰਮਤੀ ਨਾਲ ਹਾਊਸ ਆਫ ਕਾਮਨਜ਼ ਵਿੱਚ ਪਾਸ ਹੋ ਗਿਆ। ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਉੱਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਲਿਬਰਲ ਤੇ ਨਿਊ ਡੈਮੋਕ੍ਰੈਟ ਵੋਟਰਾਂ ਨੂੰ ਬੰਦਲਾਉਣ ਲਈ ਇਹ ਫੋਨ ਕਾਲਾਂ ਉਨ੍ਹਾਂ ਵੱਲੋਂ ਕਰਵਾਈਆਂ ਗਈਆਂ। ਵਿਰੋਧੀ ਪਾਰਟੀਆਂ ਦਾ ਮੰਨਣਾ ਹੈ ਕਿ ਇਹ ਫੋਨ ਕਾਲਾਂ ਉਨ੍ਹਾਂ ਦੇ ਸਮਰਥਕਾਂ ਨੂੰ ਵੋਟ ਪਾਉਣ ਤੋਂ ਰੋਕਣ ਦੇ ਇਰਾਦੇ ਨਾਲ ਕਰਵਾਈਆਂ ਗਈਆਂ ਤੇ ਇਸ ਮਾਮਲੇ ਦੀ ਜਾਂਚ ਕਰਵਾਈ ਜਾਣੀ ਬਣਦੀ ਹੈ। ਇਸ ਮੁੱਦੇ ਦੀ ਜਾਂਚ ਕਰਵਾਉਣ ਸਬੰਧੀ ਮਤਾ ਐਨ ਡੀ ਪੀ ਵੱਲੋਂ ਲਿਆਂਦਾ ਗਿਆ ਜਿਸ ਨੂੰ ਦੂਜੀਆਂ ਪਾਰਟੀਆਂ ਵੱਲੋਂ ਵੀ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਲਿਬਰਲਾਂ ਤੇ ਐਨ ਡੀ ਪੀ ਦਾ ਕਹਿਣਾ ਹੈ ਕਿ ਅਜਿਹੀਆਂ ਫੋਨ ਕਾਲਾਂ ਕਾਰਨ ਹੀ ਉਨ੍ਹਾਂ ਦੇ ਸਮਰਥਕ ਬੌਂਦਲ ਗਏ ਤੇ ਉਹ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਨਹੀਂ ਕਰ ਸਕੇ। ਕੰਜ਼ਰਵੇਟਿਵਾਂ ਵੱਲੋਂ ਵੀ ਇਸ ਮਤੇ ਦਾ ਸਮਰਥਨ ਕੀਤਾ ਗਿਆ ਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਆਖਿਆ ਕਿ ਉਹ ਤਾਂ ਖੁਦ ਇਸ ਦੀ ਜਾਂਚ ਕਰਵਾਉਣੀ ਚਾਹੁੰਦੇ ਹਨ। ਜਿਨ੍ਹਾਂ ਫੋਨ ਕਾਲਾਂ ਦੀ ਗੱਲ ਕੀਤੀ ਜਾ ਰਹੀ ਹੈ ਉਸ ਨਾਲ ਕੰਜ਼ਰਵੇਟਿਵ ਪਾਰਟੀ ਨੂੰ ਵੀ ਨੁਕਸਾਨ ਹੋਇਆ ਹੈ। ਹਾਰਪਰ ਨੇ ਪ੍ਰਸ਼ਨ ਕਾਲ ਦੌਰਾਨ ਆਖਿਆ ਕਿ ਜੇ ਐਨ ਡੀ ਪੀ ਜਾਂ ਕਿਸੇ ਵੀ ਹੋਰ ਪਾਰਟੀ ਕੋਲ ਇਸ ਬਾਰੇ ਕੋਈ ਵੀ ਜਾਣਕਾਰੀ ਹੈ ਕਿ ਇਸ ਤਰ੍ਹਾਂ ਦੀਆਂ ਫੋਨ ਕਾਲਾਂ ਕੀਤੀਆਂ ਗਈਆਂ ਹਨ ਤਾਂ ਉਹ ਅਜਿਹੀ ਜਾਣਕਾਰੀ ਇਲੈਕਸ਼ਨਜ਼ ਕੈਨੇਡਾ ਨੂੰ ਦੇਵੇ। ਹਾਰਪਰ ਨੇ ਆਖਿਆ ਕਿ ਸਾਡੇ ਕੋਲ ਇਸ ਤਰ੍ਹਾਂ ਦੇ ਮਾਮਲਿਆਂ ਬਾਰੇ ਜਿਹੜੀ ਜਾਣਕਾਰੀ ਸੀ ਉਹ ਅਸੀਂ ਇਲੈਕਸ਼ਨਜ਼ ਕੈਨੇਡਾ ਨੂੰ ਦੇ ਚੁੱਕੇ ਹਾਂ। ਇੱਥੇ ਦੱਸਣਾ ਬਣਦਾ ਹੈ ਕਿ ਐਨ ਡੀ ਪੀ ਅੰਤਰਿਮ ਆਗੂ ਨਿਕੋਲ ਟਰਮਲ ਤੇ ਲਿਬਰਲ ਅੰਤਰਿਮ ਆਗੂ ਬੌਬ ਰੇਅ ਇਸ ਮਾਮਲੇ ਵਿੱਚ ਜਾਂਚ ਕਰਵਾਉਣ ਦੀ ਮੰਗ ਕਰ ਚੁੱਕੇ ਹਨ। ਹਾਊਸ ਆਫ ਕਾਮਨਜ਼ ਦੇ ਸਪੀਕਰ ਐਂਡਰਿਊ ਸ਼ੀਅਰ ਨੇ ਇਸ ਮੁੱਦੇ ਉੱਤੇ ਹੰਗਾਮੀ ਬਹਿਸ ਕਰਵਾਉਣ ਦੀ ਮੰਗ ਨੂੰ ਨਕਾਰ ਦਿੱਤਾ ਤੇ ਆਖਿਆ ਕਿ ਇਸ ਮੁੱਦੇ ਦੀ ਜਾਂਚ ਪੁਲਿਸ ਤੇ ਇਲੈਕਸ਼ਨਜ਼ ਕੈਨੇਡਾ ਨੂੰ ਸੌਂਪੀ ਜਾ ਰਹੀ ਹੈ।

ਫਰਾਡ ਵਿਆਹਾਂ ਉੱਤੇ ਸ਼ਿਕੰਜਾ ਕੱਸਿਆ

ਟਰਾਂਟੋ (ਨਦਬ)-ਜਾਅਲੀ ਵਿਆਹ ਕਰਵਾਉਣ ਵਾਲਿਆਂ ਉੱਤੇ ਸ਼ਿਕੰਜਾ ਕੱਸਣ ਲਈ ਕੰਜ਼ਰਵੇਟਿਵ ਸਰਕਾਰ ਵੱਲੋਂ ਨਵਾਂ ਨਿਯਮ ਲਾਗੂ



ਕਨੇਡਾ ਆਉਣ ਲਈ ਜਾਅਲੀ ਵਿਆਹ ਕਰਵਾਉਣ ਵਾਲਿਆਂ ਉੱਤੇ ਸ਼ਿਕੰਜਾ ਕੱਸਣ ਲਈ ਕੰਜ਼ਰਵੇਟਿਵ ਸਰਕਾਰ ਨੇ ਤਿਆਰੀ ਪੂਰੀ ਕਰ ਲਈ ਹੈ। ਕੰਜ਼ਰਵੇਟਿਵ ਸਰਕਾਰ ਨੇ ਨਵਾਂ ਨਿਯਮ ਲਿਆਂਦਾ ਹੈ ਜਿਸ ਤਹਿਤ ਇਮੀਗ੍ਰੈਂਟਸ ਨੂੰ ਸਪਾਂਸਰ ਕਰਨ ਵਾਲੇ ਕਨੇਡੀਅਨਜ਼ ਨੂੰ ਤਿੰਨ ਸਾਲ ਤੱਕ ਉਸ ਵਿਅਕਤੀ ਦੀ ਵਿੱਤੀ ਜ਼ਿੰਮੇਵਾਰੀ ਲੈਣੀ ਹੋਵੇਗੀ ਜਿਸ ਨੂੰ ਉਨ੍ਹਾਂ ਨੇ ਏਧਰ (ਕਨੇਡਾ) ਲਿਆਂਦਾ ਹੋਵੇਗਾ। ਇਸ ਤੋਂ ਇਲਾਵਾ ਨਵੇਂ ਨਿਯਮ ਤਹਿਤ ਕਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਸ ਦਾ ਦਰਜਾ ਹਾਸਲ ਕਰਨ ਵਾਲੇ ਨੂੰ ਉਸ ਦਿਨ ਤੋਂ ਲੈ ਕੇ ਆਪਣੇ ਵਿਆਹੁਤਾ ਲਾੜੇ ਜਾਂ ਲਾੜੀ ਨੂੰ ਕਨੇਡਾ ਬੁਲਾਉਣ ਲਈ ਸਪਾਂਸਰ ਕਰਨ ਤੋਂ ਪਹਿਲਾਂ ਘੱਟ ਤੋਂ ਘੱਟ ਪੰਜ ਸਾਲ ਤੱਕ ਦਾ ਇੰਤਜ਼ਾਰ ਕਰਨਾ ਹੋਵੇਗਾ, ਭਾਵ ਕਿ ਪਰਮਾਨੈਂਟ ਰੈਜ਼ੀਡੈਂਸ ਹਾਸਲ ਕਰਨ ਤੋਂ ਬਾਅਦ ਆਪਣੇ ਸਾਥੀ ਨੂੰ ਕਨੇਡਾ ਬੁਲਾਉਣ ਲਈ ਕਨੇਡੀਅਨਾਂ ਨੂੰ ਪੰਜ ਸਾਲ ਲਈ ਉਡੀਕ ਕਰਨੀ ਹੋਵੇਗੀ। ਇਹ ਨਵੇਂ ਨਿਯਮ ਫੌਰੀ ਤੌਰ ਉੱਤੇ ਲਾਗੂ ਹੋ ਗਏ ਹਨ। ਇਨ੍ਹਾਂ ਨਾਲ ਸਰਕਾਰ ਨੂੰ ਕਨੇਡਾ ਵਿੱਚ ਦਾਖਲ ਹੋਣ ਦਾ ਇੱਕ ਵਧੀਆ ਜ਼ਰੀਆ ਬਣ ਚੁੱਕੇ ਜਾਅਲੀ ਵਿਆਹਾਂ ਤੋਂ ਵੀ ਨਿਜਾਤ ਮਿਲੇਗੀ। ਇਮੀਗ੍ਰੇਸ਼ਨ ਮੰਤਰੀ ਜੇਸਨ ਕੇਨੀ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਜਾਅਲੀ ਵਿਆਹਾਂ ਦੀ ਮਾਰ ਸਹਿ ਰਹੇ ਲੋਕਾਂ ਨਾਲ ਉਨ੍ਹਾਂ ਵੱਲੋਂ ਦੇਸ਼ ਭਰ ਵਿੱਚ ਮੁਲਾਕਾਤਾਂ ਕੀਤੀਆਂ ਗਈਆਂ। ਵਿਆਹ ਦੇ ਨਾਂ ਉੱਤੇ ਇੱਥੋਂ ਦੇ ਲੋਕਾਂ ਨਾਲ ਜਿਹੜੀ ਠੱਗੀ ਹੁੰਦੀ ਹੈ ਉਸ ਨਾਲ ਉਨ੍ਹਾਂ ਨੂੰ ਕੀ ਸੱਟ ਲੱਗਦੀ ਹੈ ਤੇ ਕਿੰਨਾ ਦਰਦ ਹੁੰਦਾ ਹੈ ਇਹ ਤਾਂ ਵਿਚਾਰਨ ਵਾਲੀ ਗੱਲ ਹੈ ਹੀ ਸੀ। ਇਸ ਤੋਂ ਇਲਾਵਾ ਇਹ ਲੋਕ ਆਪਣੇ ਨਾਲ ਹੋਏ ਧੋਖੇ ਕਾਰਨ ਗੁੱਸੇ ਵਿੱਚ ਵੀ ਭਰੇ ਹੋਏ ਸਨ। ਅਸੀਂ ਇਸ ਲਈ ਕਾਰਵਾਈ ਤੇ ਸਖਤੀ ਕਰ ਰਹੇ ਹਾਂ ਕਿਉਂਕਿ ਕਨੇਡਾ ਲਈ ਇਮੀਗ੍ਰੇਸ਼ਨ ਧੋਖੇ ਉੱਤੇ ਅਧਾਰਿਤ ਨਹੀਂ ਹੋਣੀ ਚਾਹੀਦੀ।

ਮੈਨੀਟੋਬਾ 'ਚ ਭੂਚਾਲ ਦੇ ਹਲਕੇ ਝਟਕੇ

ਸਸਕਾਟੂਨ (ਨਦਬ): ਬੀਤੇ ਦਿਨੀਂ ਮੈਨੀਟੋਬਾ ਤੇ ਸੈਸਕੈਚਵਨ ਵਿਖੇ ਸਵੇਰੇ-ਸਵੇਰੇ ਹਲਕੇ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ 'ਤੇ ਇਹਦੀ ਗਤੀ 3.3 ਮਾਪੀ ਗਈ ਅਤੇ ਇਹ ਭੂਚਾਲ ਧਰਤੀ ਤੋਂ ਪੰਜ ਕਿਲੋਮੀਟਰ ਹੇਠਾਂ ਆਇਆ ਸੀ। ਮੈਨੀਟੋਬਾ ਯੂਨੀਵਰਸਿਟੀ ਦੇ ਸਿਸਮੋਲੋਜੀ ਦੇ ਪ੍ਰੋਫੈਸਰ ਐਂਡਰਿਊ ਫ੍ਰੈਡਰਿਕਸਨ ਨੇ ਕਿਹਾ ਕਿ ਇਸ ਭੂਚਾਲ ਤੋਂ ਡਰਨ ਦੀ ਲੋੜ ਨਹੀਂ ਹੈ ਕਿਉਂਕਿ ਮੈਨੀਟੋਬਾ ਭੂਗੋਲਿਕ ਪੱਖੋਂ ਮਹਾਂਦੀਪ ਦੀ ਸਭ ਤੋਂ ਸਥਿਰ ਥਾਂ 'ਤੇ ਸਥਿਤ ਹੈ ਜਿਸ ਕਰਕੇ ਇਸ ਨਾਲ ਕੋਈ ਨੁਕਸਾਨ ਨਹੀਂ ਹੋਇਆ। ਭੂਚਾਲ ਦਾ ਕੇਂਦਰ ਸੈਸਕੈਚਵਨ ਦੇ ਇਸਟਰਹੇਜ਼ੀ ਦੇ ਨੇੜੇ ਸੀ ਜਿਥੇ ਅਕਸਰ ਇਹੋ ਜਿਹੇ ਛੋਟੇ ਭੂਚਾਲ ਆਉਂਦੇ ਹੀ ਰਹਿੰਦੇ ਹਨ। ਫ੍ਰੈਡਰਿਕਸਨ ਦਾ ਭੂਚਾਲ ਦੇ ਕਾਰਣਾਂ ਸਬੰਧੀ ਕਹਿਣਾ ਹੈ ਕਿ ਇਲਾਕੇ ਵਿੱਚ ਪੋਟਾਸ਼ ਖਾਣਾਂ ਦੀ ਹੋ ਰਹੀ ਖੁਦਾਈ ਭੂਚਾਲ ਆਉਣ ਦੇ ਕਾਰਨਾਂ 'ਚੋਂ ਇਕ ਹੋ ਸਕਦੀ ਹੈ ਪਰ ਇਸ ਤਰ੍ਹਾਂ ਨਹੀਂ ਹੈ ਕਿ ਕਿਸੇ ਖਾਣ ਦੇ ਡਿੱਗਣ ਕਰਕੇ ਇਹ ਝਟਕੇ ਮਹਿਸੂਸ ਕੀਤੇ ਗਏ। ਉਨ੍ਹਾਂ ਕਿਹਾ ਕਿ ਜਦੋਂ ਵੱਡੇ ਪੈਮਾਨੇ 'ਤੇ ਖੁਦਾਈ ਕੀਤੀ ਜਾਂਦੀ ਹੈ ਤਾਂ ਅਕਸਰ ਇਹੋ ਜਿਹੇ ਭੂਚਾਲ ਆ ਜਾਂਦੇ ਹਨ। ਇਸ ਤੋਂ ਇਲਾਵਾ ਹੋ ਸਕਦਾ ਹੈ ਕਿ ਸੈਸਕੈਚਵਨ ਦੀ ਜ਼ਮੀਨ ਦੇ ਹੇਠਾਂ ਮਿੱਟੀ 'ਚ ਮੌਜੂਦ ਨਮਕ ਜ਼ਮੀਨੀ ਪਾਣੀ 'ਚ ਘੁਲ ਜਾਣ ਕਰਕੇ ਜ਼ਮੀਨ 'ਚ ਸੁਰੰਗਾਂ ਬਣ ਜਾਣਾ ਵੀ ਇਕ ਕਾਰਨ ਹੋ ਸਕਦਾ ਹੈ।

ਮਰੀਜ਼ਾਂ ਦੀ ਮਦਦ ਲਈ ਸਟਾਰਜ਼ ਦੇਵੇਗਾ ਸੇਵਾਵਾਂ

ਵਿਨੀਪੈਗ (ਨਦਬ)-ਸ਼ੌਕ ਟਰੋਮਾ ਏਅਰ ਰੈਸਕਿਊ ਸੁਸਾਇਟੀ (ਸਟਾਰਜ਼) ਹੈਲੀਕਾਪਟਰ ਐਂਬੂਲੈਂਸ ਹੁਣ ਸੂਬੇ ਵਿਚ ਹੁਣ ਹੰਗਾਮੀ ਹਾਲਤਾਂ ਵਿਚ ਕੰਮ ਕਰਨ ਲਈ ਤਿਆਰ ਹੋ ਗਈ ਹੈ ਅਤੇ ਇਸ ਵਿਚ 14 ਡਾਕਟਰਾਂ ਦੀ ਟੀਮ ਸ਼ਾਮਲ ਹੋਵੇਗੀ। ਇਸ ਟੀਮ ਦੇ ਪੈਰਾਮੈਡਿਕਸ, ਨਰਸਾਂ ਤੇ ਪਾਇਲਟ ਮਰੀਜ਼ਾਂ ਦੀ ਸੰਭਾਲ ਲਈ ਰਾਬਤਾ ਕਾਇਮ ਰੱਖਣਗੇ ਤੇ ਉਨ੍ਹਾਂ ਨੂੰ ਲੋਕਾਂ ਦੀ ਜ਼ਿੰਦਗੀ ਬਚਾਉਣ ਦੀ ਸਿਖਲਾਈ ਦਿੱਤੀ ਜਾਵੇਗੀ। ਇਹ ਐਲਾਨ ਬੀਤੇ ਦਿਨੀਂ ਸੂਬੇ ਦੇ ਸਿਹਤ ਮੰਤਰੀ ਥਰੇਸ਼ਾ ਓਸਵਾਲਡ ਨੇ ਕੀਤਾ।

ਜ਼ਿਕਰਯੋਗ ਹੈ ਕਿ ਤਿੰਨ ਨਰਸਾਂ ਤੇ ਚਾਰ ਪੈਰਾਮੈਡਿਕਸ ਨੇ ਆਪਣਾ ਦਸ ਹਫ਼ਤਿਆਂ ਦਾ ਸਟਾਰਜ਼ ਕੋਰਸ ਮੁਕੰਮਲ ਕਰ ਲਿਆ ਹੈ ਜਦਕਿ ਇਕ ਹੋਰ ਨਰਸ ਤੇ ਪੈਰਾਮੈਡਿਕ ਵੀ ਆਪਣੀ ਸਿਖਲਾਈ ਮੁਕੰਮਲ ਕਰਨ ਜਾ ਰਹੇ ਹਨ। ਹੰਗਾਮੀ ਸੂਰਤ ਵਿਚ 7 ਪਾਇਲਟ ਮੈਨੀਟੋਬਾ ਵਿਚ ਤਿਆਰ-ਬਰ-ਤਿਆਰ ਰਹਿਣਗੇ। ਟੈਲੀਫੋਨ ਰਾਹੀਂ ਇਕ ਐਮਰਜੈਂਸੀ ਡਾਕਟਰ ਵੀ ਟੀਮ ਨਾਲ ਰਾਬਤਾ ਕਾਇਮ ਰਹੇਗਾ, ਲੋੜ ਪੈਣ 'ਤੇ ਉਹ ਟੀਮ ਨਾਲ ਜਾ ਵੀ ਸਕਦਾ ਹੈ। ਮੈਨੀਟੋਬਾ ਨੇ ਦਸ ਸਾਲਾਂ ਲਈ ਸਟਾਰਜ਼ ਨਾਲ ਲਾਭ ਰਹਿਤ 10 ਮਿਲੀਅਨ ਡਾਲਰ ਦਾ ਸਮਝੌਤਾ ਵੀ ਕੀਤਾ ਹੈ। ਇਹ ਪੱਛਮੀ ਕੈਨੇਡਾ ਤੋਂ ਆਪਣੀਆਂ ਗਤੀਵਿਧੀਆਂ ਚਲਾਏਗਾ। ਸਟਾਰਜ਼ ਦੇ ਮੁਖੀ ਐਂਡਰੀਆ ਰੋਬਰਟਸਨ ਨੇ ਦੱਸਿਆ ਕਿ ਗੰਭੀਰ ਬਿਮਾਰ ਤੇ ਜ਼ਖ਼ਮੀਆਂ ਨੂੰ ਤੁਰੰਤ ਸਹਾਇਤਾ ਦੇਣ ਲਈ ਉਹ ਹਮੇਸ਼ਾ ਤਿਆਰ ਰਹਿਣਗੇ। ਇਸ ਹੈਲੀਕਾਪਟਰ ਦੇ ਠਹਿਰਾਅ ਲਈ ਵਿਨੀਪੈਗ ਦੇ ਹੈਲਥ ਸਾਇੰਸ ਸੈਂਟਰ ਵਿਖੇ ਹੈਲੀਪੈਡ ਬਣਾਇਆ ਗਿਆ ਹੈ।

Great rates. Low fees. Expert advice.



- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

Anjali Agarwal, Mortgage Development Manager 780.718.7217 anjali.agarwal@servus.ca servus.ca

servus credit union

feel good about your money.

BEST MANAGED COMPANIES

ਅਲਬਰਟਾ ਸਰਕਾਰ ਵਿਦਿਅਕ ਕਰਜ਼ਿਆਂ ਲਈ ਸ਼ਰਤਾਂ ਨਰਮ ਕਰੇਗੀ



ਐਡਮਿੰਟਨ (ਨਦਬ)-ਅਲਬਰਟਾ ਸਰਕਾਰ ਨੇ ਹੁਣ ਵਿਦਿਆਰਥੀਆਂ ਲਈ ਕਰਜ਼ੇ ਲੈਣ ਦੇ ਰਾਹਾਂ ਨੂੰ ਸੁਖਾਲਾ ਬਣਾਉਣ ਦਾ ਮਨ ਬਣਾ ਲਿਆ ਹੈ। ਇਸ ਤਹਿਤ ਉਹ ਗ੍ਰਾਂਟਾਂ ਦੀ ਇਕ ਨਵੀਂ ਲੜੀ ਸ਼ੁਰੂ ਕਰਨ ਜਾ ਰਹੀ ਹੈ ਤਾਂ ਜੋ ਪੜ੍ਹਾਕੂਆਂ ਨੂੰ ਉਚੇਰੀ ਸਿੱਖਿਆ ਲਈ ਸੂਬੇ ਤੋਂ ਬਾਹਰ ਨਾ ਜਾਣਾ ਪਏ। ਸਿੱਖਿਆ ਮੰਤਰੀ ਥਾਮਸ ਲੂਕਾਯੂਕ ਨੇ ਬੀਤੇ ਦਿਨੀਂ ਦਸਿਆ ਕਿ ਸਿੱਖਿਆ ਕਰਜ਼ੇ ਲੈਣ ਲਈ ਜ਼ਰੂਰੀ ਵਿਦਿਆਰਥੀਆਂ ਅਤੇ ਮਾਪਿਆਂ ਦੀ ਆਮਦਨ ਹੱਦ ਹੁਣ ਖ਼ਤਮ ਕਰ ਦਿੱਤੀ ਗਈ ਹੈ। ਇਸ ਦੀ ਥਾਂ ਹੁਣ ਵਿਦਿਆਰਥੀਆਂ ਨੂੰ ਸਿਧੇ ਹੀ 1500 ਡਾਲਰ ਦਾ ਯੋਗਦਾਨ ਪਾਉਣਾ ਪਏਗਾ। ਇਹ ਵੱਖ-ਵੱਖ ਰਹਿੰਦੇ ਮਾਪਿਆਂ 'ਤੇ ਲਾਗੂ ਨਹੀਂ ਹੈ। ਉਹਨਾਂ ਕਿਹਾ ਕਿ ਅਲਬਰਟਾ ਦੇ ਵਿਦਿਆਰਥੀ ਲਈ ਪਹਿਲਾਂ ਕਰਜ਼ਾ ਲੈਣ ਲਈ ਫਾਰਮ ਨੂੰ ਅਟੈਸਟ ਕਰਾਉਣ ਦੀ ਪ੍ਰਕਿਰਿਆ ਔਖੀ ਹੁੰਦੀ ਸੀ ਜਿਸ ਕਰਕੇ ਵਿਦਿਆਰਥੀ ਕਰਜ਼ਾ ਲੈਣ 'ਚ ਪੇਸ਼ ਆਉਂਦੀਆਂ ਔਕੜਾਂ ਕਰਕੇ ਸੂਬੇ 'ਚ ਅੱਗੇ ਪੜ੍ਹਾਈ ਕਰਨ ਤੋਂ ਗੁਰੇਜ਼ ਕਰਦੇ ਸਨ। ਅਸੀਂ ਹੁਣ ਇਸ ਔਖੇ ਜੋੜ ਤੋੜ ਨੂੰ ਹੀ ਖ਼ਤਮ ਕਰ ਦਿੱਤਾ ਹੈ। ਹੁਣ ਵਿਦਿਆਰਥੀ ਨੂੰ ਇਹ ਜਾਣਕਾਰੀ ਹੋਏਗੀ ਕਿ ਉਸ ਨੇ ਕਿੰਨਾ ਯੋਗਦਾਨ ਪਾਉਣਾ ਹੈ ਤੇ ਸਰਕਾਰ ਉਸ ਨੂੰ ਕਿੰਨਾ ਦੇਣ ਲਈ ਤਿਆਰ ਹੈ। ਇਸ ਯੋਜਨਾ ਦੇ ਤਹਿਤ ਸਰਕਾਰ ਉਹਨਾਂ ਵਿਦਿਆਰਥੀਆਂ, ਜਿਨ੍ਹਾਂ ਨੇ ਆਪਣੇ ਕੋਰਸ ਪੂਰੇ ਕਰ ਲਏ ਹਨ, ਲਈ ਨਵੀਂਆਂ ਗ੍ਰਾਂਟਾਂ ਸ਼ੁਰੂ ਕਰਨ ਜਾ ਰਹੀ ਹੈ। ਇਸ ਤਹਿਤ ਤਕਨੀਕੀ ਸਰਟੀਫਿਕੇਟ ਲਈ 1000 ਡਾਲਰ, ਡਿਪਲੋਮੇ ਲਈ 1500 ਡਾਲਰ, ਅੰਡਰਗ੍ਰੈਜੂਏਟ ਜਾਂ ਗ੍ਰੈਜੂਏਟ ਲਈ 2000 ਡਾਲਰ ਰੱਖੇ ਗਏ ਹਨ। ਸਰਕਾਰ ਨੇ ਆਪਣੇ ਸਾਰੇ ਕਰਜ਼ਿਆਂ ਸਬੰਧੀ ਪ੍ਰੋਗਰਾਮਾਂ ਨੂੰ ਨਵੀਂ 'ਸਟੂਡੈਂਟ ਏਡ ਅਲਬਰਟਾ ਆਰਗੇਨਾਈਜ਼ੇਸ਼ਨ' 'ਚ ਪੱਕਾ ਕਰ ਦਿੱਤਾ ਹੈ।

ਪੀਟਰ ਸੰਧੂ ਦੀ ਭਾਰਤ ਫੇਰੀ




ਐਡਮਿੰਟਨ (ਨਦਬ)- ਵਿਧਾਇਕ ਪੀਟਰ ਸੰਧੂ ਨੂੰ ਇੰਡੀਆ ਇੰਟਰਨੈਸ਼ਨਲ ਫਰੈਂਡਸ਼ਿਪ ਸੁਸਾਇਟੀ (ਆਈ.ਆਈ.ਐਫ.ਐਸ) ਨੇ ਹਾਲ ਹੀ ਵਿਚ 'ਗਲੋਰੀ ਆਫ਼ ਇੰਡੀਆ' ਐਵਾਰਡ ਨਾਲ ਨਿਵਾਜਿਆ ਹੈ। ਆਈ.ਆਈ.ਐਫ.ਐਸ ਇਕ ਸਥਾਪਤ ਜੱਥੇਬੰਦੀ ਹੈ, ਜੋ ਭਾਰਤ ਦੀ ਆਰਥਕਤਾ ਵਧਾਉਣ ਦੇ ਟੀਚੇ ਵਿਚ ਪੂਰਨ ਸਹਿਯੋਗ ਦਿੰਦੀ ਹੈ ਅਤੇ ਪਰਵਾਸੀ ਭਾਰਤੀਆਂ, ਭਾਰਤ ਸਰਕਾਰ ਤੇ ਸੂਬਾਈ ਸਰਕਾਰਾਂ ਵਿਚਾਲੇ ਰਾਬਤਾ ਕਾਇਮ ਰੱਖਦੀ ਹੈ। ਦੇਸ਼ ਤੇ ਵਿਦੇਸ਼ ਵਿਚ ਆਪਣੇ-ਆਪਣੇ ਖੇਤਰਾਂ 'ਚ ਲਾਸਾਨੀ ਯੋਗਦਾਨ ਨਾਲ ਭਾਰਤ ਦਾ ਨਾਂ ਉੱਚਾ ਕਰਨ ਵਾਲੀਆਂ ਮਕਬੂਲ ਹਸਤੀਆਂ ਨੂੰ ਇਹ 'ਗਲੋਰੀ ਆਫ਼ ਇੰਡੀਆ' ਐਵਾਰਡ ਨਾਲ ਨਿਵਾਜਦੀ ਹੈ। ਇਸ ਵਾਰ ਸਾਲ 2012 'ਚ ਇਹ ਸਨਮਾਨ ਹਾਸਲ ਕਰਨ ਵਾਲਿਆਂ 'ਚੋਂ ਪੀਟਰ ਸੰਧੂ ਇਕੋ-ਇਕ ਭਾਰਤੀ ਮੂਲ ਦੀ ਕੈਨੇਡੀਅਨ ਸ਼ਖ਼ਸੀਅਤ ਸਨ। ਇਸ ਤੋਂ ਪਹਿਲਾਂ ਇਹ ਐਵਾਰਡ ਮਦਰ ਟੈਰੇਸਾ, ਭਾਰਤ ਦੇ ਸਾਬਕਾ ਉਪ ਰਾਸ਼ਟਰਪਤੀ ਬੀ.ਡੀ. ਜੱਤੀ ਅਤੇ ਓਨਟਾਰੀਓ ਦੇ ਸਰਕਾਰੀ ਸੇਵਾਵਾਂ ਸਬੰਧੀ ਮੰਤਰੀ ਸ੍ਰੀ ਹਰਿੰਦਰ ਸਿੰਘ ਤੱਖਰ ਨੂੰ ਵੀ ਮਿਲ ਚੁੱਕਾ ਹੈ। ਪਿਛਲੇ ਦਿਨੀਂ ਵਿਧਾਇਕ ਪੀਟਰ ਸੰਧੂ ਨੂੰ ਪਰਵਾਸੀ ਭਾਰਤੀ ਦਿਵਸ ਮੌਕੇ ਆਪਣੇ ਵਿਚਾਰ ਸਾਂਝੇ ਕਰਨ ਲਈ ਭਾਰਤ ਸੱਦਿਆ ਗਿਆ।

ਡੌਲਫਿਨ ਤੇ ਵੇਲਜ਼ 'ਗੈਰ ਮਨੁੱਖੀ ਵਿਅਕਤੀ'

ਵੈਨਕੂਵਰ (ਨਦਬ)- ਵੈਨਕੂਵਰ ਵਿਖੇ ਪਿਛਲੇ ਦਿਨੀਂ ਹੋਈ ਕੌਮਾਂਤਰੀ ਸਾਇੰਸ ਕਾਨਫਰੰਸ ਦੌਰਾਨ ਖੋਜਕਾਰਾਂ ਨੇ ਕਿਹਾ ਕਿ ਡੌਲਫਿਨ ਤੇ ਵੇਲਜ਼ ਏਨੀਆਂ ਲਾਇਕ ਹੁੰਦੀਆਂ ਹਨ ਕਿ ਉਨ੍ਹਾਂ ਨੂੰ 'ਗੈਰ ਮਨੁੱਖੀ ਵਿਅਕਤੀ' ਕਿਹਾ ਜਾਣਾ ਚਾਹੀਦਾ ਹੈ ਤੇ ਇਨ੍ਹਾਂ ਦੀ ਰੱਖਿਆ ਲਈ ਇਕ ਬਿੱਲ ਲਿਆਂਦਾ ਜਾਣਾ ਚਾਹੀਦਾ ਹੈ। ਅਮਰੀਕਨ ਐਸੋਸ਼ੀਏਸ਼ਨ ਫਾਰ ਐਡਵਾਂਸਮੈਂਟ ਆਫ ਸਾਇੰਸ ਦੀ ਸਾਲਾਨਾ ਮੀਟਿੰਗ ਦੌਰਾਨ ਐਮਰੀ ਯੂਨੀਵਰਸਿਟੀ (ਜਾਰਜੀਆ), ਲੋਏਓਲਾ ਮੈਰੀਮਾਉਂਟ ਯੂਨੀਵਰਸਿਟੀ (ਕੈਲੇਫੋਰਨੀਆ) ਦੇ ਵਿਗਿਆਨੀਆਂ ਅਤੇ ਯੂ.ਕੇ. ਕੰਨਵਰਸੇਸ਼ਨ ਗਰੁੱਪ ਨੇ ਕਿਹਾ ਕਿ ਥਣਧਾਰੀ ਜਲਜੀਵ- ਡੌਲਫਿਨ, ਪੋਰਪੋਇਜ਼ਜ਼ ਤੇ ਵੇਲਜ਼ ਬਹੁਤ ਹੀ ਅਕਲਮੰਦ ਅਤੇ ਅਤਿ ਸੰਵੇਦਨਸ਼ੀਲ ਹੁੰਦੀਆਂ ਹਨ। ਜਿਵੇਂ ਕਿ ਪਹਿਲਾਂ ਅਧਿਐਨ ਕੀਤੇ ਗਏ ਸਨ, ਇਹ ਉਸ ਨਾਲੋਂ ਵੀ ਜ਼ਿਆਦਾ ਭਾਵੁਕ ਮਹਿਸੂਸ ਕੀਤੀਆਂ ਗਈਆਂ ਹਨ। ਅਜਿਹੇ ਸਬੂਤ ਮਿਲ ਰਹੇ ਹਨ ਜਿਸ ਤੋਂ ਪਤਾ ਚੱਲਦਾ ਹੈ ਕਿ ਜਾਨਵਰਾਂ ਵਿਚ ਵੀ ਮਨੁੱਖ ਵਾਂਗ ਬੌਧਿਕਤਾ ਪੱਧਰ, ਸਵੈ-ਜਾਗਰੂਕਤਾ ਤੇ ਸੰਵੇਦਨਾ ਹੁੰਦੀ ਹੈ। ਵਿਗਿਆਨੀਆਂ ਨੇ ਥਣਧਾਰ ਜਲ ਜੀਵਾਂ ਦੇ ਹੱਕਾਂ ਦੀ ਵਕਾਲਤ ਕੀਤੀ ਜਿਸ ਦੀ ਹੇਲਸਿੰਕੀ ਗਰੁੱਪ ਨੇ ਪ੍ਰੋੜਤਾ ਕੀਤੀ। ਇਸ ਗਰੁੱਪ ਵਿਚ ਕੈਨੇਡਾ ਸਮੇਤ ਕਈ ਮੁਲਕਾਂ ਦੇ ਵਿਗਿਆਨੀ ਸ਼ਾਮਲ ਸਨ। ਵਿਗਿਆਨੀਆਂ ਨੇ ਕਿਹਾ ਕਿ ਹਰੇਕ ਥਣਧਾਰੀ ਜਲ ਜੀਵ ਨੂੰ ਜੀਵਨ ਦਾ ਅਧਿਕਾਰ ਹੈ ਤੇ ਇਨ੍ਹਾਂ ਦੇ ਹੱਕਾਂ, ਆਜ਼ਾਦੀ ਦੀ ਕੌਮਾਂਤਰੀ ਤੇ ਘਰੇਲੂ ਕਾਨੂੰਨ ਤਹਿਤ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਗਰੁੱਪ ਚਾਹੁੰਦਾ ਹੈ ਕਿ ਇਨ੍ਹਾਂ ਜੀਵਾਂ ਦੀ ਰਾਖੀ ਲਈ ਅਜਿਹੀ ਨੀਤੀ ਬਣਾਈ ਜਾਵੇ ਕਿ ਇਨ੍ਹਾਂ ਨੂੰ ਵੀ ਮਨੁੱਖ ਵਾਂਗ ਜਿਉਂਦੇ ਰਹਿਣ ਦਾ ਅਧਿਕਾਰ ਮਿਲੇ। ਜਾਨਵਰਾਂ ਦੇ ਸੰਵੇਦਨਸ਼ੀਲਤਾ ਉਸ ਦਾਅਵੇ ਦੀ ਹਮਾਇਤ ਕਰਦੀ ਹੈ ਕਿ ਇਹ 'ਗੈਰ ਮਨੁੱਖੀ ਵਿਅਕਤੀ' ਹਨ ਤੇ ਮਨੁੱਖਾਂ ਵਲੋਂ ਦੁਰਵਰਤੋਂ ਰੋਕ ਲੱਗਣੀ ਚਾਹੀਦੀ ਹੈ। ਮਨੁੱਖ ਦੀ ਕੈਦ ਵਿਚੋਂ ਇਨ੍ਹਾਂ ਨੂੰ ਮੁਕਤ ਕਰਾਉਣਾ ਚਾਹੀਦਾ ਹੈ।

ਹੈਪੇਟਾਇਟਸ ਸੀ ਦੀ ਵੈਕਸਿਨ ਇਜਾਦ ਕਰਨ ਦੇ ਨੇੜੇ ਪਹੁੰਚੀ ਅਲਬਰਟਾ ਯੂਨੀਵਰਸਿਟੀ



ਐਡਮਿੰਟਨ (ਨਦਬ): ਅਲਬਰਟਾ ਯੂਨੀਵਰਸਿਟੀ ਦੀ ਰਿਸਰਚ ਟੀਮ ਹੈਪੇਟਾਇਟਸ ਸੀ ਦੀ ਵੈਕਸਿਨ ਇਜਾਦ ਕਰਨ ਦੇ ਨੇੜੇ ਪਹੁੰਚ ਗਈ ਹੈ। ਇਹ ਵੈਕਸਿਨ ਇਸ ਬਿਮਾਰੀ ਦੇ ਸਾਰੇ ਮਾੜੇ ਪਹਿਲੂਆਂ 'ਤੇ ਕਾਬੂ ਪਾ ਸਕੇਗੀ।

ਯੂਨੀਵਰਸਿਟੀ ਆਫ਼ ਅਲਬਰਟਾ ਵਿਖੇ ਵਾਇਰਾਲਿਜੀ ਦੇ ਲੀ ਕਾਸ਼ਿੰਗ ਇੰਸਟੀਚਿਊਟ ਦੇ ਖੋਜਕਾਰ ਮਾਇਕਲ ਹਿਊਸਟਨ ਦਾ ਕਹਿਣਾ ਹੈ ਕਿ ਇਹ ਇਕ ਅਣਕਿਆਸੀ ਖੋਜ਼ ਹੈ। ਹੈਪੇਟਾਇਟਸ ਸੀ ਦੇ 6 ਮੁੱਖ ਪੜਾਅ ਹਨ ਤੇ ਵਿਸ਼ਵ ਭਰ 'ਚ ਇਸ ਤਰ੍ਹਾਂ ਦੇ ਹੋਰ ਕਈ ਸੌ ਤੋਂ ਵੱਧ ਕਿਸਮਾਂ ਨਾਲ 170 ਮਿਲੀਅਨ ਲੋਕ ਇਸ ਤੋਂ ਪ੍ਰਭਾਵਿਤ ਹਨ। ਇਹ ਬਿਮਾਰੀ ਖੂਨ ਦੀ ਲਾਗ, ਟੀਕੇ ਦੀ ਸੂਈ ਬਿਨਾ ਬਦਲੇ ਵਾਰ-ਵਾਰ ਵਰਤਣੀ, ਕਿਸੇ ਮੈਡੀਕਲ ਤਕਨੀਕ ਰਾਹੀਂ ਜੀਵਾਣੂਮੁਕਤ ਕੀਤੇ ਬਿਨਾ ਔਜ਼ਾਰਾਂ ਦੀ ਵਰਤੋਂ ਜਾਂ ਖੂਨ ਬਦਲੀ ਕਾਰਨ ਇਹ ਬਿਮਾਰੀ ਪੈਦਾ ਹੁੰਦੀ ਹੈ।

ਕੁਝ ਖਾਸ ਕਿਸਮ ਦੇ ਰੋਗ ਨਾਸ਼ਕ ਅੰਸ਼ ਨਾਲ ਬਣੀ ਇਹ ਵੈਕਸਿਨ ਸਿਰਫ਼ ਚੋਣਵੀਆਂ ਕਿਸਮਾਂ ਲਈ ਹੀ ਕਾਰਗਰ ਸਾਬਤ ਹੋਏਗੀ। ਮਿਸਾਲ ਵਜੋਂ ਫਲੂ ਹੀ ਲੈ ਲਵੋ। ਇਸ ਸਬੰਧੀ ਵੈਕਸਿਨ ਸਿਰਫ਼ ਉਹਨਾਂ ਪਹਿਲੂਆਂ ਨੂੰ ਹੀ ਠੀਕ ਕਰੇਗੀ ਜਦੋਂ ਇਹ ਬਿਮਾਰੀ ਖ਼ਾਸ ਮੌਸਮ 'ਚ ਹੁੰਦੀ ਹੈ। ਹਿਊਸਟਨ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਤੋਂ ਪ੍ਰਾਪਤ ਨਵੇਂ ਅੰਕੜਿਆਂ ਤੋਂ ਇਹ ਪਤਾ ਲੱਗਦਾ ਹੈ ਕਿ ਹੈਪੇਟਾਇਟਸ ਬਿਮਾਰੀ ਦੇ ਖ਼ਾਸ ਰੋਗ ਨਾਸ਼ਕ ਅੰਸ਼ ਤੋਂ ਬਣੀ ਇਸ ਵੈਕਸਿਨ ਰਾਹੀਂ ਇਹੋ ਜਿਹੇ ਰੋਗ ਨਾਸ਼ਕ ਅੰਸ਼ ਪੈਦਾ ਹੁੰਦੇ ਹਨ, ਜੋ ਹੈਪੇਟਾਇਟਸ ਸੀ ਦੀਆਂ ਸਾਰੀਆਂ ਕਿਸਮਾਂ ਨੂੰ ਪ੍ਰਭਾਵ-ਹੀਣ ਕਰ ਦੇਣਗੇ।

1989 'ਚ ਹੈਪੇਟਾਇਟਸ ਵਾਇਰਸ ਨੂੰ ਲੱਭਣ ਵਾਲੇ ਇਮਿਊਨੋਲਾਜੀ ਦੇ ਵਿਸ਼ਵ ਪ੍ਰਸਿੱਧ ਮਾਹਿਰ ਹਿਊਸਟਨ ਦਾ ਕਹਿਣਾ ਹੈ ਕਿ ਇਹ ਖੋਜ ਸਾਡੇ ਲਈ ਬਹੁਤ ਵੱਡੀ ਕਾਮਯਾਬੀ ਹੈ। ਇਹ ਸਾਨੂੰ ਹੈਪੇਟਾਇਟਸ ਸੀ ਦੀ ਵੈਕਸਿਨ ਦੇ ਸਫਲਤਾਪੂਰਵਕ ਵਿਕਾਸ ਲਈ ਅੱਗੇ ਵੱਧਣ ਦੀ ਸੇਧ ਦਿੰਦੀ ਹੈ। ਐਚ.ਆਈ.ਵੀ.ਦੇ ਉਲਟ ਹੈਪੇਟਾਇਟਸ ਸੀ ਦੀਆਂ ਬਹੁਤ ਕਿਸਮਾਂ ਹਨ ਜਿਸ ਕਰਕੇ ਇਸ ਦੀ ਵੈਕਸਿਨ ਇਜਾਦ ਕਰਨੀ ਨਾਮੁਮਕਿਨ ਸਮਝਿਆ ਜਾਂਦਾ ਸੀ।

ਹਿਊਸਟਨ ਦੇ ਖੋਜ ਸਾਥੀ ਜਾਨ ਲਾਅ ਦਾ ਕਹਿਣਾ ਹੈ ਕਿ ਮੁਢਲੇ ਦੌਰ 'ਚ ਕੀਤੇ ਗਏ ਟੈਸਟ ਇਹ ਦਰਸਾਉਂਦੇ ਹਨ ਕਿ ਹੋਰਾਂ ਦੇ ਮੁਕਾਬਲੇ ਇਹ ਵੈਕਸਿਨ 40 ਤੋਂ 100 ਫੀਸਦੀ ਜ਼ਿਆਦਾ ਅਸਰ ਕਰਦੀ ਹੈ। ਉਨ੍ਹਾਂ ਕਿਹਾ ਕਿ ਵੈਕਸਿਨ ਦੇ ਅਸਰ ਨੂੰ ਲੈਬਾਰੇਟਰੀ 'ਚ ਟੈਸਟਾਂ ਦੌਰਾਨ ਖ਼ੁਰਾਕ ਨੂੰ ਘੱਟ-ਵੱਧ ਕਰਕੇ ਹੋਰ ਸੁਧਾਰਿਆ ਜਾ ਸਕਦਾ ਹੈ।ਹਿਊਸਟਨ ਨੇ ਅੱਗੇ ਕਿਹਾ ਕਿ ਇਸ ਵੈਕਸਿਨ ਨੂੰ ਬਾਜ਼ਾਰ 'ਚ ਆਉਣ ਲਈ ਅਜੇ ਪੰਜ ਜਾਂ ਸੱਤ ਸਾਲ ਲੱਗ ਸਕਦੇ ਹਨ ਪਰ ਇਸ ਤੋਂ ਪਹਿਲਾਂ ਲੈਬਾਰੇਟਰੀ 'ਚ ਇਸ ਦੇ ਤਜਰਬੇ ਇਨਸਾਨਾਂ 'ਤੇ ਵੀ ਕੀਤੇ ਜਾਣਗੇ ਤਾਂ ਜੋ ਇਸ ਦੇ ਸੁਰੱਖਿਅਤ ਹੋਣ ਦੇ ਪੁਖ਼ਤਾ ਪ੍ਰਮਾਣ ਮਿਲ ਸਕਣ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਨਾਲ ਪਹਿਲਾਂ ਤੋਂ ਹੀ ਪ੍ਰਭਾਵਤ ਲੋਕਾਂ ਨੂੰ ਵੀ ਮਦਦ ਮਿਲ ਸਕੇਗੀ।

ਯੂਨੀਵਰਸਿਟੀ ਆਫ਼ ਵੀਰਾਲਾਜੀ ਵਿਖੇ ਗਲੈਕਸੋਸਮਿਥਕਲਾਇਨ ਦੇ ਚੇਅਰਮੈਨ ਤੇ ਕੈਨੇਡੀਅਨ ਇੰਸਟੀਚਿਊਟਸ ਆਫ਼ ਹੈਲਥ ਰਿਸਰਚ ਦੇ ਮਾਹਿਰ ਡਾ.ਲੋਰਨ ਟਾਇਰਲ ਦਾ ਕਹਿਣਾ ਹੈ ਕਿ ਜੇਕਰ ਇਹ ਵੈਕਸਿਨ ਕਾਰਗਰ ਸਿੱਧ ਹੋ ਗਈ ਤਾਂ ਇਸ ਦਾ ਪੂਰੇ ਵਿਸ਼ਵ 'ਤੇ ਅਸਰ ਪਏਗਾ।

ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਤ ਕਰਦੀ ਹੈ ਪੂਰਬੀ ਕੈਨੇਡਾ ਦੀ ਖ਼ੂਬਸੂਰਤੀ



ਪ੍ਰਿੰਸ ਐਡਵਰਡ (ਨਦਬ)-ਪਿਛਲੇ ਦਿਨੀਂ ਜਾਰੀ ਹੋਏ ਜਨਗਣਨਾ ਅੰਕੜਿਆਂ ਮੁਤਾਬਕ ਪੂਰਬੀ ਕੈਨੇਡਾ ਦੀ ਵਿਕਾਸ ਦਰ 1.9 ਫੀਸਦੀ ਹੈ, ਜਦਕਿ ਪ੍ਰਿੰਸ ਐਡਵਾਰਡ ਆਈਸਲੈਂਡ ਤੇ ਨਿਊ ਬਰਨਸਵਿਕ ਦੀ ਵਿਕਾਸ ਦਰ ਕ੍ਰਮਵਾਰ 3.2 ਤੇ 2.9 ਫੀਸਦੀ ਹੈ। ਦਿਲਚਸਪ ਗੱਲ ਇਹ ਹੈ ਕਿ ਨੋਵਾ ਸਕੋਸ਼ੀਆ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਦਰ ਵਿਚ ਵਾਧਾ ਹੋਇਆ ਹੈ। ਇਥੇ ਪਿਛਲੇ ਸਾਲ ਦੇ ਮੁਕਾਬਲੇ ਵਿਕਾਸ ਦਰ 0.6 ਤੋਂ 0.9 ਫੀਸਦੀ ਤਕ ਪੁੱਜ ਗਈ ਹੈ। ਇਥੋਂ ਤਕ ਕਿ ਨਿਊਫਾਉਂਡਲੈਂਡ ਲੇਬਰਡੋਰ 1986 ਤੋਂ ਆਪਣੀ ਪਹਿਲੀ ਸਕਾਰਾਤਮਕ ਵਿਕਾਸ ਦਰ 1.8 ਫੀਸਦੀ 'ਤੇ ਕਾਇਮ ਹੈ। ਜ਼ਾਹਰ ਹੈ ਇਥੇ ਕੁਝ ਲੋਕ ਪੈਸੇ ਲਈ ਆਉਂਦੇ ਹਨ। ਪਰ ਇਨ੍ਹਾਂ ਵਿਚੋਂ ਬਹੁਤੇ ਪੈਸੇ ਲਈ ਨਹੀਂ ਬਲਕਿ ਪਿਆਰ ਨਾਲ ਖਿੱਚੇ ਚਲੇ ਆਉਂਦੇ ਹਨ ਤੇ ਉਗਨ੍ਹਾਂ ਨੂੰ ਇਥੋਂ ਦੀ ਖ਼ੂਬਸੂਰਤੀ ਉਨ੍ਹਾਂ ਨੂੰ ਆਪਣੇ ਵੱਲ ਖਿਚ ਲਿਆਂਉਦੀ ਹੈ।

ਐਡਮ ਵ੍ਹਾਈਟ ਲੀ ,ਚੀਨ ਤੋਂ ਇਥੇ ਐਨ.ਐਸ. ਦੀ ਵਿਦਿਆਰਥਣ ਹੈ। ਉਹ ਪਿਛਲੇ ਸਾਲ ਇਥੇ ਆਈ ਸੀ ਤੇ ਉਸ ਕੋਲ ਯੂਨੀਵਰਸਿਟੀ ਦੀਆਂ ਦੋ ਡਿਗਰੀਆਂ ਹਨ। ਪੇਈਚਿੰਗ (ਬੀਜਿੰਗ) ਵਿਚ ਏਅਰੋਸਪੇਸ ਫਰਮ ਵਿਖੇ ਤਿੰਨ ਸਾਲ ਕੰਮ ਦਾ ਤਜਰਬਾ ਹੈ।

ਚੀਨ ਛੱਡਣ ਤੋਂ ਪਹਿਲਾਂ ਲੀ ਨੇ ਇੰਟਰਨੈਟ 'ਤੇ ਐਟਲਾਂਟਿਕ ਸੂਬਿਆਂ ਬਾਰੇ ਜਾਣਕਾਰੀ ਇਕੱਤਰ ਕੀਤੀ। ਉਸ ਨੇ ਖਾਸ ਤੌਰ 'ਤੇ ਪ੍ਰਿੰਸ ਐਡਵਰਡ ਆਈਸਲੈਂਡ ਅਤੇ ਇਸ ਦੇ ਇਮੀਗਰੈਂਟ ਨਾਮਨੀ ਪ੍ਰੋਗਰਾਮਾਂ ਵਿਚ ਦਿਲਚਸਪੀ ਦਿਖਾਈ ਅਤੇ ਉਸ ਨੇ ਕਈ ਲੋਕਾਂ ਨਾਲ ਇਸ ਬਾਰੇ ਗੱਲ ਕੀਤੀ। ਅਸਲ ਵਿਚ ਪ੍ਰਿੰਸ ਐਡਵਰਡ ਨੇ 2010 ਵਿਚ 2500 ਤੋਂ ਵਧੇਰੇ ਨਵੇਂ ਇਮੀਗਰੈਂਟਸ ਨੂੰ ਆਕਰਸ਼ਤ ਕੀਤਾ ਸੀ ਜਦਕਿ 2005 ਵਿਚ ਇਥੇ 500 ਦੇ ਕਰੀਬ ਹੀ ਵਿਦਿਆਰਥੀ ਆਏ ਸਨ। ਇਸੇ ਤਰ੍ਹਾਂ ਨੋਵਾ ਸਕੋਸ਼ੀਆ ਤੇ ਨਿਊ ਬਰਨਸਵਿਕ ਦੋਵਾਂ ਨੇ ਵੀ 2010 ਵਿਚ 2000 ਤੋਂ ਵਧੇਰੇ ਇਮੀਗਰੈਂਟਸ ਨੂੰ ਆਕਰਸ਼ਤ ਕੀਤਾ। ਨਿਊਫਾਉਂਡਲੈਂਡ ਤੇ ਲੇਬਰਡੋਰ ਇਸ ਮਾਮਲੇ ਵਿਚ ਚੌਥੇ ਸਥਾਨ 'ਤੇ ਹਨ। ਸੇਂਟ ਮੈਰੀਜ਼ ਯੂਨੀਵਰਸਿਟੀ, ਹਾਲੀਫੈਕਸ ਵਿਖੇ ਅਰਥ ਸ਼ਾਸਤਰ ਦੇ ਪ੍ਰੋ. ਆਥਰ ਅਕਬਰੀ ਨੇ ਦੱਸਿਆ ਕਿ ਇਹ ਵਿਦਿਆਰਥੀ ਇਥੇ ਲੰਬਾ ਸਮਾਂ ਰਹਿਣਾ ਪਸੰਦ ਕਰਦੇ ਹਨ, ਇਹ ਥਾਂ ਉਨ੍ਹਾਂ ਨੂੰ ਬਹੁਤ ਲੁਭਾਉਂਦੀ।

ਉਹ ਜ਼ਿਆਦਾਤਰ ਇਨ੍ਹਾਂ ਸੂਬਿਆਂ ਨੂੰ ਇਸ ਕਰਕੇ ਤਰਜੀਹ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਇਥੇ ਆਉਣ 'ਤੇ ਰੁਜ਼ਗਾਰ ਵੀ ਮਿਲ ਜਾਂਦਾ ਹੈ ਜਿਸ ਕਾਰਨ ਉਹ ਆਪਣਾ ਤੇ ਆਪਣੀ ਪੜ੍ਹਾਈ ਦਾ ਖਰਚਾ ਤੋਰ ਲੈਂਦੇ ਹਨ। ਪਿਛਲੇ ਸਾਲ ਨੋਵਾ ਸਕੋਟੀਆ ਦੇ ਪ੍ਰੀਮੀਅਰ ਡੈਰੇਲ ਡੈਕਸਟਰ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਨੇ 2020 ਤਕ 7200 ਇਮੀਗਰੈਂਟਸ ਨੂੰ ਆਕਰਸ਼ਤ ਕਰਨ ਦੀ ਯੋਜਨਾ ਬਣਾਈ ਹੈ ਜੋ ਇਸ ਸਮੇਂ 3600 ਦੇ ਕਰੀਬ ਹੈ। ਇਸ ਲਈ ਉਹ ਇਮੀਗਰੈਂਟ ਬੱਜਟ ਵਿਚ 790,00 ਡਾਲਰ ਦਾ ਵਾਧਾ ਕਰਨਗੇ।

ਪ੍ਰੋ. ਸਿੱਧੂ ਦੀ ਪੁਸਤਕ 'ਨਿੱਕੇ-ਵੱਡੇ ਬੁਰਜ' ਰੀਲੀਜ਼

ਕੈਲਗਰੀ (ਬਲਜਿੰਦਰ ਸੰਘਾ) : ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਮੀਟਿੰਗ ਕੋਸੋ ਦੇ ਹਾਲ ਵਿਚ ਹੋਈ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਸਭਾ ਦੇ ਪ੍ਰਧਾਨ ਮਹਿੰਦਰਪਾਲ ਐਸ.ਪਾਲ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ, ਫੇਰ ਪ੍ਰੋ.ਮਨਜੀਤ ਸਿੰਘ ਸਿੱਧੂ, ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ, ਪ੍ਰਸਿੱਧ ਲੇਖਿਕਾ ਗੁਰਚਰਨ ਕੌਰ ਥਿੰਦ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਏ। ਉਪਰੰਤ ਬਲਜਿੰਦਰ ਸੰਘਾ ਨੇ ਸੁਰਜੀਤ ਪਾਤਰ ਅਤੇ ਮਸ਼ਹੂਰ ਬਾਲੀਵੁੱਡ ਐਕਟਰ ਧਰਮਿੰਦਰ ਦਿਓਲ ਨੂੰ ਪਦਮ ਸ੍ਰੀ ਅਵਾਰਡ ਮਿਲਣ ਅਤੇ ਬਲਦੇਵ ਸਿੰਘ ਸੜਕਨਾਮਾ ਨੂੰ ਸਹਿਤ ਅਕਾਡਮੀ ਦਾ ਅਵਾਰਡ ਮਿਲਣ 'ਤੇ ਸਭਾ ਵੱਲੋ ਵਧਾਈ ਦਿੱਤੀ। ਉਪਰੰਤ ਮਰਹੂਮ ਸ਼ਖਸ਼ੀਅਤਾਂ ਕਰਤਾਰ ਸਿੰਘ ਦੁੱਗਲ, ਨਿਰੰਜਨ ਸਿੰਘ ਮਾਨ, ਚੈਚਲ ਸਿੰਘ ਬਾਬਕ, ਓ. ਪੀ. ਦੱਤਾ ਅਤੇ ਮਸ਼ਹੂਰ ਗਜ਼ਲਗੋ ਸ਼ਹਿਰਯਾਰ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਜ਼ਲੀ ਭੇਟ ਕੀਤੀ ਗਈ । ਡਾ. ਮਹਿੰਦਰ ਸਿੰਘ ਹੱਲਣ, ਪ੍ਰੋ. ਮਨਜੀਤ ਸਿੰਘ ਸਿੱਧੂ ਅਤੇ ਜਸਵੰਤ ਸਿੰਘ ਗਿੱਲ ਨੇ ਕਰਤਾਰ ਸਿੰਘ ਦੁਗੱਲ ਅਤੇ ਨਿਰੰਜਣ ਸਿੰਘ ਮਾਨ ਬਾਰੇ ਆਪਣੇ ਵਿਚਾਰ ਤੇ ਯਾਦਾਂ ਸਾਝੀਆਂ ਕੀਤੀਆਂ। ਰਚਨਾਵਾਂ ਦੇ ਪਹਿਲੇ ਦੌਰ ਵਿਚ ਬੀਜਾ ਰਾਮ, ਬਲਵੀਰ ਗੋਰਾ, ਮਨਪ੍ਰੀਤ ਬਰਾੜ, ਸਿਰੰਸ਼ ਕਾਲੀਆ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।



ਇਸ ਤੋਂ ਬਾਅਦ ਪ੍ਰੋ ਮਨਜੀਤ ਸਿੰਘ ਸਿੱਧੂ ਦੀ ਪੁਸਤਕ 'ਨਿੱਕੇ-ਵੱਡੇ ਬੁਰਜ' ਲੋਕ ਅਰਪਣ ਕੀਤੀ ਗਈ। ਕਿਤਾਬ 'ਤੇ ਪਰਚਾ ਬਲਜਿੰਦਰ ਸੰਘਾ ਨੇ ਪੜ੍ਹਿਆ। ਜਸਵੰਤ ਸਿੰਘ ਗਿੱਲ ਨੇ ਬਾਈ ਦਲੀਪ ਸਿੰਘ ਪ੍ਰਿੰਸੀਪਲ ਦਾ ਲਿਖਿਆ ਭਾਵ-ਪੂਰਤ ਪਰਚਾ ਪੜ੍ਹਿਆ ਤੇ ਆਕਰਕਸ਼ ਟਾਇਟਲ ਵਾਲੀ ਕਿਤਾਬ ਰੀਲੀਜ਼ ਕੀਤੀ ਗਈ। ਪ੍ਰੋ.ਮਨਜੀਤ ਸਿੰਘ ਸਿੱਧੂ ਜੀ ਨੇ ਭਾਈ ਵੀਰ ਸਿੰਘ ਦੀਆ ਕੁਝ ਲਾਈਨਾਂ 'ਮੇਰੀ ਛੁਪੇ ਰਹਿਣ ਦੀ ਚਾਹਤ ਪੂਰੀ ਹੁੰਦੀ ਦਿਸਦੀ ਨਾ' ਆਖਕੇ ਬਹੁਤ ਹੀ ਸੰਖੇਪ ਵਿਚ ਆਪਣੀ ਪੁਸਤਕ ਬਾਰੇ ਵਿਚਾਰ ਪੇਸ਼ ਕੀਤੇ। ਸਭਾ ਦੇ ਪ੍ਰਧਾਨ ਮਹਿੰਦਰਪਾਲ ਐਸ.ਪਾਲ ਨੇ ਸਭਾ ਵੱਲੋ 14 ਅਪ੍ਰੈਲ ਨੂੰ ਕਰਵਾਏ ਜਾ ਰਹੇ ਬੱਚਿਆ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਵਾਲੇ ਪ੍ਰੋਗਰਾਮ ਬਾਰੇ ਜਾਣਕਰੀ ਦਿੱਤੀ । ਇਸ ਪ੍ਰੋਗਰਾਮ ਵਿਚ 16 ਸਾਲ ਤੇ ਇਸ ਤੋਂ ਘੱਟ ਉਮਰ ਦੇ ਬੱਚੇ ਭਾਗ ਲੈ ਸਕਦੇ ਹਨ।

ਮੇਜਰ ਮਾਂਗਟ ਦੇ ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ 'ਮੋਮਬੱਤੀ' ਉਪਰ ਚਰਚਾ



ਪਟਿਆਲਾ (ਨਦਬ) : 'ਮੋਮਬੱਤੀ' ਮੇਜਰ ਮਾਂਗਟ ਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ, ਇਸ ਤੋਂ ਪਹਿਲਾਂ ਉਨ੍ਹਾਂ ਦੇ ਚਾਰ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ, ਜਿਨ੍ਹਾਂ ਵਿਚ 'ਤਲੀਆਂ ਤੇ ਉੱਗੇ ਥੋਹਰ', 'ਕੂੰਜਾਂ ਦੀ ਮੌਤ', 'ਤ੍ਰਿਸ਼ੰਕੂ' ਅਤੇ 'ਪਰੀਆਂ ਦਾ ਦੇਸ' ਵੀ ਚਰਚਾ ਵਿੱਚ ਰਹੇ ਹਨ। ਇਸ ਕਹਾਣੀ ਸੰਗ੍ਰਹਿ ਨੂੰ ਯੂਨੀਸਟਾਰ ਬੁੱਕਸ ਤੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਛਾਪਿਆ ਗਿਆ ਹੈ।ਇਸ ਵਿਚ ਲੇਖਕ ਦੀਆਂ ਬਾਰਾਂ ਕਹਾਣੀਆਂ ਦਰਜ ਹਨ ਜੋ ਕਿ ਪਰਵਾਸੀ ਜੀਵਨ ਨਾਲ ਸਬੰਧਤ ਹਨ। ਪੁਸਤਕ ਦੇ ਮੁੱਖਬੰਧ ਵਿਚ ਪ੍ਰਸਿੱਧ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੇ ਮੇਜਰ ਮਾਂਗਟ ਨੂੰ ਸਮਾਜਕ ਫ਼ਿਕਰ ਵਾਲਾ ਲੇਖਕ ਦੱਸਦਿਆਂ, ਇਸ ਪੁਸਤਕ ਨੂੰ ਲੇਖਕ ਦੀ ਗੌਲਣਯੋਗ ਪ੍ਰਾਪਤੀ ਕਿਹਾ ਹੈ। ਪਿਛਲੇ ਦਿਨੀਂ ਮੇਜਰ ਮਾਂਗਟ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੱਦੇ 'ਤੇ ਵਿਸ਼ਵ ਪੰਜਾਬੀ ਵਿਕਾਸ ਕਾਨਫਰੰਸ 'ਚ ਭਾਗ ਲੈਣ ਲਈ ਪੰਜਾਬ ਪਹੁੰਚੇ ਤਾਂ ਇਸ ਪੁਸਤਕ ਬਾਰੇ ਚਰਚਾ ਵੀ ਹੋਈ। ਕਾਨਫਰੰਸ ਦੌਰਾਨ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਪਦਮ ਸ੍ਰੀ ਸੁਰਜੀਤ ਪਾਤਰ, ਭਾਸ਼ਾ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਬਲਵੀਰ ਕੌਰ, ਡਾ. ਦੀਪਕ ਮਨਮੋਹਨ ਸਿੰਘ, ਭਾਸ਼ਾ ਵਿਕਾਸ ਵਿਭਾਗ ਮੁਖੀ ਡਾ. ਅਮਰਜੀਤ ਕੌਰ ਅਤੇ ਡਾ. ਪ੍ਰਮਿੰਦਰ ਸਿੰਘ ਵਲੋਂ ਇਸ ਪੁਸਤਕ ਨੂੰ ਲੋਕ ਅਰਪਣ ਕੀਤਾ ਗਿਆ।

ਇਸ ਤੋਂ ਇਲਾਵਾ ਪੰਜਾਬੀ ਲਿਖਾਰੀ ਸਭਾ ਰਾਮਪੁਰ ਵਿਖੇ ਮੇਜਰ ਮਾਂਗਟ ਦੀ ਪੁਸਤਕ 'ਮੋਮਬੱਤੀ' 'ਤੇ ਚਰਚਾ ਹੋਈ। ਇਸ ਇਕੱਤਰਤਾ ਵਿਚ ਮੇਜਰ ਮਾਂਗਟ ਨੇ ਆਪਣੀ ਕਹਾਣੀ 'ਚੱਕਰਵਾਤ' ਪੜ੍ਹੀ । ਮੀਟਿੰਗ ਵਿੱਚ ਗੁਰਦਿਆਲ ਦਲਾਲ, ਜਗਦੀਸ਼ ਨੀਲੋਂ, ਗਗਨਦੀਪ ਸ਼ਰਮਾ, ਅਵਤਾਰ ਸਿੰਘ ਧਮੋਟ, ਜਸਵੀਰ ਝੱਜ, ਹਰਨੇਕ ਮਾਂਗਟ, ਮੱਲ ਸਿੰਘ ਰਾਮਪੁਰੀ ਨੇ ਮੇਜਰ ਮਾਂਗਟ ਦੀ ਲੇਖਣੀ ਬਾਰੇ ਗੱਲਬਾਤ ਕੀਤੀ। ਇਸੇ ਦੌਰਾਨ 'ਮੋਮਬੱਤੀ' 'ਤੇ ਤੀਸਰਾ ਸਮਾਗਮ ਆਰਟਕੇਵ ਲੁਧਿਆਣਾ ਵਿਚ ਹੋਇਆ। ਇਸ ਦੀ ਪ੍ਰਧਾਨਗੀ ਸੁਰਜੀਤ ਪਾਤਰ ਨੇ ਕੀਤੀ।ਇਥੇ ਹੋਈ ਚਰਚਾ ਵਿਚ ਡਾ. ਜਗਦੇਵ ਸਿੰਘ, ਅਮਰਜੀਤ ਗਰੇਵਾਲ, ਅਵਤਾਰਜੀਤ ਧੰਜਲ, ਪੱਤਰਕਾਰ ਸਤਿਵੀਰ, ਪ੍ਰਮੇਸ਼ਰ ਸਿੰਘ ਬੇਰਕਲਾਂ, ਪ੍ਰਸਿੱਧ ਸ਼ਾਇਰ ਨਵਤੇਜ ਭਾਰਤੀ, ਸਵਰਨਜੀਤ ਸਵੀ ਅਤੇ ਕੁਲਬੀਰ ਸਿੰਘ ਬੁਆਲ ਨੇ ਹਿੱਸਾ ਲਿਆ। ਪੰਜਾਬੀ ਲੇਖਕ ਮੰਚ ਸਮਰਾਲਾ ਵਲੋਂ 'ਮੋਮਬੱਤੀ' 'ਤੇ ਗੋਸ਼ਟੀ ਕਰਵਾਈ ਗਈ। ਇਸ ਦੌਰਾਨ ਪ੍ਰੋ. ਰਾਕੇਸ਼ ਰਮਨ ਨੇ ਆਪਣਾ ਪਰਚਾ ਪੜ੍ਹਿਆ ਤੇ ਡਾ. ਰਘਵੀਰ ਸਿੰਘ ਭਰਤ ਨੇ ਬਹਿਸ ਦੀ ਸ਼ੁਰੂਆਤ ਕੀਤੀ ਜਿਸ ਵਿੱਚ ਦਲਜੀਤ ਸ਼ਾਹੀ, ਕਮਲਜੀਤ ਨੀਲੋਂ, ਰਾਜਵਿੰਦਰ ਸਮਰਾਲਾ, ਦੀਪ ਦਿਲਬਰ, ਜਗਦੀਸ਼ ਨੀਲੋਂ, ਜ਼ੁਆਲਾ ਸਿੰਘ ਥਿੰਦ ਨੇ ਭਾਗ ਲਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਦਲਜੀਤ ਸ਼ਾਹੀ, ਕਹਾਣੀਕਾਰ ਸੁਖਜੀਤ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਪ੍ਰੋ. ਬਲਦੀਪ ਅਤੇ ਡਾ. ਪ੍ਰਮਿੰਦਰ ਸਿੰਘ ਬੈਨੀਪਾਲ (ਪ੍ਰਿੰਸੀਪਲ) ਸ਼ਾਮਲ ਸਨ।

'ਮੋਮਬੱਤੀ' 'ਤੇ ਪੰਜਵਾਂ ਸਮਾਗਮ ਮਾਲਵਾ ਰਿਸਚਰਸ ਸੈਂਟਰ ਪਟਿਆਲਾ ਅਤੇ 'ਜਾਗੋ ਇੰਟਰਨੈਸ਼ਨਲ' ਵਲੋਂ ਮਜੀਠੀਆ ਇਨਕਲੇਵ ਵਿਚ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਡਾ. ਭਗਵੰਤ ਸਿੰਘ, ਡਾ. ਤੇਜਵੰਤ ਮਾਨ, ਡਾ. ਅਮਰ ਕੋਮਲ ਸ਼ਾਮਲ ਸਨ। ਹੈਰੀ ਬਾਠ ਨੇ ਆਪਣੀ ਗਾਇਕੀ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਸੰਸਥਾ ਵਲੋਂ ਸ੍ਰੇਸ਼ਟ ਪਰਵਾਸੀ ਲੇਖਕ ਦੇ ਤੌਰ 'ਤੇ ਸਾਲ 2012 ਲਈ ਮੇਜਰ ਮਾਂਗਟ ਨੂੰ ਸਨਮਾਨ ਦਿੱਤਾ ਗਿਆ।

ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ

ਕੈਲਗਰੀ (ਨਦਬ): ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੌਂਸਲ ਆਫ਼ ਸਿੱਖ ਆਰਗੇਨਾਇਜ਼ੇਸ਼ਨ (ਕੋਸੋ) ਦੇ ਹਾਲ ਵਿਚ ਸਤਨਾਮ ਸਿੰਘ ਢਾਅ ਅਤੇ ਡਾ. ਬਲਵਿੰਦਰ ਕੌਰ ਬਰਾੜ ਦੀ ਪ੍ਰਧਾਨਗੀ ਹੇਠ ਹੋਈ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਇਕਬਾਲ ਖ਼ਾਨ ਨੇ ਨਿਭਾਈ। ਸਭ ਤੋਂ ਪਹਿਲਾਂ ਕਰਤਾਰ ਸਿੰਘ ਦੁਗਲ ਅਤੇ ਪ੍ਰੋ. ਨਿਰੰਜਣ ਸਿੰਘ ਮਾਨ ਦੇ ਵਿਛੋੜੇ ਦੁੱਖ ਪ੍ਰਗਟ ਕੀਤਾ। ਕੇਸਰ ਸਿੰਘ ਨੀਰ ਨੇ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਪਾਇਆ। ਡਾ. ਹਰਭਜਨ ਸਿੰਘ ਢਿੱਲੋਂ ਨੇ ਆਖਿਆ ਕਿ ਦੁਗਲ ਨੇ ਮਨੋ-ਵਿਕਾਰਾਂ ਦੀ ਗੱਲ ਤਾਂ ਕੀਤੀ ਹੈ ਪਰ ਜਮਾਤੀ ਫ਼ਿਤਰਤ ਦੀ ਗੱਲ ਨਹੀਂ ਕੀਤੀ। ਇਸ ਤੋਂ ਬਾਅਦ ਡਾ. ਸੁਰਜੀਤ ਪਾਤਰ ਨੂੰ ਪਦਮ ਸ਼੍ਰੀ ਐਵਾਰਡ ਨਾਲ ਸਨਮਾਨੇ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।



ਕੁੰਦਨ ਸਿੰਘ ਸ਼ੇਰਗਿੱਲ, ਕਮਲਜੀਤ ਕੌਰ ਸ਼ੇਰਗਿੱਲ, ਅਜਾਇਬ ਸਿੰਘ ਸੇਖੋਂ ਨੇ ਕਵਿਤਾਵਾਂ ਸੁਣਾਈਆਂ। ਲਹਿੰਦੇ ਪੰਜਾਬ ਤੋਂ ਆਏ ਮੈਂਬਰ ਤਾਰਿਕ ਮਲਿਕ ਨੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਸ੍ਰੀ ਢਾਅ ਵੱਲੋਂ ਡਾ. ਬਰਾੜ ਨੂੰ ਸਨਮਾਨ ਪੱਤਰ ਦਿੱਤਾ ਗਿਆ ਕਿਉਂਕਿ 2011 ਦੇ ਸਾਲਾਨਾ ਸਮਾਗਮ 'ਤੇ ਉਹ ਪੁੰਹਚ ਨਹੀਂ ਸਨ ਸਕੇ। ਪ੍ਰਸ਼ੋਤਮ ਭਾਰਦਵਾਜ ਨੇ ਸ਼ਾਇਰ ਪ੍ਰੀਤ ਮਾਨ ਦੀ ਕਵਿਤਾ ਸਰੋਤਿਆਂ ਦੇ ਰੂਬਰੂ ਕੀਤੀ। ਪੈਰੀ ਮਾਹਲ ਨੇ ਵਕੀਲ ਤੋਂ ਮਦਦ ਲੈਣ ਸਬੰਧੀ ਜਾਣਕਾਰੀ ਦਿੱਤੀ। ਸੁਰਿੰਦਰ ਢਿੱਲੋਂ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਤਰਲੋਚਨ ਦੂਹੜਾ ਨੇ ਤਰਨਮ ਵਿੱਚ ਸੰਤ ਰਾਮ ਉਦਾਸੀ ਦੀ ਕਵਿਤਾ, ਹਰਨੇਕ ਸਿੰਘ ਬੱਧਨੀ ਨੇ 'ਸਿੰਘ ਦੇ ਬਾਰਾਂ ਵਜਣ' ਨਾਂ ਦੀ ਕਵਿਤਾ ਸਾਂਝੀ ਕੀਤੀ। ਗੁਰਨਾਮ ਸਿੰਘ ਗਿੱਲ ਰਾਮੂਵਾਲੀਏ ਨੇ ਪਾਰਸ ਦੀ ਪ੍ਰਸਿੱਧ ਰਚਨਾ 'ਮੌਤ ਦਾ ਰਾਗ' ਕਵੀਸ਼ਰੀ ਰੰਗ ਵਿਚ ਸੁਣਾਈ। ਕੁਲਦੀਪ ਕੌਰ ਘਟੌੜਾ, ਕੁਲਬੀਰ ਸਿੰਘ ਸ਼ੇਰਗਿੱਲ, ਜੀਤਇੰਦਰਪਾਲ, ਪ੍ਰਭਦੇਵ ਸਿੰਘ ਗਿੱਲ ਨੇ ਵੀ ਆਪਣੀਆਂ ਰਚਨਾਵਾਂ ਸੁਣਾਈਆਂ।

ਸਿੱਖ ਸਟੂਡੈਂਟਸ ਸੁਸਾਇਟੀ ਵੱਲੋਂ 'ਪੰਜਾਬੀ ਸ਼ੋਅ ਕੇਸ 2012'

ਐਡਮਿੰਟਨ (ਨਦਬ)- ਸਿੱਖ ਸਟੂਡੈਂਟਸ ਸੁਸਾਇਟੀ ਵੱਲੋਂ ਮਰੈਡੀਅਨ ਬੈਂਕਿਊਇਟ ਹਾਲ ਵਿਖੇ'ਪੰਜਾਬੀ ਸ਼ੋਅ ਕੇਸ 2012' ਨਾਮ ਦੇ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਸਥਾਨਕ ਕਲਾਕਾਰ ਜੈਜ ਰੰਧਾਵਾ, ਲਵਲੀ ਜੱਗੀ ਤੇ ਹੋਰਨਾਂ ਕਲਾਕਾਰਾਂ ਵੱਲੋਂ ਗੀਤ ਪੇਸ਼ ਕੀਤੇ ਗਏ। ਪਵਿੱਤਰ ਧਾਲੀਵਾਲ ਤੇ ਛੋਟੀ ਬੱਚੀ ਅਨੂਪ ਧਾਲੀਵਾਲ ਤੇ ਜਰਨੈਲ ਕੌਰ ਧਾਲੀਵਾਲ ਵੱਲੋਂ ਵੀ ਕਵਿਤਾਵਾਂ ਨਾਲ ਆਪਣੀ ਹਾਜ਼ਰੀ ਲਗਵਾਈ ਗਈ। ਰਾਮਗੜੀਆ ਖਾਲਸਾ ਸਕੂਲ ਦੇ ਬੱਚਿਆਂ ਵੱਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ ਜਿਸ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਦੇ ਕਲਚਰਲ ਡਾਇਰੈਕਟਰ ਮਨਜੀਤ ਸਿੰਘ ਤੇ ਸਮੂਹ ਟੀਮ ਵੱਲੋਂ ਗੀਤ 'ਨਾਜਰਾ ਲਾ ਸੀਪ ਦੀ ਬਾਜ਼ੀ, ਸੱਥਾਂ ਖਾਲੀ ਹੋ ਚੱਲੀਆਂ' 'ਤੇ ਭੰਗੜਾ ਪਾ ਕੇ ਬੇਰੌਣਕੇ ਹੋ ਰਹੇ ਸਮਾਗਮ ਵਿਚ ਰੌਣਕ ਲੈ ਆਂਦੀ। ਸਮਾਗਮ ਵਿਚ ਐਮ.ਐਲ.ਏ. ਪੀਟਰ ਸੰਧੂ, ਕੌਸਲਰ ਅਮਰਜੀਤ ਸੋਹੀ, ਰੌਨ ਰੰਧਾਵਾ, ਪਵਾਰ ਹੋਮਜ਼ ਵੱਲੋਂ ਰਣਜੀਤ ਪਵਾਰ, ਸਕੱਤਰ ਸਿੰਘ, ਜੀ. ਡਰਾਇਵਿੰਗ ਤੋਂ ਗੁਰਚਰਨ ਗਰਚਾ ਆਦਿ ਨੇ ਵੀ ਆਪਣੀ ਹਾਜ਼ਰੀ ਲਗਵਾਈ।ਅੰਤ 'ਚ ਸਿੱਖ ਸਟੂਡੈਂਟਸ ਸੁਸਾਇਟੀ ਵੱਲੋਂ ਹਰਪ੍ਰੀਤ ਸਿੰਘ ਅਤੇ ਖੁਸ਼ਵੰਤ ਸਿੰਘ ਵੱਲੋਂ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।




ਜਸਬੀਰ ਮਾਹਲ ਦੀਆਂ ਦੋ ਪੁਸਤਕਾਂ ਰਿਲੀਜ਼

ਚੰਡੀਗੜ੍ਹ (ਨਦਬ) ਪਰਵਾਸੀ ਕਵੀ ਜਸਬੀਰ ਮਾਹਲ ਦੀਆਂ ਦੋ ਨਵੀਆਂ ਪੁਸਤਕਾਂ 'ਮਿੱਟੀ ਦੀ ਤਾਸੀਰ' ਅਤੇ 'ਆਪਣੇ ਆਪ ਨਾਲ' ਰਿਲੀਜ਼ ਕੀਤੀਆਂ ਗਈਆਂ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਹੋਏ ਸਮਾਗਮ ਦੌਰਾਨ ਪੁਸਤਕਾਂ ਨੂੰ ਸਾਂਝੇ ਤੌਰ 'ਤੇ ਕਹਾਣੀਕਾਰ ਮੋਹਣ ਭੰਡਾਰੀ ਤੇ ਡਾ. ਸੁਖਦੇਵ ਸਿਰਸਾ ਨੇ ਰਿਲੀਜ਼ ਕੀਤਾ। ਪੁਸਤਕ 'ਮਿੱਟੀ ਦੀ ਤਾਸੀਰ' ਪੰਜਾਬੀ ਵਿਚ ਤੇ 'ਆਪਣੇ ਆਪ ਨਾਲ' ਅੰਗਰੇਜ਼ੀ ਵਿਚ ਛਪੀ ਹੈ। ਅੰਗਰੇਜ਼ੀ ਵਿਚ ਪੁਸਤਕ ਦਾ ਅਨੁਵਾਦ ਨਿਰੂਪਮਾ ਦੱਤ ਵੱਲੋਂ ਕੀਤਾ ਗਿਆ ਹੈ।

ਸਮਾਗਮ ਦੇ ਸ਼ੁਰੂ ਵਿਚ ਵਿਭਾਗ ਦੇ ਚੇਅਰਮੈਨ ਡਾ. ਸਿਰਸਾ ਨੇ ਕਵੀ ਨਾਲ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਉਹ ਸਮਕਾਲੀ ਪੰਜਾਬੀ ਕਵਿਤਾ ਦੇ ਵਹਿਣ ਤੋਂ ਹਟ ਕੇ ਲਿਖਦਾ ਹੈ। ਉਸ ਦੀ ਕਵਿਤਾ ਵਿਚ ਕਾਇਨਾਤ ਦੇ ਵਿਭਿੰਨ ਰੰਗਾਂ ਦਾ ਅਨੂਠਾ ਵਰਨਣ ਹੈ।

ਕਵੀ ਜਸਬੀਰ ਮਾਹਲ ਸਰਹਿੰਦ ਦੇ ਰਹਿਣ ਵਾਲੇ ਹਨ ਤੇ ਉਹ ਪਿਛਲੇ ਢਾਈ ਦਹਾਕਿਆਂ ਤੋਂ ਵਿਦੇਸ਼ਾਂ (ਅੱਜ-ਕੱਲ੍ਹ ਕੈਨੇਡਾ) ਵਿਚ ਰਹਿ ਰਹੇ ਹਨ। ਉਨ੍ਹਾਂ ਨੇ ਆਪਣੇ ਜੀਵਨ ਅਤੇ ਰਚਨਾ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਅਜੇ ਕਵਿਤਾ ਲਿਖਣੀ ਸਿੱਖ ਰਹੇ ਹਨ। ਸਮਾਗਮ ਵਿਚ ਲੇਖਕ ਗੁਰਬਚਨ, ਕਾਨਾ ਸਿੰਘ, ਸੁਸ਼ੀਲ ਦੁਸਾਂਝ, ਸਤਿਪਾਲ ਸਹਿਗਲ ਅਤੇ ਡਾਕਟਰ ਅਕਸ਼ੈ ਕੁਮਾਰ ਸ਼ਾਮਲ ਸਨ। ਵਿਭਾਗ ਦੇ ਵਿਦਿਆਰਥੀਆਂ ਵੱਲੋਂ ਕਵੀ ਤੋਂ ਸੁਆਲ ਪੁੱਛੇ ਗਏ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਦਾ ਪਾਠ ਵੀ ਕੀਤਾ। ਇਸੇ ਦੌਰਾਨ ਚੰਡੀਗੜ੍ਹ ਵਿਖੇ ਅੱਖਰ ਕਾਵਿ ਕਬੀਲਾ ਵੱਲੋਂ ਜਸਬੀਰ ਮਾਹਲ ਦੀ ਕਾਵਿ ਪੁਸਤਕ 'ਮਿੱਟੀ ਦੀ ਤਾਸੀਰ' ਦੀ ਲੋਕ ਅਰਪਣ ਰਸਮ ਵਿਰਸਾ ਵਿਹਾਰ ਵਿਚਲੇ 'ਅੱਖਰ' ਦੇ ਦਫ਼ਤਰ ਵਿਚ ਹੋਈ। ਇਹ ਰਸਮ ਸ਼ਾਇਰ ਨਿਰਮਲ ਅਰਪਨ, ਡਾ. ਸੁਖਦੇਵ ਸਿੰਘ ਖਾਹਰਾ, ਵਿਸ਼ਾਲ, ਅਰਤਿੰਦਰ ਸੰਧੂ, ਪਰਮਿੰਦਰਜੀਤ, ਕਮਲ ਨੇ ਨਿਭਾਈ।



ਇਸ ਮੌਕੇ ਸੰਵਾਦ ਵਿਚ ਅਰਤਿੰਦਰ ਸੰਧੂ, ਮਲਵਿੰਦਰ, ਡਾ. ਬਲਜੀਤ ਕੌਰ ਰਿਆੜ ਤੇ ਜੋਗਿੰਦਰ ਸਿੰਘ ਫੁੱਲ ਨੇ ਹਿੱਸਾ ਲਿਆ। ਸੁਖਬੀਰ ਅੰਮ੍ਰਿਤਸਰੀ ਨੇ ਤਰੰਨੁਮ ਵਿਚ ਆਪਣਾ ਗੀਤ ਪੇਸ਼ ਕੀਤਾ। ਇਸ ਮੌਕੇ ਪ੍ਰੇਮ ਅਵਤਾਰ ਰੈਨਾ, ਡਾ. ਸੰਤੋਖ ਸ਼ਹਰਯਾਰ, ਡਾ. ਸ਼ਿਆਮ ਸੁੰਦਰ ਦੀਪਤੀ, ਕਮਲ, ਹਰਭਜਨ ਖੇਮਕਰਨੀ, ਰਾਬਿੰਦਰ ਸਿੰਘ ਬਾਠ, ਧਰਵਿੰਦਰ ਔਲਖ, ਵਰਿੰਦਰ ਪੰਨੂ, ਸੁਰਿੰਦਰ ਕਮਲ, ਜਸਦੇਵ ਸਿੰਘ ਮਾਨ, ਰਾਜਖੁਸ਼ਵੰਤ ਸਿੰਘ ਸੰਧੂ, ਕਲਿਆਣ ਅੰਮ੍ਰਿਤਸਰੀ, ਹਰਭਜਨ ਸਿੰਘ ਵਕਤਾ, ਜਤਿੰਦਰ ਸਿੰਘ ਔਲਖ, ਗੁਰਜਿੰਦਰ ਸਿੰਘ ਮਾਹਲ, ਗੁਰਿੰਦਰ ਮਕਨਾ, ਰੂਪਇੰਦਰ ਸਿੰਘ ਮਾਹਲ, ਨਰਿੰਦਰ ਲਾਡੀ ਤੇੜਾ, ਬਰਕਤ ਸਿੰਘ ਵੋਹਰਾ, ਸਰਬਜੀਤ ਸਿੰਘ ਸੰਧੂ ਤੇ ਡਾ. ਕਸ਼ਮੀਰ ਸਿੰਘ ਹਾਜ਼ਰ ਹੋਏ।

ਅਸ਼ਲੀਲ ਗਾਇਕੀ ਖਿਲਾਫ ਮੁਹਿੰਮ ਦੀ ਇਪਟਾ ਵੱਲੋਂ ਹਮਾਇਤ

ਚੰਡੀਗੜ੍ਹ (ਨਦਬ) ਇਪਟਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਦਵਿੰਦਰ ਦਮਨ, ਜਨਰਲ ਸਕੱਤਰ ਸੰਜੀਵਨ ਸਿੰਘ ਅਤੇ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਇਕਾਈ ਦੇ ਆਗੂਆਂ ਹਰਦੀਪ ਗਿੱਲ (ਅੰਮ੍ਰਿਤਸਰ), ਹੰਸਾ ਸਿੰਘ (ਬਿਆਸ), ਇੰਦਰਜੀਤ ਸਿੰਘ ਰੂਪੋਵਾਲੀ (ਕਪੂਰਥਲਾ), ਸੋਢੀ ਰਾਣਾ ਅਤੇ ਮੱਖਣ ਕਰਾਂਤੀ ਲਾਂਦੜਾ, ਰਾਬਿੰਦਰ ਸਿੰਘ ਰੱਬੀ (ਮੋਰਿੰਡਾ), ਫੂਲਵੰਤ ਮਨੋਚਾ (ਨੰਗਲ), ਦਰਬਾਰ ਸਿੰਘ(ਸੰਗਰੂਰ) ਅਤੇ ਜਗਦੀਸ਼ (ਖੰਨਾ) ਨੇ ਅਸ਼ਲੀਲ, ਹਿੰਸਕ ਅਤੇ ਅਸਭਿਅਕ ਗਾਇਕੀ ਖਿਲਾਫ ਇਸਤਰੀ ਜਾਗਰਤੀ ਮੰਚ ਦੀਆਂ ਕਾਰਕੁਨਾਂ ਵੱਲੋਂ ਛੇੜੇ ਜਿਹਾਦ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਇਪਟਾ ਹੋਰ ਹਮਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਆਪਣੇ ਪੱਧਰ 'ਤੇ ਕੇਂਦਰ ਅਤੇ ਪੰਜਾਬ ਸਰਕਾਰ, ਰਾਸ਼ਟਰੀ ਅਤੇ ਰਾਜ ਪੱਧਰੀ ਸਿਆਸੀ ਪਾਰਟੀਆਂ 'ਤੇ ਦਬਾਅ ਬਣਾਉਂਦੀ ਆ ਰਹੀ ਹੈ। ਕੇਂਦਰੀ ਪੰਜਾਬੀ ਰੰਗਮੰਚ ਸਭਾ ਦੇ ਪ੍ਰਧਾਨ ਕੇਵਲ ਧਾਲੀਵਾਲ ਅਤੇ ਜਨਰਲ ਸਕੱਤਰ ਡਾ. ਸਾਹਿਬ ਸਿੰਘ, ਅਦਾਕਾਰ ਮੰਚ ਦੀ ਪ੍ਰਧਾਨ ਰਾਜਿੰਦਰ ਰੋਜ਼ੀ, ਮਿਊਂਸਪਲ ਇੰਪਲਾਈਜ਼ ਕਲਚਰਲ ਅਤੇ ਵੈਲਫੇਅਰ ਸੁਸਾਇਟੀ ਦੀ ਪ੍ਰਧਾਨ ਸੈਵੀ ਸਤਵਿੰਦਰ ਕੌਰ, ਸੁਚੇਤਕ ਰੰਗਮੰਚ ਦੀ ਪ੍ਰਧਾਨ ਅਨੀਤਾ ਸਬਦੀਸ਼, ਸਰਘੀ ਕਲਾ ਕੇਂਦਰ ਮੁਹਾਲੀ ਦੇ ਜਨਰਲ ਸੱਕਤਰ ਅਸ਼ੋਕ ਬਜਹੇੜੀ, ਪੰਜਬੀ ਲੇਖਕ ਸਭਾ ਦੇ ਜਨਰਲ ਸਕੱਤਰ ਬਲਕਾਰ ਸਿੰਘ ਸਿੱਧੂ ਨੇ ਵੀ ਇਸਤਰੀ ਜਾਗਰਤੀ ਮੰਚ ਦੀਆਂ ਕਾਰਕੁਨਾਂ ਦੇ ਸੰਘਰਸ਼ ਦੀ ਹਾਮੀ ਭਰੀ ਹੈ।

ਪੰਜਾਬ ਚੋਣਾਂ 2012 ਲੋਕ ਫ਼ਤਵਾ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਨੇ ਵੱਖ-ਵੱਖ ਪਾਰਟੀਆਂ ਦੇ ਬਹੁਤ ਸਾਰੇ ਉਮੀਦਵਾਰਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ ਅਤੇ ਕਈ ਉਮੀਦਵਾਰ ਆਸ ਤੋਂ ਉਲਟ ਜਿੱਤ ਵੀ ਗਏ ਹਨ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਵੱਡੇ ਆਗੂ ਵੀ ਚੋਣ ਹਾਰ ਗਏ ਹਨ। ਜਿੱਤ-ਹਾਰ ਦੇ ਨਤੀਜੇ ਪਾਠਕਾਂ ਦੀ ਨਜ਼ਰ

ਜ਼ਿਲਾ ਨਵਾਂਸ਼ਹਿਰ

ਹਲਕਾ ਬੰਗਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਤਰਲੋਚਨ ਸਿੰਘ	ਮੋਹਨ ਲਾਲ ਬੰਗਾ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	42023	38808

0000 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਨਵਾਂਸ਼ਹਿਰ

	ਜਿੱਤੇ	ਹਾਰੇ
ਨਾਂ	ਗੁਰਇਕਬਾਲ ਕੌਰ	ਸਤਿੰਦਰ ਕੌਰ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	35910	34151

1759 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬਲਾਚੌਰ

	ਜਿੱਤੇ	ਹਾਰੇ
ਨਾਂ	ਚੌ. ਨੰਦ ਲਾਲ	ਸ਼ਿਵਰਾਮ ਚੌਹਾਨ
ਦਲ	ਸ਼੍ਰੋ. ਅ. ਦਲ	ਬਸਪਾ
ਵੋਟਾਂ	36800	21943

14857 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਰੂਪਨਗਰ

ਹਲਕਾ ਸ੍ਰੀ ਆਨੰਦਪੁਰ ਸਾਹਿਬ

	ਜਿੱਤੇ	ਹਾਰੇ
ਨਾਂ	ਮਦਨ ਮੋਹਨ ਮਿੱਤਲ	ਰਾਣਾ ਕੰਵਰਪਾਲ ਸਿੰਘ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	62553	53874

8679 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਰੂਪਨਗਰ

	ਜਿੱਤੇ	ਹਾਰੇ
ਨਾਂ	ਦਲਜੀਤ ਸਿੰਘ ਚੀਮਾ	ਰਮੇਸ਼ ਦੱਤ ਸ਼ਰਮਾ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	41596	32703

8893 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਚਮਕੌਰ ਸਾਹਿਬ (ਰਾਖਵਾਂ)

	ਜਿੱਤੇ	ਹਾਰੇ
ਨਾਂ	ਚਰਨਜੀਤ ਸਿੰਘ	ਜਗਮੀਤ ਕੌਰ ਸੰਧੂ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	54637	50979

3658 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਐਸ.ਏ.ਐਸ. ਨਗਰ

ਹਲਕਾ ਖਰੜ

	ਜਿੱਤੇ	ਹਾਰੇ
ਨਾਂ	ਜਗਮੋਹਨ ਸਿੰਘ ਕੰਗ	ਉਜਾਗਰ ਸਿੰਘ ਬਡਾਲੀ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	49440	42664

6776 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਐਸ.ਏ.ਐਸ. ਨਗਰ

	ਜਿੱਤੇ	ਹਾਰੇ
ਨਾਂ	ਬਲਬੀਰ ਸਿੰਘ ਸਿੱਧੂ	ਬਲਵੰਤ ਸਿੰਘ ਰਾਮੂਵਾਲੀਆ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	63975	47223

16752 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਡੇਰਾਬਸੀ

	ਜਿੱਤੇ	ਹਾਰੇ
ਨਾਂ	ਨਰਿੰਦਰ ਕੁਮਾਰ	ਦੀਪਿੰਦਰ ਸਿੰਘ
ਦਲ	ਸ਼੍ਰੋ. ਅ. ਦਲ	ਆਜ਼ਾਦ
ਵੋਟਾਂ	63273	51245

12028 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਫਤਿਹਗੜ੍ਹ ਸਾਹਿਬ

ਹਲਕਾ ਬੱਸੀ ਪਠਾਨਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਨਿਰਮਲ ਸਿੰਘ	ਹਰਬੰਸ ਕੌਰ ਦੂਲੋ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	45692	34183

11509 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਫਤਿਹਗੜ੍ਹ ਸਾਹਿਬ

	ਜਿੱਤੇ	ਹਾਰੇ
ਨਾਂ	ਕੁਲਜੀਤ ਸਿੰਘ	ਪ੍ਰੇਮ ਸਿੰਘ ਚੰਦੂਮਾਜਰਾ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	36548	33104

3444 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅਮਲੋਹ

	ਜਿੱਤੇ	ਹਾਰੇ
ਨਾਂ	ਰਣਦੀਪ ਸਿੰਘ	ਜਗਦੀਪ ਸਿੰਘ ਚੀਮਾ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	32503	29975

2528 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਪਠਾਨਕੋਟ

ਹਲਕਾ ਪਠਾਨਕੋਟ

	ਜਿੱਤੇ	ਹਾਰੇ
ਨਾਂ	ਅਸ਼ਵਨੀ ਸ਼ਰਮਾ	ਰਮਨ ਭੱਲਾ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	42206	24358

17848 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸੁਜਾਨਪੁਰ

	ਜਿੱਤੇ	ਹਾਰੇ
ਨਾਂ	ਦਿਨੇਸ਼ ਸਿੰਘ ਬੱਬੂ	ਨਰੇਸ਼ ਪੁਰੀ
ਦਲ	ਬੀ.ਜੇ.ਪੀ.	ਆਜ਼ਾਦ
ਵੋਟਾਂ	50369	23067

27302 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਭੋਆ (ਰਾਖਵਾਂ)

	ਜਿੱਤੇ	ਹਾਰੇ
ਨਾਂ	ਸੀਮਾ ਕੁਮਾਰੀ	ਬਲਬੀਰ ਰਾਮ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	50474	38345

12129 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਗੁਰਦਾਸਪੁਰ

ਹਲਕਾ ਗੁਰਦਾਸਪੁਰ

	ਜਿੱਤੇ	ਹਾਰੇ
ਨਾਂ	ਗੁਰਬਚਨ ਸਿੰਘ	ਰਮਨ ਬਹਿਲ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	59878	3818

21560 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਦੀਨਾਨਗਰ (ਰਾਖਵਾਂ)

	ਜਿੱਤੇ	ਹਾਰੇ
ਨਾਂ	ਅਰੁਣਾ ਚੌਧਰੀ	ਬਿਸ਼ਨ ਦਾਸ
ਦਲ	ਕਾਂਗਰਸ	ਬੀ.ਜੇ.ਪੀ.
ਵੋਟਾਂ	65982	53030

12952 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਕਾਦੀਆਂ

	ਜਿੱਤੇ	ਹਾਰੇ
ਨਾਂ	ਚਰਨਜੀਤ ਕੌਰ	ਸੇਵਾ ਸਿੰਘ ਸੇਖਵਾਂ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	59840	43677

16163 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬਟਾਲਾ

	ਜਿੱਤੇ	ਹਾਰੇ
ਨਾਂ	ਅਸ਼ਵਨੀ ਸੇਖੜੀ	ਲਖਬੀਰ ਸਿੰਘ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	66769	47887

18882 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸ੍ਰੀ ਹਰਗੋਬਿੰਦਪੁਰ (ਰਾਖਵਾਂ)

	ਜਿੱਤੇ	ਹਾਰੇ
ਨਾਂ	ਦੇਸਰਾਜ ਧੁੱਗਾ	ਬਲਵਿੰਦਰ ਸਿੰਘ
ਦਲ	0000	ਕਾਂਗਰਸ
ਵੋਟਾਂ	58053	50628

7425 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਫਤਹਿਗੜ੍ਹ ਚੂੜੀਆਂ

	ਜਿੱਤੇ	ਹਾਰੇ
ਨਾਂ	ਤ੍ਰਿਪਤ ਰਜਿੰਦਰ ਬਾਜਵਾ	ਨਿਰਮਲ ਸਿੰਘ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	65166	55496

9670 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਡੇਰਾ ਬਾਬਾ ਨਾਨਕ

	ਜਿੱਤੇ	ਹਾਰੇ
ਨਾਂ	ਸੁਖਜਿੰਦਰ ਸਿੰਘ	ਸੁੱਚਾ ਸਿੰਘ ਲੰਗਾਹ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	66268	63328

2944 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਅੰਮ੍ਰਿਤਸਰ

ਹਲਕਾ ਅਜਨਾਲਾ

	ਜਿੱਤੇ	ਹਾਰੇ
ਨਾਂ	ਅਮਰਪਾਲ ਸਿੰਘ	ਹਰਪ੍ਰਤਾਪ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	55846	54609

1237 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਰਾਜਾਸਾਂਸੀ

	ਜਿੱਤੇ	ਹਾਰੇ
ਨਾਂ	ਸੁਖਬਿੰਦਰ ਸਰਕਾਰੀਆ	ਵੀਰ ਸਿੰਘ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	62085	61011

1074 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਮਜੀਠਾ

	ਜਿੱਤੇ	ਹਾਰੇ
ਨਾਂ	ਬਿਕਰਮ ਸਿੰਘ ਮਜੀਠੀਆ	ਸੁਖਜਿੰਦਰ ਰਾਜ ਸਿੰਘ
ਦਲ	ਸ਼੍ਰੋ. ਅ. ਦਲ	ਆਜ਼ਾਦ
ਵੋਟਾਂ	73944	26363

47581 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜੰਡਿਆਲਾ ਗੁਰੂ (ਰਾਖਵਾਂ)

	ਜਿੱਤੇ	ਹਾਰੇ
ਨਾਂ	ਬਲਜੀਤ ਸਿੰਘ	ਸਰਦੂਲ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	57611	50321

7290 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅੰਮ੍ਰਿਤਸਰ ਉੱਤਰੀ

	ਜਿੱਤੇ	ਹਾਰੇ
ਨਾਂ	ਅਨਿਲ ਜੋਸ਼ੀ	ਕਰਮਜੀਤ ਸਿੰਘ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	62374	45394

ਜ਼ਿਲਾ ਮੋਗਾ

ਹਲਕਾ ਬਾਘਾ ਪੁਰਾਣਾ

	ਜਿੱਤੇ	ਹਾਰੇ
ਨਾਂ	ਮਹੇਸ਼ਇੰਦਰ ਸਿੰਘ	ਦਰਸ਼ਨ ਸਿੰਘ ਬਰਾੜ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	63703	53129

10574 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਮੋਗਾ

	ਜਿੱਤੇ	ਹਾਰੇ
ਨਾਂ	ਜੋਗਿੰਦਰਪਾਲ ਜੈਨ	ਪਰਮਦੀਪ ਸਿੰਘ ਗਿੱਲ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	62200	57575

4625 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਧਰਮਕੋਟ

	ਜਿੱਤੇ	ਹਾਰੇ
ਨਾਂ	ਜਥੇ: ਤੋਤਾ ਸਿੰਘ	ਸੁਖਜੀਤ ਸਿੰਘ ਕਾਕਾ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	62887	58632

4255 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਫਿਰੋਜ਼ਪੁਰ

ਹਲਕਾ ਜ਼ੀਰਾ

	ਜਿੱਤੇ	ਹਾਰੇ
ਨਾਂ	ਹਰੀ ਸਿੰਘ ਜ਼ੀਰਾ	ਨਰੇਸ਼ ਕਟਾਰੀਆ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	71359	59411

11948 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਫਿਰੋਜ਼ਪੁਰ ਸ਼ਹਿਰੀ

	ਜਿੱਤੇ	ਹਾਰੇ
ਨਾਂ	ਪ੍ਰਮਿੰਦਰ ਸਿੰਘ ਪਿੰਕੀ	ਸੁਖਪਾਲ ਸਿੰਘ ਨੰਨੂ
ਦਲ	ਕਾਂਗਰਸ	ਭਾਜਪਾ
ਵੋਟਾਂ	56173	34819

21354 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਫਿਰੋਜ਼ਪੁਰ ਦਿਹਾਤੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਜੋਗਿੰਦਰ ਸਿੰਘ ਜਿੰਦੂ	ਸਤਿਕਾਰ ਕੌਰ ਗਹਿਰੀ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	61772	61665

107 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਗੁਰੂ ਹਰਿਸਹਾਏ

	ਜਿੱਤੇ	ਹਾਰੇ
ਨਾਂ	ਰਾਣਾ ਗੁਰਮੀਤ ਸੋਢੀ	ਵਰਦੇਵ ਸਿੰਘ ਮਾਨ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	62054	58805

3249 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਫਾਜ਼ਿਲਕਾ

ਹਲਕਾ ਜਲਾਲਾਬਾਦ

	ਜਿੱਤੇ	ਹਾਰੇ
ਨਾਂ	ਸੁਖਬੀਰ ਸਿੰਘ ਬਾਦਲ	ਹੰਸ ਰਾਜ ਜੋਸਨ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	80647	30401

50246 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਫਾਜ਼ਿਲਕਾ

	ਜਿੱਤੇ	ਹਾਰੇ
ਨਾਂ	ਸੁਰਜੀਤ ਜਿਆਣੀ	ਜਸਵਿੰਦਰ ਸਿੰਘ
ਦਲ	ਭਾਜਪਾ	ਆਜ਼ਾਦ
ਵੋਟਾਂ	40901	39209

1692 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅਬੋਹਰ

	ਜਿੱਤੇ	ਹਾਰੇ
ਨਾਂ	ਸੁਨੀਲ ਕੁਮਾਰ ਜਾਖੜ	ਸ਼ਿਵ ਲਾਲ ਡੋਡਾ
ਦਲ	ਕਾਂਗਰਸ	ਆਜ਼ਾਦ
ਵੋਟਾਂ	55590	45812

9778 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬੱਲੂਆਣਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਗੁਰਤੇਜ ਸਿੰਘ	ਗਿਰੀ ਰਾਜ ਰਜੌਰਾ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	49418	41191

8227 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਮੁਕਤਸਰ

ਹਲਕਾ ਲੰਬੀ

	ਜਿੱਤੇ	ਹਾਰੇ
ਨਾਂ	ਪ੍ਰਕਾਸ਼ ਸਿੰਘ ਬਾਦਲ	ਮਹੇਸ਼ਇੰਦਰ ਸਿੰਘ ਬਾਦਲ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	67999	43260

24739 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਗਿੱਦੜਬਾਹਾ

	ਜਿੱਤੇ	ਹਾਰੇ
ਨਾਂ	ਅਮਰਿੰਦਰ ਸਿੰਘ ਰਾਜਾ	ਸੰਤ ਸਿੰਘ ਬਰਾੜ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	50264	36600

13664 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਮਲੋਟ (ਰਾਖਵਾਂ)

	ਜਿੱਤੇ	ਹਾਰੇ
ਨਾਂ	ਹਰਪ੍ਰੀਤ ਸਿੰਘ ਕੋਟਭਾਈ	ਨੱਥੂ ਰਾਮ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	54159	51595

2564 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਮੁਕਤਸਰ ਸਾਹਿਬ

	ਜਿੱਤੇ	ਹਾਰੇ
ਨਾਂ	ਕਰਨ ਬਰਾੜ	ਕੰਵਲਜੀਤ ਸਿੰਘ ਰੋਜ਼ੀ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	55026	45775

9251 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅੰਮ੍ਰਿਤਸਰ ਪੱਛਮੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਡਾ. ਰਾਜ ਕੁਮਾਰ	ਰਾਕੇਸ਼ ਗਿੱਲ
ਦਲ	ਕਾਂਗਰਸ	ਬੀ.ਜੇ.ਪੀ.
ਵੋਟਾਂ	45762	34171

11591 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅੰਮ੍ਰਿਤਸਰ ਕੇਂਦਰੀ

	ਜਿੱਤੇ	ਹਾਰੇ
ਨਾਂ	ਓਮਪ੍ਰਕਾਸ਼ ਸੋਨੀ	ਤਰਨ ਚੁੱਘ
ਦਲ	ਕਾਂਗਰਸ	ਬੀ.ਜੇ.ਪੀ.
ਵੋਟਾਂ	47357	34560

12797 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅੰਮ੍ਰਿਤਸਰ ਪੂਰਬੀ

	ਜਿੱਤੇ	ਹਾਰੇ
ਨਾਂ	ਨਵਜੋਤ ਕੌਰ ਸਿੱਧੂ	ਸਿਮਰਜੀਤ ਕੌਰ
ਦਲ	ਬੀ.ਜੇ.ਪੀ.	ਆਜ਼ਾਦ
ਵੋਟਾਂ	33406	26307

7099 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅੰਮ੍ਰਿਤਸਰ ਦੱਖਣੀ

	ਜਿੱਤੇ	ਹਾਰੇ
ਨਾਂ	ਇੰਦਰਬੀਰ ਸਿੰਘ	ਜਸਵੀਰ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	48310	33254

15056 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅਟਾਰੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਗੁਲਜ਼ਾਰ ਸਿੰਘ	ਤਰਸੇਮ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	56112	51129

4983 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬਾਬਾ ਬਕਾਲਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਮਨਜੀਤ ਸਿੰਘ	ਰਣਜੀਤ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	60244	31019

29225 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਤਰਨਤਾਰਨ

ਹਲਕਾ ਤਰਨਤਾਰਨ

	ਜਿੱਤੇ	ਹਾਰੇ
ਨਾਂ	ਹਰਮੀਤ ਸਿੰਘ ਸੰਧੂ	ਧਰਮਵੀਰ ਅਗਨੀਹੋਤਰੀ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	50004	45381

4623 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਖੇਮਕਰਨ

	ਜਿੱਤੇ	ਹਾਰੇ
ਨਾਂ	ਵਿਰਸਾ ਸਿੰਘ	ਗੁਰਚੇਤ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	73328	60226

13102 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਪੱਟੀ

	ਜਿੱਤੇ	ਹਾਰੇ
ਨਾਂ	ਆਦੇਸ਼ ਪ੍ਰਤਾਪ ਸਿੰਘ	ਹਰਮਿੰਦਰ ਸਿੰਘ ਗਿੱਲ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	64414	64355

0059 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਖਡੂਰ ਸਾਹਿਬ

	ਜਿੱਤੇ	ਹਾਰੇ
ਨਾਂ	ਰਮਨਜੀਤ ਸਿੰਘ	ਰਣਜੀਤ ਸਿੰਘ ਬ੍ਰਹਮਪੁਰਾ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	66902	63848

3054 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਕਪੂਰਥਲਾ

ਹਲਕਾ ਕਪੂਰਥਲਾ

	ਜਿੱਤੇ	ਹਾਰੇ
ਨਾਂ	ਰਾਣਾ ਗੁਰਜੀਤ ਸਿੰਘ	ਸਰਬਜੀਤ ਸਿੰਘ ਮੱਕੜ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	54169	39698

7005 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਭੁਲੱਥ

	ਜਿੱਤੇ	ਹਾਰੇ
ਨਾਂ	ਜਗੀਰ ਕੌਰ	ਸੁਖਪਾਲ ਸਿੰਘ ਖਹਿਰਾ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	49392	42387

14471 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸੁਲਤਾਨਪੁਰ ਲੋਧੀ

	ਜਿੱਤੇ	ਹਾਰੇ
ਨਾਂ	ਨਵਤੇਜ ਸਿੰਘ ਚੀਮਾ	ਉਪਿੰਦਰਜੀਤ ਕੌਰ
ਦਲ	ਕਾਂਗਰਸ	ਸ਼੍ਰੋ. ਅ. ਦਲ
ਵੋਟਾਂ	47933	43635

4298 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਫਗਵਾੜਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਸੋਮ ਪ੍ਰਕਾਸ਼	ਬਲਬੀਰ ਰਾਜਾ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	46223	31644

14579 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਜਲੰਧਰ

ਹਲਕਾ ਫਿਲੌਰ (ਰਾਖਵਾਂ)

	ਜਿੱਤੇ	ਹਾਰੇ
ਨਾਂ	ਅਵਿਨਾਸ਼ ਚੰਦਰ	ਚੌ. ਸੰਤੋਖ ਸਿੰਘ
ਦਲ	ਸ਼੍ਰੋ. ਅ. ਦਲ	ਕਾਂਗਰਸ
ਵੋਟਾਂ	46109	46078

0031 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਪੰਜਾਬ ਚੋਣਾਂ 2012 ਲੋਕ ਫ਼ਤਵਾ

ਜ਼ਿਲਾ ਫਰੀਦਕੋਟ

ਹਲਕਾ ਫਰੀਦਕੋਟ

	ਜਿੱਤੇ	ਹਾਰੇ
ਨਾਂ	ਦੀਪ ਮਲਹੋਤਰਾ	ਅਵਤਾਰ ਸਿੰਘ ਬਰਾੜ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	52062	49335

22727 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਕੋਟਕਪੂਰਾ

	ਜਿੱਤੇ	ਹਾਰੇ
ਨਾਂ	ਮਨਤਾਰ ਸਿੰਘ ਬਰਾੜ	ਰਿਪਜੀਤ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	49340	31165

18175 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜੈਤੋ (ਰਾਖਵਾਂ)

	ਜਿੱਤੇ	ਹਾਰੇ
ਨਾਂ	ਜੋਗਿੰਦਰ ਸਿੰਘ	ਗੁਰਦੇਵ ਸਿੰਘ ਬਾਦਲ
ਦਲ	ਕਾਂਗਰਸ	ਸ਼੍ਰੋ.ਅ.ਦਲ.
ਵੋਟਾਂ	49426	43079

6347 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਬਠਿੰਡਾ

ਹਲਕਾ ਰਾਮਪੁਰਾ ਫੂਲ

	ਜਿੱਤੇ	ਹਾਰੇ
ਨਾਂ	ਸਿਕੰਦਰ ਸਿੰਘ ਮਲੂਕਾ	ਗੁਰਪ੍ਰੀਤ ਸਿੰਘ ਕਾਂਗੜ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	58063	52962

5101 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਭੁੱਚੋ ਮੰਡੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਅਜਾਇਬ ਸਿੰਘ ਭੱਟੀ	ਪ੍ਰੀਤਮ ਸਿੰਘ ਕੋਟਭਾਈ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	57460	56163

1297 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬਠਿੰਡਾ ਸ਼ਹਿਰੀ

	ਜਿੱਤੇ	ਹਾਰੇ
ਨਾਂ	ਸਰੂਪ ਚੰਦ ਸਿੰਗਲਾ	ਹਰਮਿੰਦਰ ਸਿੰਘ ਜੱਸੀ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	62459	55860

6599 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬਠਿੰਡਾ ਦਿਹਾਤੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਦਰਸ਼ਨ ਸਿੰਘ ਕੋਟਫੱਤਾ	ਮੱਖਣ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	45705	40397

5308 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਤਲਵੰਡੀ ਸਾਬੋ

	ਜਿੱਤੇ	ਹਾਰੇ
ਨਾਂ	ਜੀਤ ਮਹਿੰਦਰ ਸਿੱਧੂ	ਅਮਰਜੀਤ ਸਿੱਧੂ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	53730	45206

8524 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਮੌੜ

	ਜਿੱਤੇ	ਹਾਰੇ
ਨਾਂ	ਜਨਮੇਜਾ ਸਿੰਘ ਸੇਖੋਂ	ਮੰਗਤ ਰਾਏ ਬਾਂਸਲ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	45324	43936

1388 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਮਾਨਸਾ

ਹਲਕਾ ਮਾਨਸਾ

	ਜਿੱਤੇ	ਹਾਰੇ
ਨਾਂ	ਪ੍ਰੇਮ ਮਿੱਤਲ	ਗੁਰਪ੍ਰੀਤ ਕੌਰ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	55588	54287

1301 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸਰਦੂਲਗੜ੍ਹ

	ਜਿੱਤੇ	ਹਾਰੇ
ਨਾਂ	ਅਜੀਤ ਇੰਦਰ ਸਿੰਘ	ਦਿਲਰਾਜ ਸਿੰਘ ਭੂੰਦੜ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	63139	60387

2752 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬੁੱਢਲਾਡਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਚੇਤਨ ਸਿੰਘ ਸਮਾਓਂ	ਸਤਪਾਲ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	51453	45034

6419 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਸੰਗਰੂਰ

ਹਲਕਾ ਲਹਿਰਾ

	ਜਿੱਤੇ	ਹਾਰੇ
ਨਾਂ	ਰਜਿੰਦਰ ਕੌਰ ਭੱਠਲ	ਸੁਖਵੰਤ ਸਿੰਘ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	44682	41337

3345 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਦਿੜਬਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਬਲਬੀਰ ਸਿੰਘ ਘੁੰਨਸ	ਅਜੈਬ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	60005	53131

6874 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸੁਨਾਮ

	ਜਿੱਤੇ	ਹਾਰੇ
ਨਾਂ	ਪਰਮਿੰਦਰ ਢੀਂਡਸਾ	ਅਮਨ ਅਰੋੜਾ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	67743	63087

4656 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਨਕੋਦਰ

	ਜਿੱਤੇ	ਹਾਰੇ
ਨਾਂ	ਗੁਰਪ੍ਰਤਾਪ ਸਿੰਘ	ਅਮਰਜੀਤ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	61431	52844

8587 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸ਼ਾਹਕੋਟ

	ਜਿੱਤੇ	ਹਾਰੇ
ਨਾਂ	ਅਜੀਤ ਸਿੰਘ	ਸੀ.ਡੀ. ਕੰਬੋਜ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	55855	50430

5425 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਕਰਤਾਰਪੁਰ (ਰਾਖਵਾਂ)

	ਜਿੱਤੇ	ਹਾਰੇ
ਨਾਂ	ਸਰਵਣ ਸਿੰਘ	ਚੌ. ਜਗਜੀਤ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	48484	47661

0823 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜਲੰਧਰ ਪੱਛਮੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਚੂੰਨੀ ਲਾਲ ਭਗਤ	ਸੁਮਨ ਕੇ.ਪੀ.
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	48201	36858

11343 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜਲੰਧਰ ਕੇਂਦਰੀ

	ਜਿੱਤੇ	ਹਾਰੇ
ਨਾਂ	ਮਨੋਰੰਜਨ ਕਾਲੀਆ	ਰਜਿੰਦਰ ਬੇਰੀ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	44962	43897

1065 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜਲੰਧਰ ਉੱਤਰੀ

	ਜਿੱਤੇ	ਹਾਰੇ
ਨਾਂ	ਕ੍ਰਿਸ਼ਨ ਦੇਵ ਭੰਡਾਰੀ	ਅਵਤਾਰ ਹੈਨਰੀ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	52918	50495

2423 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜਲੰਧਰ ਛਾਉਣੀ

	ਜਿੱਤੇ	ਹਾਰੇ
ਨਾਂ	ਪ੍ਰਗਟ ਸਿੰਘ	ਜਗਬੀਰ ਬਰਾੜ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	48274	41477

6797 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਆਦਮਪੁਰ (ਰਾਖਵਾਂ)

	ਜਿੱਤੇ	ਹਾਰੇ
ਨਾਂ	ਪਵਨ ਕੁਮਾਰ ਟੀਨੂੰ	ਸਤਨਾਮ ਸਿੰਘ ਕੈਂਥ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	48160	28856

19304 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਹੁਸ਼ਿਆਰਪੁਰ

ਹਲਕਾ ਮੁਕੇਰੀਆਂ

	ਜਿੱਤੇ	ਹਾਰੇ
ਨਾਂ	ਰਜਨੀਸ਼ ਕੁਮਾਰ	ਅਰੁਨੇਸ਼ ਸ਼ਾਕਰ
ਦਲ	ਆਜ਼ਾਦ	ਬੀ.ਜੇ.ਪੀ.
ਵੋਟਾਂ	53951	41832

12119 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਦਸੂਹਾ

	ਜਿੱਤੇ	ਹਾਰੇ
ਨਾਂ	ਅਮਰਜੀਤ ਸਿੰਘ	ਰਮੇਸ਼ ਚੰਦਰ ਡੋਗਰਾ
ਦਲ	ਬੀ.ਜੇ.ਪੀ.	ਕਾਂਗਰਸ
ਵੋਟਾਂ	57696	51746

5950 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਉੜਮੁੜ

	ਜਿੱਤੇ	ਹਾਰੇ
ਨਾਂ	ਸੰਗਤ ਸਿੰਘ	ਅਰਵਿੰਦਰ ਸਿੰਘ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	51790	46279

5511 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸ਼ਾਮ ਚੁਰਾਸੀ (ਰਾਖਵਾਂ)

	ਜਿੱਤੇ	ਹਾਰੇ
ਨਾਂ	ਬੀਬੀ ਮਹਿੰਦਰ ਕੌਰ	ਰਾਮ ਲੁਭਾਇਆ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	43352	38033

5319 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਹੁਸ਼ਿਆਰਪੁਰ

	ਜਿੱਤੇ	ਹਾਰੇ
ਨਾਂ	ਸੁੰਦਰ ਸ਼ਾਮ ਅਰੋੜਾ	ਤੀਕਸ਼ਨ ਸੂਦ
ਦਲ	ਕਾਂਗਰਸ	ਬੀ.ਜੇ.ਪੀ.
ਵੋਟਾਂ	52051	45844

6207 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਚੱਬੇਵਾਲ (ਰਾਖਵਾਂ)

	ਜਿੱਤੇ	ਹਾਰੇ
ਨਾਂ	ਸੋਹਨ ਸਿੰਘ ਠੰਡਲ	ਡਾ. ਰਾਜ ਕੁਮਾਰ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	45086	38851

6235 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਗੜ੍ਹਸ਼ੰਕਰ

	ਜਿੱਤੇ	ਹਾਰੇ
ਨਾਂ	ਸੁਰਿੰਦਰ ਸਿੰਘ	ਲਵ ਕੁਮਾਰ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	47723	41427

6296 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਸੰਗਰੂਰ

ਹਲਕਾ ਮਾਲੇਰਕੋਟਲਾ

	ਜਿੱਤੇ	ਹਾਰੇ
ਨਾਂ	ਐਫ. ਨਸਾਰਾ ਖਾਤੂਨ	ਰਜ਼ੀਆ ਸੁਲਤਾਨਾ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	56563	51370

5193 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਅਮਰਗੜ੍ਹ

	ਜਿੱਤੇ	ਹਾਰੇ
ਨਾਂ	ਇਕਬਾਲ ਸਿੰਘ ਝੂੰਦਾ	ਸੁਰਜੀਤ ਸਿੰਘ ਧੀਮਾਨ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	38393	34487

3906 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਧੂਰੀ

	ਜਿੱਤੇ	ਹਾਰੇ
ਨਾਂ	ਅਰਵਿੰਦ ਖੰਨਾ	ਗੋਬਿੰਦ ਸਿੰਘ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	51510	39020

12490 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸੰਗਰੂਰ

	ਜਿੱਤੇ	ਹਾਰੇ
ਨਾਂ	ਪ੍ਰਕਾਸ਼ ਚੰਦ ਗਰਗ	ਸੁਰਿੰਦਰਪਾਲ ਸਿਬੀਆ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	53238	48657

4581 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਬਰਨਾਲਾ

ਹਲਕਾ ਭਦੌੜ (ਰਾਖਵਾਂ)

	ਜਿੱਤੇ	ਹਾਰੇ
ਨਾਂ	ਮੁਹੰਮਦ ਸਦੀਕ	ਦਰਬਾਰਾ ਸਿੰਘ ਗੁਰੂ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	52825	45856

6969 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਬਰਨਾਲਾ

	ਜਿੱਤੇ	ਹਾਰੇ
ਨਾਂ	ਕੇਵਲ ਸਿੰਘ ਢਿੱਲੋਂ	ਮਲਕੀਤ ਸਿੰਘ ਕੀਤੂ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	54570	49048

5522 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਮਹਿਲ ਕਲਾਂ (ਰਾਖਵਾਂ)

	ਜਿੱਤੇ	ਹਾਰੇ
ਨਾਂ	ਹਰਚੰਦ ਕੌਰ	ਗੋਬਿੰਦ ਸਿੰਘ ਕਾਂਝਲਾ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	50188	42797

7391 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਪਟਿਆਲਾ

ਹਲਕਾ ਨਾਭਾ

	ਜਿੱਤੇ	ਹਾਰੇ
ਨਾਂ	ਸਾਧੂ ਸਿੰਘ ਧਰਮਸੋਤ	ਬਲਵੰਤ ਸਿੰਘ ਸ਼ਾਹਪੁਰ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	63350	40802

22548 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਪਟਿਆਲਾ ਦਿਹਾਤੀ

	ਜਿੱਤੇ	ਹਾਰੇ
ਨਾਂ	ਬ੍ਰਹਮ ਮਹਿੰਦਰਾ	ਕੁਲਦੀਪ ਕੌਰ ਟੌਹੜਾ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	62068	34472

27596 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਰਾਜਪੁਰਾ

	ਜਿੱਤੇ	ਹਾਰੇ
ਨਾਂ	ਹਰਦਿਆਲ ਸਿੰਘ	ਰਾਜ ਖੁਰਾਣਾ
ਦਲ	ਕਾਂਗਰਸ	ਭਾਜਪਾ
ਵੋਟਾਂ	64250	32740

31510 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਘਨੌਰ

	ਜਿੱਤੇ	ਹਾਰੇ
ਨਾਂ	ਹਰਪ੍ਰੀਤ ਕੌਰ ਮੁਖਮੈਲਪੁਰ	ਮਦਨਲਾਲ ਜਲਾਲਪੁਰ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	51627	49849

1778 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸਨੌਰ

	ਜਿੱਤੇ	ਹਾਰੇ
ਨਾਂ	ਲਾਲ ਸਿੰਘ	ਤਜਿੰਦਰਪਾਲ ਸਿੰਘ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	71016	67098

3918 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਪਟਿਆਲਾ ਸ਼ਹਿਰੀ

	ਜਿੱਤੇ	ਹਾਰੇ
ਨਾਂ	ਕੈਪ. ਅਮਰਿੰਦਰ ਸਿੰਘ	ਸੁਰਜੀਤ ਸਿੰਘ ਕੋਹਲੀ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	66041	23723

42318 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸਮਾਣਾ

	ਜਿੱਤੇ	ਹਾਰੇ
ਨਾਂ	ਸੁਰਜੀਤ ਸਿੰਘ ਰੱਖੜਾ	ਰਣਇੰਦਰ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	64763	57831

6932 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸ਼ੁਤਰਾਣਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਵਨਿੰਦਰ ਕੌਰ ਲੂੰਬਾ	ਨਿਰਮਲ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	47445	46980

465 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਲੁਧਿਆਣਾ

ਹਲਕਾ ਖੰਨਾ

	ਜਿੱਤੇ	ਹਾਰੇ
ਨਾਂ	ਗੁਰਕੀਰਤ ਸਿੰਘ ਕੋਟਲੀ	ਰਣਜੀਤ ਸਿੰਘ ਤਲਵੰਡੀ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	45045	37767

7278 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸਮਰਾਲਾ

	ਜਿੱਤੇ	ਹਾਰੇ
ਨਾਂ	ਅਮਰੀਕ ਸਿੰਘ ਢਿੱਲੋਂ	ਕਿਰਪਾਲ ਸਿੰਘ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	54810	45860

8950 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਸਾਹਨੇਵਾਲ

	ਜਿੱਤੇ	ਹਾਰੇ
ਨਾਂ	ਸ਼ਰਨਜੀਤ ਸਿੰਘ ਢਿੱਲੋਂ	ਵਿਕਰਮ ਸਿੰਘ ਬਾਜਵਾ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	71583	50367

21216 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਲੁਧਿਆਣਾ ਪੂਰਬੀ

	ਜਿੱਤੇ	ਹਾਰੇ
ਨਾਂ	ਰਣਜੀਤ ਸਿੰਘ ਢਿੱਲੋਂ	ਗੁਰਮੇਲ ਸਿੰਘ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	38157	33586

4571 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਲੁਧਿਆਣਾ ਦੱਖਣੀ

	ਜਿੱਤੇ	ਹਾਰੇ
ਨਾਂ	ਬਲਵਿੰਦਰ ਸਿੰਘ ਬੈਂਸ	ਮੇਅਰ ਹਾਕਮ ਸਿੰਘ
ਦਲ	ਆਜ਼ਾਦ	ਸ਼੍ਰੋ.ਅ.ਦਲ
ਵੋਟਾਂ	49594	17361

32233 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਆਤਮ ਨਗਰ

	ਜਿੱਤੇ	ਹਾਰੇ
ਨਾਂ	ਸਿਮਰਜੀਤ ਸਿੰਘ ਬੈਂਸ	ਹੀਰਾ ਸਿੰਘ ਗਾਬੜੀਆ
ਦਲ	ਆਜ਼ਾਦ	ਸ਼੍ਰੋ.ਅ.ਦਲ
ਵੋਟਾਂ	51063	22560

28503 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਲੁਧਿਆਣਾ ਕੇਂਦਰੀ

	ਜਿੱਤੇ	ਹਾਰੇ
ਨਾਂ	ਸੁਰਿੰਦਰ ਡਾਬਰ	ਸਤਪਾਲ ਗੁਸਾਈਂ
ਦਲ	ਕਾਂਗਰਸ	ਭਾਜਪਾ
ਵੋਟਾਂ	47737	40541

7196 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਲੁਧਿਆਣਾ ਪੱਛਮੀ

	ਜਿੱਤੇ	ਹਾਰੇ
ਨਾਂ	ਭਾਰਤ ਭੂਸ਼ਣ ਆਸ਼ੂ	ਰਜਿੰਦਰ ਭੰਡਾਰੀ
ਦਲ	ਕਾਂਗਰਸ	ਭਾਜਪਾ
ਵੋਟਾਂ	69125	33203

35922 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਲੁਧਿਆਣਾ ਉੱਤਰੀ

	ਜਿੱਤੇ	ਹਾਰੇ
ਨਾਂ	ਰਾਕੇਸ਼ ਪਾਂਡੇ	ਪ੍ਰਵੀਨ ਬਾਂਸਲ
ਦਲ	ਕਾਂਗਰਸ	ਭਾਜਪਾ
ਵੋਟਾਂ	48216	46048

2168 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਗਿੱਲ (ਰਾਖਵਾਂ)

	ਜਿੱਤੇ	ਹਾਰੇ
ਨਾਂ	ਦਰਸ਼ਨ ਸਿੰਘ ਸ਼ਿਵਾਲਿਕ	ਮਲਕੀਤ ਸਿੰਘ ਦਾਖਾ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	69131	63814

5317 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਪਾਇਲ (ਰਾਖਵਾਂ)

	ਜਿੱਤੇ	ਹਾਰੇ
ਨਾਂ	ਚਰਨਜੀਤ ਅਟਵਾਲ	ਲਖਵੀਰ ਸਿੰਘ ਲੱਖਾ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	55240	54610

630 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਦਾਖਾ

	ਜਿੱਤੇ	ਹਾਰੇ
ਨਾਂ	ਮਨਪ੍ਰੀਤ ਸਿੰਘ ਇਆਲੀ	ਜਸਬੀਰ ਸਿੰਘ ਖੰਗੂੜਾ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	72208	55820

16388 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਰਾਏਕੋਟ (ਰਾਖਵਾਂ)

	ਜਿੱਤੇ	ਹਾਰੇ
ਨਾਂ	ਗੁਰਚਰਨ ਸਿੰਘ ਬੋਪਾਰਾਏ	ਬਿਕਰਮਜੀਤ ਸਿੰਘ ਖਾਲਸਾ
ਦਲ	ਕਾਂਗਰਸ	ਸ਼੍ਰੋ.ਅ.ਦਲ
ਵੋਟਾਂ	49553	45660

3893 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਹਲਕਾ ਜਗਰਾਓਂ (ਰਾਖਵਾਂ)

	ਜਿੱਤੇ	ਹਾਰੇ
ਨਾਂ	ਸ਼ਿਵ ਰਾਮ ਕਲੇਰ	ਇਸ਼ਰ ਸਿੰਘ ਮੇਹਰਬਾਨ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	53031	52825

206 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ

ਜ਼ਿਲਾ ਮੋਗਾ

ਹਲਕਾ ਨਿਹਾਲ ਸਿੰਘ ਵਾਲਾ (ਰਾਖਵਾਂ)

	ਜਿੱਤੇ	ਹਾਰੇ
ਨਾਂ	ਰਾਜਵਿੰਦਰ ਕੌਰ	ਅਜੀਤ ਸਿੰਘ ਸ਼ਾਂਤ
ਦਲ	ਸ਼੍ਰੋ.ਅ.ਦਲ	ਕਾਂਗਰਸ
ਵੋਟਾਂ	57652	57061

591 ਵੋਟਾਂ ਦੇ ਅੰਤਰ ਨਾਲ ਹੋਈ ਜਿੱਤ-ਹਾਰ



ਉਤਰ ਪ੍ਰਦੇਸ਼ ਸੀਟਾਂ - 403

ਬਹੁਮਤ-202

ਸਪਾ	224
ਬਸਪਾ	80
ਭਾਜਪਾ	47
ਕਾਂਗਰਸ	37
ਹੋਰ	15

ਸੰਭਾਵਿਤ ਮੁੱਖ ਮੰਤਰੀ
ਮੁਲਾਇਮ ਸਿੰਘ ਯਾਦਵ



ਉਤਰਾਖੰਡ ਸੀਟਾਂ - 70

ਬਹੁਮਤ - 36

ਭਾਜਪਾ	32
ਕਾਂਗਰਸ	31
ਬਸਪਾ	03
ਹੋਰ	04

ਸੰਭਾਵਿਤ ਮੁੱਖ ਮੰਤਰੀ



ਮਣੀਪੁਰ ਸੀਟਾਂ - 60

ਬਹੁਮਤ-31

ਕਾਂਗਰਸ	42
ਟੀ. ਐੱਮ. ਸੀ. :	07
ਹੋਰ :	11

ਸੰਭਾਵਿਤ ਮੁੱਖ ਮੰਤਰੀ
ਓਕਰਮ ਈਬੋਬੀ ਸਿੰਘ



ਗੋਆ ਸੀਟਾਂ - 40

ਬਹੁਮਤ-21

ਭਾਜਪਾ+ :	24
ਕਾਂਗਰਸ :	09
ਹੋਰ. :	07

ਸੰਭਾਵਿਤ ਮੁੱਖ ਮੰਤਰੀ
ਮਨੋਜ ਪਾਰੀਕਰ

ਸਾਂਝੀ ਖੱਬੀ ਧਿਰ ਦੇ ਉਮੀਦਵਾਰਾਂ ਦੀ ਚੰਗੀ ਰਹੀ ਕਾਰਗੁਜ਼ਾਰੀ



ਚੰਡੀਗੜ੍ਹ (ਨਦਬ) : ਪੰਜਾਬ ਵਿਧਾਨ ਸਭਾ ਚੋਣਾਂ ਵਿਚ ਖੇਡੀ ਗਈ ਪੈਸੇ, ਨਸ਼ੇ ਅਤੇ ਜ਼ੋਰ-ਜ਼ਬਰਦਸਤੀ ਦੀ ਖੇਡ ਦੇ ਦੌਰਾਨ ਹੀ ਦੋ ਖੱਬੀਆਂ ਪਾਰਟੀਆਂ ਸੀ.ਪੀ.ਐਮ ਪੰਜਾਬ ਅਤੇ ਸੀ.ਪੀ.ਆਈ.ਐਮ ਲਿਬਰੇਸ਼ਨ ਨੇ ਪੰਜਾਬ ਦੇ ਬੁਨਿਆਦੀ ਮਸਲਿਆਂ ’ਤੇ ਸੰਜੀਦਾ ਤਰੀਕੇ ਨਾਲ ਚੋਣ ਲੜਦਿਆਂ 13 ਉਮੀਦਵਾਰ ਖੜ੍ਹੇ ਕੀਤੇ ਸਨ। ਇਨ੍ਹਾਂ ਉਮੀਦਵਾਰਾਂ ਦੀ ਕਾਰਗੁਜ਼ਾਰੀ ਕਾਫੀ ਤਸੱਲੀਬਖ਼ਸ ਰਹੀ ਹੈ। ਵੱਡੀ ਤਸੱਲੀ ਦੀ ਗੱਲ ਇਹ ਹੈ ਕਿ ਜਿਥੇ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਨੇ ਲੋਕ ਮੁੱਦਿਆਂ ਤੋਂ ਪਾਸਾ ਵੱਟੀ ਰੱਖਿਆ, ਉਥੇ ਇਸ ਧਿਰ ਦੇ ਉਮੀਦਵਾਰਾਂ ਨੇ ਆਪਣੀ ਚੋਣ ਲੋਕ ਮੁੱਦਿਆਂ ’ਤੇ ਹੀ ਕੇਂਦਰਿਤ ਰੱਖੀ। ਸੀ.ਪੀ.ਐਮ ਪੰਜਾਬ ਦੇ ਉਮੀਦਵਾਰਾਂ ਭੋਆ ਤੋਂ ਕਾਮਰੇਡ ਲਾਲ ਚੰਦ ਕਟਾਰੂਚੱਕ, ਬਾਬਾ ਬਕਾਲਾ ਤੋਂ ਕਾਮਰੇਡ ਗੁਰਨਾਮ ਸਿੰਘ ਦਾਊਦ, ਫਿਲੌਰ ਤੋਂ ਕਾਮਰੇਡ ਮੇਲਾ ਸਿੰਘ, ਖੇਮਕਰਨ ਤੋਂ ਕਾਮਰੇਡ ਚਮਨ ਲਾਲ, ਖਡੂਰ ਸਾਹਿਬ ਤੋਂ ਡਾ. ਅਜਾਇਬ ਸਿੰਘ ਅਤੇ ਨਕੋਦਰ ਤੋਂ ਕਾਮਰੇਡ ਗੁਰਨਾਮ ਸਿੰਘ ਨੇ ਉਮੀਦ ਤੋਂ ਜ਼ਿਆਦਾ ਵੋਟਾਂ ਹਾਸਿਲ ਕੀਤੀਆਂ। ਇਸੇ ਤਰ੍ਹਾਂ ਸੀ.ਪੀ.ਆਈ. ਐਮ.ਐਲ. ਲਿਬਰੇਸ਼ਨ ਦੇ ਉਮੀਦਵਾਰਾਂ ਲਾਲ ਚੰਦ ਨੇ ਸਰਦੂਲਗੜ੍ਹ, ਗੁਰਜੰਟ ਸਿੰਘ ਨੇ ਮਾਨਸਾ, ਭਗਵੰਤ ਸਿੰਘ ਸਮਾਉ ਨੇ ਬੁਢਲਾਡਾ, ਹਰਵਿੰਦਰ ਸਿੰਘ ਸੇਮਾ ਨੇ ਮੌੜ, ਗੋਬਿੰਦ ਸਿੰਘ ਛਾਜਲੀ ਨੇ ਦਿੜਬਾ ਅਤੇ ਗੁਰਪ੍ਰੀਤ ਸਿੰਘ ਨੇ ਭਦੌੜ ਤੋਂ ਬਿਹਤਰ ਪ੍ਰਦਰਸ਼ਨ ਕੀਤਾ ਹੈ। ਜਿਥੇ ਪ੍ਰਮੁੱਖ ਸਿਆਸੀ ਧਿਰਾਂ ਦੇ ਬਹੁਤੇ ਉਮੀਦਵਾਰ ਕਰੋੜਪਤੀ ਸਨ, ਉਥੇ ਇਸ ਸਾਂਝੀ ਖੱਬੀ ਧਿਰ ਦੇ ਉਮੀਦਵਾਰਾਂ ਵਿਚੋਂ ਕਈ ਉਮੀਦਵਾਰਾਂ ਦੇ ਬੈਂਕ ਵਿਚ ਖਾਤੇ ਵੀ ਨਹੀਂ ਸਨ। ਜਿਸ ਤੋਂ ਪਤਾ ਲਗਦਾ ਹੈ ਕਿ ਇਹ ਉਮੀਦਵਾਰ ਸੱਚਮੁੱਚ ਹੀ ਆਮ ਪੰਜਾਬੀ ਬੰਦੇ ਦੀ ਨੁਮਾਇੰਦਗੀ ਕਰਨ ਵਾਲੇ ਸਨ।



ਕਿੱਥੇ ਗਈਆਂ ਡੇਰਿਆਂ ਦੀਆਂ ’ਪੱਕੀਆਂ’ ਵੋਟਾਂ?

ਚੰਡੀਗੜ੍ਹ (ਨਦਬ) : ਪੰਜਾਬ ਵਿਧਾਨ ਸਭਾ ਚੋਣਾਂ ਦੇ ਅੱਜ ਸਵੇਰੇ ਜਦੋਂ ਪਹਿਲੇ ਰੁਝਾਨ ਆਉਣੇ ਸ਼ੁਰੂ ਹੋਏ ਤਾਂ ਲੋਕਾਂ ਨੂੰ ਸਭ ਤੋਂ ਵੱਧ ਹੈਰਾਨੀ ਬਠਿੰਡਾ (ਸ਼ਹਿਰੀ) ਤੋਂ ਹਰਮਿੰਦਰ ਸਿੰਘ ਜੱਸੀ ਦੇ ਪਿੱਛੇ ਰਹਿਣ ਨਾਲ ਹੋਈ। ਇਸ ਤੋਂ ਸਾਫ ਹੋ ਗਿਆ ਕਿ ਡੇਰਾ ਸਿਰਸਾ ਨੇ ਇਸ ਵਾਰ ਨਿਰਪੱਖ ਭੂਮਿਕਾ ਨਿਭਾਈ। ਪਿਛਲੀਆਂ ਕੁਝ ਚੋਣਾਂ ਦੌਰਾਨ ਹਰਮਿੰਦਰ ਸਿੰਘ ਜੱਸੀ ’ਤੇ ਹਮੇਸ਼ਾ ਲੋਕਾਂ ਦੀਆਂ ਨਜ਼ਰਾਂ ਟਿੱਕੀਆਂ ਰਹੀਆਂ। ਇਸ ਦਾ ਕਾਰਨ ਜੱਸੀ ਦੀ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨਾਲ ਨੇੜਤਾ ਹੈ, ਜਿਸ ਕਰਕੇ ਪੰਜਾਬ ਦੀ ਸਿਆਸੀ ਹਵਾ ਕਾਂਗਰਸ ਦੇ ਹੱਕ ਵਿਚ ਚੱਲੀ।

ਵਿਧਾਨ ਸਭਾ ਚੋਣਾਂ 2007 ਵਿਚ ਪੰਜਾਬ ਦੀ ਸਿਆਸਤ ’ਤੇ ਡੇਰਾ ਸਿਰਸਾ ਦਾ ਅਸਰ ਸਪਸ਼ਟ ਨਜ਼ਰ ਆਇਆ ਜਦੋਂ ਕਾਂਗਰਸ ਨੂੰ ਮਾਲਵਾ ਖੇਤਰ ਵਿਚ ਨਾ ਕੇਵਲ ਵੱਡੀ ਗਿਣਤੀ ਸੀਟਾਂ ਮਿਲੀਆਂ ਬਲਕਿ ਅਕਾਲੀ ਦਲ ਨੂੰ ਸੱਤਾ ਵਿਚ ਆਉਣ ਲਈ ਵੱਡੀ ਟੱਕਰ ਮਿਲੀ।

ਉਦੋਂ ਤੋਂ ਹੀ ਅਕਾਲੀ ਦਲ ਡੇਰਿਆਂ ਵਿਸ਼ੇਸ਼ ਕਰਕੇ ਡੇਰਾ ਸਿਰਸਾ ਬਾਰੇ ਚੋਕੰਨਾ ਹੋ ਗਿਆ ਸੀ। ਇਸ ਤੋਂ ਬਾਅਦ 2009 ਦੀਆਂ ਆਮ ਚੋਣਾਂ ਵਿਚ ਡੇਰਾ ਸਿਰਸਾ ਦੀ ਭੂਮਿਕਾ ਨਿਰਪੱਖ ਰਹੀ। ਅਕਾਲੀ ਦਲ ਨੂੰ ਇਹ ਵੱਡੀ ਰਾਹਤ ਮਿਲੀ ਕਿ ਡੇਰਾ ਸਿਰਸਾ ਵੀ ਬਾਕੀ ਡੇਰਿਆਂ ਜਿਵੇਂ ਰਾਧਾ ਸੁਆਮੀ ਅਤੇ ਨਾਮਧਾਰੀਆਂ ਵਾਂਗ ਨਿਰਪੱਖ ਰਿਹਾ ਅਤੇ ਇਸ ਵਾਰ ਚੋਣਾਂ ਵਿਚ ਸਰਗਰਮ ਭੂਮਿਕਾ ਨਹੀਂ ਨਿਭਾਈ।

ਸ਼੍ਰੋਮਣੀ ਅਕਾਲੀ ਦਲ ਦੇ ਸਰੂਪ ਚੰਦ ਸਿੰਗਲਾ ਪਾਸੋਂ 6600 ਵੋਟਾਂ ਨਾਲ ਹੋਈ ਹਰਮਿੰਦਰ ਸਿੰਘ ਜੱਸੀ ਦੀ ਹਾਰ ਨਾਲ ਡੇਰੇ ਦੀ ਨਿਰਪੱਖ ਭੂਮਿਕਾ ਸਪਸ਼ਟ ਹੋ ਗਈ, ਮਾਲਵਾ ਪੱਟੀ ਵਿਚ ਅਕਾਲੀ ਦਲ ਦੀਆਂ ਸੀਟਾਂ ਵਧਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਜਦਕਿ ਮਾਝਾ ਅਤੇ ਦੋਆਬਾ ਖੇਤਰ ਵਿਚ ਅਕਾਲੀਆਂ ਨੇ ਆਪਣਾ ਦਬਦਬਾ ਕਾਇਮ ਰੱਖਿਆ।

ਭਾਵੇਂ ਕਿ ਅਕਾਲੀਆਂ ਨੇ ਜਨਤਕ ਤੌਰ ’ਤੇ ਇਹੀ ਕਿਹਾ ਕਿ ਉਹ ਵੋਟਰਾਂ ਕੋਲ ਕੇਵਲ ’ਵਿਕਾਸ ਦਾ ਏਜੰਡਾ’ ਲੈ ਕੇ ਗਏ ਸਨ ਪਰ ਕੋਈ ਵੀ ਸਿਆਸੀ ਪਾਰਟੀ ਪੰਜਾਬ ਵਿਚ ’ਪੰਥਕ ਏਜੰਡੇ’ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਇਨ੍ਹਾਂ ਚੋਣਾਂ ਵਿਚ ’ਪੰਥਕ ਏਜੰਡੇ’ ਦੇ ਮੁੱਦੇ ਨੂੰ ਉਛਾਲਿਆ ਨਹੀਂ ਗਿਆ।

ਅਕਾਲੀਆਂ ਨੇ ਇਸ ਵਾਰ ’ਪੰਥਕ ਏਜੰਡੇ’ ਨੂੰ ਇਸ ਕਰਕੇ ਪਿੱਛੇ ਰੱਖਿਆ ਕਿਉਂਕਿ ਉਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਕੇ ਸੰਤ ਸਮਾਜ ਦਾ ਸਮਰਥਨ ਜਿੱਤ ਲਿਆ ਸੀ। ਪਿਛਲੇ ਸਮੇਂ ਵਿਚ ਸਿੱਖੇ ਸਬਕਾਂ ਕਰਕੇ ਅਕਾਲੀਆਂ ਨੇ ਕਿਸੇ ਵੀ ਡੇਰੇ ਜਾਂ ਫਿਰਕੇ ਦੀ ਨਾਰਾਜ਼ਗੀ ਨਹੀਂ ਸਹੇੜੀ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਾਰ-ਵਾਰ ਇਹੀ ਦਾਅਵੇ ਕੀਤੇ ਕਿ ਬੀਤੇ ਪੰਜ ਵਰ੍ਹਿਆਂ ਵਿਚ ਪੰਜਾਬ ’ਚ ਕੋਈ ਹਿੰਸਾ ਨਹੀਂ ਹੋਈ।

ਇਸ ਵਾਰ ਇਹ ਫਰਕ ਸੀ ਕਿ ਚੋਣਾਂ ਦੌਰਾਨ ’ਪੰਥਕ ਵੋਟਰਾਂ’ ਨੂੰ ਲੁਭਾਉਣ ’ਤੇ ਜ਼ੋਰ ਨਹੀਂ ਦਿੱਤਾ ਗਿਆ। ਪਰ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਇਕ ਮਹੀਨਾ ਪਹਿਲਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ ਵਿਰਾਸਤ-ਏ-ਖਾਲਸਾ, ਬਾਬਾ ਬੰਦਾ ਸਿੰਘ ਬਹਾਦਰ, ਯਾਦਗਾਰ, ਛੋਟਾ ਘੱਲੂਘਾਰਾ ਅਤੇ ਵੱਡਾ ਘੱਲੂਘਾਰੇ ਦੇ ਉਦਘਾਟਨ ਕਰਕੇ ’ਪੰਥਕ ਏਜੰਡੇ’ ਨੂੰ ਜ਼ਰੂਰ ਉਛਾਲਿਆ ਸੀ।

ਵੰਡ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ’ਪੰਥਕ ਏਜੰਡਾ’ ਹਮੇਸ਼ਾ ਹੀ ਸਿਆਸੀ ਪਾਰਟੀਆਂ ਲਈ ਮੁੱਖ ਮੁੱਦਾ ਰਿਹਾ ਹੈ। ਪੰਜਾਬ ਵਿਚ ਕਾਂਗਰਸੀ ਮੁੱਖ ਮੰਤਰੀਆਂ ਨੇ ਵੀ ਨਵੇਂ ਪੰਜਾਬ ਦੀ ਸਥਾਪਨਾ ਤੋਂ ਪਹਿਲਾਂ ’ਪੰਥਕ ਏਜੰਡੇ’ ਦੇ ਆਧਾਰ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਅਸਿੱਧੇ ਢੰਗ ਨਾਲ ਕਾਬਜ਼ ਹੋਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਇਨ੍ਹਾਂ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹੀ ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਹੋਈਆਂ। ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਅਧਿਕਾਰ ਨਾ ਹੋਣ ਦੇ ਬਾਵਜੂਦ ਵੱਡੀ ਗਿਣਤੀ ’ਪਤਿਤ’ ਸਿੱਖਾਂ ਨੇ ਐਸ.ਜੀ.ਪੀ.ਸੀ. ਦੀਆਂ ਵੋਟਾਂ ਪਾਈਆਂ। ਜੇਕਰ ’ਪਤਿਤ’ ਵੋਟ ਪਾ ਸਕਦੇ ਹਨ ਤਾਂ ਸਹਿਜਧਾਰੀ ਕਿਉਂ ਨਹੀਂ, ਜਦੋਂ ਇਹ ਮੁੱਦਾ ਉਠਿਆ ਤਾਂ ਅਕਾਲੀਆਂ ਨੇ ਸਾਰਾ ਦੋਸ਼ ਕੇਂਦਰ ਸਰਕਾਰ ਸਿਰ ਮੜ੍ਹਦਿਆਂ ਕਿਹਾ ਕਿ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਗ੍ਰਹਿ ਮਾਮਲਿਆਂ ਬਾਰੇ ਕੇਂਦਰੀ ਮੰਤਰਾਲੇ ਦੀ ਹੁੰਦੀ ਹੈ। ਹੁਣ ਜਦੋਂ ਵਿਧਾਨ ਸਭਾ ਚੋਣਾਂ ਦੀ ਕਾਰਵਾਈ ਚੱਲ ਰਹੀ ਸੀ ਉਦੋਂ ਵੀ ਅਕਾਲੀਆਂ ਨੇ ਐਸ.ਜੀ.ਪੀ.ਸੀ. ਦੇ ਨਵੇਂ ਅਹੁਦੇਦਾਰਾਂ ਦੀ ਚੋਣ ਵਿਚ ਦੇਰੀ ਲਈ ਕਾਂਗਰਸ ਨੂੰ ਭੰਡਣ ਵਿਚ ਕੋਈ ਕਸਰ ਨਹੀਂ ਛੱਡੀ।

ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਸਿਰ ’ਤੇ ਹਨ ਤਾਂ ਵੀ ਅਕਾਲੀ ਕੇਵਲ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਖ਼ਿਲਾਫ਼ ਨਹੀਂ ਹੋਣਗੇ ਬਲਕਿ ਉਹ ਕਾਂਗਰਸ ਦਾ ਵੀ ਉਸ ਦੇ ’ਸਮਰਥਨ’ ਲਈ ਵਿਰੋਧ ਕਰਨਗੇ।

WHO IS HE?

He is your Medicine Shoppe Pharmacist.

And he is one of the most important people you may ever know.

Jasbir is one of health's greatest allies, and your reliable authority on medicine's and health products.

He is also your personal health advisor: a pharmacist that takes the time to get to know you, and help with your health questions and concerns.

Jasbir is your Medicine Shoppe Pharmacist.

Pharmacist Name
B.Sc. Pharm.
Pharmacist / Owner



LIMITED TIME OFFER! Expires 31/03/12

WOW! $4.99 each



REXALL BRAND Calcium 500 mg • 100's

REXALL BRAND Vitamin D 1000 IU • 100's

*BUY 1 Bottle of Rexall Brand 500 mg Calcium Tablets and GET 1 Bottle of Rexall Brand Vitamin D 1000 IU Tablets FREE. Limit 2 per person.

Transferring your prescription is easy.

With a simple exchange of information and no trouble at all, you can start to enjoy the one-on-one service and pharmacy-only focus that makes the move to The Medicine Shoppe Pharmacy a healthy one.

Call or visit us today for details.



FREE Prescription Delivery



Accu-Pak™ Bubble Packaging



Immunization Services



FREE Medication Reviews



The Medicine Shoppe® PHARMACY

0312Custom_MS170

ਪੰਜਾਬ

ਅੱਜ-ਕੱਲ੍ਹ

ਪੰਜਾਬ ਪਾਲ

ਹੁੱਲੜ ਗਾਇਕੀ ਤੇ ਇਸ ਦਾ ਵਿਰੋਧ



ਬਾਲੀਵੁੱਡ ਵਿਚ ਤੜਕ-ਫੜਕ ਵਾਲੇ ਆਈਟਮ ਗੀਤਾਂ ਦੀ ਧੁੰਮ ਮਚੀ ਹੋਈ ਹੈ ਤਾਂ ਪੰਜਾਬੀ ਗਾਇਕ ਵੀ ਭਲਾ ਕਿਉਂ ਪਿੱਛੇ ਰਹਿਣ। ਪੰਜਾਬੀ ਗਾਇਕੀ ਦਾ ਪਿੜ ਹੁੱਲੜਬਾਜ਼ ਗਾਇਕਾਂ ਨੇ ਮੱਲ ਲਿਆ ਹੈ। ਇਨ੍ਹੀਂ ਦਿਨੀਂ ਪੰਜਾਬ ਵਿਚ ਹੁੱਲੜ ਸ਼ੈਲੀ ਦੀ ਗਾਇਕੀ ਦਾ ਬੋਲਬਾਲਾ ਹੈ। ਹੋ ਸਕਦਾ ਹੈ ਕਿ ਹੁੱਲੜ ਗਾਇਕ ਆਪਣੇ ਅਮਲੀ ਜੀਵਨ ਵਿਚ ਬੇਹੱਦ ਸ਼ਰੀਫ਼ ਹੋਣ, ਹੋ ਸਕਦਾ ਹੈ ਕਿ ਹੱਥ 'ਚ ਤੂੰਬੀ ਦੀ ਥਾਂ ਰਫ਼ਲ ਫੜਕੇ, ਬੰਦੇ ਮਾਰਨ ਦੇ ਗੀਤ ਗੌਣ ਵਾਲੇ ਗਾਇਕ ਨੇ, ਆਪਣੇ ਅਮਲੀ ਜੀਵਨ ਵਿਚ ਕੁੱਤੇ ਦੇ ਸੋਟੀ ਵੀ ਨਾ ਮਾਰੀ ਹੋਵੇ, ਪਰ ਇਨ੍ਹਾਂ ਦੁਆਰਾ ਗਾਏ ਜਾਣ ਵਾਲੇ ਗੀਤ ਉਨ੍ਹਾਂ ਦਾ ਵੈਲੀਆਂ ਵਾਲਾ ਬਿੰਬ ਉਭਾਰ ਰਹੇ ਹਨ। ਇਨ੍ਹਾਂ ਦੁਆਰਾ ਗਾਏ ਜਾ ਰਹੇ ਗੀਤਾਂ ਨਾਲ ਜੋ ਮਾਹੌਲ ਤਿਆਰ ਹੁੰਦਾ ਹੈ, ਉਸ ਵਿਚ ਵੀ ਬੰਦੇ ਅੰਦਰਲੀਆਂ ਨਾਕਾਰਾਤਮਕ ਬਿਰਤੀਆਂ ਹੀ ਉਤਸ਼ਾਹਿਤ ਹੁੰਦੀਆਂ ਹਨ ਜਾਂ ਫਿਰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਹ ਗੀਤ ਵੈਲੀਆਂ ਨੂੰ ਹੱਲਸ਼ੇਰੀ ਦੇਣ ਵਾਲੇ ਹਨ। ਇਹ ਜਦੋਂ ਵੈਲੀਆਂ ਨੂੰ ਚਮਲਾਉਂਦੇ ਹਨ ਤਾਂ ਮੁੰਡੀਰ ਮੱਲੋਮੱਲੀ ਭੂਤਰਦੀ ਹੈ ਤੇ ਬੱਚਿਆਂ ਉਪਰ ਇਨ੍ਹਾਂ ਦਾ ਦੁਰਪ੍ਰਭਾਵ ਪੈਂਦਾ ਹੈ। ਪੰਜਾਬ ਦੇ ਇਕ ਸਕੂਲ ਵਿਚ ਪਿਛਲੇ ਦਿਨੀਂ ਇਕ ਵਿਦਿਆਰਥੀ ਨੇ ਗੋਲੀ ਚਲਾ ਦਿੱਤੀ। ਸਿੱਟੇ ਵਜੋਂ ਤਿੰਨ ਵਿਦਿਆਰਥੀ ਜ਼ਖ਼ਮੀ ਹੋ ਗਏ। ਹੁੱਲੜ ਗਾਇਕੀ ਵਿਚ ਗਾਇਕ ਨਾ ਕੇਵਲ 'ਬੰਦ-ਬੁੰਦਾ' ਮਾਰਨ ਦੀਆਂ ਗੱਲਾਂ ਕਰਦੇ ਹਨ, ਸਗੋਂ ਬੰਦਾ ਮਾਰਨ ਨੂੰ ਐਵੇਂ ਇਕ ਮਾਮੂਲੀ ਗੱਲ ਹੀ ਸਮਝਦੇ ਹਨ। ਇੰਝ ਕਰਕੇ ਇਕ ਪਾਸੇ ਉਹ ਹਿੰਸਾ ਦਾ ਪ੍ਰਚਾਰ ਕਰਦੇ ਹਨ, ਦੂਜੇ ਪਾਸੇ ਇਹ ਕਾਨੂੰਨ ਨੂੰ ਆਪਣੇ ਹੱਥ ਲੈਣ ਵਾਲੀ ਗੱਲ ਵੀ ਹੈ। ਗਾਇਕਾਂ ਨੇ ਆਪਣੇ ਹੁਲੀਏ ਵੀ ਅਜੀਬ ਕਿਸਮ ਦੇ ਬਣਾ ਰੱਖੇ ਹਨ। ਪੰਜਾਬੀਆਂ ਵਰਗੀ ਸਰਲਤਾ, ਸਾਦਗੀ, ਛਬੀਲੀ ਨੁਹਾਰ ਤਾਂ ਉਨ੍ਹਾਂ ਵਿਚ ਲੱਭਿਆਂ ਵੀ ਨਹੀਂ ਲੱਭਦੀ। ਕਈ ਤਾਂ ਪਾਗਲਖਾਨੇ ਵਿਚੋਂ ਭੱਜੇ ਹੋਏ ਵੀ ਪ੍ਰਤੀਤ ਹੁੰਦੇ ਹਨ। ਕੰਡੇਰਨਿਆਂ ਵਾਂਗ ਖੜ੍ਹੇ ਕੀਤੇ ਵਾਲ, ਵਾਲਾਂ ਤੇ ਦਾੜ੍ਹੀ ਦੇ ਬੇ-ਢਬੇ ਅੰਦਾਜ਼, ਕੰਨਾਂ ਵਿਚ ਪਹਿਨੇ ਹੋਏ ਇਸਤਰੀਆਂ ਦੇ ਪਹਿਨਣ ਵਾਲੇ ਜ਼ੇਵਰਾਂ ਸਮੇਤ ਇਹ ਗਾਇਕ ਪੰਜਾਬੀ-ਦਿੱਖ ਦਾ ਵੀ ਜਲੂਸ ਕੱਢਣ 'ਤੇ ਤੁਲੇ ਹੋਏ ਹਨ। ਗੀਤਾਂ ਦੀ ਵੀਡੀਓਗ੍ਰਾਫੀ ਵਿਚ ਤਾਂ ਇਕ ਪੂਰੀ ਟੀਮ ਹੁੱਲੜਬਾਜ਼ੀ ਨੂੰ ਅੰਜਾਮ ਦਿੰਦੀ ਹੈ। ਹਥਿਆਰਾਂ ਦਾ ਇਨ੍ਹਾਂ ਵੀਡੀਓਜ਼ ਵਿਚ ਨਾ ਕੇਵਲ ਸ਼ਰ੍ਹੇਆਮ ਪ੍ਰਦਰਸ਼ਨ ਕੀਤਾ ਜਾਂਦਾ ਹੈ, ਸਗੋਂ ਪੇਸ਼ ਕੀਤੇ ਜਾ ਰਹੇ ਕਥਿਤ ਗੀਤ ਵਿਚ ਸੰਗੀਤ ਵੀ ਤਾੜ-ਤਾੜ ਗੋਲੀਆਂ ਚੱਲਣ ਦਾ ਹੀ ਵਜਾਇਆ ਜਾਂਦਾ ਹੈ। ਇਹ ਗੀਤ ਆਮ ਤੌਰ 'ਤੇ ਗੈਂਗਵਾਰ ਵਿਸ਼ਿਆਂ ਉਪਰ ਆਧਾਰਿਤ ਹੁੰਦੇ ਹਨ ਤੇ ਅਸੀਂ ਜਾਣਦੇ ਹਾਂ ਕਿ ਸਮਾਜਿਕ ਜੀਵਨ ਵਿਚ ਅਪਰਾਧੀਆਂ ਦੇ ਆਪਸੀ ਭੇੜ ਲਈ ਕੋਈ ਥਾਂ ਨਹੀਂ ਹੁੰਦੀ ਤੇ ਨਾ ਹੀ ਹੋਣੀ ਚਾਹੀਦੀ ਹੈ। ਸਮਾਜਿਕ ਜੀਵਨ ਸਭਿਅਤਾ ਦੀ ਉਸਾਰੀ ਨੂੰ ਪ੍ਰਣਾਇਆ ਹੁੰਦਾ ਹੈ, ਜਦ ਕਿ ਅਪਰਾਧੀਆਂ ਦੇ ਗੈਂਗ ਹਮੇਸ਼ਾ ਸਭਿਅਤਾ ਨੂੰ ਢਾਹ ਲਾਉਣ ਦਾ ਯਤਨ ਕਰਦੇ ਹਨ। ਇਹ ਹੁੱਲੜਬਾਜ਼ ਸਦਾ ਢਾਹੂ ਬਿਰਤੀਆਂ ਵਾਲੇ ਹੁੰਦੇ ਹਨ। ਹੁੱਲੜਬਾਜ਼ ਗਾਇਕ ਵੀ ਇਸ ਸਮੇਂ ਪੰਜਾਬੀ ਗਾਇਕੀ ਦੇ ਇੰਝ ਹੀ ਪੇਸ਼ ਪਏ ਹੋਏ ਹਨ। ਭਾਵੇਂ ਸਥਿਤੀ ਚਿੰਤਾਜਨਕ ਹੈ, ਫਿਰ ਵੀ ਘੁੱਪ ਹਨ੍ਹੇਰੇ ਵਿਚ ਆਸ ਦੀ ਕੋਈ ਕਿਰਨ ਦਿਖਾਈ ਦਿੱਤੀ ਹੈ।

ਪਿਛਲੇ ਕੁਝ ਦਿਨਾਂ ਤੋਂ ਹੁੱਲੜ ਗਾਇਕੀ ਦਾ ਸੰਗਠਨਾਤਮਕ ਵਿਰੋਧ ਸਾਹਮਣੇ ਆਇਆ ਹੈ। ਹੁੱਲੜ ਗਾਇਕੀ ਦਾ ਟਾਕਰਾ ਕਰਨ ਦਾ ਬੀੜਾ ਜਾਗਰੂਕ ਇਸਤਰੀਆਂ ਨੇ ਉਠਾਇਆ ਹੈ। ਆਪਣੇ ਸਿਰ ਇਹ ਜ਼ਿੰਮੇਵਾਰੀ ਲੈ ਕੇ ਇਸਤਰੀ ਜਾਤੀ ਨੇ ਬੇਹੱਦ ਸ਼ਲਾਘਾਯੋਗ ਕਦਮ ਚੁੱਕਿਆ ਹੈ। ਜਿਵੇਂ ਕਿ ਅਸੀਂ ਉਪਰ ਵੀ ਦੇਖਿਆ ਹੈ ਕਿ ਹੁੱਲੜ ਗਾਇਕੀ ਹਿੰਸਾ ਦਾ ਸੰਦੇਸ਼ ਦਿੰਦੀ ਹੈ ਤੇ ਹਿੰਸਕ ਵਰਤਾਰਿਆਂ ਦਾ ਸਭ ਤੋਂ ਵੱਧ ਸ਼ਿਕਾਰ ਆਖਿਰਕਾਰ ਇਸਤਰੀ ਨੂੰ ਹੀ ਹੋਣਾ ਪੈਂਦਾ ਹੈ। ਸਭ ਸਹੀ ਸੋਚ ਰੱਖਣ ਵਾਲਿਆਂ ਨੂੰ ਇਨ੍ਹਾਂ ਇਸਤਰੀਆਂ ਦਾ ਡਟ ਕੇ ਸਾਥ ਦੇਣਾ ਚਾਹੀਦਾ ਹੈ। ਇਹ ਇਸਤਰੀਆਂ ਤੇ ਇਨ੍ਹਾਂ ਦਾ ਜਾਗ੍ਰਿਤੀ ਮੰਚ ਕੁਝ ਚੋਣਵੇਂ ਹੁੱਲੜ ਗਾਇਕਾਂ ਵਿਰੁੱਧ ਮੁਹਿੰਮ ਚਲਾ ਰਿਹਾ ਹੈ। ਸੱਚਮੁੱਚ ਹੀ ਇਨ੍ਹਾਂ ਗਾਇਕਾਂ ਨੇ ਇਸ ਸਮੇਂ ਬਹੁਤ ਅੱਤ ਚੁੱਕੀ ਹੋਈ ਹੈ। ਪਰ ਇਨ੍ਹਾਂ ਗਾਇਕਾਂ ਤੋਂ ਇਲਾਵਾ ਇਸ ਗਾਇਕੀ ਨੂੰ ਆਮ ਲੋਕਾਂ ਅੱਗੇ ਨਸ਼ਿਆਂ ਵਾਂਗ ਪਰੋਸਣ ਵਾਲਿਆਂ ਦਾ ਇਕ ਪੂਰਾ ਮਾਫ਼ੀਆ ਹੈ, ਜਿਸ ਵਿਚ ਇਨ੍ਹਾਂ ਗਾਇਕਾਂ ਦੇ ਪ੍ਰਮੋਟਰ, ਸੰਗੀਤਕਾਰ, ਟੀਵੀ ਚੈਨਲ ਅਤੇ ਇਸ ਧੰਦੇ ਨਾਲ ਜੁੜੇ ਹੋਏ ਹੋਰ ਵੀ ਕਈ ਲੋਕ ਸ਼ਾਮਿਲ ਹਨ। ਇਸ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਹੁੱਲੜ ਗਾਇਕੀ ਵਿਰੁੱਧ ਸੰਘਰਸ਼ ਨੂੰ ਕੇਵਲ ਕੁਝ ਗਿਣੇ-ਚੁਣੇ ਗਾਇਕਾਂ ਤੇ ਗਾਇਕਾਵਾਂ ਤੱਕ ਹੀ ਸੀਮਤ ਨਾ ਰੱਖਿਆ ਜਾਵੇ, ਸਗੋਂ ਸਮੁੱਚੇ ਮਾਫ਼ੀਏ ਵਿਰੁੱਧ ਸੇਧਿਤ ਕੀਤਾ ਜਾਵੇ ਤਾਂ ਕਿ ਹੁੱਲੜ ਗਾਇਕੀ ਦੇ ਰੁਝਾਨ ਨੂੰ ਜੜ੍ਹਾਂ ਤੋਂ ਪੁੱਟਿਆ ਜਾ ਸਕੇ।

ਨਾਰੀ ਦਮਨ ਦਾ ਅਜੋਕਾ ਵਰਤਾਰਾ

ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਬੀਤੇ ਦਿਨੀਂ ਇਕ-ਦੋ ਦਿਨਾਂ ਦੇ ਫ਼ਰਕ ਨਾਲ ਦੋ ਤ੍ਰਾਸਦਿਕ ਘਟਨਾਵਾਂ ਵਾਪਰੀਆਂ। ਦੋਵਾਂ ਘਟਨਾਵਾਂ ਨੇ ਸਨਸਨੀ ਵੀ ਫੈਲਾਈ ਤੇ ਨਾਲ ਹੀ ਇਨ੍ਹਾਂ ਘਟਨਾਵਾਂ ਨਾਲ ਸਬੰਧਿਤ ਕਈ ਪਹਿਲੂਆਂ ਬਾਰੇ ਸਮਾਜ ਦੇ ਕਈ ਵਰਗਾਂ ਨੂੰ ਸੋਚਣ ਲਈ ਮਜਬੂਰ ਕੀਤਾ। ਸਾਰਿਆਂ ਦੀ ਸੋਚ ਵਿਚਾਰ ਦੇ ਨਤੀਜੇ ਵੱਖੋ-ਵੱਖਰੇ ਹੋ ਸਕਦੇ ਹਨ ਤੇ ਸਾਰਿਆਂ ਦੀਆਂ ਚਿੰਤਾਵਾਂ ਵੀ ਵੱਖੋ-ਵੱਖਰੀਆਂ ਹੋ ਸਕਦੀਆਂ ਹਨ। ਕਿਸੇ ਧਿਰ ਲਈ ਇਹ ਮਾਮਲਾ ਮਹਿਜ਼ ਕਾਨੂੰਨ ਤੇ ਵਿਵਸਥਾ ਦਾ ਹੋ ਸਕਦਾ ਹੈ, ਕਿਸੇ ਲਈ ਇਨ੍ਹਾਂ ਘਟਨਾਵਾਂ ਦਾ ਇਖ਼ਲਾਕੀ ਮਹੱਤਵ ਵਧੇਰੇ ਹੋ ਸਕਦਾ ਹੈ, ਪਰ ਇਨ੍ਹਾਂ ਘਟਨਾਵਾਂ ਦਾ ਅਸਲ ਵਿਚਾਰਨਯੋਗ ਪੱਖ ਔਰਤ ਜਾਤੀ ਦੀ ਆਜ਼ਾਦੀ ਅਤੇ ਔਰਤ ਦਾ ਸਮਾਜ ਵਿਚ ਸਥਾਨ ਹੈ। ਭਾਵੇਂ ਇਨ੍ਹਾਂ ਘਟਨਾਵਾਂ ਦਾ ਸਰੂਪ ਕੁਝ ਇਸ ਤਰ੍ਹਾਂ ਦਾ ਅਟਪਟਾ ਜਿਹਾ ਸੀ ਕਿ ਸਰਸਰੀ ਨਜ਼ਰੇ ਇਨ੍ਹਾਂ ਵਿਚ ਸ਼ਿਕਾਰ ਬਣੀਆਂ ਜਾਂ ਆਪਣੀਆਂ ਜਾਨਾਂ ਗੁਆ ਬੈਠੀਆਂ ਔਰਤਾਂ ਆਮ ਲੋਕਾਂ ਦੀ ਹਮਦਰਦੀ ਹਾਸਿਲ ਕਰਨ ਵਿਚ ਨਾਕਾਮ ਰਹੀਆਂ ਤੇ ਉਨ੍ਹਾਂ ਦਾ ਲੋਕਮਨ ਉਪਰ ਮੁਢਲਾ ਪ੍ਰਭਾਵ ਵਿਭਚਾਰੀ ਔਰਤਾਂ ਵਜੋਂ ਹੀ ਅੰਕਿਤ ਹੋਇਆ, ਪਰ ਜੇਕਰ ਗੌਰ ਨਾਲ ਦੇਖਿਆ ਜਾਵੇ ਤਾਂ ਇਹ ਔਰਤਾਂ ਬਿਲਕੁਲ ਨਿਰਦੋਸ਼ ਸਨ ਅਤੇ ਮਰਦ ਪ੍ਰਧਾਨ ਸਮਾਜ ਵਿਚ ਜਿਸ ਤਰ੍ਹਾਂ ਔਰਤਾਂ ਤਿਲ-ਤਿਲ ਮਰ ਰਹੀਆਂ ਹਨ, ਉਨ੍ਹਾਂ ਵਿਚੋਂ ਹੀ ਇਹ ਸਨ। ਫ਼ਰਕ ਕੇਵਲ ਇਹ ਪਿਆ ਕਿ ਇਹ ਬੰਦੂਕਾਂ ਤੇ ਹੋਰ ਮਾਰੂ ਹਥਿਆਰਾਂ ਨਾਲ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤੀਆਂ ਗਈਆਂ। ਸਮਾਜ ਵਿਚ ਇਨ੍ਹਾਂ ਦੇ ਕਤਲਾਂ ਲਈ ਕੋਈ ਰੋਸ ਦੀ ਭਾਵਨਾ ਉਭਰ ਕੇ ਸਾਹਮਣੇ ਨਹੀਂ ਆਈ। ਦਰਅਸਲ, ਜਿਸ ਸਮਾਜ ਵਿਚ ਔਰਤ ਭਰੂਣ ਅਵਸਥਾ ਵਿਚ ਹੀ ਮੁਕਾਉਣ ਦੇ ਯੋਗ ਸਮਝੀ ਜਾਂਦੀ ਹੈ, ਉਹ ਸਮਾਜ ਉਪਰੋਂ-ਉਪਰੋਂ ਭਾਵੇਂ ਜਿੰਨੀਆਂ ਮਰਜ਼ੀ ਔਰਤ ਪੱਖੀ ਗੱਲਾਂ ਕਰੀ ਜਾਵੇ, ਦਿਲੋਂ ਔਰਤ ਦੀ ਮੁਕਤੀ ਦਾ ਚਾਹਵਾਨ ਨਹੀਂ ਹੁੰਦਾ। ਲੁਧਿਆਣਾ ਜ਼ਿਲ੍ਹੇ ਵਿਚ ਵਾਪਰੀਆਂ ਦੋ ਘਟਨਾਵਾਂ ਵਿਚੋਂ ਇਕ ਵਿਚ ਇਕ ਨੌਜਵਾਨ ਲੜਕੀ ਨੂੰ ਉਸ ਦੇ ਪ੍ਰੇਮੀ ਸਮੇਤ ਲੜਕੀ ਦੇ ਭਰਾ ਨੇ ਉਦੋਂ ਗੋਲੀ ਮਾਰ ਕੇ ਖ਼ਤਮ ਕਰ ਦਿੱਤਾ, ਜਦੋਂ ਲੜਕੀ ਦਾ ਪ੍ਰੇਮੀ ਬਾਕੀ ਪਰਿਵਾਰਿਕ ਮੈਂਬਰਾਂ ਦੀ ਗ਼ੈਰ ਮੌਜੂਦਗੀ ਵਿਚ ਲੜਕੀ ਦੇ ਘਰ ਉਸ ਦੇ ਕਮਰੇ ਵਿਚ ਆ ਗਿਆ ਸੀ। ਦੋਹਾਂ ਨੂੰ ਇਕੱਠੇ ਦੇਖ ਕੇ ਅਚਾਨਕ ਘਰ ਵੜੇ ਭਰਾ ਨੇ ਗੋਲੀ ਚਲਾ ਦਿੱਤੀ, ਸਿੱਟੇ ਵਜੋਂ ਦੋਵੇਂ ਥਾਂ 'ਤੇ ਹੀ ਮਾਰੇ ਗਏ।

ਇਕ ਦੂਜੀ ਘਟਨਾ ਵਿਚ ਇਕ ਡੀ.ਐਸ.ਪੀ ਤੇ ਉਸ ਦੀ ਕਥਿਤ ਦੋਸਤ ਨੂੰ ਇਕ ਫਾਰਮ ਹਾਊਸ ਵਿਚ ਕਤਲ ਕਰ ਦਿੱਤਾ ਗਿਆ। ਦੋਵੇਂ ਬਾਲ ਬੱਚੇਦਾਰ ਸਨ। ਔਰਤ ਲੁਧਿਆਣੇ ਦੇ ਕਿਸੇ ਅਮੀਰ ਪਰਿਵਾਰ ਦੀ ਨੂੰਹ ਸੀ। ਨਿਰਸੰਦੇਹ, ਦੋਵੇਂ ਘਟਨਾਵਾਂ ਦਾ ਇਖ਼ਲਾਕੀ ਪੱਖ ਕਾਫ਼ੀ ਉਘੜਵਾਂ ਹੈ। ਪੁੱਛਿਆ ਜਾ ਸਕਦਾ ਹੈ ਕਿ ਸਮਾਜ ਦੇ ਨੈਤਿਕ ਵਿਧਾਨ ਨੂੰ ਤੋੜਨ ਦੀ ਕਿਸੇ ਨੂੰ ਆਜ਼ਾਦੀ ਕਿਉਂ ਦਿੱਤੀ ਜਾਵੇ? ਜਾਂ ਇਹ ਸਵਾਲ ਵੀ ਉਠਾਇਆ ਜਾ ਸਕਦਾ ਹੈ ਕਿ ਕੀ ਨੈਤਿਕ ਵਿਧਾਨ ਨੂੰ ਤੋੜਨ ਦੀ ਆਜ਼ਾਦੀ ਨੂੰ ਹੀ ਔਰਤ ਦੀ ਆਜ਼ਾਦੀ ਵਜੋਂ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ? ਨਹੀਂ ਅਜਿਹੀ ਗੱਲ ਬਿਲਕੁਲ ਨਹੀਂ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਦੋਵਾਂ ਘਟਨਾਵਾਂ ਨੂੰ ਅੰਜਾਮ ਤੱਕ ਪਹੁੰਚਾਉਣ ਵਿਚ ਮਰਦਾਂ ਦੀ ਹੀ ਪ੍ਰਮੁੱਖ ਭੂਮਿਕਾ ਰਹੀ ਹੈ, ਮਰਨ ਵਾਲੇ ਮਰਦਾਂ ਦੀ ਵੀ ਤੇ ਮਾਰਨ ਵਾਲੇ ਮਰਦਾਂ ਦੀ ਵੀ। ਔਰਤਾਂ ਤਾਂ ਮਹਿਜ਼ ਬਲੀ ਦਾ ਬੱਕਰਾ ਬਣੀਆਂ ਹਨ। ਦੋਵੇਂ ਘਟਨਾਵਾਂ ਵਿਚਲੀਆਂ ਔਰਤਾਂ ਹੀ ਮਰਦਾਂ ਦੁਆਰਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਵਰਗਲਾਈਆਂ ਹੋਈਆਂ ਸਨ, ਆਪਣੀ ਹਵਸ ਦੀ ਪੂਰਤੀ ਲਈ ਹੀ ਸਬੰਧਿਤ ਮਰਦਾਂ ਨੇ ਉਨ੍ਹਾਂ ਨੂੰ ਸੰਕਟ ਭਰੀ ਸਥਿਤੀ ਵਿਚ ਪਾਇਆ ਹੋਇਆ ਸੀ। ਇਸ ਵਿਚ ਕਤਈ ਸੰਦੇਹ ਨਹੀਂ ਕਿ ਇਨ੍ਹਾਂ ਘਟਨਾਵਾਂ ਵਿਚ ਮਾਰ-ਮੁਕਾਈਆਂ ਗਈਆਂ ਔਰਤਾਂ ਕੇਵਲ ਮਰਦਾਂ ਦੇ ਭਰੋਸੇ ਹੀ ਖ਼ਤਰਾ ਮੁੱਲ ਲੈ ਬੈਠੀਆਂ ਸਨ। ਪਹਿਲੀ ਘਟਨਾ ਵਿਚਲੇ ਗਭਰੇਟ ਦਾ ਅਨਾੜੀਪੁਣਾ ਔਰਤ ਦੀ ਮੌਤ ਦਾ ਮੁੱਖ ਕਾਰਨ ਬਣਿਆ, ਜਦ ਕਿ ਦੂਜੀ ਘਟਨਾ ਵਿਚਲੇ ਅਧੇੜ ਪੁਲਸੀਏ ਦਾ ਪੇਸ਼ਾਵਰ ਵਿਭਾਗੀ ਘੁਮੰਡ ਔਰਤ ਦੇ ਕਤਲ ਦੀ ਵਜ੍ਹਾ ਬਣਿਆ। ਇਨ੍ਹਾਂ ਦੋਵਾਂ ਘਟਨਾਵਾਂ ਨੇ ਚਿਤਾਵਨੀ ਰੂਪ ਵਿਚ ਔਰਤ ਨੂੰ ਇਹ ਵੀ ਸੰਕੇਤ ਦਿੱਤਾ ਹੈ ਕਿ ਉਹ ਆਪਣੀ ਹੋਣੀ ਦੀ ਖ਼ੁਦ ਮਾਲਕ ਬਣੇ। ਆਪਣੀ ਸੁਤੰਤਰਤਾ ਲਈ ਮਰਦ ਵੱਲ ਨਾ ਦੇਖੇ। ਅਕਸਰ ਅਜਿਹਾ ਹੁੰਦਾ ਹੈ ਕਿ ਚੜ੍ਹਦੀ ਉਮਰ ਦੀਆਂ ਲੜਕੀਆਂ ਜਵਾਨ ਮੁੰਡਿਆਂ ਨਾਲ ਆਸ਼ਨਾਈ ਵਿਚ ਆਪਣੀ ਸੁਤੰਤਰਤਾ ਦੀ ਝਲਕ ਦੇਖਦੀਆਂ ਹਨ ਤੇ ਕਈ



ਹੋਰ ਵਰਗਾਂ ਦੀਆਂ ਔਰਤਾਂ ਸਮਾਜ ਵਿਚ ਤਾਕਤਵਰ ਹੈਸੀਅਤ ਰੱਖਣ ਵਾਲੇ ਲੋਕਾਂ (ਸਿਆਸਤਦਾਨਾਂ, ਅਫ਼ਸਰਾਂ, ਪੁਲਸੀਆਂ ਅਤੇ ਵੈਲੀਆਂ) ਨਾਲ ਸਬੰਧ ਸਥਾਪਿਤ ਕਰਕੇ ਆਪਣੀ ਸੁਤੰਤਰਤਾ ਨੂੰ ਸੁਰੱਖਿਅਤ ਸਮਝ ਬੈਠਦੀਆਂ ਹਨ। ਨਾਰੀ ਜਾਤੀ ਨੂੰ ਇਨ੍ਹਾਂ ਭਰਮ ਪਾਊ ਤੌਰ-ਤਰੀਕਿਆਂ ਪ੍ਰਤੀ ਕਾਫ਼ੀ ਸੁਚੇਤ ਰਹਿਣਾ ਹੋਵੇਗਾ ਤੇ ਕੇਵਲ ਹਰ ਕਿਸਮ ਦੇ ਵਿਤਕਰਿਆਂ ਤੋਂ ਮੁਕਤ ਮਨੁੱਖੀ ਬਰਾਬਰੀ ਤੇ ਨਰੋਈਆਂ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਹੀ ਆਪਣੀ ਸੁਤੰਤਰਤਾ ਦਾ ਭਵਿੱਖ ਦੇਖਣਾ ਚਾਹੀਦਾ ਹੈ। ਹਾਲ ਦੀ ਘੜੀ ਸਹੀ ਸੋਚ ਵਾਲੀਆਂ ਧਿਰਾਂ ਨੂੰ ਉਪਰੋਕਤ ਘਟਨਾਵਾਂ ਵਿਚ ਕਤਲ ਕੀਤੀਆਂ ਗਈਆਂ ਔਰਤਾਂ ਪ੍ਰਤੀ ਸੰਵੇਦਨਾ ਪ੍ਰਗਟਾਉਣੀ ਚਾਹੀਦੀ ਹੈ, ਦੋਸ਼ੀਆਂ ਲਈ ਸਜ਼ਾ ਦੀ ਮੰਗ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਕਤਲਾਂ ਨੂੰ ਨਾਰੀ ਜਾਤੀ ਉਪਰ ਜਬਰ ਦੀਆਂ ਘਟਨਾਵਾਂ ਵਜੋਂ ਲੈਣਾ ਚਾਹੀਦਾ ਹੈ।

ਠੰਢਾ ਮਿੱਠਾ ਪੰਜਾਬ

ਠੰਢੀ ਮਿੱਠੀ ਕੁਲਫ਼ੀ ਵਾਂਗ ਪੰਜਾਬ ਇਨ੍ਹੀਂ ਦਿਨੀਂ ਠੰਢਾ ਮਿੱਠਾ ਚੱਲਦਾ ਰਿਹਾ ਹੈ। ਵੋਟਾਂ ਪੈਣ ਦਾ ਕੰਮ ਤੀਹ ਜਨਵਰੀ ਨੂੰ ਨਿੱਬੜ ਗਿਆ ਸੀ,



ਗਿਣਤੀ ਦੀ ਤਾਰੀਖ਼ 6 ਮਾਰਚ ਨਿਸ਼ਚਿਤ ਹੋਈ ਸੀ। ਵਿਚਕਾਰ ਸਵਾ ਮਹੀਨੇ ਦਾ ਇੰਤਜ਼ਾਰ ਕਰਨ ਦਾ ਲੰਮਾ ਵਕਫ਼ਾ ਰਿਹਾ। ਇਸ ਲੰਮੇ ਵਕਫ਼ੇ ਨੇ ਲੋਕਾਂ ਦੀ ਚੋਣ ਨਤੀਜਿਆਂ ਪ੍ਰਤੀ ਸ਼ਿੱਦਤ ਘਟਾ ਦਿੱਤੀ। ਲੋਕ ਸਹਿਜ ਹੋ ਗਏ ਸਨ। ਸਿਆਸਤਦਾਨਾਂ ਵਿਚੋਂ ਕੇਵਲ ਉਹੀ ਜੋ ਲੋਕ ਹਿੱਤਾਂ ਲਈ ਕਿਸੇ ਨਾ ਕਿਸੇ ਤਰੀਕੇ ਸਰਗਰਮ ਰਹਿੰਦੇ ਹਨ, ਸਰਗਰਮ ਦਿਖਾਈ ਦਿੱਤੇ। ਬਾਕੀ ਆਰਾਮ ਫਰਮਾਉਂਦੇ ਰਹੇ। ਇਹ ਸਿਆਸਤਦਾਨ ਆਰਾਮ ਫਰਮਾ ਰਹੇ ਹੀ ਚੰਗੇ ਲੱਗਦੇ ਹਨ। ਇਨ੍ਹਾਂ ਦੀ ਹੋਛੀ ਮੀਡੀਆ ਬਿਆਨਬਾਜ਼ੀ ਤੋਂ ਉਕਤਾਏ ਹੋਏ ਲੋਕ ਕੁਝ ਸਮਾਂ ਹੀ ਸਹੀ ਪਰ ਹੌਲੇ ਫੁੱਲ ਮਹਿਸੂਸ ਕਰਦੇ ਰਹੇ। ਸੜਕਾਂ 'ਤੇ ਵਜ਼ੀਰਾਂ ਦੀਆਂ ਗੱਡੀਆਂ ਵਹੀਰਾਂ ਘੱਤੀ ਨਹੀਂ ਲੰਘੀਆਂ, ਹੂਟਰਾਂ ਦੀ ਘੂਕਰ ਲਗਪਗ ਬੰਦ ਸੀ। ਅਖ਼ਬਾਰਾਂ ਵਿਚ ਸਿਆਸੀ ਖ਼ਬਰਾਂ ਦੀ ਥਾਂ ਸਮਾਜਿਕ ਤੇ ਸਭਿਆਚਾਰਕ ਸਰਗਰਮੀਆਂ ਸਬੰਧੀ ਖ਼ਬਰਾਂ ਛਾਈਆਂ ਰਹੀਆਂ। ਲੋਕਾਂ ਨੇ ਸ਼ਾਂਤ ਠੰਡੇ ਮਾਹੌਲ ਦਾ ਇਉਂ ਆਨੰਦ ਉਠਾਇਆ ਜਿਵੇਂ ਛੁੱਟੀਆਂ ਕੱਟਣ ਕੁੱਲੂ-ਮਨਾਲੀ ਆਏ ਹੋਣ। ਮਾਹੌਲ ਦਾ ਨਾਲ-ਨਾਲ ਮੌਸਮ ਵੀ ਕਾਫ਼ੀ ਠੰਡਾ ਰਿਹਾ। ਦੁਨੀਆਂ ਵਿਚ ਐਤਕੀਂ ਰਿਕਾਰਡ ਤੋੜ ਠੰਡ ਪਈ ਤੇ ਭਾਰੀ ਬਰਫ਼ਬਾਰੀ ਹੋਈ। ਇਸ ਬਰਫ਼ਬਾਰੀ ਨੇ ਪੰਜਾਬ ਦੀਆਂ ਬਰੂਹਾਂ 'ਤੇ ਵੀ ਦਸਤਕ ਦਿੱਤੀ। ਪੰਜਾਬ ਮੌਸਮ ਪੱਖੋਂ ਵੀ ਨਿਸਬਤਨ ਕਾਫ਼ੀ ਠੰਡਾ ਰਿਹਾ। ਪੰਜਾਬ ਵਿਚ ਐਤਕੀਂ ਦੀ ਚੋਣ ਲਗਪਗ ਮੁੱਦਿਆਂ 'ਤੇ ਆਧਾਰਿਤ ਰਹੀ। ਲੋਕਾਂ ਨੇ ਸੰਪ੍ਰਦਾਇਕਤਾ ਵਰਗੇ ਰੁਝਾਨਾਂ ਦੀ ਪ੍ਰਤੀਨਿਧਤਾ ਕਰਦੀ ਰਾਜਨੀਤੀ ਤੋਂ ਮੂੰਹ ਭੁਆਈ ਰੱਖਿਆ। ਪੰਜਾਬ ਸ਼ਾਇਦ ਇਕ ਕਦਮ ਅੱਗੇ ਵੱਲ ਪੁਟਦਿਆਂ ਹੋਇਆਂ ਸ਼ੋਰ-ਮੁਕਤ, ਝੂਠ-ਮੁਕਤ ਤੇ ਕੁਨਬਾਪ੍ਰਸਤੀ ਮੁਕਤ ਰਾਜਨੀਤੀ ਦੀ ਦਿਸ਼ਾ ਵੱਲ ਵੀ ਵਧੇਗਾ। ਪੰਜਾਬ ਜਾਣ ਗਿਆ ਹੈ ਕਿ ਪਰਿਵਾਰਵਾਦ ਦੀ ਰਾਜਨੀਤੀ ਪੰਜਾਬੀ ਲੋਕਾਂ ਨੂੰ ਮਹਿੰਗੀ ਪੈ ਰਹੀ ਹੈ। ਇਕੱਲੇ ਬਾਦਲ ਪਰਿਵਾਰ ਦਾ ਹੀ ਪੰਜਾਬ ਉਪਰ ਕਰੋੜਾਂ ਰੁਪਏ ਦਾ ਬੋਝ ਹੈ ਅਤੇ ਇਸ ਪਰਿਵਾਰ ਦੀਆਂ ਕੁਰਸੀਆਂ ਨਾਲ ਚਿੰਬੜੇ ਰਹਿਣ ਦੀਆਂ ਨੀਤੀਆਂ ਕਾਰਨ ਡਗਮਗਾਈ ਆਰਥਿਕਤਾ ਦਾ ਵੱਖਰਾ ਬੋਝ ਪੰਜਾਬ ਵਾਸੀਆਂ ਨੂੰ ਬੀਤੇ ਦੌਰਾਨ ਚੁੱਕਣਾ ਪਿਆ।

ਛੇਕੜਲੀ ਗੱਲ

ਹੁੱਲੜ ਗਾਇਕ ਨੂੰ ਕਿਸੇ ਸ਼ੁਭਚਿੰਤਕ ਨੇ ਪੁੱਛਿਆ, ''ਬਾਈ ਜੀ, ਰਿਆਜ਼ ਵੀ ਕਰਦੇ ਹੁੰਦੇ ਹੋ?''

ਹੁੱਲੜ ਗਾਇਕ ਨੇ ਅੱਗੋਂ ਹੈਰਾਨੀ ਨਾਲ ਮੋੜਵਾਂ ਸਵਾਲ ਕਰ ਦਿੱਤਾ, ''ਉਹ ਕੀ ਹੁੰਦੈ?''

ਸ਼ੁਭਚਿੰਤਕ : ਮੇਰਾ ਮਤਲਬ, ਪ੍ਰੈਕਟਿਸ।

ਹੁੱਲੜ ਗਾਇਕ : ਹਾਂ, ਉਹ ਤਾਂ ਕਰੀਦੀ ਏ, ਜਿਮ ਜਾਈਦਾ, ਨਿਸ਼ਾਨੇਬਾਜ਼ੀ ਲਈ ਵੀ ਜਾਂਦਾ ਹਾਂ।

ਸ਼ੁਭਚਿੰਤਕ : ਨਹੀਂ, ਮੇਰਾ ਮਤਲਬ, ਸੰਗੀਤ . . . ਸਾਜ਼ਾਂ ਤੋਂ ਹੈ।

ਹੁੱਲੜ ਗਾਇਕ : ਅਸਲ 'ਚ ਬਾਈ ਜੀ, ਮਸ਼ਹੂਰੀ ਬੜੀ ਹੋਗੀ, ਵਿਹਲ ਹੀ ਨਹੀਂ ਮਿਲਦੀ, ਫੋਨ-ਫੂਨ ਹੀ ਬੜੇ ਆਏ ਰਹਿੰਦੇ ਐ।

ਸ਼ੁਭਚਿੰਤਕ ਨੇ ਹੁੱਲੜ ਗਾਇਕ ਨਾਲ ਹੋਈ ਗੱਲਬਾਤ ਤੋਂ ਹੇਠ ਲਿਖਿਆ ਸ਼ਿਅਰ ਘੜਿਆ, ਲਓ ਸੁਣੋ :

ਫ਼ੋਨਾਂ ਤੋਂ ਵਿਹਲ ਨੀ ਮਿਲਦੀ ਕਦ ਵਾਜੇ 'ਤੇ ਬਹੀਏ ਜੀ,
ਤੂੰਬੀ ਦੀ ਥਾਂ ਤੋਪਾਂ ਚੁੱਕੀ ਫਿਰਨ ਗਵੱਈਏ ਜੀ।


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
From March 1 - May 1 2012
Holi & Vaisakhi Specials
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







A-WIN: MAKING LIFE EASY

Who We Are

Western Canada's

Biggest Brokers Team, designed to serve Canadians' with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them



What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

We Provide Services In English, Punjabi, Gujrati, Hindi & Urdu

Edmonton: 780-465-6900

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਸਿੰਘ, ਦੀਪਕ ਸ਼ਾਹ, ਰਮਨ ਗਿੱਲ

Calgary: 403-775-2100

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ਉਪਿੰਦਰ ਮਠਾਰੂ ਦੀ ਨਵੀਂ ਐਲਬਮ " ਰੰਗਲਾ ਪੰਜਾਬ " ਦੁਨੀਆ ਭਰ ਵਿੱਚ ਲੋਕ ਅਰਪਿਤ

ਐਡਮਿੰਟਨ (ਨਦਬ):- ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਨਾਲ ਭਰਭੂਰ ਗੀਤਕਾਰੀ, ਉੱਤਮ ਸੰਗੀਤ ਤੇ ਸੁਰੀਲੀ ਗਾਇਕੀ ਦਾ ਸੁਮੇਲ 'ਰੰਗਲਾ ਪੰਜਾਬ' ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਸਮਾਗਮ ਕਰਕੇ ਦੁਨੀਆ ਭਰ 'ਚ ਰਲੀਜ਼ ਕੀਤਾ ਗਿਆ। ਨੌਜਵਾਨ ਤੇ ਸੁਰੀਲੇ ਗਾਇਕ ਉਪਿੰਦਰ ਮਠਾਰੂ ਦੀ ਪੰਜਾਬੀ ਕੈਸਿਟ 'ਰੰਗਲਾ ਪੰਜਾਬ' ਦੀ ਘੁੰਡ ਚੁਕਾਈ ਦਾ ਪਹਿਲਾ ਸਮਾਗਮ ਨੌਜਵਾਨ ਗੀਤਕਾਰ ਤੇ ਇਸ ਕੈਸਿਟ ਦੇ ਪੇਸ਼ਕਰਤਾ ਲਾਡੀ ਸੂਸਾਂਵਾਲਾ ਦੇ ਗ੍ਰਹਿ ਪਿੰਡ ਸੂਸਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੀਤਾ ਗਿਆ, ਜਿਸ ਨੂੰ ਵੰਝਲੀ ਰੈਕਰਡਜ਼ ਨੇ ਸੰਗੀਤਕਾਰ ਅਸ਼ੋਕ ਸ਼ਰਮਾ ਦੇ ਸੰਗੀਤ ਹੇਠ ਸਰੋਤਿਆਂ ਦੀ ਝੋਲੀ ਪਾਇਆ ਹੈ। 'ਰੰਗਲਾ ਪੰਜਾਬ' ਨੂੰ ਪਿੰਡ ਸੂਸਾਂ ਵਿਖੇ ਰਲੀਜ਼ ਕਰਨ ਮੌਕੇ ਗਾਇਕ ਸੁਰਿੰਦਰ ਲਾਡੀ, ਰਾਏ ਜੁਝਾਰ, ਐਸ ਰਿਸ਼ੀ, ਸੁੱਖ ਨੰਦਾਚੌਰੀਆ, ਨੰਬਰਦਾਰ ਹਰਭਜਨ ਸਿੰਘ, ਜਸਵੀਰ ਸਿੰਘ ਜੱਜ, ਲਾਲੀ, ਬਲਦੇਵ ਰਾਹੀ, ਜੇਮਜ਼ ਧਾਲੀਵਾਲ, ਪੱਤਰਕਾਰ ਹਰਜਿੰਦਰ ਹਰਗੜ੍ਹੀਆ, ਕੁਲਦੀਪ ਚੁੰਬਰ, ਪ੍ਰਾਣ ਗੇਲੋਂ, 'ਰੰਗਲਾ ਪੰਜਾਬ' ਦੇ ਸੰਗੀਤਕਾਰ ਅਸ਼ੋਕ ਸ਼ਰਮਾ, ਵੰਝਲੀ ਰੈਕਰਡਜ਼ ਦੇ ਮਾਲਕ ਐਚ. ਐਸ. ਔਲਖ, ਗੀਤਕਾਰ ਲਾਡੀ ਸੂਸ ਤੇ ਪ੍ਰੋ. ਮਲਕੀਤ ਜੌੜਾ, ਵੀਡੀਉ ਡਾਇਰੈਕਟਰ ਐਚ. ਐਸ. ਢਿੱਲੋਂ ਹਾਜ਼ਰ ਸਨ।



ਪਿੰਡ ਸੂਸਾਂ ਵਿਖੇ ਗਾਇਕ ਉਪਿੰਦਰ ਮਠਾਰੂ ਦੀ ਕੈਸਿਟ 'ਰੰਗਲਾ ਪੰਜਾਬ' ਨੂੰ ਰਲੀਜ਼ ਕਰਦੇ ਹੋਏ ਗਾਇਕ ਸੁਰਿੰਦਰ ਲਾਡੀ, ਰਾਏ ਜੁਝਾਰ, ਐਸ ਰਿਸ਼ੀ, ਸੁੱਖ ਨੰਦਾਚੌਰੀਆ, ਨੰਬਰਦਾਰ ਹਰਭਜਨ ਸਿੰਘ, ਪ੍ਰਾਣ ਗੇਲੋਂ, ਸੰਗੀਤਕਾਰ ਅਸ਼ੋਕ ਸ਼ਰਮਾ, ਐਚ. ਐਸ. ਔਲਖ, ਲਾਡੀ ਸੂਸ ਤੇ ਪ੍ਰੋ. ਮਲਕੀਤ ਜੌੜਾ, ਐਚ. ਐਸ. ਢਿੱਲੋਂ ਤੇ ਹੋਰ।

ਇਸੇ ਤਰ੍ਹਾਂ ਵੰਝਲੀ ਰੈਕਰਡਜ਼ ਵੱਲੋਂ ਲੁਧਿਆਣਾ (ਪੰਜਾਬ) ਵਿਖੇ ਸਮਾਗਮ ਅਤੇ ਜਲੰਧਰ ਵਿਖੇ ਪੱਤਰਕਾਰ ਸੰਮੇਲਨ ਕਰਵਾ ਕੇ ਉਪਿੰਦਰ ਮਠਾਰੂ ਦੀ ਪੰਜਾਬੀ ਕੈਸਿਟ 'ਰੰਗਲਾ ਪੰਜਾਬ' ਨੂੰ ਰਲੀਜ਼ ਕੀਤਾ ਗਿਆ। 'ਨਵੀਂ ਦੁਨੀਆ' ਨਾਲ ਐਡਮਿੰਟਨ ਵਿਖੇ ਗੱਲਬਾਤ ਕਰਦਿਆਂ 'ਰੰਗਲਾ ਪੰਜਾਬ' ਦੇ ਗਾਇਕ ਉਪਿੰਦਰ ਮਠਾਰੂ ਅਤੇ ਗੀਤਕਾਰ ਲਾਡੀ ਸੂਸ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਵਿੱਚੋਂ ਇਸ ਕੈਸਿਟ ਪ੍ਰਤੀ ਬਹੁਤ ਹੀ ਵਧੀਆ ਹੁੰਗਾਰਾ ਮਿਲਿਆ ਹੈ। 'ਰੰਗਲਾ ਪੰਜਾਬ' ਦੇ ਗੀਤਾਂ ਦੇ ਵੀਡੀਉ ਪੰਜਾਬ 'ਚ ਵੱਖ-ਵੱਖ ਚੈਨਲਾਂ ਜਿਨ੍ਹਾਂ ਵਿਚ ਈ.ਟੀ.ਸੀ., ਪੀ.ਟੀ.ਸੀ., ਜੋਸ਼, ਟਾਈਮ ਟੀਵੀ, ਐਮ. ਐਚ. ਵੰਨ ਆਦਿ ਤੇ ਚੱਲ ਰਹੀ ਹੈ। ਇਸ ਕੈਸਿਟ ਦੀ



ਸਾਫ਼ ਸੁਥਰੀ ਗੀਤਕਾਰੀ, ਵਧੀਆ ਗਾਇਕੀ ਤੇ ਉੱਤਮ ਸੰਗੀਤ ਦੇ ਮੇਲ ਹੀ ਉਨ੍ਹਾਂ ਦੀ ਵੱਡੀ ਸਫ਼ਲਤਾ ਦਾ ਕਾਰਨ ਹੈ। ਉਨ੍ਹਾਂ ਅੱਗੇ ਕਿਹਾ ਕਿ ਕਨੇਡਾ ਵਿੱਚ ਗੀਤਾਂ ਦੇ ਵੀਡੀਉ ਸ਼ਨੀਵਾਰ ਨੂੰ ਵਿਜ਼ਨ ਟੀਵੀ ਅਤੇ ਏ.ਟੀ.ਐਨ. ਤੋਂ ਪ੍ਰਸਾਰਿਤ ਹੁੰਦੇ ਵੱਖ-ਵੱਖ ਪ੍ਰੋਗਰਾਮਾਂ 'ਤੇ ਵੇਖਿਆ ਜਾ ਸਕਦਾ ਹੈ। ਉਪਿੰਦਰ ਮਠਾਰੂ ਅਤੇ ਲਾਡੀ ਸੂਸ ਨੇ ਜਸਪਾਲ ਸੂਸ ਸਮੇਤ 'ਰੰਗਲਾ ਪੰਜਾਬ' ਕੈਸਿਟ 'ਚ ਯੋਗਦਾਨ ਪਾਉਣ ਵਾਲੀਆਂ ਹੋਰ ਵੱਖ-ਵੱਖ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੁੱਚੇ ਸਾਥੀਆਂ ਦੇ ਯੋਗਦਾਨ ਤੋਂ ਬਿਨਾਂ 'ਰੰਗਲਾ ਪੰਜਾਬ' ਦੀ ਸਫ਼ਲਤਾ ਪੂਰੀ ਨਹੀਂ ਹੋਣੀ ਸੀ। ਕੈਸਿਟ ਖ਼੍ਰੀਦਣ ਜਾਂ ਇਸ ਸਬੰਧੀ ਹੋਰ ਜਾਣਕਾਰੀ ਲਈ ਉਪਿੰਦਰ ਮਠਾਰੂ ਨਾਲ 780-267-7740 ਜਾਂ ਲਾਡੀ ਸੂਸ ਨਾਲ 780-297-6105 'ਤੇ ਸਪੰਰਕ ਕੀਤਾ ਜਾ ਸਕਦਾ ਹੈ।

Econo Lodge BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President
37433 Highway 2 South, East Side Gasoline Alley
Red Deer, Alberta T4E 1B3

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Gurkeerat Holding Ltd.
• We Build New House
• We Build Basement
• We Do Renovation
• Kitchen Cabinets
ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ
Ph. 780-996-2873

ADVANCED Roofing Systems Ltd.
Residential/Commercial Insurance Claims • Asphalt & Specialty Shingles
• Siding, Soffits, Fascia • 2 Ply Membranes (SBS)
• Cedar Shakes New & Re-Roof Specialists • Condominums Welcome
• Steep Roofs Welcome Licaenced & Insured • Pine Shake Replacement
• Roof Top Snow removel • FREE Estimates



ADVANCED Roofing Systems Ltd.
Gill Olson (Manager)
RESIDENTIAL COMMERCIAL
5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਢੁੱਡੀਕੇ : ਜੀਵਨ ਬਿਰਤਾਂਤ ਅਤੇ ਯੋਗਦਾਨ





ਮਾਲਵੇ ਦੇ ਪ੍ਰਸਿੱਧ ਪਿੰਡ ਢੁੱਡੀਕੇ ਦਾ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਅਹਿਮ ਯੋਗਦਾਨ ਰਿਹਾ ਹੈ। ਇਥੋਂ ਦੇ ਜੰਮਪਲ ਸੰਗਰਾਮੀਆਂ ਨੇ ਗ਼ਦਰ ਲਹਿਰ ਦੀ ਉਸਾਰੀ ਵਿਚ ਸਰਗਰਮ ਭੂਮਿਕਾ ਨਿਭਾਈ। ਅੰਗਰੇਜ਼ ਸਰਕਾਰ ਦੇ ਜਬਰ-ਜ਼ੁਲਮ ਦੀ ਪਰਵਾਹ ਨਾ ਕਰਦਿਆਂ ਉਹ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜਵਾਦ ਨੂੰ ਵੰਗਾਰਦੇ ਰਹੇ। ਉਨ੍ਹਾਂ ਵਿਚੋਂ ਕਈਆਂ ਨੂੰ ਕਾਲੇ ਪਾਣੀਆਂ ਦੀਆਂ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ ਤੇ ਕਈ ਫਾਂਸੀ 'ਤੇ ਲਟਕਾ ਦਿੱਤੇ ਗਏ। ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਅਨੇਕਾਂ ਕਸ਼ਟ ਸਹਿਣੇ ਪਏ, ਪਰ ਆਜ਼ਾਦੀ ਦੇ ਇਹ ਪਰਵਾਨੇ ਅੰਗਰੇਜ਼ ਸਰਕਾਰ ਦੀ ਈਨ ਮੰਨਣ ਲਈ ਤਿਆਰ ਨਹੀਂ ਹੋਏ ਤੇ ਆਖ਼ਰੀ ਦਮ ਤੱਕ ਦੇਸ਼ ਦੀ ਸੇਵਾ ਨੂੰ ਸਮਰਪਿਤ ਰਹੇ। ਢੁੱਡੀਕੇ ਦੇ ਜਿਨ੍ਹਾਂ ਸੂਰਬੀਰਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਆਪਣੀਆਂ ਪੈੜਾਂ ਅੰਕਿਤ ਕੀਤੀਆਂ, ਉਨ੍ਹਾਂ ਵਿਚੋਂ ਇਕ ਸਨ ਗ਼ਦਰੀ ਬਾਬਾ ਈਸ਼ਰ ਸਿੰਘ ਢੁੱਡੀਕੇ।

ਬਾਬਾ ਈਸ਼ਰ ਸਿੰਘ ਦਾ ਜਨਮ 1882 ਈਸਵੀ ਨੂੰ ਹੋਇਆ। ਉਸ ਸਮੇਂ ਸਾਮਰਾਜੀ ਲੁੱਟ ਕਾਰਨ ਪੰਜਾਬੀ ਕਿਰਸਾਣੀ ਗੰਭੀਰ ਮੰਦਵਾੜੇ ਦੀ ਹਾਲਤ ਵਿਚੋਂ ਗੁਜ਼ਰ ਰਹੀ ਸੀ ਤੇ ਨੌਜਵਾਨ ਆਪਣਾ ਪੁਸ਼ਤੈਨੀ ਕੰਮ-ਧੰਦਾ ਤਿਆਗ ਕੇ ਬਾਹਰਲੇ ਦੇਸ਼ਾਂ ਵਿਚ ਮਜ਼ਦੂਰੀ ਕਰਨ ਲਈ ਜਾਣ ਨੂੰ ਮਜ਼ਬੂਰ ਹੋ ਗਏ ਸਨ। ਬਾਬਾ ਈਸ਼ਰ ਸਿੰਘ ਵੀ 25 ਵਰ੍ਹਿਆਂ ਦੀ ਉਪਰ ਵਿਚ ਵੈਨਕੂਵਰ ਚਲੇ ਗਏ। ਸੰਨ 1911 ਵਿਚ ਉਨ੍ਹਾਂ ਦੇ ਦੋ ਭਰਾਵਾਂ ਦੀ ਮੌਤ ਹੋ ਗਈ, ਜਿਸ ਕਾਰਨ ਉਹ ਵਾਪਸ ਢੁੱਡੀਕੇ ਪਰਤ ਆਏ, ਪਰ ਅਗਲੇ ਹੀ ਸਾਲ 1912 ਵਿਚ ਉਹ ਮੁੜ ਕੈਨੇਡਾ ਚਲੇ ਗਏ ਤੇ 1913 ਵਿਚ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਏ। ਉਨ੍ਹਾਂ ਅੰਦਰਲੇ ਜਜ਼ਬੇ ਤੇ ਕਾਬਲੀਅਤ ਨੂੰ ਦੇਖਦਿਆਂ 1914 ਵਿਚ ਪਾਰਟੀ ਵੱਲੋਂ ਉਨ੍ਹਾਂ ਨੂੰ ਐਸ.ਐਸ ਮੰਗੋਲੀਆ ਜਹਾਜ਼ ਰਾਹੀਂ ਹਾਂਗਕਾਂਗ ਪਾਰਟੀ ਕਾਰਜਾਂ ਹਿੱਤ ਭੇਜਿਆ ਗਿਆ।

1914 ਵਿਚ ਹੀ ਆਸਟ੍ਰੇਲੀਅਨ ਨਾਂ ਦੇ ਇਕ ਫਰਾਂਸੀਸੀ ਜਹਾਜ਼ ਰਾਹੀਂ ਬਾਬਾ ਈਸ਼ਰ ਸਿੰਘ ਕੋਲੰਬੋ ਪਹੁੰਚੇ, ਜਿਥੇ ਧਨੇਸ਼ਖੁੱਡੀ ਦੀ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਲੁਧਿਆਣੇ ਦੀ ਪੁਲਿਸ ਕੋਲ ਭੇਜ ਦਿੱਤਾ। ਇਹ ਗ੍ਰਿਫਤਾਰੀ ਜਹਾਜ਼ ਦੀ ਤਲਾਸ਼ੀ ਦੌਰਾਨ ਹੋਈ। ਲੁਧਿਆਣੇ ਤੋਂ ਉਹ ਜ਼ਮਾਨਤ 'ਤੇ ਆਪਣੇ ਪਿੰਡ ਢੁੱਡੀਕੇ ਪਹੁੰਚੇ, ਪਰ ਉਨ੍ਹਾਂ ਨੂੰ ਜੂਹਬੰਦੀ ਦੀ ਸਜ਼ਾ ਹੋਈ, ਫਿਰ ਵੀ ਉਹ ਰੂਪੋਸ਼ ਹੋਣ ਵਿਚ ਸਫ਼ਲ ਹੋ ਗਏ ਤੇ ਅੰਗਰੇਜ਼ ਸਰਕਾਰ ਦੇ ਸੂਹੀਆ-ਤੰਤਰ ਨੂੰ ਚਕਮਾ ਦੇ ਗਏ।

ਫਰਵਰੀ 1915 ਨੂੰ ਬਾਬਾ ਈਸ਼ਰ ਸਿੰਘ ਗ਼ਦਰ ਕਰਨ ਲਈ ਕਰਤਾਰ ਸਿੰਘ ਸਰਾਭਾ, ਉਤਮ ਸਿੰਘ ਹਾਂਸ ਤੇ ਸੰਤ ਰਣਧੀਰ ਸਿੰਘ ਦੇ ਜੱਥੇ ਨਾਲ ਫਿਰੋਜ਼ਪੁਰ ਛਾਉਣੀ ਵੱਲ ਕੂਚ ਕਰ ਗਏ। ਉਹ ਗ਼ਦਰ ਪਾਰਟੀ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਆਗੂ ਤੇ ਢੁੱਡੀਕੇ ਸਬ ਸੈਂਟਰ ਦੇ ਸੰਚਾਲਕ ਸਨ। ਉਨ੍ਹਾਂ ਨੇ ਗ਼ਦਰ ਪਾਰਟੀ ਵਿਚ ਪੂਰਨ ਸਿੰਘ ਤੇ ਤਾਰਾ ਸਿੰਘ ਦੇ ਨਾਵਾਂ ਥੱਲੇ ਵੀ ਕੰਮ ਕੀਤਾ। ਉਹ ਸੱਚੀ-ਸੁੱਚੀ ਸਖਸ਼ੀਅਤ ਦੇ ਮਾਲਕ ਹਰ ਕਿਸੇ ਦੀ ਲਈ ਸਦਾ ਤਤਪਰ ਰਹਿੰਦੇ ਸਨ। ਪਿੰਡ 'ਚ ਪਲੇਗ ਪਈ ਤਾਂ ਆਪ ਦੇ ਇਕ ਮਿੱਤਰ ਪਲੇਗ-ਗ੍ਰਸਤ ਹਾਲਤ ਵਿਚ ਇਕੱਲੇ ਘਰ ਰਹਿ ਗਏ। ਬਾਬਾ ਜੀ ਨੇ ਉਨ੍ਹਾਂ ਦੀ ਤਨ, ਮਨ, ਛੂਤਛਾਤ ਦੇ ਡਰ ਤੋਂ ਮੁਕਤ ਰਹਿ ਕੇ ਸੇਵਾ ਕੀਤੀ। ਪਰ ਬਾਬਾ ਜੀ ਵੈਰੀਆਂ ਨੂੰ ਕਰਾਰੇ ਹੱਥੀਂ ਟੱਕਰਣ ਵਾਲੇ ਸਨ। ਸੰਨ 1915 ਨੂੰ ਉਨ੍ਹਾਂ ਨੇ ਅੰਗਰੇਜ਼ਾਂ ਦੇ ਮੁਖ਼ਬਰ ਚੰਦਾ ਸਿੰਘ, ਜੈਲਦਾਰ ਨੰਗਲ ਕਲਾਂ (ਹੁਸ਼ਿਆਰਪੁਰ) ਨੂੰ ਸੋਧਿਆ। ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਅਨੁਸਾਰ ਉਨ੍ਹਾਂ ਨੇ ਨਿਧਾਨ ਸਿੰਘ ਚੁੱਘਾ ਦੇ ਮੁਖ਼ਬਰ ਨੂੰ ਵੀ ਸੋਧਿਆ ਸੀ। ਗ਼ਦਰ ਲਹਿਰ ਨੂੰ ਹਥਿਆਰਬੰਦ ਕਰਨ ਲਈ ਉਨ੍ਹਾਂ ਨੇ ਦੌਧਰ ਵਾਲੀ ਕੱਸੀ 'ਤੇ ਕਪੂਰਥਲੇ ਦੇ ਅਸਲੇਖਾਨੇ ਤੋਂ ਅਸਲਾ ਹਾਸਿਲ ਕਰਨ ਲਈ ਕੀਤੀ ਗਈ ਮੀਟਿੰਗ 'ਚ ਮੋਹਰੀ ਭੂਮਿਕਾ ਨਿਭਾਈ। ਇਸ ਤੋਂ ਕੁਝ ਦਿਨਾਂ ਬਾਅਦ 11 ਜੂਨ, 1915 ਦੀ ਰਾਤ ਨੂੰ ਵੱਲ੍ਹਾ ਬਰਿੱਜ (ਰੇਲਵੇ ਪੁਲ) 'ਤੇ ਤਾਇਨਾਤ ਗਾਰਦ 'ਤੇ ਹਮਲਾ ਕਰਕੇ ਅਸਲਾ ਖੋਹਿਆ। ਇਸ ਕਾਰਵਾਈ ਵਿਚ ਗ਼ਦਰੀਆਂ ਦਾ ਵੀ ਨੁਕਸਾਨ ਹੋਇਆ। ਬਾਬਾ ਈਸ਼ਰ ਸਿੰਘ ਸਤੰਬਰ 1915 ਨੂੰ ਫਰੀਦਕੋਟ ਦੇ ਪਿੰਡ ਮਹਿਮਾ ਭਗਵਾਨਾਂ ਦੇ ਇਕ ਡੇਰੇ ਤੋਂ ਬਾਬਾ ਉਤਮ ਸਿੰਘ ਹਾਂਸ ਨਾਲ ਗ੍ਰਿਫਤਾਰ ਕਰ ਲਏ ਗਏ। ਉਨ੍ਹਾਂ ਉਪਰ ਅੰਗਰੇਜ਼ ਸਰਕਾਰ ਦੁਆਰਾ ਲਾਹੌਰ ਸਾਜਿਸ਼ ਕੇਸ ਨੰਬਰ-2 ਚਲਾਇਆ ਗਿਆ, ਜਿਸ ਦੀ 30 ਮਾਰਚ 1916 ਨੂੰ ਕਾਰਵਾਈ ਮੁਕੰਮਲ ਹੋਈ। 18 ਜੂਨ, 1916 ਨੂੰ ਐਤਵਾਰ ਵਾਲੇ ਦਿਨ ਸੈਂਟਰਲ ਜੇਲ੍ਹ ਲਾਹੌਰ ਵਿਚ ਦੇਸ਼ ਦੀ ਖਾਤਰ ਹੱਸਦਿਆਂ ਹੋਇਆਂ ਫਾਂਸੀ ਦਾ ਰੱਸਾ ਚੁੰਮ ਕੇ ਬਾਬਾ ਜੀ ਦੇਸ਼ ਵਾਸੀਆਂ ਲਈ ਇਹ ਸੁਨੇਹਾ ਛੱਡ ਗਏ:

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਿਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਾ ਘਬਰਾ ਜਾਣਾ।

ਸ਼ਹੀਦੀ ਸਮੇਂ ਬਾਬਾ ਜੀ ਦੀ ਉਮਰ ਕੁੱਲ 34 ਵਰ੍ਹਿਆਂ ਦੀ ਸੀ।

-ਨਦਬ



ਢੁੱਡੀਕੇ ਦੀ ਗਲੀ-ਬਸਤੀ ਦਾ ਨਾਂ 'ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਗਲੀ-ਬਸਤੀ' ਰੱਖਿਆ ਗਿਆ

'ਸੇਵਾ ਮੁਕਤ ਸੀਨੀਅਰ ਸਿਟੀਜ਼ਨ ਗ਼ਦਰ ਮੈਮੋਰੀਅਲ ਸੋਸਾਇਟੀ' ਵੱਲੋਂ ਆਮ ਲੋਕਾਂ ਅਤੇ ਨੌਜਵਾਨਾਂ ਵਿਚ ਸੁਤੰਤਰਤਾ ਸੰਗਰਾਮ ਦੌਰਾਨ ਢੁੱਡੀਕੇ ਦੇ ਗ਼ਦਰੀ ਬਾਬਿਆਂ ਵੱਲੋਂ ਪਾਏ ਯੋਗਦਾਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਢੁੱਡੀਕੇ ਪਿੰਡ ਦੀ ਇਕ ਗਲੀ-ਬਸਤੀ ਦਾ ਨਾਮਕਰਣ 'ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਗਲੀ-ਬਸਤੀ' ਕੀਤਾ ਗਿਆ। ਜ਼ਿਕਰਯੋਗ ਹੈ ਕਿ ਬਾਬਾ ਈਸ਼ਰ ਸਿੰਘ ਨੇ ਦੇਸ਼ ਨੂੰ ਬਰਤਾਨਵੀ ਸਾਮਰਾਜ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਚੱਲੀ ਗ਼ਦਰ ਲਹਿਰ ਵਿਚ ਸਰਗਰਮੀ ਨਾਲ ਭਾਗ ਲਿਆ ਅਤੇ ਦੇਸ਼ ਖਾਤਰ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਸੀ। ਉਨ੍ਹਾਂ ਨੂੰ ਲਾਹੌਰ ਸਾਜਿਸ਼ ਕੇਸ ਤਹਿਤ ਫਾਂਸੀ ਦੀ ਸਜ਼ਾ ਹੋਈ ਸੀ ਤੇ 18 ਜੂਨ 1916 ਨੂੰ ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਸੀ। 'ਸੇਵਾ ਮੁਕਤ ਸੀਨੀਅਰ ਸਟਿਜ਼ਨ ਗ਼ਦਰ ਮੈਮੋਰੀਅਲ ਸੋਸਾਇਟੀ' ਵੱਲੋਂ ਸ਼ਹੀਦ ਦੀ ਯਾਦ ਵਿਚ ਉਨ੍ਹਾਂ ਦੀ ਪੁਸ਼ਤੈਨੀ ਗਲੀ-ਬਸਤੀ ਵਿਚ ਇਕ ਸਮਾਰਕ ਸਥਾਪਿਤ ਕੀਤਾ ਗਿਆ, ਜਿਸ ਉਪਰ ਬਾਬਾ ਈਸ਼ਰ ਸਿੰਘ ਦਾ ਸਮੁੱਚਾ ਜੀਵਨ ਬਿਉਰਾ ਸੰਖੇਪ ਵਿਚ ਅੰਕਿਤ ਕੀਤਾ ਹੋਇਆ ਹੈ। ਇਸ ਸਮਾਰਕ ਉਪਰੋਂ ਪਰਦਾ ਹਟਾਉਣ ਦੀ ਰਸਮ ਉਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਅਦਾ ਕੀਤੀ। ਉਪਰੰਤ ਸ਼ਹੀਦ ਦੀ ਤਸਵੀਰ ਨੂੰ ਨਗਰ ਪੰਚਾਇਤ ਦੇ ਮੈਂਬਰਾਂ ਅਤੇ ਇਲਾਕੇ ਦੇ ਹੋਰ ਪਤਵੰਤੇ ਵਿਅਕਤੀਆਂ ਨੇ ਫੁੱਲ ਪੱਤੀਆਂ ਅਰਪਿਤ ਕੀਤੀਆਂ। ਇਸ ਅਵਸਰ 'ਤੇ ਜਸਵੰਤ ਸਿੰਘ ਕੰਵਲ ਦੀ ਪ੍ਰਧਾਨਗੀ ਹੇਠ ਇਕ ਸਮਾਗਮ ਵੀ ਕੀਤਾ ਗਿਆ, ਜਿਸ ਵਿਚ ਸੁਤੰਤਰਤਾ ਸੰਗਰਾਮ ਵਿਚ ਢੁੱਡੀਕੇ ਪਿੰਡ ਦੇ ਗ਼ਦਰੀ ਬਾਬਿਆਂ ਦੇ ਯੋਗਦਾਨ ਦੀ ਮਾਸਟਰ ਸੁਰਜੀਤ ਸਿੰਘ ਦੌਧਰ, ਲੇਖਕ ਨਛੱਤਰ ਸਿੰਘ ਗਿੱਲ, ਸਾਥੀ ਇੰਦਰਜੀਤ ਸ਼ਰਮਾ ਅਤੇ ਪ੍ਰੋ. ਰਾਕੇਸ਼ ਰਮਨ ਦੁਆਰਾ ਚਰਚਾ ਕੀਤੀ ਗਈ।

ਵਿਚਾਰ-ਚਰਚਾ ਵਿਚ ਭਾਗ ਲੈਂਦਿਆਂ ਲੇਖਕ ਨਛੱਤਰ ਸਿੰਘ ਗਿੱਲ ਨੇ ਸੋਸਾਇਟੀ ਦੇ ਉਦਮ ਨੂੰ ਬੇਹੱਦ ਸ਼ਲਾਘਾਯੋਗ ਦੱਸਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਢੁੱਡੀਕੇ ਪਿੰਡ ਦਾ ਨਾਂ ਵਿਸ਼ਵ ਨਕਸ਼ੇ ਵਿਚ ਹੋਰ ਵੀ ਸਨਮਾਨਯੋਗ ਸਥਾਨ ਹਾਸਿਲ ਕਰੇਗਾ, ਕਿਉਂਕਿ ਅਜਿਹਾ ਹੋਣ ਨਾਲ ਲੋਕਾਂ ਵਿਚ ਇਹ ਸੰਦੇਸ਼ ਜਾਵੇਗਾ ਕਿ ਢੁੱਡੀਕੇ ਵਾਲੇ ਆਪਣੀ ਵੱਡਮੁੱਲੀ ਵਿਰਾਸਤ ਪ੍ਰਤੀ ਕਿੰਨੇ ਸੁਚੇਤ ਹਨ। ਮਾਸਟਰ ਸੁਰਜੀਤ ਸਿੰਘ ਦੌਧਰ ਨੇ ਕਿਹਾ ਕਿ ਸੋਸਾਇਟੀ ਨੇ ਇਹ ਉਪਰਾਲਾ ਇਸ ਲਈ ਕੀਤਾ ਹੈ ਤਾਂ ਕਿ ਸ਼ਹੀਦਾਂ ਦੀ ਯਾਦ ਸਦਾ ਤਾਜ਼ਾ ਰਹੇ ਅਤੇ ਨੌਜਵਾਨ ਆਪਣੇ ਸਹੀ ਰੋਲ ਮਾਡਲ ਪਛਾਣ ਸਕਣ। ਇੰਦਰਜੀਤ ਸ਼ਰਮਾ ਨੇ ਸਰੋਤਿਆਂ ਦੀ ਝਾਤ ਬਾਬਾ ਈਸ਼ਰ ਸਿੰਘ ਦੇ ਯੋਗਦਾਨ ਅਤੇ ਕੁਰਬਾਨੀ ਉਪਰ ਪੁਆਈ। ਪ੍ਰੋ. ਰਾਕੇਸ਼ ਰਮਨ ਨੇ ਵਿਚਾਰ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਸੋਸਾਇਟੀ ਵੱਲੋਂ ਸ਼ਹੀਦ ਦਾ ਸਮਾਰਕ ਸਥਾਪਤ ਕਰਨ ਅਤੇ ਗਲੀ-ਬਸਤੀ ਦਾ ਨਾਮਕਰਣ ਉਨ੍ਹਾਂ ਦੇ ਨਾਂ 'ਤੇ ਕਰਨ ਨਾਲ ਢੁੱਡੀਕੇ ਵਿਚ ਇਕ ਨਵੀਂ ਪਿਰਤ ਪਈ ਹੈ। ਇੰਝ ਕਰਕੇ ਸੋਸਾਇਟੀ ਨੇ ਨਸ਼ਿਆਂ ਤੇ ਨਿਰਾਸ਼ਾ ਦੀ ਜਿਲ੍ਹਣ ਵਿਚ ਧਸ ਰਹੀ ਨੌਜਵਾਨ ਪੀੜ੍ਹੀ ਨੂੰ ਸਮੇਂ ਸਿਰ ਆਪਣੇ ਗੌਰਵਮਈ ਅਤੀਤ ਤੋਂ ਸੇਧ ਲੈਣ ਦਾ ਸੰਦੇਸ਼ ਦਿੱਤਾ ਹੈ।

ਇਨਕਲਾਬੀ ਜਜ਼ਬੇ ਨਾਲ ਭਰਪੂਰ ਪ੍ਰਧਾਨਗੀ ਭਾਸ਼ਣ ਦਿੰਦਿਆਂ ਜਸਵੰਤ ਸਿੰਘ ਕੰਵਲ ਨੇ ਕਿਹਾ, "ਮੇਰੀ ਦੇਹ ਭਾਵੇਂ ਹਾਰ ਰਹੀ ਹੈ, ਪਰ ਜਜ਼ਬਾ ਕਾਇਮ ਹੈ। ਪੰਜਾਬ ਉਜੜ ਰਿਹਾ ਹੈ ਤੇ ਇਸ ਨੂੰ ਬਚਾਉਣ ਵਾਲਾ ਕੋਈ ਨਹੀਂ। ਅਕਾਲੀ-ਕਾਂਗਰਸੀ ਸਭ ਪੰਜਾਬੀਆਂ ਨੂੰ ਧੋਖੇ ਵਿਚ ਰੱਖ ਰਹੇ ਹਨ। ਪੰਜਾਬ ਦੇ ਕਿਰਸਾਣ ਸਿਰ ਕਰਜ਼ੇ ਦੀ ਪੰਡ ਦਿਨੋਂ ਭਾਰੀ ਹੁੰਦੀ ਜਾ ਰਹੀ ਹੈ। ਇਹ ਸਭ ਜਾਣ-ਬੁੱਝ ਕੇ ਕੀਤਾ ਜਾ ਰਿਹਾ ਹੈ ਤਾਂ ਕਿ ਪੰਜਾਬ ਦਾ ਕਿਰਸਾਣ ਉਭਰ ਨਾ ਸਕੇ, ਤਰੱਕੀ ਨਾ ਕਰ ਸਕੇ। ਨੌਜਵਾਨ ਨਸ਼ਿਆਂ ਵੱਲ ਜਾ ਰਹੇ ਹਨ ਜਾਂ ਫਿਰ ਵਿਦੇਸ਼ਾਂ ਨੂੰ ਦੌੜ ਰਹੇ ਹਨ। ਅਰਥ ਸ਼ਾਸਤਰੀ ਦੱਸਦੇ ਹਨ ਕਿ ਪੰਜਾਬ ਦੇ 44 ਫੀਸਦੀ ਲੋਕਾਂ ਦੀ ਕਮਾਈ 56 ਫੀਸਦੀ ਵਿਹਲੜ ਖਾ ਰਹੇ ਹਨ। ਇਸ ਕਰਕੇ ਹਾਲਾਤ ਬਹੁਤ ਚਿੰਤਾਜਨਕ ਹਨ। ਹੁਣ ਲੋਕਾਂ ਨੂੰ ਆਪਣਾ ਭਵਿੱਖ ਆਪ ਘੜਨ ਲਈ ਡੁੱਬਦੇ ਪੰਜਾਬ ਦੀ ਬੇੜੀ ਬੰਨੇ ਲਾਉਣ ਲਈ ਖੁਦ ਅੱਗੇ ਆਉਣਾ ਹੋਵੇਗਾ, ਆਪਣੇ ਇਤਿਹਾਸ ਤੋਂ ਪ੍ਰੇਰਣਾ ਅਤੇ ਸੇਧ ਲੈਣੀ ਹੋਵੇਗੀ। ਗ਼ਦਰੀ ਬਾਬਿਆਂ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਉਣਾ ਹੋਵੇਗਾ।

ਇਸ ਅਵਸਰ 'ਤੇ ਇਸਤਰੀ ਆਗੂ ਬੀਬੀ ਸੁਰਿੰਦਰ ਕੌਰ ਵੱਲੋਂ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ (ਪ੍ਰਧਾਨ ਸੋਸਾਇਟੀ), ਬਸੰਤ ਸਿੰਘ, ਬਚਿੱਤਰ ਸਿੰਘ (ਮੀਤ ਪ੍ਰਧਾਨ), ਮਾਸਟਰ ਜੈਕਬ ਮਸੀਹ, ਜਗਤਾਰ ਸਿੰਘ ਧਾਲੀਵਾਲ (ਸਰਪੰਚ), ਸੰਤੋਖ ਸਿੰਘ ਵੀ ਸ਼ਾਮਿਲ ਹੋਏ। ਅਮਰਜੀਤ ਸਿੰਘ ਨੇ 'ਸੇਵਾ ਮੁਕਤ ਸੀਨੀਅਰ ਸਿਟੀਜ਼ਨ ਗ਼ਦਰ ਮੈਮੋਰੀਅਲ' ਦੀ ਤਰਫ਼ੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਰਿਪੋਰਟ : ਰਮਨ

BMO Bank of Montreal



ਬੀ.ਐਮ.ਓ. ਦੀ ਮਿਲਵੁਡਜ਼ ਵਿਖੇ ਨਵੀਂ ਸਾਖ਼ਾ 12 ਮਾਰਚ ਤੋਂ

ਐਡਮਿੰਟਨ, (ਨਦਬ) : ਬੈਂਕ ਆਫ ਮੌਨਟਰੀਅਲ ਵੱਲੋਂ ਗਾਹਕਾਂ ਦੀ ਮੰਗ ਤੇ ਸਹੂਲੀਅਤ ਨੂੰ ਧਿਆਨ 'ਚ ਰੱਖਦਿਆਂ ਮਿਲਵੁਡਜ਼ ਵਿਖੇ ਆਪਣੀ ਨਵੀਂ ਸਾਖ਼ਾ ਖੋਲ੍ਹੀ ਜਾ ਰਹੀ ਹੈ। ਇਸ ਬਾਰੇ ਗੱਲਬਾਤ ਕਰਦੇ ਹੋਏ ਬ੍ਰਾਂਚ ਮੈਨੇਜਰ ਲਾਇਲ ਆਰਲੀਲਾਈਨ ਨੇ 'ਨਵੀਂ ਦੁਨੀਆ' ਨੂੰ ਦੱਸਿਆ ਕਿ ਟਾਊਨ ਸੈਂਟਰ ਦੇ ਸਾਹਮਣੇ 23 ਐਵੀਨਿਊ 'ਤੇ ਬੀ.ਐਮ.ਓ ਦੀ ਨਵੀਂ ਸਾਖਾ 12 ਮਾਰਚ ਨੂੰ ਆਮ ਜਨਤਾ ਲਈ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਦੇ ਨਾਲ ਹੀ 5 ਮਈ ਨੂੰ ਇਸ ਦੀ 'ਗਰੈਂਡ ਓਪਨਿੰਗ' ਲਈ ਇਕ ਸਮਾਗਮ ਵੀ ਕੀਤਾ ਜਾਵੇਗਾ।

ਲਾਇਲ ਨੇ ਦੱਸਿਆ ਕਿ 12 ਮਾਰਚ (ਸਾਖ਼ਾ ਦੀ ਸ਼ੁਰੂਆਤ ਵਾਲੇ ਦਿਨ) ਤੋਂ ਲੈ ਕੇ 17 ਮਾਰਚ ਤੱਕ 'ਕਸਟਮਰ ਐਪੀਰੀਸ਼ੇਸਨ ਵੀਕ' ਮਨਾਇਆ ਜਾਵੇਗਾ, ਜਿਸ ਵਿਚ ਆਪਣਾ ਅਕਾਊਂਟ ਖੁਲਵਾਉਣ ਵਾਲਿਆਂ ਵਾਸਤੇ ਖਾਸ ਪੇਸ਼ਕਸ਼ਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਅੱਗੇ ਦੱਸਿਆ ਕਿ 12 ਮਾਰਚ ਤੋਂ 31 ਮਈ ਤੱਕ ਜੋ ਵੀ ਗਾਹਕ ਆਪਣੇ ਘਰ ਦੀ ਮੌਰਗੇਜ਼ ਕਰਾਉਣਗੇ, ਉਨ੍ਹਾਂ ਲਈ ਵੀ ਬੈਂਕ ਖਾਸ ਪੇਸ਼ਕਸ਼ ਦੇਵੇਗਾ। ਲਾਇਲ ਨੇ ਕਿਹਾ ਕਿ ਮਿਲਵੁਡਜ਼ 23 ਐਵੀਨਿਊ ਦੀ ਇਹ ਸ਼ਾਖਾ ਹਫ਼ਤੇ ਦੇ ਸੱਤੇ ਦਿਨ ਖੁੱਲ੍ਹੀ ਰਹੇਗੀ। ਇਸ ਦਾ ਸਮਾਂ ਸੋਮਵਾਰ ਤੋਂ ਬੁੱਧਵਾਰ ਤੱਕ ਸਵੇਰੇ 9 ਤੋਂ ਸ਼ਾਮ 6 ਵਜੇ ਤੱਕ, ਵੀਰਵਾਰ ਤੋਂ ਸ਼ੁਕਰਵਾਰ ਤੱਕ ਸਵੇਰੇ 9 ਤੋਂ ਸ਼ਾਮ 8, ਸ਼ਨੀਵਾਰ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਅਤੇ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ।

ਇਹੋ ਹਮਾਰਾ ਜੀਵਣਾ

8 ਮਾਰਚ - ਕੌਮਾਂਤਰੀ ਇਸਤਰੀ ਦਿਵਸ 'ਤੇ ਵਿਸ਼ੇਸ਼

ਇੰਡੋ-ਕੈਨੇਡੀਅਨ ਔਰਤਾਂ ਦੇ ਕਤਲਾਂ ਦੀ ਦਾਸਤਾਨ



ਸੁਖਵੰਤ ਹੁੰਦਲ
sukhwanthundal123@gmail.com

ਕੈਨੇਡਾ ਦੇ ਭਾਰਤੀ ਸਮਾਜ ਵਿਚ ਔਰਤਾਂ ਵਿਰੁੱਧ ਹਿੰਸਾ ਦਾ ਵਰਤਾਰਾ ਇਕ ਗੰਭੀਰ ਸਮੱਸਿਆ ਹੈ। ਬੇਸ਼ੱਕ ਸਮੇਂ ਸਮੇਂ ਇਸ ਸਮੱਸਿਆ ਬਾਰੇ ਕਮਿਉਨਿਟੀ ਵਿਚ ਗੱਲਬਾਤ ਚਲਦੀ ਆਈ ਹੈ, ਪਰ ਇਸ ਸਮੱਸਿਆ ਬਾਰੇ ਉਨੀ ਸ਼ਿੱਦਤ ਅਤੇ ਗੰਭੀਰਤਾ ਅਤੇ ਲਗਾਤਾਰਤਾ ਨਾਲ ਇਹ ਗੱਲਬਾਤ ਨਹੀਂ ਚੱਲ ਸਕੀ ਜਿੰਨੀ ਸ਼ਿੱਦਤ, ਗੰਭੀਰਤਾ ਅਤੇ ਲਗਾਤਾਰਤਾ ਦੀ ਇਹ ਸਮੱਸਿਆ ਮੰਗ ਕਰਦੀ ਹੈ। ਸ਼ਾਇਦ ਇਸ ਦਾ ਇਕ ਕਾਰਨ ਇਹ ਹੈ ਕਿ ਕੈਨੇਡੀਅਨ ਭਾਰਤੀ ਸਮਾਜ ਇਸ ਸਮੱਸਿਆ ਨੂੰ ਸਮੁੱਚਤਾ ਵਿੱਚ ਦੇਖਣ ਤੋਂ ਅਸਮਰਥ ਰਿਹਾ ਹੈ। ਜਦੋਂ ਕੈਨੇਡੀਅਨ ਭਾਰਤੀ ਪਰਿਵਾਰਾਂ ਵਿੱਚ ਇਹ ਸਮੱਸਿਆ ਆਪਣੇ ਅੰਤਿਮ ਚਰਮ ਤੇ ਪਹੁੰਚ ਜਾਂਦੀ ਹੈ, ਭਾਵ ਪਰਿਵਾਰ ਦੇ ਕਿਸੇ ਮਰਦ ਮੈਂਬਰ ਵਲੋਂ ਕਿਸੇ ਔਰਤ ਦਾ ਕਤਲ ਹੋ ਜਾਂਦਾ ਹੈ, ਤਾਂ ਉਸ ਸਮੇਂ ਕਮਿਉਨਿਟੀ ਵਲੋਂ ਇਸ ਬਾਰੇ ਸਦਮੇ ਵਾਲਾ ਪ੍ਰਤੀਕਰਮ ਹੁੰਦਾ ਹੈ। ਇਹਨਾਂ ਕਤਲਾਂ ਬਾਰੇ ਹਾਅ ਦਾ ਨਾਹਰਾ ਮਾਰਿਆ ਜਾਂਦਾ ਹੈ। ਪਰ ਕਤਲ ਵਾਪਰਨ ਤੋਂ ਕੁਝ ਸਮਾਂ ਬਾਅਦ ਹੀ ਕਮਿਉਨਟੀ ਇਸ ਸਮੱਸਿਆ ਦੀ ਚਿੰਤਾ ਨੂੰ ਭੁੱਲ ਭੁਲਾ ਜਾਂਦੀ ਹੈ ਅਤੇ "ਸਭ ਅੱਛਾ ਹੈ" ਦੇ ਆਲਮ ਹੇਠ ਜਿਉਣ ਲੱਗਦੀ ਹੈ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਇਸ ਲੇਖ ਵਿੱਚ ਕੈਨੇਡਾ ਵਿੱਚ 35 ਸਾਲਾਂ (1972-2007) ਦੌਰਾਨ ਭਾਰਤੀ ਮੂਲ ਦੇ ਪ੍ਰੀਵਾਰਾਂ ਵਿੱਚ ਹੋਏ ਔਰਤਾਂ ਦੇ ਕਤਲਾਂ ਅਤੇ ਔਰਤਾਂ 'ਤੇ ਹੋਏ ਕੁਝ ਸੰਗੀਨ ਹਮਲਿਆਂ ਦਾ ਸੰਖੇਪ ਵੇਰਵਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਸ ਹੈ ਕਿ ਅਜਿਹਾ ਵੇਰਵਾ ਭਾਰਤੀ ਕੈਨੇਡੀਅਨ ਔਰਤਾਂ ਵਿਰੁੱਧ ਵਾਪਰਦੀ ਹਿੰਸਾ ਨੂੰ ਸਮੁੱਚਤਾ ਵਿੱਚ ਦੇਖਣ ਵਿੱਚ ਸਾਡੀ ਮਦਦ ਕਰੇਗਾ। ਔਰਤਾਂ ਦੇ ਕੀਤੇ ਗਏ ਕਤਲ ਜਿਹਨਾਂ ਲਈ ਪਤੀਆਂ ਜਾਂ ਪਰਿਵਾਰ ਦੇ ਦੂਸਰੇ ਮੈਂਬਰਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਜਾਂ ਉਹਨਾਂ ਨੂੰ ਚਾਰਜ ਕੀਤਾ ਗਿਆ ਹੈ ਜਾਂ ਉਹਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਦਸੰਬਰ 2007

ਮਿਸੀਸਾਗਾ:- 57 ਸਾਲਾ ਮੁਹੰਮਦ ਪਰਵੇਜ਼ ਨੂੰ ਆਪਣੀ 16 ਸਾਲਾ ਬੇਟੀ ਅਕਸਾ ਪਰਵੇਜ਼ ਨੂੰ ਕਤਲ ਕਰਨ ਲਈ ਗ੍ਰਿਫਤਾਰ ਕਰ ਲਿਆ ਗਿਆ। ਮੁਹੰਮਦ ਪਰਵੇਜ਼ ਨੇ ਆਪਣੀ ਬੇਟੀ ਅਕਸਾ ਪਰਵੇਜ਼ ਨੂੰ ਇਸ ਲਈ ਗਲ ਘੁੱਟ ਕੇ ਮਾਰ ਦਿੱਤਾ ਕਿਉਂਕਿ ਅਕਸਾ ਨੇ ਹਿਜਾਬ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਅਕਸਾ ਪਰਵੇਜ਼ ਦੇ ਵੱਡੇ ਭਰਾ ਵਕਸ ਪਰਵੇਜ਼ (ਉਮਰ 26 ਸਾਲ) ਉੱਪਰ ਵੀ ਪੁਲੀਸ ਦੇ ਕੰਮ ਵਿੱਚ ਰੁਕਾਵਟ ਪਾਉਣ ਦੇ ਦੋਸ਼ ਲਾਏ ਗਏ।

21 ਨਵੰਬਰ 2007

ਓਟਵਾ:- ਅਮਰਜੀਤ ਕੌਰ ਬਰਾੜ ਅਤੇ ਉਸ ਦੀਆਂ ਦੋ ਬੇਟੀਆਂ ਮਨਮੀਤ (ਉਮਰ 20 ਸਾਲ) ਅਤੇ ਦਿਲਦੀਪ (ਉਮਰ 22 ਸਾਲ) ਦੀਆਂ ਲਾਸ਼ਾਂ ਉਹਨਾਂ ਦੇ ਘਰ ਵਿੱਚੋਂ ਮਿਲੀਆਂ। ਪੁਲੀਸ ਦਾ ਵਿਸ਼ਵਾਸ ਹੈ ਕਿ ਸੰਤਬੀਰ ਸਿੰਘ ਬਰਾੜ (ਅਮਰਜੀਤ ਕੌਰ ਬਰਾੜ ਦੇ ਪਤੀ) ਨੇ ਪਹਿਲਾਂ ਆਪਣੀ ਪਤਨੀ ਅਤੇ ਬੇਟੀਆਂ ਨੂੰ ਗੋਲੀ ਮਾਰੀ ਅਤੇ ਫਿਰ ਖੁਦ ਨੂੰ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ।

5 ਜੁਲਾਈ 2007

ਪੰਜਾਬ:- ਪੁਲੀਸ ਨੇ ਕੈਲਗਰੀ ਦੇ ਰਹਿਣ ਵਾਲੇ 32 ਸਾਲਾ ਜਗਤਾਰ ਸਿੰਘ ਮੱਲ੍ਹੀ ਉੱਪਰ ਚਾਰਜ ਲਾਇਆ ਹੈ ਕਿ ਮੱਲ੍ਹੀ ਨੇ ਆਪਣੀ 26 ਸਾਲਾ ਪਤਨੀ ਕਿਰਨਪਾਲ ਕੌਰ ਮੱਲ੍ਹੀ ਨੂੰ ਕਤਲ ਕਰਵਾਉਣ ਦਾ ਪ੍ਰਬੰਧ ਕੀਤਾ ਹੈ। ਰਿਪੋਰਟਾਂ ਅਨੁਸਾਰ ਕਿਰਨਪਾਲ ਕੌਰ ਮੱਲ੍ਹੀ ਦਾ ਕਤਲ ਇਸ ਕਰਕੇ ਕੀਤਾ ਗਿਆ ਕਿਉਂਕਿ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਦੇ ਪਤੀ ਦੇ ਕਿਸੇ ਹੋਰ ਔਰਤ ਨਾਲ ਸੰਬੰਧ ਸਨ। ਜਗਤਾਰ ਸਿੰਘ ਮੱਲ੍ਹੀ ਨੂੰ ਇਸ ਗੱਲ ਦਾ ਵੀ ਗੁੱਸਾ ਸੀ ਕਿ ਕਿਰਨਪਾਲ ਕੌਰ ਨੇ ਆਪਣੀ ਪੜ੍ਹੀ ਲਿਖੀ ਭੈਣ ਦਾ ਵਿਆਹ ਜਗਤਾਰ ਸਿੰਘ ਦੇ ਅਨਪੜ੍ਹ ਭਤੀਜੇ ਨਾਲ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ।

7 ਫਰਵਰੀ 2007

ਸਰੀ, ਬ੍ਰਿਟਿਸ਼ ਕੋਲੰਬੀਆ:- ਸਰੀ ਵਿੱਚ ਅਮਨਦੀਪ



ਕੌਰ ਬਾਹੀਆ ਦੀ ਆਪਣੇ ਘਰ ਵਿੱਚ ਬੁਰੀ ਤਰ੍ਹਾਂ ਕੱਟੀ-ਵੱਢੀ ਲਾਸ਼ ਮਿਲੀ। ਉਸ ਸਮੇਂ ਉਸ ਦੀਆਂ ਦੋ ਛੋਟੀਆਂ ਬੱਚੀਆਂ ਘਰ ਵਿੱਚ ਸਨ। ਜਦੋਂ ਅਮਨਦੀਪ ਦੇ ਸਹੁਰਿਆਂ ਨੇ ਘਰ ਆ ਕੇ ਅਮਨਦੀਪ ਦੀ ਲਾਸ਼ ਦੇਖੀ, ਉਸ ਸਮੇਂ ਅਮਨਦੀਪ ਦੀ ਇਕ ਸਾਲਾ ਛੋਟੀ ਬੱਚੀ ਆਪਣੀ ਮਾਂ ਦੀ ਲਹੂ-ਭਿਜੀ ਲਾਸ਼ ਕੋਲ ਬੈਠੀ ਸੀ। ਲੰਮੀ ਤਫਤੀਸ਼ ਮਗਰੋਂ ਜਨਵਰੀ 2011 ਅਮਨਦੀਪ ਦੇ ਕਤਲ ਲਈ ਉਸ ਦੇ ਪਤੀ ਬਲਜਿੰਦਰ ਸਿੰਘ ਬਾਹੀਆ, ਤਨਪ੍ਰੀਤ ਕੌਰ ਅਠਵਾਲ ਅਤੇ ਐਡੂਅਰਡ ਵਿਕਟਰਵਿਚ ਬਾਰਨੈਕ ਨੂੰ ਚਾਰਜ ਕਰ ਲਿਆ ਗਿਆ।

29 ਅਕਤੂਬਰ 2006

ਸਰੀ, ਬ੍ਰਿਟਿਸ਼ ਕੋਲੰਬੀਆ :- 27 ਸਾਲਾ ਨਵਰੀਤ ਕੌਰ ਵੜੈਚ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ।



ਇਸ ਕਤਲ ਦੇ ਸੰਬੰਧ ਵਿੱਚ ਉਸ ਦੇ ਪਤੀ ਜਤਿੰਦਰ ਵੜੈਚ ਉੱਪਰ ਸੈਕਿੰਡ ਡਿਗਰੀ ਦੇ ਕਤਲ ਦਾ ਚਾਰਜ ਲਾਇਆ ਗਿਆ ਹੈ। ਕਤਲ ਤੋਂ ਤਿੰਨ ਕੁ ਸਾਲ ਪਹਿਲਾਂ ਨਵਰੀਤ ਦਾ ਵਿਆਹ ਜਤਿੰਦਰ ਨਾਲ ਹੋਇਆ ਸੀ ਅਤੇ ਵਿਆਹ ਤੋਂ 5 ਮਹੀਨੇ ਬਾਅਦ ਉਹ ਕੈਨੇਡਾ ਆ ਗਈ ਸੀ। ਕਤਲ ਸਮੇਂ ਨਵਰੀਤ ਅਤੇ ਜਤਿੰਦਰ ਦਾ 4 ਮਹੀਨਿਆਂ ਦਾ ਇਕ ਬੇਟਾ ਸੀ। ਜੁਲਾਈ 2008 ਵਿੱਚ ਜਤਿੰਦਰ ਵੜੈਚ ਨੂੰ ਨਵਰੀਤ ਦੇ ਕਤਲ ਲਈ ਘੱਟੋ ਘੱਟ 10 ਸਾਲ ਜ਼ਰੂਰੀ ਕੈਦ (ਮੈਨੇਡਟਰੀ ਮਿਨੀਮੱਮ ਆਫ 10 ਯੀਅਰਜ਼) ਦੀ ਸਜ਼ਾ ਸੁਣਾਈ ਗਈ।

23 ਅਕਤੂਬਰ 2006

ਡੈਲਟਾ, ਬ੍ਰਿਟਿਸ਼ ਕੋਲੰਬੀਆ :- ਸਾਊਥ ਡੈਲਟਾ ਦੀ ਇਕ ਬੀਚ 'ਤੇ 30 ਸਾਲਾ ਐਲਮੈਂਟਰੀ ਸਕੂਲ ਟੀਚਰ ਮਨਜੀਤ



ਪਾਂਗਲੀ ਦੀ ਜਲੀ ਹੋਈ ਲਾਸ਼ ਮਿਲੀ। ਬਾਅਦ ਵਿੱਚ ਇਸ ਕਤਲ ਦੇ ਸੰਬੰਧ ਵਿੱਚ ਉਸ ਦੇ ਪਤੀ ਮੁਖਤਿਆਰ ਪਾਂਗਲੀ (ਐਮ ਪੀ) ਉੱਤੇ ਸੈਕਿੰਡ ਡਿਗਰੀ ਕਤਲ ਦੇ ਚਾਰਜ ਲਾਏ ਗਏ ਅਤੇ ਉਸ ਦੇ ਭਰਾ ਸੁਖਵਿੰਦਰ ਪਾਂਗਲੀ ਉੱਪਰ ਕਤਲ ਤੋਂ ਬਾਅਦ ਅਪਰਾਧ ਵਿਚ ਸਹਿਯੋਗੀ ਹੋਣ (ਬਿਇੰਗ ਐਨ ਐਕਸੈਸਰੀ ਆਫਟਰ ਦਾ ਫੈਕਟ) ਦੇ ਚਾਰਜ ਲਾਏ ਗਏ। 35 ਸਾਲਾ ਮੁਖਤਿਆਰ ਪਾਂਗਲੀ ਹਾਈ ਸਕੂਲ ਵਿੱਚ ਸਾਇੰਸ ਦਾ ਟੀਚਰ ਸੀ। ਕਤਲ ਕੀਤੇ ਜਾਣ ਸਮੇਂ ਮਨਜੀਤ ਪਾਂਗਲੀ ਗਰਭਵਤੀ ਸੀ। ਮਾਰਚ 2011 ਵਿੱਚ ਮੁਖਤਿਆਰ ਪਾਂਗਲੀ ਨੂੰ ਮਨਜੀਤ ਨੂੰ ਕਤਲ ਕਰਨ ਬਦਲੇ ਉਮਰ ਕੈਦ ਦੀ ਸਜ਼ਾ ਸੁਣਵਾਈ ਗਈ।

30 ਜੁਲਾਈ 2003

ਬੋਸਟਨ ਬਾਰ, ਬੀ ਸੀ ਦੇ ਨੇੜੇ:- ਕਿਟੀਮੈੱਟ ਦੇ ਰਹਿਣ ਵਾਲੇ 48 ਸਾਲਾ ਰਾਜਿੰਦਰ ਸਿੰਘ ਅਟਵਾਲ ਨੇ ਆਪਣੀ 17 ਸਾਲਾ ਬੇਟੀ



ਅਮਨਦੀਪ ਅਟਵਾਲ 'ਤੇ ਬ੍ਰਿਟਿਸ਼ ਕੋਲੰਬੀਆ ਦੇ ਇਕ ਕਸਬੇ ਬੋਸਟਨ ਬਾਰ ਦੇ ਨੇੜੇ ਚਾਕੂ ਦੇ 17 ਵਾਰ ਕਰਕੇ ਉਸ ਵੇਲੇ ਕਤਲ ਕਰ ਦਿੱਤਾ ਜਦੋਂ ਉਹ ਨਿਊਵੈਂਸਟਮਨਿਸਟਰ ਤੋਂ ਪ੍ਰਿੰਸ ਜੌਰਜ ਨੂੰ ਜਾ ਰਹੇ ਸਨ। ਅਟਵਾਲ ਨੇ ਆਪਣੀ ਬੇਟੀ ਨੂੰ ਇਸ ਲਈ ਕਤਲ ਕੀਤਾ ਕਿਉਂਕਿ ਉਸ ਨੂੰ ਅਮਨਦੀਪ ਦਾ ਇਕ ਨੇਟਿਵ ਇੰਡੀਅਨ ਮੁੰਡੇ ਨਾਲ ਡੇਟਿੰਗ ਕਰਨਾ ਅਤੇ ਰਹਿਣ ਲੱਗ ਪੈਣਾ ਪਸੰਦ ਨਹੀਂ ਸੀ। ਮਾਰਚ 2005 ਵਿੱਚ ਬੀ ਸੀ ਦੀ ਸੁਪਰੀਮ ਕੋਰਟ ਨੇ ਅਟਵਾਲ ਨੂੰ ਸੈਕਿੰਡ ਡਿਗਰੀ ਮਰਡਰ ਲਈ ਦੋਸ਼ੀ ਕਰਾਰ ਦਿੱਤਾ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਇਹ ਸ਼ਰਤ ਲਾਈ ਕਿ ਉਹ 16 ਸਾਲ ਤੋਂ ਪਹਿਲਾਂ ਪੈਰੋਲ 'ਤੇ ਨਹੀਂ ਜਾ ਸਕਦਾ। ਨਵੰਬਰ 2006 ਵਿੱਚ ਬੀ ਸੀ ਦੀ ਅਪੀਲ ਕੋਰਟ ਨੇ ਅਟਵਾਲ ਵਲੋਂ ਪੈਰੋਲ ਦੀ ਸ਼ਰਤ ਵਿਰੁੱਧ ਕੀਤੀ ਅਪੀਲ ਨੂੰ ਰੱਦ ਕਰ ਦਿੱਤਾ।

19 ਮਈ 2001

ਸਰੀ, ਬ੍ਰਿਟਿਸ਼ ਕੋਲੰਬੀਆ:- 22 ਸਾਲਾ ਕੰਵਲਜੀਤ ਨਾਹਰ ਨੂੰ ਉਸ ਦੀ ਬੇਸਮੈਂਟ ਵਿੱਚ ਕਤਲ ਕਰ ਦਿੱਤਾ ਗਿਆ। ਇਸ ਕਤਲ ਦੇ ਸੰਬੰਧ ਵਿੱਚ ਉਸ ਦੇ 24 ਸਾਲਾ ਪਤੀ ਦਿਲਬਾਗ ਸਿੰਘ ਨਾਹਰ ਨੂੰ ਸੈਕਿੰਡ ਡਿਗਰੀ ਕਤਲ ਦੇ ਦੋਸ਼ ਅਧੀਨ ਚਾਰਜ ਕੀਤਾ ਗਿਆ। ਸੰਨ 2002 ਦੀਆਂ ਗਰਮੀਆਂ ਵਿੱਚ ਇਸ ਕਤਲ ਲਈ ਦਿਲਬਾਗ ਨਾਹਰ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਿਸ ਵਿੱਚ ਕਿਹਾ ਗਿਆ ਕਿ ਉਹ 10 ਸਾਲਾਂ ਲਈ ਪੈਰੋਲ 'ਤੇ ਨਹੀਂ ਆ ਸਕਦਾ। ਮੁਕੱਦਮੇ ਦੌਰਾਨ ਨਾਹਰ ਨੇ ਮੰਨਿਆ ਕਿ ਉਸ ਨੇ ਕੰਵਲਜੀਤ ਦੇ ਚਾਕੂ ਮਾਰੇ ਸਨ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਕੰਵਲਜੀਤ ਨੇ ਆਪਣੇ ਕੰਮਾਂ ਨਾਲ ਦਿਲਬਾਗ ਨੂੰ ਅਜਿਹਾ ਕਰਨ ਲਈ ਉਕਸਾਇਆ ਸੀ। ਦਿਲਬਾਗ ਨੇ ਕਿਹਾ ਕਿ ਕੰਵਲਜੀਤ ਨੇ ਉਸ ਕੋਲ ਮੰਨਿਆ ਸੀ ਕਿ ਉਹ ਸਿਗਰਟਾਂ ਅਤੇ ਸ਼ਰਾਬ ਪੀਂਦੀ ਸੀ ਅਤੇ ਉਸਦੇ ਦੂਸਰੇ ਮਰਦਾਂ ਨਾਲ ਸੰਬੰਧ ਸਨ। ਸਰਕਾਰੀ ਵਕੀਲ ਅਤੇ ਕੰਵਲਜੀਤ ਦੇ ਪਿਤਾ ਨੇ ਦਿਲਬਾਗ ਦੇ ਇਹਨਾਂ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ। ਕਤਲ ਹੋਣ ਸਮੇਂ ਆਪਣੇ ਪਤੀ ਨਾਲ ਹੋਈ ਅਣਬਣ ਕਾਰਨ ਕੰਵਲਜੀਤ ਬੇਸਮੈਂਟ ਵਿੱਚ ਆਪਣੀ ਬੱਚੀ ਨਾਲ ਇਕੱਲੀ ਰਹਿੰਦੀ ਸੀ। ਫਰਵਰੀ 2004 ਵਿੱਚ ਬੀ ਸੀ ਦੀ ਅਪੀਲ ਕੋਰਟ ਨੇ ਨਾਹਰ ਵਲੋਂ ਆਪਣੀ ਸਜ਼ਾ ਘਟਾਉਣ ਲਈ ਕੀਤੀ ਅਪੀਲ ਨੂੰ ਰੱਦ ਕਰ ਦਿੱਤਾ।

ਜੂਨ 2000

ਪੰਜਾਬ:- ਮੇਪਲ ਰਿੱਜ ਦੀ 25 ਸਾਲਾ ਜਸਵਿੰਦਰ (ਜੱਸੀ) ਸਿੱਧੂ ਦਾ ਪੰਜਾਬ ਵਿੱਚ ਕਤਲ ਕਰ ਦਿੱਤਾ ਗਿਆ



ਕਿਉਂਕਿ ਉਸ ਨੇ ਆਪਣੇ ਘਰਦਿਆਂ ਦੀ ਮਰਜ਼ੀ ਦੇ ਉਲਟ ਵਿਆਹ ਕੀਤਾ ਸੀ। ਇਸ ਕਤਲ ਦੀ ਸਾਜ਼ਸ ਲਈ ਪੰਜਾਬ ਪੁਲੀਸ ਨੇ 9 ਲੋਕਾਂ 'ਤੇ ਚਾਰਜ ਲਾਏ ਜਿਹਨਾਂ ਵਿੱਚ ਜੱਸੀ ਦੀ ਮਾਂ ਮਲਕੀਅਤ ਕੌਰ ਅਤੇ ਮਾਮਾ ਸੁਰਜੀਤ ਸਿੰਘ ਬਦੇਸ਼ਾ ਵੀ ਸ਼ਾਮਲ ਹਨ। ਜੱਸੀ ਦੀ ਮਾਂ ਅਤੇ ਉਸ ਦਾ ਮਾਮਾ ਦੋਵੇਂ ਕੈਨੇਡਾ ਵਿੱਚ ਰਹਿੰਦੇ ਹਨ। ਅਕਤੂਬਰ 2005 ਵਿੱਚ





ਭਾਰਤ ਵਿੱਚਲੇ 7 ਵਿਅਕਤੀਆਂ ਨੂੰ ਦੋਸ਼ੀ ਪਾਇਆ ਗਿਆ ਅਤੇ ਉਹਨਾਂ ਨੂੰ ਉਮਰ ਕੈਦ ਹੋਈ। ਜਨਵਰੀ 2011 ਨੂੰ ਜੱਸੀ ਦੀ ਮਾਤਾ ਮਲਕੀਅਤ ਕੌਰ ਸਿੱਧੂ ਅਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਨੂੰ ਮੇਪਲ ਰਿੱਜ ਬੀ ਸੀ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਹੁਣ ਉਹਨਾਂ ਉੱਤੇ ਭਾਰਤ ਦੇ ਹਵਾਲੇ ਕਰਨ ਲਈ ਕੇਸ ਚਲਾਇਆ ਜਾਵੇਗਾ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

19 ਅਪ੍ਰੈਲ 1998

ਲੈਂਗਲੀ ਬੀ ਸੀ:- 19 ਅਪ੍ਰੈਲ 1998 ਨੂੰ ਲੈਂਗਲੀ ਵਿੱਚ 37 ਸਾਲਾ ਬਲਜੀਤ ਕੌਰ ਗਰੇਵਾਲ ਨੂੰ ਉਸ ਦੇ ਘਰ ਦੀ ਕਾਰ -ਪੋਰਟ ਵਿੱਚ ਗੋਲੀ ਮਾਰ ਦਿੱਤੀ ਗਈ। ਇਸ ਕਤਲ ਦੇ ਸੰਬੰਧ ਵਿੱਚ ਸਤੰਬਰ 1998 ਵਿੱਚ ਉਸ ਦੇ ਪਤੀ ਅਜੀਤ ਗਰੇਵਾਲ, ਮਤਰੇਏ ਪੁੱਤਰ ਸੁਖਜੀਤ ਗਰੇਵਾਲ ਅਤੇ ਉਸ ਦੇ ਸਾਥੀ ਸੰਦੀਪ ਸਿੰਘ ਤੂਰ ਉੱਤੇ ਫਸਟ ਡਿਗਰੀ ਮਰਡਰ ਅਤੇ ਕਤਲ ਦੀ ਸਾਜਿਸ਼ ਬਣਾਉਣ ਦੇ ਚਾਰਜ ਲਾਏ ਗਏ। ਪੁਲੀਸ ਦਾ ਇਲਜ਼ਾਮ ਸੀ ਕਿ ਸੁਖਜੀਤ ਗਰੇਵਾਲ ਨੇ ਬਲਜੀਤ ਕੌਰ ਦੇ ਗੋਲੀ ਮਾਰੀ ਪਰ ਉਸ ਦੇ ਕਤਲ ਦੀ ਯੋਜਨਾ ਅਜੀਤ ਗਰੇਵਾਲ ਨੇ ਬਣਾਈ ਕਿਉਂਕਿ ਉਹ ਆਪਣੀ ਪਤਨੀ ਦੀ ਦੌਲਤ ਉੱਪਰ ਕੰਟਰੋਲ ਕਰਨਾ ਚਾਹੁੰਦਾ ਸੀ।

5 ਅਪ੍ਰੈਲ 1996

ਵਰਨਨ, ਬੀ ਸੀ:- ਮਾਰਕ ਵਿਜੇ ਚਾਹਲ ਨੇ ਆਪਣੇ ਸਹੁਰਿਆਂ ਦੇ ਘਰ ਆਪਣੀ ਵੱਖ ਹੋਈ ਪਤਨੀ ਰਾਜਵਾਰ ਗਾਖਲ ਅਤੇ ਉਸ ਦੇ ਪਰਿਵਾਰ ਦੇ ਅੱਠ ਮੈਂਬਰਾਂ ਨੂੰ ਗੋਲੀ ਮਾਰਕੇ ਕਤਲ ਕਰ ਦਿੱਤਾ। ਇਸ ਗੋਲੀਕਾਂਡ ਵਿੱਚ ਮਰਨ ਵਾਲੇ ਵਿਅਕਤੀਆਂ ਵਿੱਚ ਸਨ: ਕਰਨੈਲ ਸਿੰਘ ਗਾਖਲ (ਰਾਜਵਾਰ ਦੇ ਪਿਤਾ), ਦਰਸ਼ਨ ਕੌਰ ਗਾਖਲ (ਰਾਜਵਰ ਦੀ ਮਾਤਾ), ਬਲਵਿੰਦਰ ਕੌਰ ਗਾਖਲ (ਰਾਜਵਰ ਦੀ ਭੈਣ), ਜਸਪਾਲ ਸਿੰਘ ਗਾਖਲ (ਰਾਜਵਰ ਦਾ ਭਰਾ), ਹਰਵਿੰਦਰ ਕੌਰ ਗਾਖਲ (ਰਾਜਵਰ ਦੀ ਭੈਣ), ਕੁਲਵਿੰਦਰ ਕੌਰ ਗਾਖਲ (ਰਾਜਵਰ ਦੀ ਭੈਣ), ਬਲਜੀਤ ਸਿੰਘ ਸਰਾਂ, ਜਸਬੀਰ ਕੌਰ ਸਰਾਂ, ਅਤੇ ਰਾਜਵਰ ਕੌਰ ਗਾਖਲ। ਮਰਨ ਵਾਲੇ ਇਹਨਾਂ ਲੋਕਾਂ ਤੋਂ ਬਿਨਾਂ ਗੁਰਮੇਲ ਕੌਰ ਸਰਾਂ ਅਤੇ 6 ਸਾਲ ਦੀ ਉਮਰ ਦੀ ਬੱਚੀ ਜਸਟਿਨ ਜ਼ਖਮੀ ਹੋਏ। ਇਸ ਵਾਰਦਾਤ ਵਾਲੇ ਦਿਨ ਗਾਖਲ ਪਰਿਵਾਰ ਰਾਜਵਰ ਦੀ ਭੈਣ ਬਲਵਿੰਦਰ ਗਾਖਲ ਦੇ ਵਿਆਹ ਦੀ ਤਿਆਰੀ ਕਰ ਰਿਹਾ ਸੀ ਜਿਹੜਾ ਕਿ ਅਗਲੇ ਦਿਨ 6 ਅਪ੍ਰੈਲ ਨੂੰ ਹੋਣਾ ਸੀ। ਪੁਲੀਸ ਦੇ ਅੰਦਾਜ਼ੇ ਮੁਤਾਬਕ ਮਾਰਕ ਵਿਜੇ ਚਾਹਲ ਘਰ ਤਿੰਨ ਮਿਨਟ ਰਿਹਾ ਅਤੇ ਇਸ ਸਮੇਂ ਦੌਰਾਨ ਉਸ ਨੇ 28 ਗੋਲੀਆਂ ਚਲਾਈਆਂ। ਇਸ ਕਾਂਡ ਬਾਅਦ ਉਹ ਆਪਣੀ ਕਿਰਾਏ ਉੱਤੇ ਕੀਤੀ ਕਾਰ ਵਿੱਚ ਬੈਠ ਆਪਣੇ ਮੋਟਲ ਵਿੱਚ ਚਲਾ ਗਿਆ, ਜਿੱਥੇ ਉਸ ਨੇ ਆਪਣੇ ਸਿਰ ਵਿੱਚ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ।

17 ਜਨਵਰੀ 1994

ਡੈਲਟਾ, ਬੀ ਸੀ:- 29 ਸਾਲਾ ਹਰਜਿੰਦਰ ਕੌਰ ਨਿੱਜਰ ਦੀ ਲਾਸ਼ ਡੈਲਟਾ ਦੀ ਲੈਂਡਫਿੱਲ (ਸ਼ਹਿਰ ਦਾ ਕੂੜਾ ਸੁੱਟਣ ਵਾਲੀ ਥਾਂ) ਵਿੱਚ ਇਕ ਬੈਗ ਵਿੱਚ ਮਿਲੀ। ਇਸ ਕਤਲ ਦੇ ਸੰਬੰਧ ਵਿੱਚ ਮਈ 1995 ਵਿੱਚ ਹਰਜਿੰਦਰ ਦੇ ਪਤੀ ਬਾਜ ਨਿੱਜਰ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਅਤੇ 25 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ। ਬਾਜ ਨੇ ਹਰਜਿੰਦਰ ਨੂੰ ਇਸ ਲਈ ਕਤਲ ਕੀਤਾ ਕਿਉਂਕਿ ਬਾਜ ਦੇ ਇਕ ਹੋਰ ਔਰਤ ਅਮਰਜੀਤ ਢੇਸੀ ਨਾਲ ਸੰਬੰਧ ਸਨ। ਹਰਜਿੰਦਰ ਬਾਜ ਦੀ ਤੀਸਰੀ ਪਤਨੀ ਸੀ। ਪੁਲੀਸ ਬਾਜ ਨਿੱਜਰ ਨੂੰ ਦੋ ਹੋਰ ਔਰਤਾਂ ਦੇ ਲਾਪਤਾ ਹੋਣ ਬਾਰੇ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖਦੀ ਸੀ। ਲਾਪਤਾ ਹੋਈਆਂ ਇਹਨਾਂ ਔਰਤਾਂ ਵਿੱਚੋਂ ਇਕ ਉਸ ਦੀ ਪਹਿਲੀ ਪਤਨੀ ਦਲਜੀਤ ਕੌਰ ਲੋਤੇ ਸੀ ਜੋ ਟਰਾਂਟੋ ਦੇ ਇਲਾਕੇ ਵਿੱਚੋਂ 1986 ਵਿੱਚ ਲਾਪਤਾ ਹੋ ਗਈ ਸੀ ਅਤੇ ਦੂਸਰੀ ਔਰਤ ਸੀ ਹਰਬਖਸ਼ ਕੌਰ ਸਿੰਘ, ਜਿਹੜੀ ਮਾਰਚ 1992 ਵਿੱਚ ਲਾਪਤਾ ਹੋ ਗਈ ਸੀ।

11 ਦਸੰਬਰ1993

ਵੈਸਟ ਵੈਨਕੂਵਰ, ਬੀ ਸੀ:- 23 ਸਾਲਾ ਨਜ਼ੀਸ਼ ਖਾਨ ਦੀ ਪਰਦਿਆਂ ਵਿੱਚ ਲਪੇਟੀ ਅਤੇ ਕੂੜਾ ਸਾਂਭਣ ਵਾਲੇ ਬੈਗਾਂ ਨਾਲ ਢਕੀ ਲਾਸ਼ ਉਸ ਦੇ ਸਹੁਰੇ ਪਰਿਵਾਰ ਦੀ ਇਕ ਕਾਰ ਵਿੱਚੋਂ ਮਿਲੀ। ਸੰਨ 1995/1996 ਵਿੱਚ ਨਜ਼ੀਸ਼ ਦੇ ਕਤਲ ਲਈ ਅਦਾਲਤ ਨੇ ਨਜ਼ੀਸ਼ ਦੇ ਸਹੁਰੇ ਅਬਦੁਰ ਰਸ਼ੀਦ ਖਾਨ ਅਤੇ ਸੱਸ ਰਸ਼ੀਦਾ ਖਾਨ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਦੋਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਪਰ 1998 ਵਿੱਚ ਬੀ ਸੀ ਅਪੀਲ ਕੋਰਟ ਨੇ ਰਸ਼ੀਦਾ ਖਾਨ ਨੂੰ ਇਸ ਕਤਲ ਤੋਂ ਬਰੀ ਕਰ ਦਿੱਤਾ। ਨਜ਼ੀਸ, ਅਬਦੁਰ ਰਸ਼ੀਦ ਖਾਨ ਅਤੇ ਰਸ਼ੀਦਾ ਖਾਨ ਦੇ ਪੁੱਤਰ ਫੈਜ਼ਲ ਦੀ ਪਤਨੀ ਸੀ ਅਤੇ ਉਹਨਾਂ ਦਾ ਵਿਆਹ ਮਾਰਚ 1993 ਵਿੱਚ ਹੋਇਆ ਸੀ। ਅਬਦੁਰ ਰਸ਼ੀਦ ਖਾਨ ਅਤੇ ਰਸ਼ੀਦਾ ਖਾਨ ਆਪਣੇ ਪੁੱਤਰ ਦੇ ਇਸ ਵਿਆਹ ਤੋਂ ਖੁਸ਼ ਨਹੀਂ ਸਨ। ਸਰਕਾਰੀ ਵਕੀਲ ਅਨੁਸਾਰ, ਅਬਦੁਰ ਰਸ਼ੀਦ ਖਾਨ ਨੇ ਨਜ਼ੀਸ ਦੇ ਸਿਰ ਵਿੱਚ ਵੇਲਣੇ ਨਾਲ ਸੱਟ ਮਾਰੀ ਅਤੇ ਫਿਰ ਉਸ ਦਾ ਗਲ ਘੁੱਟ ਦਿੱਤਾ।

3 ਮਈ 1986

ਨੌਰਥ ਯੋਰਕ, ਓਨਟੇਰੀਓ:- 40 ਸਾਲਾ ਕਮਲਜੀਤ ਰੱਤੀ ਨੇ ਆਪਣੀ 40 ਸਾਲਾ ਪਤਨੀ ਸਵਦੇਸ਼ ਰੱਤੀ ਦੀ ਕੁਹਾੜੇ ਨਾਲ ਹੱਤਿਆ ਕਰ ਦਿੱਤੀ। ਹੱਤਿਆ ਕਰਨ ਤੋਂ ਬਾਅਦ ਕਮਲਜੀਤ ਨੇ ਲਾਸ਼ ਦੇ ਛੋਟੇ ਛੋਟੇ ਟੁਕੜੇ ਕਰ ਕੇ ਇਕ ਕੂੜਾ ਸਾਂਭਣ ਵਾਲੇ ਬੈਗ ਵਿੱਚ ਪਾ ਕੇ ਨਾਲੇ ਵਿੱਚ ਸੁੱਟ ਦਿੱਤੇ। 18 ਸਤੰਬਰ 1991 ਨੂੰ ਓਨਟੇਰੀਓ ਕੋਰਟ ਦੀ ਇਕ ਜਿਊਰੀ ਨੇ ਉਸ ਨੂੰ ਆਪਣੀ ਪਤਨੀ ਦੇ ਕਤਲ ਲਈ ਦੋਸ਼ੀ ਪਾਇਆ ਅਤੇ ਉਸ ਨੂੰ 25 ਸਾਲ ਦੀ ਸਜ਼ਾ ਸੁਣਾਈ। ਮੁਕੱਦਮੇ ਦੌਰਾਨ ਸਰਕਾਰੀ ਵਕੀਲ ਨੇ ਦੱਸਿਆ ਕਿ ਕਮਲਜੀਤ ਨੇ ਕਤਲ ਤੋਂ ਕੁਝ ਦਿਨ ਪਹਿਲਾਂ ਭਾਰਤ ਨੂੰ ਜਾਣ ਲਈ ਆਪਣੇ ਅਤੇ ਆਪਣੇ ਦੋ ਬੱਚਿਆਂ ਲਈ ਟਿਕਟਾਂ ਖ੍ਰੀਦੀਆਂ ਸਨ। ਇਸ ਦੇ ਨਾਲ ਹੀ ਉਸ ਨੇ ਇਕ ਕੁਹਾੜਾ ਵੀ ਖ੍ਰੀਦਿਆ ਸੀ। ਕਤਲ ਤੋਂ ਬਾਅਦ ਕਮਲਜੀਤ ਆਪਣੇ ਇਕ ਦੋਸਤ ਦੇ ਘਰ ਗਿਆ ਅਤੇ ਉਸ ਤੋਂ ਸਵਦੇਸ਼ ਨੂੰ ਹਸਪਤਾਲ ਲਿਜਾਣ ਲਈ ਮਦਦ ਮੰਗੀ। ਦੋਸਤ ਨੇ ਹਸਪਤਾਲ ਲਿਜਾਣ ਦਾ ਕਾਰਨ ਪੁੱਛਿਆ ਤਾਂ ਕਮਲਜੀਤ ਨੇ ਕਿਹਾ ਕਿ ਉਹ ਡਿੱਗ ਪਈ ਹੈ। ਜਦੋਂ ਦੋਸਤ ਰੱਤੀ ਦੇ ਘਰ ਪਹੁੰਚਿਆ ਤਾਂ ਕਮਲਜੀਤ ਰੱਤੀ ਨੇ ਉਸ ਨੂੰ ਦੱਸਿਆ ਕਿ ਸਵਦੇਸ਼ ਗਾਰਬੇਜ ਬੈਗ ਵਿੱਚ ਹੈ। ਦੋਸਤ ਨੇ ਪੁੱਛਿਆ "ਕਿਉਂ" ਤਾਂ ਕਮਲਜੀਤ ਨੇ ਕਿਹਾ ਕਿ ਉਹ ਮਰ ਗਈ ਹੈ।

1986

ਅਲਬਰਟਾ:- ਬਰਿੰਦਰ ਰੰਧਾਵਾ ਦੇ ਪਤੀ ਗੁਰਦਰਸ਼ਨਪਾਲ ਸਿੰਘ ਰੰਧਾਵਾ ਨੇ ਬਰਿੰਦਰ ਉੱਪਰ ਕੁਹਾੜੇ ਦਾ ਵਾਰ ਕਰਕੇ ਉਸ ਨੂੰ ਕਤਲ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਗੁਰਦਰਸ਼ਨਪਾਲ ਸਿੰਘ ਰੰਧਾਵਾ ਨੂੰ ਉਮਰ ਕੈਦ ਦੀ ਸਜ਼ਾ ਹੋਈ। ਬਰਿੰਦਰ ਅਲਬਰਟਾ ਦੇ ਭਾਰਤੀ ਮੂਲ ਦੇ ਸਾਬਕਾ ਐਮ ਐਲ ਏ ਰਾਜ ਪੰਨੂ ਦੀ ਛੋਟੀ ਭੈਣ ਸੀ।

11 ਜੂਨ 1981

ਵੈਨਕੂਵਰ, ਬ੍ਰਿਟਿਸ਼ ਕੋਲੰਬੀਆ:- ਵੈਨਕੂਵਰ ਦੀ 30 ਸਾਲਾ ਰਵਿੰਦਰ ਕੌਰ ਜੌਹਲ ਨੂੰ ਉਸ ਦੇ ਪਤੀ ਦਵਿੰਦਰ ਸਿੰਘ ਜੌਹਲ (ਉਮਰ 35 ਸਾਲ) ਨੇ ਕਾਰ ਹੇਠਾਂ ਕੁਚਲ ਕੇ ਮਾਰ ਦਿੱਤਾ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰਵਿੰਦਰ ਦੋ ਹੋਰ ਔਰਤਾਂ (ਰੇਸ਼ਮ ਕੌਰ ਹੇਅਰ ਅਤੇ ਧਰਮਪਾਲ ਕੰਗ) ਅਤੇ ਇਕ ਬੱਚੇ ਨਾਲ ਵੈਨਕੂਵਰ ਦੀ ਰੌਸ ਸਟਰੀਟ 'ਤੇ ਸਥਿੱਤ ਗੁਰਦਵਾਰੇ ਨੂੰ ਜਾ ਰਹੀ ਸੀ। ਪੁਲੀਸ ਦੀ ਰਿਪੋਰਟ ਅਨੁਸਾਰ ਦਵਿੰਦਰ ਸਿੰਘ ਜੌਹਲ ਨੇ ਸਾਈਡ ਵਾਕ 'ਤੇ ਤੁਰੀਆਂ ਜਾ ਰਹੀਆਂ ਔਰਤਾਂ ਉੱਪਰ ਕਾਰ ਚਾੜ੍ਹ ਦਿੱਤੀ। ਕਾਰ ਦੇ ਧੱਕੇ ਨਾਲ ਜਦੋਂ ਇਹ ਔਰਤਾਂ ਹੇਠਾਂ ਡਿਗ ਪਈਆਂ ਤਾਂ ਦਵਿੰਦਰ ਕਾਰ ਖੜੀ ਕਰ ਕੇ ਬਾਹਰ ਨਿਕਲਿਆ, ਅਤੇ ਆਪਣੀ ਪਤਨੀ ਰਵਿੰਦਰ ਕੋਲ ਗਿਆ, ਫਿਰ ਕਾਰ ਵਿੱਚ ਵਾਪਸ ਆਇਆ 'ਤੇ ਕਾਰ ਨੂੰ ਬੈਕ ਕਰ ਕੇ ਇਕ ਵਾਰ ਫਿਰ ਉਸ ਉੱਪਰ ਦੀ ਲੰਘਾ ਦਿੱਤੀ। ਇਸ ਵਾਰਦਾਤ ਸਮੇਂ ਰਵਿੰਦਰ ਆਪਣੇ ਪਤੀ ਤੋਂ ਵੱਖ ਰਹਿ ਰਹੀ ਸੀ। ਇਸ ਵਾਰਦਾਤ ਕਾਰਨ ਰਵਿੰਦਰ ਦੀ ਮੌਤ ਹੋ ਗਈ ਅਤੇ ਰੇਸ਼ਮ ਕੌਰ ਹੇਅਰ ਦੀ ਲੱਤ ਟੁੱਟ ਗਈ, ਧਰਮਪਾਲ ਕੰਗ ਦੇ ਕੁਝ ਜ਼ਖਮ ਹੋਏ ਅਤੇ ਉਸ ਦੇ 2 ਮਹੀਨਿਆਂ ਦੇ ਬੇਟੇ ਕਿਰਨਦੀਪ ਦੇ ਸਿਰ ਵਿੱਚ ਸੱਟਾਂ ਲੱਗੀਆਂ। ਇਸ ਵਾਰਦਾਤ ਤੋਂ ਬਾਅਦ ਦਵਿੰਦਰ ਸਿੰਘ ਜੌਹਲ 'ਤੇ ਸੈਕਿੰਡ ਡਿਗਰੀ ਕਤਲ ਦੇ ਚਾਰਜ ਲਾਏ ਗਏ ਅਤੇ ਉਸ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ। ਬਾਅਦ ਵਿੱਚ ਆਪਣੀ ਸਜ਼ਾ ਭੁਗਤਦੇ ਸਮੇਂ ਦਵਿੰਦਰ ਸਿੰਘ ਜੌਹਲ ਨੇ ਜੇਲ੍ਹ ਵਿੱਚ ਆਤਮਹੱਤਿਆ ਕਰ ਲਈ।

26 ਅਗਸਤ 1980

ਵੈਨਕੂਵਰ, ਬ੍ਰਿਟਿਸ਼ ਕੋਲੰਬੀਆ:- ਵੈਨਕੂਵਰ ਨਿਵਾਸੀ 61 ਸਾਲਾ ਦਲੀਪ ਸਿੰਘ ਧਾਲੀਵਾਲ ਨੇ ਆਪਣੀ ਵੱਖ ਰਹਿ ਰਹੀ ਪਤਨੀ ਰਾਜਿੰਦਰ ਕੌਰ ਧਾਲੀਵਾਲ ਉੱਪਰ 5 ਗੋਲੀਆਂ ਚਲਾਈਆਂ ਅਤੇ ਉਹਨਾਂ ਵਿੱਚੋਂ 2 ਗੋਲੀਆਂ ਉਸ ਦੇ ਲੱਗੀਆਂ ਅਤੇ ਨਤੀਜੇ ਵਜੋਂ ਉਸ ਦੀ ਮੌਤ ਹੋ ਗਈ। ਇਸ ਕਤਲ ਦੇ ਸੰਬੰਧ ਵਿੱਚ ਮਾਰਚ 1981 ਵਿੱਚ ਜਿਊਰੀ ਨੇ ਦਲੀਪ ਸਿੰਘ ਧਾਲੀਵਾਲ ਨੂੰ ਸੈਕਿੰਡ ਡਿਗਰੀ ਕਤਲ ਲਈ ਦੋਸ਼ੀ ਪਾਇਆ। ਜਸਟਿਸ ਕੇ. ਈ. ਮੈਰੇਡਿੱਥ ਨੇ ਦਲੀਪ ਸਿੰਘ ਧਾਲੀਵਾਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਪੈਰੋਲ ਦਾ ਹੱਕਦਾਰ ਹੋਣ ਲਈ ਧਾਲੀਵਾਲ ਲਈ 10 ਸਾਲ ਦੀ ਸਜ਼ਾ ਕੱਟਣੀ ਜ਼ਰੂਰੀ ਸੀ। ਧਾਲੀਵਾਲ ਵਲੋਂ ਰਾਜਿੰਦਰ ਕੌਰ ਦੇ ਗੋਲੀ ਮਾਰਨ ਦਾ ਕਾਰਨ ਇਹ ਸੀ ਕਿ ਉਹ ਸਮਝਦਾ ਸੀ ਕਿ ਰਾਜਿੰਦਰ ਕੌਰ ਉਸ ਦੀ ਵਫਾਦਾਰ ਨਹੀਂ।

3 ਨਵੰਬਰ 1978

ਵਿਨੀਪੈੱਗ, ਮੈਨੀਟੋਬਾ:- ਵਿਨੀਪੈੱਗ ਦੀ ਅਦਾਲਤ ਵਿੱਚ ਜਿਊਰੀ ਨੇ 33 ਸਾਲਾ ਗੁਰਮੇਲ ਸਿੰਘ ਨੂੰ ਆਪਣੀ ਪਤਨੀ ਜੋਗਿੰਦਰ ਕੌਰ ਦੇ ਕਤਲ ਲਈ ਦੋਸ਼ੀ ਪਾਇਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਵਾਈ। ਜੋਗਿੰਦਰ 10 ਮਾਰਚ 1978 ਨੂੰ ਉਹਨਾਂ ਦੇ ਘਰ ਵਿੱਚ ਲੱਗੀ ਅੱਗ ਵਿੱਚ ਜਲ ਗਈ ਸੀ ਅਤੇ ਉਸ ਦੀ 29 ਮਾਰਚ ਨੂੰ ਹਸਪਤਾਲ ਵਿੱਚ ਮੌਤ ਹੋ ਗਈ ਸੀ। ਮੁਕੱਦਮੇ ਦੌਰਾਨ ਸਰਕਾਰੀ ਵਕੀਲ ਨੇ ਦਾਅਵਾ ਕੀਤਾ ਕਿ 10 ਮਾਰਚ 1978 ਨੂੰ ਗੁਰਮੇਲ ਸਿੰਘ ਨੇ ਰਾਤ ਦੇ ਵਕਤ ਆਪਣੀ ਪਤਨੀ ਦੇ ਸੱਟ ਮਾਰ ਕੇ ਉਸ ਨੂੰ ਬੇਹੋਸ਼ ਕਰ ਦਿੱਤਾ ਅਤੇ ਫਿਰ ਉਸ ਦੇ ਕਮਰੇ ਵਿੱਚ ਪੈਟਰੋਲ ਛਿੜਕ ਕੇ ਉਸ ਦਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਫਿਰ ਰਸੋਈ ਵਿੱਚ ਇਕ ਹੋਰ ਅੱਗ ਲਾਈ ਅਤੇ ਬੱਚਿਆਂ ਨੂੰ ਇਕ ਨੇੜਲੇ ਰੈਸਟੋਰੈਂਟ ਵਿੱਚ ਲੈ ਗਿਆ। ਸਰਕਾਰੀ ਵਕੀਲ ਦਾ ਕਹਿਣਾ ਸੀ ਕਿ ਗੁਰਮੇਲ ਸਿੰਘ ਨੇ ਆਪਣੀ ਪਤਨੀ ਦਾ ਕਤਲ 72,000 ਡਾਲਰ ਦੀ ਇੰਸ਼ੋਰੈਂਸ ਦੀ ਰਕਮ ਲੈਣ ਲਈ ਅਤੇ ਘਰ ਦੀ ਇੰਸ਼ੋਰੈਂਸ ਲੈਣ ਲਈ ਕੀਤਾ।

ਨਵੰਬਰ 1977

ਬਰਨਬੀ, ਬ੍ਰਿਟਿਸ਼ ਕੋਲੰਬੀਆ:- 18 ਸਾਲਾ ਫਿਜੀਅਨ ਕੁੜੀ ਪੈਟ ਵਾਗਾ ਦੀ ਉਸ ਦੇ 72 ਸਾਲਾ ਪਤੀ ਨੇਥਨ ਬਿੰਗਮ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਨੇ ਨੇਥਨ ਬਿੰਗਮ ਨੂੰ ਪੈਟ ਦੇ ਕਤਲ ਲਈ ਚਾਰਜ ਕਰ ਲਿਆ। ਪੈਟ ਅਗਸਤ 1977 ਵਿੱਚ ਕੈਨੇਡਾ ਆਈ ਸੀ ਅਤੇ ਸਤੰਬਰ 1977 ਵਿੱਚ ਉਸ ਦਾ ਨੇਥਨ ਨਾਲ ਵਿਆਹ ਹੋਇਆ ਸੀ।

23 ਅਕਤੂਬਰ 1972

ਨਿਊਵੈਸਟਮਨਿਸਟਰ, ਬੀ ਸੀ:- 18 ਸਾਲਾ ਪਰਮਜੀਤ ਕੌਰ ਸਿੱਧੂ ਅਤੇ 23 ਸਾਲਾ ਗੁਰਮੇਲ ਸਿੰਘ ਸਿੱਧੂ 1331 ਈਊਨ ਐਵਨਿਊ ਸਥਿੱਤ ਆਪਣੀ ਬੇਸਮੈਂਟ ਵਿੱਚ ਫਟੇ ਬੰਬ ਨਾਲ ਮਾਰੇ ਗਏ। ਰਿਪੋਰਟਾਂ ਅਨੁਸਾਰ, ਜਦੋਂ ਇਸ ਨਵੀਂ ਵਿਆਹੀ ਜੋੜੀ ਨੇ ਤੋਹਫੇ ਵਜੋਂ ਆਈ ਇਕ ਚਾਹ ਬਣਾਉਣ ਵਾਲੀ ਬਿਜਲੀ ਦੀ ਕੇਤਲੀ ਨੂੰ ਪਲੱਗ ਵਿੱਚ ਲਾਇਆ ਤਾਂ ਕੇਤਲੀ ਵਿੱਚ ਫਿੱਟ ਕੀਤਾ ਵਿਸਫੋਟਕ ਪਦਾਰਥ ਫਟ ਗਿਆ। ਇਹ ਕੇਤਲੀ ਇਸ ਜੋੜੀ ਨੂੰ ਇਕ ਪਾਰਸਲ ਵਿੱਚ ਡਾਕ ਰਾਹੀਂ ਭੇਜੀ ਗਈ ਸੀ। ਇਸ ਹਾਦਸੇ ਵਿੱਚ ਪਰਮਜੀਤ ਥਾਂ 'ਤੇ ਹੀ ਮਾਰੀ ਗਈ ਅਤੇ ਗੁਰਮੇਲ ਸਿੱਧੂ ਦੀ ਰੌਇਲ ਕੋਲੰਬੀਅਨ ਹਸਪਤਾਲ ਪਹੁੰਚਣ 'ਤੇ ਮੌਤ ਹੋ ਗਈ। ਲੰਮੀ ਤਫਤੀਸ਼ ਬਾਅਦ 6 ਫਰਵਰੀ 1976 ਨੂੰ ਇਹਨਾਂ ਦੋ ਕਤਲਾਂ ਲਈ ਮੇਰਟ ਵਿੱਚ ਰਹਿ ਰਹੇ ਪਰਮਜੀਤ ਦੇ ਪਿਤਾ ਸੰਤਾ ਸਿੰਘ ਤਾਤਲਾ ਨੂੰ ਗ੍ਰਿਫਤਾਰ ਕਰਕੇ ਚਾਰਜ ਕੀਤਾ ਗਿਆ। ਸੰਤਾ ਸਿੰਘ ਤਾਤਲਾ ਦੇ ਨਾਲ ਹੀ ਇਹਨਾਂ ਕਤਲਾਂ ਲਈ ਜੇਮਜ਼ ਵਿਲਬਰੋਡ ਲਿਊਸ ਨੂੰ ਵੀ ਚਾਰਜ ਕੀਤਾ ਗਿਆ। ਸਰਕਾਰ ਦਾ ਦੋਸ਼ ਸੀ ਕਿ ਲਿਊਸ ਤਾਤਲੇ ਨਾਲ ਕੰਮ ਕਰਦਾ ਸੀ ਅਤੇ ਉਸ ਨੇ ਇਸ ਕਤਲ ਵਿੱਚ ਤਾਤਲੇ ਦੀ ਮਦਦ ਕੀਤੀ ਸੀ। ਮੁਕੱਦਮੇ ਦੌਰਾਨ 30 ਨਵੰਬਰ 1976 ਨੂੰ ਅਸਿਸਟੈਂਟ ਪ੍ਰੌਸੀਕਿਊਟਰ ਵਾਲੀ ਉੱਪਲ (ਜੋ ਬਾਅਦ ਵਿੱਚ ਬੀ ਸੀ ਦੇ ਅਟਾਰਨੀ ਜਨਰਲ ਬਣੇ) ਨੇ ਇਲਜ਼ਾਮ ਲਾਇਆ ਕਿ ਤਾਤਲੇ ਨੇ ਆਪਣੀ ਧੀ ਦਾ ਕਤਲ ਇਸ ਲਈ ਕੀਤਾ ਕਿਉਂਕਿ ਉਸ ਨੇ ਅਜਿਹੇ ਵਿਅਕਤੀ ਨਾਲ ਵਿਆਹ ਕਰਵਾਇਆ ਸੀ ਜਿਹੜਾ ਤਾਤਲੇ ਨੂੰ ਪਸੰਦ ਨਹੀਂ ਸੀ। ਮੁਕੱਦਮੇ ਦੌਰਾਨ ਪੇਸ਼ ਕੀਤੀ ਡਾਕਟਰੀ ਗਵਾਹੀ ਵਿੱਚ ਇਹ ਵੀ ਦੱਸਿਆ ਗਿਆ ਕਿ ਮਰਨ ਸਮੇਂ ਪਰਮਜੀਤ ਥੋੜ੍ਹੇ ਸਮੇਂ ਦੀ ਗਰਭਵਤੀ ਸੀ। ਮੁਕੱਦਮੇ ਦੇ ਅਖੀਰ ਵਿੱਚ ਆਪਣੀ ਦਲੀਲ ਦਿੰਦਿਆ ਸਰਕਾਰੀ ਵਕੀਲ, ਡੱਗ ਹੌਗਾਰਥ ਨੇ ਕਿਹਾ ਕਿ ਤਾਤਲਾ ਇਕ "ਪਾਗਲ ਅਤਿਆਚਾਰੀ" ਹੈ। 15 ਦਸੰਬਰ 1976 ਨੂੰ ਸੰਤਾ ਸਿੰਘ ਤਾਤਲੇ ਅਤੇ ਜੇਮਜ਼ ਵਿਲਬਰੋਡ ਲਿਊਸ ਨੂੰ ਇਹਨਾਂ ਕਤਲਾਂ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਕਤਲ ਕੀਤੀਆਂ ਔਰਤਾਂ ਜਿਹਨਾਂ ਦੇ ਕਤਲਾਂ ਲਈ ਇਸ ਸਮੇਂ ਕਿਸੇ ਨੂੰ ਵੀ ਚਾਰਜ ਨਹੀਂ ਕੀਤਾ ਗਿਆ

25 ਦਸੰਬਰ 2007

ਮਾਂਟਰੀਅਲ:- ਇਕ ਅਪਾਰਟਮੈਂਟ ਵਿੱਚੋਂ 30 ਸਾਲਾ ਦੇ ਕਰੀਬ ਉਮਰ ਦੀ ਗੁਰਪ੍ਰੀਤ ਕੌਰ ਦੀ ਲਾਸ਼ ਮਿਲੀ। ਉਸ ਦੀ ਗਰਦਨ ਉੱਪਰ ਉਸ ਨਾਲ ਵਾਪਰੀ ਹਿੰਸਾ ਦੇ ਨਿਸ਼ਾਨ ਸਨ। ਉਸ ਦੇ ਕਤਲ ਤੋਂ ਬਾਅਦ ਪੁਲੀਸ ਨੂੰ ਉਸ ਦੇ ਪਤੀ ਹਰਿੰਦਰ ਸਿੰਘ ਚੀਮਾ ਦੀ ਤਲਾਸ਼ ਸੀ। ਪੁਲੀਸ ਹਰਿੰਦਰ ਸਿੰਘ ਚੀਮਾ ਨੂੰ ਇਕ ਕਾਤਲ ਨਹੀਂ ਸਮਝ ਰਹੀ ਸਗੋਂ ਉਸ ਨੂੰ ਇਕ ਗਵਾਹ ਸਮਝ ਰਹੀ ਹੈ। ਗੁਰਪ੍ਰੀਤ ਕੌਰ ਦਾ ਕਤਲ ਕਿਸ ਨੇ ਕੀਤਾ ਇਸ ਬਾਰੇ ਕੁਝ ਵੀ ਸਪਸ਼ਟ ਨਹੀਂ ਹੈ।

5 ਜੁਲਾਈ 2007

ਬਰਨਬੀ, ਬ੍ਰਿਟਿਸ਼ ਕੋਲੰਬੀਆ:- ਨਵੀਂ ਵਿਆਹੀ, 40 ਸਾਲਾ, ਸਰੀ ਵਿੱਚ ਇਕ ਸਕੂਲ ਦੀ ਪ੍ਰਿੰਸੀਪਲ ਸ਼ਮੀਨਾ ਹਿਰਜੀ ਦਾ ਬਰਨਬੀ ਵਿੱਚ ਆਪਣੇ ਘਰ ਵਿੱਚ ਕਤਲ ਹੋ ਗਿਆ। ਉਸ ਦੇ ਪਤੀ ਪਾਲ ਚੀਮਾ ਨੇ ਪੁਲੀਸ ਨੂੰ ਕਿਹਾ ਕਿ ਤਿੰਨ ਹਮਲਾਵਾਰ ਉਸ ਦੇ ਘਰ ਦਾਖਲ ਹੋਏ ਅਤੇ ਉਹਨਾਂ ਉਸ ਦੀ ਨਵੀਂ

ਬਾਕੀ ਸਫਾ 43 'ਤੇ

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਸੰਪਾਦਕੀ

ਇਕ ਵਾਰ ਫਿਰ ਹਾਰਿਆ ਪੰਜਾਬੀ ਆਵਾਮ

ਪਟਿਆਲਾ ਦਾ ਨਿਊ ਮੋਤੀ ਬਾਗ ਪੈਲੇਸ ਉਦਾਸ ਹੈ, ਉਦਾਸ ਹੀ ਨਹੀਂ ਤਣਾਅ ਵਿਚ ਵੀ। ਆਖ਼ਰ ਅਜਿਹਾ ਕਿਵੇਂ ਵਾਪਰ ਗਿਆ ਕਿ ਪਟਿਆਲਾ ਸ਼ਹਿਰ 6 ਮਾਰਚ ਦੀ ਰਾਤ 'ਦੀਵਾਲੀ' ਮਨਾਉਣ ਤੋਂ ਮਹਿਰੂਮ ਰਹਿ ਗਿਆ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਚੰਡੀਗੜ੍ਹ ਵਾਲੀ ਰਿਹਾਇਸ਼ ਵਿਚ ਜਸ਼ਨ ਮਨਾਉਣ ਲਈ ਲਗਾਏ ਗਏ ਤੰਬੂ 6 ਮਾਰਚ ਦੀ ਦੁਪਹਿਰ ਹੁੰਦਿਆਂ-ਹੁੰਦਿਆਂ ਹੀ ਪੁੱਟਣੇ ਪੈ ਗਏ।

ਸਦਮੇ ਵਿਚ ਮਨਪ੍ਰੀਤ ਸਿੰਘ ਬਾਦਲ ਵੀ ਹਨ। ਸੱਤਾ ਤਬਦੀਲੀ ਦਾ ਹੋਕਾ ਅਚਾਨਕ ਖਾਮੋਸ਼ੀ ਦੀ ਜੂਨ ਪੈ ਗਿਆ। ਪੰਜਾਬ ਚੋਣਾਂ ਦੇ ਆਏ ਨਤੀਜੇ ਸਭ ਨੂੰ ਹੈਰਾਨ ਕਰ ਰਹੇ ਹਨ, ਪਰ ਕੈਪਟਨ ਅਮਰਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਬਾਦਲ ਲਈ ਤਾਂ ਇਨ੍ਹਾਂ 'ਤੇ ਯਕੀਨ ਕਰਨਾ ਹੀ ਮੁਸ਼ਕਿਲ ਹੋ ਗਿਆ ਹੈ। ਇਨ੍ਹਾਂ ਨੂੰ ਇਹ ਸਮਝ ਹੀ ਨਹੀਂ ਆ ਰਹੀ ਕਿ ਪੰਜਾਬ ਦੀ ਚੋਣ ਸਿਆਸਤ ਅਤੇ ਇਤਿਹਾਸ ਵਿਚ ਅਜਿਹੀ ਅਲੋਕਾਰੀ ਘਟਨਾ ਕਿਵੇਂ ਵਾਪਰ ਸਕਦੀ ਹੈ। ਪਰ ਕੀ ਸਚਮੁੱਚ ਹੀ ਇਹ ਅਲੋਕਾਰੀ ਘਟਨਾ ਹੈ ਅਤੇ ਅਚਾਨਕ ਹੀ ਵਾਪਰੀ ਹੈ ਜਾਂ ਇਹਦੇ ਕੋਈ ਪੁਖ਼ਤਾ ਕਾਰਨ ਵੀ ਹਨ। ਇਹਦੇ 'ਤੇ ਚਰਚਾ ਹੋਣੀ ਹੀ ਚਾਹੀਦੀ ਹੈ।

ਦਰਅਸਲ ਹੋਇਆ ਕੀ ਹੈ? ਸਾਡੀ ਸਾਫ ਸਮਝ ਅਤੇ ਧਾਰਨਾ ਹੈ ਕਿ ਇਹਦੇ ਵਿਚ ਕੁਝ ਵੀ ਹੈਰਾਨੀਜਨਕ ਨਹੀਂ ਹੈ। ਇਹ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪਿਛਲੇ 5 ਵਰ੍ਹਿਆਂ ਤੋਂ ਚੱਲ ਰਹੀ ਅਕਾਲੀ-ਭਾਜਪਾ ਸਰਕਾਰ ਦੇ ਕੰਮ-ਕਾਰਾਂ ਦਾ ਫਲ ਨਹੀਂ ਹੈ; ਸਗੋਂ ਇਹ ਸ. ਪ੍ਰਕਾਸ਼ ਸਿੰਘ ਬਾਦਲ ਦੀ ਚਤੁਰ ਸਿਆਸਤ ਅਤੇ ਸੁਖਬੀਰ ਸਿੰਘ ਬਾਦਲ ਦੀ ਬਰਜੁਆ ਚੋਣ ਪ੍ਰਬੰਧ ਦੀ ਮੁਹਾਰਤ ਦੀ ਜਿੱਤ ਹੈ। ਇਹ ਬਾਦਲਾਂ ਦੀ ਚੋਣ ਮੁਹਾਰਤ ਹੀ ਸੀ ਕਿ ਉਹਨਾਂ ਚੋਣਾਂ ਤੋਂ ਇਕ ਵਰ੍ਹਾ ਪਹਿਲਾਂ ਹੀ ਮਾਇਆਵਤੀ ਨੂੰ ਗੰਢ ਲਿਆ ਸੀ; ਜਿਹਦੇ ਨਤੀਜੇ ਵਜੋਂ ਹੀ ਪਿਛਲੇ ਵਰ੍ਹੇ 29 ਫਰਵਰੀ ਨੂੰ ਚੰਡੀਗੜ੍ਹ ਆਈ ਬੀਬੀ ਮਾਇਆਵਤੀ ਨੇ ਐਲਾਨ ਕਰ ਦਿੱਤਾ ਸੀ ਕਿ ਪੰਜਾਬ ਵਿਚ ਬਹੁਜਨ ਸਮਾਜ ਪਾਰਟੀ ਬਿਨਾਂ ਕਿਸੇ ਨਾਲ ਗਠਜੋੜ ਕਰਿਆਂ ਇਕੱਲਿਆਂ ਹੀ ਸਾਰੀਆਂ 117 ਸੀਟਾਂ ਉਤੇ ਚੋਣ ਲੜੇਗੀ। ਇਹ ਐਲਾਨ ਕਰਦਿਆਂ ਉਨ੍ਹਾਂ ਨੂੰ ਇਲਮ ਸੀ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਬਸਪਾ ਦੇ 110 ਦੇ ਨੇੜੇ ਉਮੀਦਵਾਰਾਂ ਦੀ ਜਮਾਨਤ ਹੋਈ ਸੀ ਤੇ ਇਸ ਵਾਰ ਵੀ ਇਹੀ ਹੋਣਾ ਸੀ ਤੇ ਹੋਇਆ ਵੀ। ਇਹ ਬਸਪਾ ਦੀ ਹੀ ਕਰਾਮਾਤ ਹੈ ਕਿ ਪੰਜਾਬ ਦੀਆਂ ਰਿਜ਼ਰਵ 34 ਸੀਟਾਂ ਵਿਚੋਂ 23 ਸੀਟਾਂ ਉਤੇ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰ ਜਿੱਤੇ ਹਨ ਜਦ ਕਿ ਦਲਿਤ ਵੋਟਾਂ 'ਤੇ ਦਾਅਵਾ ਸਦਾ ਹੀ ਕਾਂਗਰਸ ਪਾਰਟੀ ਦਾ ਰਿਹਾ ਹੈ। ਕਾਂਗਰਸ ਪਾਰਟੀ ਨੂੰ ਨਮੋਸ਼ੀ ਭਰੀ ਹਾਰ ਦੇਣ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਬਸਪਾ ਨੂੰ ਅੰਦਰਖਾਤੇ ਕਿਹੜੀ ਕੀਮਤ ਤਾਰੀ ਗਈ, ਇਸ ਬੁਝਾਰਤ ਦਾ ਵੀ ਅੱਜ ਨਹੀਂ ਤਾਂ ਕੱਲ੍ਹ ਭੋਗ ਪੈ ਹੀ ਜਾਵੇਗਾ।

ਸੁਖਬੀਰ ਸਿੰਘ ਬਾਦਲ ਦੀ ਅਗਲੀ ਚੋਣ ਮੁਹਾਰਤ ਵਜੋਂ ਪੰਜਾਬੀ ਦੇ ਪ੍ਰਮੁੱਖ ਮੀਡੀਏ ਖਾਸ ਕਰਕੇ ਬਿਜਲਈ ਮੀਡੀਏ ਵੱਲੋਂ ਖੁੱਲ੍ਹੇਆਮ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਹੱਕ ਵਿਚ ਭੁਗਤਣ ਨੂੰ ਦੇਖਿਆ ਜਾ ਸਕਦਾ ਹੈ। ਉਮੀਦਵਾਰਾਂ ਦਾ ਸਮੇਂ ਸਿਰ ਐਲਾਨ, ਉਮੀਦਵਾਰਾਂ ਦੀ ਚੋਣ ਕਰਦਿਆਂ ਸ਼ੋਸ਼ਲ ਇੰਜੀਨੀਰਿੰਗ ਦੀ ਵਰਤੋਂ ਭਾਵ ਹਿੰਦੂ ਵੋਟਾਂ ਵਾਲੇ ਹਲਕੇ ਵਿਚ ਹਿੰਦੂ ਉਮੀਦਵਾਰ ਉਤਾਰਨਾ ਵੀ ਇਸੇ ਚੋਣ ਮੁਹਰਾਤ ਦੀ ਮਿਸਾਲ ਹੈ। ਇਕ ਹੋਰ ਵੱਡਾ ਕਾਰਨ ਬਾਗੀਆਂ ਨਾਲ ਸਿੱਝਣ ਦਾ ਤਰੀਕਾ ਰਿਹਾ ਹੈ। ਜਿਥੇ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਦੇ ਬਾਗੀਆਂ ਨੂੰ ਮਨਾਉਣ ਦੀ ਥਾਂ 'ਕਤਲੇਆਮ' ਵਰਗੀਆਂ ਧਮਕੀਆਂ ਦਿੰਦੇ ਰਹੇ, ਉਥੇ ਸ. ਪ੍ਰਕਾਸ਼ ਸਿੰਘ ਬਾਦਲ ਅਕਾਲੀ ਬਾਗੀਆਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰਾਂ ਤੱਕ ਜਾਂਦੇ ਰਹੇ। ਸੋ, ਪਹਿਲੀ ਤੇ ਸਭ ਤੋਂ ਮਹੱਤਵਪੂਰਨ ਗੱਲ ਇਹੀ ਹੈ ਕਿ ਪੰਜਾਬ ਦੀ ਲਗਾਤਾਰ ਦੂਸਰੀ ਵਾਰ ਸੱਤਾ ਸੰਭਾਲਣ ਜਾ ਰਹੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਇਹ ਜਿੱਤ ਉਨ੍ਹਾਂ ਦੇ ਕੰਮਾਂ ਦੀ ਕਾਮਯਾਬੀ ਨਾ ਹੋ ਕੇ ਉਨ੍ਹਾਂ ਦੀ 'ਮੈਨੂਪੁਲੇਸ਼ਨ' ਦੀ ਜਿੱਤ ਹੈ।

ਹੁਣ ਜੇਕਰ ਹਾਰ ਲਈ ਜ਼ਿੰਮੇਵਾਰ ਕਾਂਗਰਸ ਪਾਰਟੀ ਦੀਆਂ ਗਲਤੀਆਂ ਦਾ ਸੰਖੇਪ ਜ਼ਿਕਰ ਕਰਨਾ ਹੋਵੇ ਤਾਂ ਸਭ ਤੋਂ ਪਹਿਲੀ ਗਲਤੀ ਤਾਂ ਇਹੀ ਰਹੀ ਕਿ ਪੰਜ ਸਾਲ ਕਿਸੇ ਨੂੰ ਲੱਗਾ ਹੀ ਨਹੀਂ ਕਿ ਪੰਜਾਬ ਵਿਚ ਕੋਈ ਵਿਰੋਧੀ ਧਿਰ ਵੀ ਹੈ। ਪੰਜਾਬ ਵਿਚ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਨੌਜਵਾਨ ਸਭ ਸੜਕਾਂ 'ਤੇ ਪੁਲਿਸ ਦੀਆਂ ਡਾਂਗਾਂ ਖਾ ਰਹੇ ਸਨ, ਪਰ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਕਿਤੇ ਵੀ ਨਹੀਂ ਸੀ। ਬੀਬੀ ਰਾਜਿੰਦਰ ਕੌਰ ਭੱਠਲ ਪ੍ਰਮੁੱਖ ਧਿਰ ਦੀ ਆਗੂ ਹੁੰਦਿਆਂ ਹੋਇਆਂ ਵੀ ਬਾਦਲਾਂ ਨਾਲ 'ਮਿਲਵਰਤਨ ਦੀ ਨੀਤੀ' 'ਤੇ ਚਲਦੇ ਰਹੇ, ਜਦ ਕਿ ਕੈਪਟਨ ਅਮਰਿੰਦਰ ਸਿੰਘ ਲਗਪਗ 4 ਸਾਲ ਦੁਬਈ ਜਾਂ ਫਿਰ ਪਹਾੜਾਂ ਦੀ ਸੈਰ ਕਰਦੇ ਰਹੇ। ਅਚਾਨਕ ਚੋਣ ਵਰ੍ਹੇ ਵਿਚ ਇਨ੍ਹਾਂ ਨੂੰ ਖਿਆਲ ਆਇਆ ਕਿ ਰਵਾਇਤ ਮੁਤਾਬਿਕ ਸੱਤਾ ਤਾਂ ਬਦਲਣੀ ਹੀ ਹੈ, ਚਲੋ ਹੁਣ ਫਿਰ ਚੋਣ-ਚੋਣ ਖੇਡੀਏ ਤੇ ਕੁਰਸੀਆਂ 'ਤੇ ਬੈਠੀਏ। ਅਗਲੀਆਂ ਗਲਤੀਆਂ ਵਿਚ ਉਮੀਦਵਾਰਾਂ ਦਾ ਬਹੁਤ ਦੇਰੀ ਨਾਲ ਐਲਾਨ, ਵਿਧਾਇਕਾਂ ਨੂੰ ਇਕ ਤੋਂ ਦੂਸਰੀ ਸੀਟ 'ਤੇ ਭੇਜਣਾ ਅਤੇ ਫਿਰ ਬਾਗੀਆਂ ਨਾਲ ਸਿੱਝਣ ਵੇਲੇ ਵਰਤੀ ਗਈ ਸਿਰੇ ਦੀ ਨਾਲਾਇਕੀ ਆਦਿ ਸ਼ਾਮਿਲ ਸਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਦੀ ਸਟੇਜਾਂ ਤੋਂ ਬੋਲੀ ਜਾਂਦੀ ਬੇਹੱਦ ਲੱਚਰ ਕਿਸਮ ਦੀ ਭਾਸ਼ਾ ਵੀ ਲੋਕਾਂ ਨੇ ਪਸੰਦ ਨਹੀਂ ਕੀਤੀ।

ਜਿਥੋਂ ਤੱਕ ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਦੀ ਅਗਵਾਈ ਵਿਚ ਬਣੇ ਸਾਂਝੇ ਮੋਰਚੇ ਦਾ ਸਵਾਲ ਹੈ ਤਾਂ ਇਹ ਮੋਰਚਾ ਸਿਰਫ ਨਾਂ ਦਾ ਹੀ ਸੀ। ਜ਼ਮੀਨੀ ਹਕੀਕਤ ਇਹ ਹੀ ਹੈ ਕਿ ਇਨ੍ਹਾਂ ਦੀ ਕਿਤੇ ਜ਼ਮੀਨ ਹੈ ਹੀ ਨਹੀਂ ਸੀ। ਸਾਂਝੇ ਮੋਰਚੇ ਵਿਚ ਸ਼ਾਮਿਲ ਦੋਵੇਂ ਰਵਾਇਤੀ ਕਮਿਊਨਿਸਟ ਪਾਰਟੀਆਂ ਦੀ ਹਾਲਤ ਤਾਂ ਪੰਜਾਬ ਵਿਚ ਬੇਹੱਦ ਪਤਲੀ ਹੈ। ਇਨ੍ਹਾਂ ਦੋਵਾਂ ਕੋਲ ਮਿਲਾ ਕੇ ਪੰਜਾਬ ਵਿਚ ਇਕ ਫੀਸਦੀ ਵੋਟ ਵੀ ਨਹੀਂ ਹੈ। ਅਕਾਲੀ ਦਲ ਲੌਂਗੋਵਾਲ ਵੀ ਨਾਂ ਦਾ ਹੀ ਅਕਾਲੀ ਦਲ ਹੈ ਤੇ ਸਿਰਫ ਇਕ ਬੇਹੱਦ ਸੀਮਤ ਇਲਾਕੇ ਵਿਚ ਕੁਝ ਸੌ ਵੋਟਾਂ ਤੱਕ ਹੀ ਸੀਮਤ ਹੈ। ਖੁਦ ਪੀਪਲਜ਼ ਪਾਰਟੀ ਆਫ ਪੰਜਾਬ ਦਾ ਵੀ ਆਪਣਾ ਕੋਈ ਜਥੇਬੰਦਕ ਢਾਂਚਾ ਹਾਲੇ ਨਹੀਂ ਉਸਰਿਆ। ਇਨ੍ਹਾਂ ਸਾਰੀਆਂ ਗੱਲਾਂ ਤੋਂ ਵੀ ਮਹੱਤਵਪੂਰਨ ਇਹ ਹੈ ਕਿ ਮਨਪ੍ਰੀਤ ਸਿੰਘ ਬਾਦਲ ਕੋਲ ਵੀ ਹਾਲੇ ਕੋਈ ਬਦਲਵਾਂ ਲੋਕਪੱਖੀ ਏਜੰਡਾ ਨਹੀਂ ਹੈ। ਕੁਝ ਇਕ ਅਸਥਾਈ ਕਿਸਮ ਦੇ ਲੋਕਲ ਮਸਲਿਆਂ ਤੋਂ ਬਿਨਾਂ ਨੀਤੀਆਂ ਦੇ ਮਾਮਲੇ 'ਤੇ ਪੀਪਲਜ਼ ਪਾਰਟੀ ਦਾ ਦੋਵਾਂ ਪ੍ਰਮੁੱਖ ਪਾਰਟੀਆਂ ਨਾਲੋਂ ਕੋਈ ਵੀ ਵਖਰੇਵਾਂ ਨਹੀਂ ਹੈ।

ਪੰਜਾਬ ਦੀਆਂ ਇਹ ਚੋਣਾਂ ਇਨ੍ਹਾਂ ਤਿੰਨਾਂ ਪ੍ਰਮੁੱਖ ਧਿਰਾਂ ਨੇ ਆਵਾਮੀ ਮੁੱਦਿਆਂ 'ਤੇ ਨਹੀਂ ਲੜੀਆਂ; ਸਗੋਂ ਲੋਕਾਂ ਨੂੰ ਸਨਸਨੀ ਅਤੇ ਭਰਮਾਊ ਸਿਆਸਤ ਵਿਚ ਭਰਮਾ ਕੇ ਵੋਟਾਂ ਵਟੋਰਨ ਦੀ ਨੀਤੀ ਹੀ ਇਨ੍ਹਾਂ ਦੀ ਰਹੀ ਹੈ। ਪਰ ਅਜਿਹੇ ਲੋਕ ਵਿਰੋਧੀ ਚੋਣ ਮਾਹੌਲ ਵਿਚ ਕੁਝ ਜੁਗਨੂੰ ਵੀ ਜ਼ਰੂਰ ਦਿਖਾਈ ਦਿੱਤੇ ਹਨ। ਸੀ.ਪੀ.ਐਮ ਪੰਜਾਬ ਅਤੇ ਸੀ.ਪੀ.ਆਈ. ਐਮ (ਲਿਬਰੇਸ਼ਨ) ਨੇ ਮਿਲ ਕੇ ਪੰਜਾਬ ਵਿਚ ਚੋਣਾਂ ਲੜੀਆਂ ਹਨ। ਇਹ ਜਿੱਤਣ ਲਈ ਨਹੀਂ ਲੜ ਰਹੇ ਸਨ, ਪਰ ਇਹ ਧਿਰ ਇਹ ਸੁਨੇਹਾ ਦੇਣ ਵਿਚ ਕਾਮਯਾਬ ਹੋ ਗਈ ਕਿ ਅੱਜ ਦੇ ਪੈਸੇ, ਨਸ਼ੇ-ਪੱਤੇ, ਜ਼ੋਰ-ਜ਼ਬਰਦਸਤੀ ਅਤੇ ਮੁੱਦਾਹੀਣ ਮਾਹੌਲ ਵਿਚ ਲੋਕਪੱਖੀ ਨੀਤੀਆਂ 'ਤੇ ਪਹਿਰਾ ਦਿੰਦਿਆਂ ਲੋਕ ਲੜਾਈ ਦਾ ਮੈਦਾਨ ਮੋਕਲਾ ਕੀਤਾ ਜਾ ਸਕਦਾ ਹੈ ਅਤੇ ਆਵਾਮ ਦੀ ਮੁਕਤੀ ਦੀ ਲੜਾਈ ਲਈ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਗਲੀਆਂ, ਸੜਕਾਂ ਅਤੇ ਬਾਜ਼ਾਰਾਂ ਵਿਚ ਨਿਕਲ ਕੇ ਲੜਣਾ ਲਾਜ਼ਮੀ ਹੈ।

ਕੁੱਲ ਮਿਲਾ ਕੇ ਪੰਜਾਬ ਦੀਆਂ ਇਨ੍ਹਾਂ ਚੋਣਾਂ ਬਾਰੇ ਅਸੀਂ ਸਮਝਦੇ ਹਾਂ ਕਿ ਅੱਜ ਭਾਵੇਂ ਮੁੜ ਅਕਾਲੀ-ਭਾਜਪਾ ਸਰਕਾਰ ਆ ਗਈ ਹੈ, ਪਰ ਲੋਕਾਂ ਦਾ ਭਲਾ ਨਾ ਪਹਿਲਾਂ ਹਇਆ ਸੀ ਨਾ ਹੁਣ ਹੋਣ ਵਾਲਾ ਹੈ। ਜੇਕਰ ਕਾਂਗਰਸ ਪਾਰਟੀ ਦੀ ਸਰਕਾਰ ਆ ਜਾਂਦੀ ਤਾਂ ਵੀ ਲੋਕਾਂ ਦਾ ਜੀਵਨ ਇਵੇਂ ਹੀ ਨਰਕ ਬਣਿਆ ਰਹਿਣਾ ਸੀ। ਇਸ ਦਾ ਕਾਰਨ ਬਿਲਕੁਲ ਸਾਫ ਹੈ ਕਿ ਇਹ ਲੋਕਾਂ ਨੂੰ ਲੋਕ ਨਹੀਂ, ਸਿਰਫ ਵੋਟਰ ਹੀ ਸਮਝਦੇ ਹਨ। ਜਿੱਤਣ ਵਾਲੇ ਜਿੱਤ ਗਏ ਹਨ, ਪਰ ਪੰਜਾਬੀ ਆਵਾਮ ਇਕ ਵਾਰ ਫਿਰ ਹਾਰ ਗਿਆ ਹੈ। ਪੰਜਾਬੀ ਬੰਦਾ ਆਪਣੀ ਇਹ ਹਾਰ ਕਦੋਂ ਤੱਕ ਬਰਦਾਸ਼ਤ ਕਰਦਾ ਰਹੇਗਾ? ਇਸ ਦਾ ਜੁਆਬ ਵੀ ਇਸ ਆਮ ਪੰਜਾਬੀ ਬੰਦੇ ਕੋਲ ਹੀ ਹੈ।

ਪੰਜਾਬ 'ਚ ਅਤਿ ਆਤਮ ਵਿਸ਼ਵਾਸ ਦੀ ਹਾਰ

ਊਦੇ ਕੁਮਾਰ

ਪੰਜਾਬ ਦੀ ਵੋਟਿੰਗ ਮਸ਼ੀਨ ਤੋਂ ਇਸ ਵਾਰ ਸਚਮੁੱਚ ਜਿੰਨ ਨਿਕਲਿਆ, ਜਿਸ ਨੇ ਹਾਰਨ ਅਤੇ ਜਿੱਤਣ ਵਾਲਿਆਂ, ਦੋਨਾਂ ਨੂੰ ਹੈਰਾਨ ਕਰ ਦਿੱਤਾ। ਇਸ ਨੇ ਵਿਧਾਨ ਸਭਾ ਚੋਣਾਂ ਦੀਆਂ ਕਈ ਮਿਥਾਂ ਨੂੰ ਢਹਿ-ਢੇਰੀ ਕਰ ਦਿੱਤਾ। ਅੱਜ ਸਵਾਲ ਇਹ ਨਹੀਂ ਉਠ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੁਬਾਰਾ ਕਿਵੇਂ ਜਿੱਤ ਗਿਆ, ਬਲਕਿ ਮੰਥਨ ਇਸ 'ਤੇ ਹੋ ਰਿਹਾ ਹੈ ਕਿ ਕਾਂਗਰਸ ਦੇ ਹੱਥੋਂ ਸੱਤਾ ਦੀ ਪਲੇਟ ਕਿਵੇਂ ਫਿਸਲ ਗਈ ਹੈ। ਵਿਧਾਨ ਸਭਾ ਚੋਣਾਂ ਦੀਆਂ ਪਿਛਲੀਆਂ ਪਰੰਪਰਾਵਾਂ ਨੂੰ ਦੇਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਇਹ ਮੰਨ ਕੇ ਚੱਲ ਰਹੇ ਸਨ ਕਿ ਇਸ ਵਾਰੀ ਪੰਜਾਬ ਉਤੇ ਰਾਜ ਕਰਨ ਦੀ ਉਨ੍ਹਾਂ ਦੀ ਵਾਰੀ ਹੈ। ਉਨ੍ਹਾਂ ਦਾ ਇਹੀ ਅਤਿ ਆਤਮ ਵਿਸ਼ਵਾਸ ਕਾਂਗਰਸ ਦੀ ਜਿੱਤ ਉਤੇ ਭਾਰੀ ਪੈ ਗਿਆ। ਇਸੇ ਆਤਮ ਵਿਸ਼ਵਾਸ ਦਾ ਨਤੀਜਾ ਸੀ ਕਿ ਵਿਧਾਨ ਸਭਾ ਤੱਕ ਪਹੁੰਚਣ ਦੀ ਗਾਰੰਟੀ ਮੰਨ ਕੇ ਟਿਕਟ ਵੰਡੇ ਗਏ। ਕਈ ਥਾਵਾਂ 'ਤੇ ਅਜਿਹੇ ਉਮੀਦਵਾਰ ਮੈਦਾਨ ਵਿਚ ਉਤਾਰ ਦਿੱਤੇ ਗਏ, ਜਿਨ੍ਹਾਂ ਦਾ ਉਸ ਖੇਤਰ ਨਾਲ ਸਬੰਧ ਹੀ ਨਹੀਂ ਸੀ। ਸੰਭਾਵਿਤ ਤੌਰ 'ਤੇ ਉਨ੍ਹਾਂ ਨੂੰ ਨਾ ਤਾਂ ਉਥੇ ਦੀ ਜਨਤਾ ਨੇ ਸਵੀਕਾਰ ਕੀਤਾ ਅਤੇ ਨਾ ਹੀ ਕਾਂਗਰਸੀਆਂ ਨੇ।

ਇਸ ਵਾਰ ਦੇ ਚੋਣ ਨਤੀਜਿਆਂ ਤੋਂ ਕਾਂਗਰਸ ਦੇ ਮਨਸੂਬੇ ਹੀ ਢਹਿ-ਢੇਰੀ ਹੋ ਗਏ। ਉਨ੍ਹਾਂ ਦੇ ਸਾਰੇ ਗਣਿਤ ਫੇਲ੍ਹ ਹੋ ਗਏ। ਹਾਰ-ਜਿੱਤ ਦੀ ਖੁਫੀਆ ਰਿਪੋਰਟ ਦੇਣ ਵਾਲੇ ਇੰਟੈਲੀਜੈਂਸ ਵਾਲਿਆਂ ਦੀ ਵੀ ਪੋਲ ਖੁੱਲ੍ਹ ਗਈ। ਐਗਜ਼ਿਟ ਪੋਲ ਦੀ ਦੁਕਾਨ ਚਲਾਉਣ ਵਾਲਿਆਂ ਲਈ ਇਹ ਨਤੀਜਾ ਇਕ ਸਬਕ ਹੈ, ਜਿਨ੍ਹਾਂ ਦੇ ਦਾਅਵਿਆਂ ਦੇ ਆਧਾਰ 'ਤੇ ਕਾਂਗਰਸ ਦੇ ਅੰਦਰ ਕੁਰਸੀਆਂ ਤੈਅ ਹੋਣ ਲੱਗੀਆਂ ਸਨ। ਕਾਂਗਰਸ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਭਵਿੱਖੀ ਮੁੱਖ ਮੰਤਰੀ ਐਲਾਨੇ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦੇਣ ਉਨ੍ਹਾਂ ਦੀ ਪਾਰਟੀ ਦੇ ਨੇਤਾ ਦਿੱਲੀ ਦਰਬਾਰ ਤੱਕ ਲਾਬਿੰਗ ਕਰ ਆਏ। ਨਤੀਜਿਆਂ ਤੋਂ ਇਕ ਦਿਨ ਪਹਿਲਾਂ ਕੈਪਟਨ ਵੀ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮਿਲ ਆਏ। 30 ਜਨਵਰੀ ਨੂੰ ਪਈਆਂ ਵੋਟਾਂ ਵਾਲੇ ਦਿਨ ਹੀ ਭਾਵੇਂ ਪਾਰਟੀ ਦੀ ਜ਼ਮੀਨ ਖਿਸਕ ਚੁੱਕੀ ਸੀ, ਪਰ ਕੈਪਟਨ ਇੰਨਾ ਉਤਸ਼ਾਹਿਤ ਸਨ ਕਿ ਮੰਤਰੀ ਬਣਨ ਵਾਲਿਆਂ ਦੇ ਨਾਮ ਤੱਕ ਤੈਅ ਕੀਤੇ ਜਾਣ ਲੱਗੇ। ਵੱਡੇ-ਵੱਡੇ ਅਫਸਰ ਵੀ ਸ਼ਰਧਾ ਜਤਾਉਣ ਪਹੁੰਚਣ ਲੱਗੇ। ਤੈਅ ਹੋਣ ਲੱਗਿਆ ਕਿ ਕਿਹੜਾ ਕਿਸ ਕੁਰਸੀ ਉਤੇ ਬੈਠੇਗਾ। ਨਤੀਜੇ ਆਏ ਤਾਂ ਸਾਰੀਆਂ ਉਮੀਦਾਂ ਉਤੇ ਪਾਣੀ ਫਿਰ ਗਿਆ। ਇਸ ਨੇ ਇਹ ਸਾਫ ਕਰ ਦਿੱਤਾ ਕਿ ਪੰਜਾਬ ਦੀ ਜਨਤਾ ਹੁਣ ਕਾਫੀ ਸਿਆਣੀ ਹੋ ਗਈ ਹੈ, ਜਿਸ ਨੂੰ ਸਮਝਣ ਵਿਚ ਵੱਡੇ-ਵੱਡੇ ਫੇਲ੍ਹ ਹੋ ਗਏ। ਨਤੀਜਿਆਂ ਨੇ ਇਸ ਮਿਥ ਨੂੰ ਵੀ ਤੋੜ ਦਿੱਤਾ ਕਿ ਰਿਕਾਰਡ ਤੋੜ ਵੋਟਿੰਗ ਦਾ ਅਰਥ ਸੱਤਾ ਦੇ ਖਿਲਾਫ਼ ਗੁੱਸਾ ਹੁੰਦਾ ਹੈ। ਹਰ ਪੰਜ ਸਾਲ ਬਾਅਦ ਸੱਤਾ ਬਦਲਣ ਦੀ ਮਿਥ ਪਿਛਲੀ ਵਾਰ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੀ ਟੁੱਟੀ ਸੀ। ਦੋਨਾਂ ਦੇ ਕਾਰਨ ਇਕ ਹੀ ਹਨ ਕਿ ਹੁਣ ਸਿਆਸੀ ਹਵਾਬਾਜ਼ੀ ਦੇ ਬਲ 'ਤੇ ਕੁਰਸੀ ਤੈਅ ਨਹੀਂ ਹੋਵੇਗੀ।

ਪੰਜਾਬ ਦੀਆਂ ਚੋਣਾਂ ਵਿਚ ਇਸ ਵਾਰ ਕੋਈ ਵੱਡਾ ਮੁੱਦਾ ਨਹੀਂ ਸੀ। ਵਿਰੋਧੀ ਧਿਰ ਵਿਚ ਰਹਿੰਦੇ ਹੋਏ ਪੰਜ ਸਾਲ ਤੱਕ ਕਾਂਗਰਸ ਨਕਾਰਾ ਰਹੀ। ਕਿਸੇ ਵੀ ਵੱਡੇ ਮੁੱਦੇ ਉਤੇ ਸਰਕਾਰ ਨੂੰ ਨਹੀਂ ਘੇਰ ਸਕੀ। ਕਾਫੀ ਹੱਦ ਤੱਕ ਜਨਤਾ ਦੀ ਪਹੁੰਚ ਤੋਂ ਬਾਹਰ ਰਹੀ। ਅਜਿਹੇ ਵਿਚ ਚੰਗਾ ਹੋਵੇ ਜਾਂ ਬੁਰਾ, ਜੋ ਨਜ਼ਦੀਕ ਹੁੰਦਾ ਹੈ ਉਹੀ ਆਪਣਾ ਹੋ ਜਾਂਦਾ ਹੈ। ਇਹੀ ਫਾਇਦਾ ਸ਼੍ਰੋਮਣੀ ਅਕਾਲੀ ਦਲ ਨੂੰ ਦਿਵਾਉਣ ਵਿਚ ਉਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਫ਼ਲ ਰਹੇ। ਨਤੀਜਾ ਹੋਇਆ ਕਿ ਨਾ ਡੇਰਿਆਂ ਦੀ ਖੇਡ ਚੱਲੀ ਅਤੇ ਨਾ ਹੀ ਮਨਮੋਹਨ, ਸੋਨੀਆ ਜਾਂ ਰਾਹੁਲ ਦਾ ਜਾਦੂ। ਹੈਰਾਨ ਕਰਨ ਵਾਲੇ ਨਤੀਜੇ ਭਾਜਪਾ ਦੇ ਵੀ ਰਹੇ, ਜਿਸ ਲਈ 12 ਸੀਟਾਂ ਜਿੱਤਣ ਦੀ ਉਮੀਦ ਖੁਦ ਉਹ ਵੀ ਨਹੀਂ ਕਰ ਰਹੇ ਸਨ। ਸ਼ਹਿਰੀ ਵੋਟਰਾਂ ਨੇ ਸਾਬਿਤ ਕੀਤਾ ਕਿ ਉਹ ਨੇਤਾ ਨਹੀਂ ਬਲਕਿ ਪਾਰਟੀ ਦੀ ਸ਼ਰਧਾ ਨਾਲ ਜੁੜੇ ਹਨ। ਇਸ ਜਿੱਤ ਦੇ ਬਾਵਜੂਦ ਭਾਜਪਾ ਦੇ ਨਾਲ-ਨਾਲ ਅਕਾਲੀ ਦਲ ਦੇ ਕਈ ਮੰਤਰੀ ਚੋਣ ਹਾਰ ਗਏ। ਪ੍ਰਕਾਸ਼ ਸਿੰਘ ਬਾਦਲ ਨੂੰ ਛੱਡ ਕੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ) ਬਣਾਉਣ ਵਾਲੇ ਉਨ੍ਹਾਂ ਦੇ ਭਤੀਜੇ ਮਨਪ੍ਰੀਤ ਬਾਦਲ ਸੱਤਾ ਦੇ ਦਾਅਵੇਦਾਰ ਦੇ ਤੌਰ 'ਤੇ ਪੇਸ਼ ਕੀਤੇ ਜਾ ਰਹੇ ਸਨ, ਪਰ ਦੋ ਸੀਟਾਂ 'ਤੇ ਖੜ੍ਹੇ ਹੋਣ ਦੇ ਬਾਵਜੂਦ ਉਹ ਦੋਨਾਂ ਥਾਵਾਂ 'ਤੇ ਤੀਸਰੇ ਨੰਬਰ 'ਤੇ ਰਹੇ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4, Alberta (Canada)
Phone : 780 465 9118 Fax: 780 465 0661
e-mail: info@nawidunia.com



ਚੋਣ ਕਮਿਸ਼ਨ ਦੀ ਸਖ਼ਤਾਈ ਦੇ ਬਾਵਜੂਦ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਭਾਰਤੀ ਲੋਕਤੰਤਰ ਵਿਚ ਆਏ ਵੱਡੇ ਨਿਘਾਰ ਨੇ ਦੇਸ਼ ਦਾ ਅਕਸ ਵਿਸ਼ਵ ਭਰ ਵਿਚ ਵਿਗਾੜਿਆ ਹੈ। ਦੇਸ਼ ਦਾ ਰਾਜਸੀ ਢਾਂਚਾ ਆਜ਼ਾਦੀ ਉਪਰੰਤ ਜਿਹੜੇ ਪੜਾਵਾਂ ਵਿਚੋਂ ਗੁਜ਼ਰਿਆ ਹੈ, ਉਨ੍ਹਾਂ ਵਿਚੋਂ ਵਧੇਰੇ ਨਿਘਾਰ ਦੇ ਪ੍ਰਤੀਕ ਹੀ ਦਿਖਾਈ ਦਿੰਦੇ ਹਨ। ਕਿਸੇ ਸਮੇਂ ਦਲ ਬਦਲੀ ਦਾ ਰੁਝਾਨ ਇੰਨਾ ਜ਼ੋਰ ਫੜ ਗਿਆ ਸੀ ਕਿ ਕਈ ਸਿਆਸਤਦਾਨਾਂ ਨੂੰ 'ਆਇਆ ਰਾਮ ਗਿਆ ਰਾਮ' ਹੀ ਕਿਹਾ ਜਾਣ ਲੱਗ ਪਿਆ ਸੀ। ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਸੰਵਿਧਾਨਿਕ ਵਿਵਸਥਾ ਕਰਨੀ ਪਈ। ਭਾਵੇਂ ਦਲ ਬਦਲੀ ਵਿਰੋਧੀ ਕਾਨੂੰਨ ਬਣਨ ਨਾਲ ਸਿਆਸਤਦਾਨਾਂ ਲਈ ਖੁੱਲ੍ਹੇਆਮ ਮੌਕਾਪ੍ਰਸਤੀ ਵਿਖਾਉਣਾ ਜ਼ਰਾ ਔਖਾ ਹੋ ਗਿਆ ਹੈ, ਪਰ ਫਿਰ ਵੀ ਦਲ ਬਦਲੀ ਦਾ ਵਰਤਾਰਾ ਕਿਸੇ ਨਾ ਕਿਸੇ ਰੂਪ ਵਿਚ ਅਜੇ ਬਾਕੀ ਹੈ। ਇਸੇ ਤਰ੍ਹਾਂ ਚੋਣਾਂ ਵਿਚ ਧਨ ਦੀ ਵਿਆਪਕ ਤੇ ਅਸੀਮਤ ਵਰਤੋਂ ਦੁਆਰਾ ਵੀ ਲੋਕਤੰਤਰ ਨੂੰ ਖੋਰਾ ਲਗਦਾ ਰਿਹਾ ਹੈ।

ਹੁਣ ਉਮੀਦਵਾਰਾਂ ਲਈ ਆਪਣੀ ਚੋਣ ਮੁਹਿੰਮ ਉਪਰ ਧਨ ਖਰਚਣ ਦੀ ਸੀਮਾ ਨਿਸ਼ਚਿਤ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਚੋਣ ਮੁਹਿੰਮ ਉਪਰ ਕੀਤੇ ਗਏ ਖਰਚ ਦਾ ਵੇਰਵਾ ਚੋਣ ਕਮਿਸ਼ਨ ਕੋਲ ਦਰਜ ਕਰਵਾਉਣਾ ਵੀ ਲਾਜ਼ਮੀ ਕਰ ਦਿੱਤਾ ਗਿਆ ਹੈ। ਵੋਟਾਂ ਖਰੀਦਣ, ਵੋਟਰਾਂ ਨੂੰ ਨਸ਼ੇ ਵੰਡਣ, ਚੋਣ ਮੁਹਿੰਮ ਲਈ ਧਾਰਮਿਕ ਅਸਥਾਨਾਂ ਤੇ ਸਰਕਾਰੀ ਸੰਸਥਾਵਾਂ ਦੀ ਵਰਤੋਂ ਕਰਨ ਵਿਰੁੱਧ ਚੋਣ ਕਮਿਸ਼ਨ ਨੇ ਸਖ਼ਤ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਵਰ੍ਹੇ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਦਰਸ਼ ਚੋਣ ਜ਼ਾਬਤੇ ਦੀ ਹੋਂਦ ਦਾ ਕਾਫੀ ਅਹਿਸਾਸ ਹੁੰਦਾ ਰਿਹਾ ਅਤੇ ਸਿਆਸੀ ਪਾਰਟੀਆਂ ਨੇ ਆਦਰਸ਼ ਚੋਣ ਜ਼ਾਬਤੇ ਪ੍ਰਤੀ ਪ੍ਰਤੀਬੱਧਤਾ ਦਿਖਾਉਣ ਵਿਚ ਵੀ ਕੋਈ ਵਧੇਰੇ ਹਿਚਕਿਚਾਹਟ ਨਹੀਂ ਦਿਖਾਈ। ਦਰਅਸਲ, ਦੇਸ਼ ਦੀਆਂ ਹਾਕਮ ਜਮਾਤਾਂ ਸਮਝ ਗਈਆਂ ਹਨ ਕਿ ਵਰਤਮਾਨ ਪੜਾਅ 'ਤੇ ਜੇਕਰ ਲੋਕਤੰਤਰ ਨੂੰ ਹੋਰ ਨਿਵਾਣਾਂ ਵੱਲ ਗਰਕਣ ਦੀ ਖੁੱਲ੍ਹ ਦੇ ਦਿੱਤੀ ਗਈ ਤਾਂ ਦੇਸ਼ ਵਿਚ ਹੋਰ ਵੀ ਗਹਿਰੇ ਰਾਜਸੀ ਸੰਕਟ ਪੈਦਾ ਹੋਣਗੇ ਅਤੇ ਵਿਸ਼ਵ ਵਿਚ ਭਾਰਤੀ ਲੋਕਤੰਤਰ ਦਾ ਅਕਸ ਬੁਰੀ ਤਰ੍ਹਾਂ ਵਿਗੜ ਜਾਵੇਗਾ।

ਚੋਣ ਕਮਿਸ਼ਨ ਦੀ ਚੌਕਸੀ ਸਦਕਾ ਪ੍ਰਸ਼ਾਸਨ ਆਦਰਸ਼ ਚੋਣ ਜ਼ਾਬਤਾ ਲਾਗੂ ਕਰਨ ਲਈ ਬਗੈਰ ਕਿਸੇ ਦੁਬਿਧਾ ਤੇ ਅਣਗਹਿਲੀ ਦੇ ਕੰਮ ਕਰਦਾ ਨਜ਼ਰ ਆਇਆ। ਨਸ਼ਾ ਵੰਡਣ ਦੇ ਅਮਲ ਨੂੰ ਬੰਦ ਕਰਨ ਲਈ ਕੀਤੀ ਗਈ ਛਾਪੇਮਾਰੀ ਤਹਿਤ ਪੁਲਿਸ ਨੇ ਨਸ਼ਿਆਂ, ਖਾਸ ਕਰਕੇ ਸ਼ਰਾਬ ਦੀਆਂ ਵੱਡੀਆਂ ਖੇਪਾਂ ਬਰਾਮਦ ਕੀਤੀਆਂ, ਪਰ ਚੋਣ ਪ੍ਰਚਾਰ ਦੇ ਅਖੀਰਲੇ ਗੇੜ ਵਿਚ ਵੋਟਰਾਂ ਨੂੰ ਭਰਮਾਉਣ ਲਈ ਨਸ਼ੇ ਵੰਡਣ ਵਾਲੇ ਵੀ ਮੈਦਾਨ ਵਿਚ ਨਿੱਤਰ ਆਏ ਸਨ।

ਵਿਸ਼ੇਸ਼ ਪ੍ਰਕਾਰ ਦੀਆਂ ਇਤਿਹਾਸਿਕ ਪ੍ਰਸਥਿਤੀਆਂ ਵਿਚ, ਵਿਸ਼ੇਸ਼ ਪ੍ਰਕਾਰ ਦੇ ਮਾਹੌਲ ਅਧੀਨ, ਸਿਆਸੀ ਪਾਰਟੀਆਂ ਅਤੇ ਚੋਣ ਕਮਿਸ਼ਨ ਦੀ ਦੁਵੱਲੀ ਜ਼ਿੰਮੇਵਾਰੀ ਨੇ ਆਦਰਸ਼ ਚੋਣ ਜ਼ਾਬਤੇ ਦੇ ਲਾਗੂ ਹੋਣ ਲਈ ਰਾਹ ਪੱਧਰਾ ਕਰਨ ਵਿਚ ਆਪੋ ਆਪਣੀ ਥਾਂ ਸਾਰਥਕ ਭੂਮਿਕਾ ਨਿਭਾਈ। ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤੇ ਦਾ ਚੰਗਾ ਪ੍ਰਭਾਵ ਦੇਖਣ ਨੂੰ ਮਿਲਿਆ, ਦੇਸ਼ ਦੀ ਸੂਝਵਾਨ ਜਨਤਾ ਨੇ ਇਸ ਦਾ ਨਾ ਕੇਵਲ ਸਵਾਗਤ ਕੀਤਾ, ਸਗੋਂ ਭਾਰਤੀ ਲੋਕਤੰਤਰ ਦੇ ਉਜਵਲ ਭਵਿੱਖ ਵਿਚ ਵੀ ਨਵੇਂ ਸਿਰਿਓਂ ਆਸਥਾ ਪ੍ਰਗਟਾਈ। ਪੰਜਾਬ ਵਿਧਾਨ ਸਭਾਈ ਚੋਣਾਂ ਸ਼ੋਰ-ਸ਼ਰਾਬੇ ਤੋਂ ਪੂਰਨਭਾਂਤ ਮੁਕਤ ਰਹੀਆਂ।

ਚੋਣ ਕਮਿਸ਼ਨ ਚੋਣਾਂ ਵਾਲੇ ਦਿਨਾਂ ਤੱਕ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਦੀਆਂ ਸਰਗਰਮੀਆਂ ਉਪਰ ਕਰੜੀ ਨਜ਼ਰ ਰੱਖਦਾ ਰਿਹਾ। ਕਿਸੇ ਵੀ ਉਲੰਘਣਾ ਦੀ ਸੂਰਤ ਵਿਚ ਚੋਣ ਕਮਿਸ਼ਨ ਤੁਰੰਤ ਹਰਕਤ ਵਿਚ ਆਉਂਦਾ ਰਿਹਾ। ਸਿਆਸੀ ਪਾਰਟੀਆਂ ਅਤੇ ਉਮੀਦਵਾਰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦਾ ਬਕਾਇਦਾ ਦਮ ਭਰਨ ਦੀ ਕਵਾਇਦ ਕਰਦੇ ਦਿਖਾਈ ਦਿੱਤੇ। ਧਨ, ਤਾਕਤ ਅਤੇ ਨਸ਼ੇ ਦੀ ਦੁਰਵਰਤੋਂ ਉਪਰ ਚੋਣ ਕਮਿਸ਼ਨ ਦੀ ਨਜ਼ਰ ਲਗਾਤਾਰ ਟਿਕੀ ਰਹੀ।

ਆਦਰਸ਼ ਚੋਣ ਜ਼ਾਬਤਾ ਲਾਗੂ ਕਰਕੇ ਲੋਕਾਂ ਅੰਦਰ ਲੋਕਤੰਤਰ ਪ੍ਰਤੀ ਵਿਸ਼ਵਾਸ ਬਹਾਲ ਕਰਨ ਵਿਚ ਚੋਣ ਕਮਿਸ਼ਨ ਨੂੰ ਮਿਲੀ ਸਫ਼ਲਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਫਿਰ ਵੀ ਜਿਵੇਂ ਕਹਾਵਤ ਹੈ 'ਰੱਸੀ ਜਲ ਜਾਂਦੀ ਹੈ, ਪਰ ਵੱਟ ਨਹੀਂ ਜਾਂਦੇ' ਵਾਂਗ ਚੋਣ ਕਮਿਸ਼ਨ ਦੀ ਸਖ਼ਤਾਈ ਦੇ ਬਾਵਜੂਦ ਬਹੁਤ ਸਾਰੇ ਨਕਾਰਾਤਮਕ ਵਰਤਾਰੇ ਚੋਣ ਦੌਰਾਨ ਵਿੰਗੇ-ਟੇਢੇ ਅਤੇ ਲੁਕਵੇਂ ਢੰਗ ਨਾਲ ਬਣੇ ਰਹੇ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਬਹੁਤ ਸਾਰੇ ਸਿਆਸੀ ਖਿਡਾਰੀ ਚੋਣ ਕਮਿਸ਼ਨ ਨੂੰ ਚਕਮਾ ਦੇਣ ਵਿਚ ਸਫ਼ਲ ਰਹੇ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਅੰਦਰਖਾਤੇ ਬਹੁਤ ਕੁਝ ਅਜਿਹਾ ਚੱਲਦਾ ਰਿਹਾ, ਜਿਸ ਨੂੰ ਰੋਕਣ ਖਾਤਰ ਹੀ ਆਦਰਸ਼ ਚੋਣ ਜ਼ਾਬਤਾ ਬਣਾਇਆ ਗਿਆ ਹੈ। ਦਰਅਸਲ, ਚੋਣ ਜ਼ਾਬਤੇ ਦੇ ਪੂਰੀ ਤਰ੍ਹਾਂ ਅਸਰਦਾਇਕ ਸਿੱਟੇ ਹਾਸਿਲ ਕਰਨ ਲਈ ਜਿਸ ਤਰ੍ਹਾਂ ਦੇ ਇਖ਼ਲਾਕੀ ਮਿਆਰ ਅਤੇ ਸਿਆਸੀ ਇੱਛਾ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ, ਉਹ ਬਹੁਤ ਸਾਰੇ ਸਿਆਸੀ ਖਿਡਾਰੀਆਂ ਵੱਲੋਂ ਦਿਖਾਈ ਨਹੀਂ ਗਈ ਜਾਂ ਫਿਰ ਇਹ ਲੋਕ ਦਿਖਾਵੇ ਵਿਚ ਤਾਂ ਚੋਣ ਕਮਿਸ਼ਨ ਦੀਆਂ ਨਜ਼ਰਾਂ ਵਿਚ ਖਰਾ ਉਤਰਨ ਦਾ ਯਤਨ ਕਰਦੇ ਰਹੇ, ਪਰ ਅਸਲ ਵਿਚ ਤਿਲਕਣਬਾਜ਼ੀ ਦਾ ਸ਼ਿਕਾਰ ਹੋਣੋਂ ਨਾ ਬਚ ਸਕੇ।

ਲੋਕਤੰਤਰ ਦੀ ਸਫ਼ਲਤਾ ਲਈ ਮੀਡੀਆ ਦੀ ਨਿਰਪੱਖਤਾ ਜ਼ਰੂਰੀ ਸ਼ਰਤਾਂ ਵਿਚੋਂ ਪ੍ਰਮੁੱਖ ਸਮਝੀ ਜਾਂਦੀ ਹੈ। ਪੰਜਾਬ ਦੀਆਂ ਚੋਣਾਂ ਦੌਰਾਨ ਇਲੈਕਟ੍ਰੌਨਿਕ ਮੀਡੀਆ ਦਾ ਵੱਡਾ ਹਿੱਸਾ ਪੱਖਪਾਤੀ ਭੂਮਿਕਾ ਨਿਭਾਉਂਦਾ ਰਿਹਾ। ਇਸ ਪੱਖਪਾਤ ਦੀ ਉਘੜਵੀਂ ਮਿਸਾਲ ਉਦੋਂ ਸਾਹਮਣੇ ਆਈ ਜਦੋਂ ਇਕ ਨਿੱਜੀ ਟੀਵੀ ਚੈਨਲ ਨੇ ਹੁਕਮਰਾਨ ਗਠਜੋੜ ਦੀ ਸੁਵਿਧਾ ਖਾਤਰ ਆਪਣਾ ਚੋਣ ਸਰਵੇਖਣ ਤਿੰਨ ਵਾਰ ਤਬਦੀਲ ਕੀਤਾ। ਚੋਣਾਂ ਸਬੰਧੀ ਦਿਖਾਈ ਜਾਂਦੇ ਵਿਸ਼ੇਸ਼ ਪ੍ਰੋਗਰਾਮ ਦੇ ਪੇਸ਼ਕਾਰ ਵੀ ਪ੍ਰੋਗਰਾਮ ਦੇ ਪ੍ਰਭਾਵ ਨੂੰ ਕਿਸੇ ਪਾਰਟੀ ਵਿਸ਼ੇਸ਼ ਦੇ ਪੱਖ ਵਿਚ ਮੋੜਦੇ ਸਪਸ਼ਟ ਦਿਖਾਈ ਦਿੰਦੇ ਰਹੇ। ਚੋਣ ਕਮਿਸ਼ਨ ਦੀ ਟੋਕ-ਟੋਕਾਈ ਨੂੰ ਦਰਕਿਨਾਰ ਕਰਕੇ ਪੰਜਾਬੀ ਦਾ ਇਕ ਖੇਤਰੀ ਟੀਵੀ ਚੈਨਲ ਹੁਕਮਰਾਨ ਗਠਜੋੜ ਦਾ ਚੋਣ ਪ੍ਰਚਾਰ ਹੀ ਕਰਦਾ ਰਿਹਾ।

ਟੀਵੀ ਚੈਨਲ 'ਸੱਪ ਵੀ ਮਰ ਜਾਵੇ ਤੇ ਸੋਟੀ ਵੀ ਬਚੀ ਰਹੇ' ਦੀ ਨੀਤੀ 'ਤੇ ਅਮਲ ਕਰਦੇ ਰਹੇ, ਕਿਸੇ ਨਾ ਕਿਸੇ ਬਹਾਨੇ ਕਿਸੇ ਵਿਸ਼ੇਸ਼ ਸਿਆਸੀ ਧਿਰ ਨੂੰ ਵੱਧ ਤੋਂ ਵੱਧ ਚੁਣਾਵੀ ਲਾਭ ਪਹੁੰਚਾਉਣ ਦਾ ਯਤਨ ਕਰਦੇ ਰਹੇ। ਜ਼ਾਹਿਰ ਹੈ ਕਿ ਅਜਿਹਾ ਮੁਫ਼ਤ ਵਿਚ ਨਹੀਂ ਕੀਤਾ ਗਿਆ ਹੋਵੇਗਾ। ਲਾਭ ਲੈਣ ਵਾਲੀਆਂ ਧਿਰਾਂ ਨੇ ਟੀਵੀ ਚੈਨਲਾਂ (ਪੱਖਪਾਤੀ ਭੂਮਿਕਾ ਨਿਭਾਉਣ ਵਾਲੇ) ਨੂੰ ਲਾਭ ਦਿੱਤਾ ਵੀ ਹੋਵੇਗਾ, ਖਿਆਲ ਕੀਤਾ ਜਾ ਸਕਦਾ ਹੈ ਕਿ ਟੀਵੀ ਚੈਨਲਾਂ ਦੀਆਂ ਵਿਸ਼ੇਸ਼ ਪੇਸ਼ਕਾਰੀਆਂ ਧਨ ਦੇ ਬਲ ਕੁਝ ਸਿਆਸੀ ਪਾਰਟੀਆਂ ਵੱਲੋਂ ਆਪਣੇ ਪੱਖ ਵਿਚ ਝੁਕਾਈਆਂ ਗਈਆਂ ਹੋਣਗੀਆਂ। ਇਸ ਤਰ੍ਹਾਂ ਚੋਣ ਕਮਿਸ਼ਨ ਦੀ ਸਖ਼ਤੀ ਦੇ ਹੁੰਦਿਆਂ ਵੀ ਧਨ ਦੀ ਦੁਰਵਰਤੋਂ ਦੀ ਸੰਭਾਵਨਾ ਚੋਣ ਪ੍ਰਚਾਰ ਦੌਰਾਨ ਕਾਇਮ ਰਹੀ।

ਚੋਣ ਪ੍ਰਚਾਰ ਦਾ ਸਮਾਂ ਖ਼ਤਮ ਹੋਇਆ ਤਾਂ ਸਿਆਸੀ ਪਾਰਟੀਆਂ ਘਰੋਂ-ਘਰੀਂ ਵੋਟਾਂ ਕਹਿਣ ਲਈ ਨਿਕਲ ਤੁਰੀਆਂ। ਲੋਕਾਂ ਵਿਚ ਚੁੰਝ-ਚਰਚਾ ਹੈ ਕਿ ਇਸ ਸਮੇਂ ਦੌਰਾਨ ਪੰਜਾਬ ਦੀਆਂ ਦੋਵੇਂ ਪ੍ਰਮੁੱਖ ਧਿਰਾਂ ਨੇ ਵੋਟਾਂ ਖਰੀਦਣ ਲਈ ਪੈਸੇ ਵੰਡਣ ਦੀ ਜ਼ੋਰਦਾਰ ਮੁਹਿੰਮ ਚਲਾਈ। ਸ਼ਹਿਰਾਂ ਦੀਆਂ ਗਰੀਬ ਬਸਤੀਆਂ ਵਿਚ ਪ੍ਰਤੀ ਵੋਟ ਦੇ ਹਿਸਾਬ ਨਾਲ ਪੈਸੇ ਵੰਡਣ ਦੀਆਂ ਗੱਲਾਂ ਆਮ ਸੁਣਾਈ ਦਿੱਤੀਆਂ। ਜਿਨ੍ਹਾਂ ਚੋਣ ਹਲਕਿਆਂ ਵਿਚ ਵੋਟਾਂ ਪੈਣ ਦੇ ਆਖਰੀ ਸਮੇਂ ਮਤਦਾਨ ਦਾ ਪ੍ਰਤੀਸ਼ਤ ਤੇਜ਼ੀ ਨਾਲ ਵਧਿਆ ਉਨ੍ਹਾਂ ਚੋਣ ਹਲਕਿਆਂ ਵਿਚ ਵੋਟਾਂ ਵੱਟੇ ਪੈਸੇ ਦੇਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਵੋਟਾਂ ਖਰੀਦਣ ਲਈ ਪੈਸਾ ਕਿਥੋਂ ਆਇਆ, ਕਿਵੇਂ ਆਇਆ, ਕਿੰਨ੍ਹਾਂ ਰਾਹੀਂ ਆਇਆ, ਇਨ੍ਹਾਂ ਸਵਾਲਾਂ ਦੇ ਜਵਾਬ ਤਾਂ ਫਿਲਹਾਲ ਨਹੀਂ ਮਿਲ ਰਹੇ, ਪਰ ਵੋਟਾਂ ਲਈ ਪੈਸੇ ਦੀ ਪੇਸ਼ਕਸ਼ ਦੀਆਂ ਗੱਲਾਂ ਵੋਟਾਂ ਪੈਣ ਦੀ ਸਮਾਪਤੀ ਤੱਕ ਹੁੰਦੀਆਂ ਰਹੀਆਂ। ਕਈ ਥਾਵਾਂ ਤੋਂ ਵੋਟਾਂ ਬਦਲੇ ਆਟੇ ਦੀਆਂ ਬੋਰੀਆਂ ਆਦਿ ਵੰਡਣ ਦੀਆਂ ਖ਼ਬਰਾਂ ਵੀ ਆਈਆਂ। ਇਉਂ ਵੋਟਾਂ ਖਰੀਦਣ ਦੀ ਬੁਰਾਈ ਤੋਂ ਵੀ ਛੁਟਕਾਰਾ ਨਹੀਂ ਪਾਇਆ ਜਾ ਸਕਿਆ। ਇਸ ਬੁਰਾਈ ਤੋਂ ਛੁਟਕਾਰਾ ਪਾਉਣ ਲਈ ਜਿਸ ਜਨ ਜਾਗ੍ਰਿਤੀ ਮੁਹਿੰਮ ਦੀ ਲੋੜ ਹੈ ਉਹ ਅਜੇ ਲਾਮਬੰਦ ਨਹੀਂ ਹੋ ਸਕੀ। ਲੋਕਤੰਤਰ ਹਿਤੈਸ਼ੀ ਸ਼ਕਤੀਆਂ ਨੂੰ ਇਸ ਦਿਸ਼ਾ ਵਿਚ ਵਧੇਰੇ ਸਰਗਰਮ ਹੋਣਾ ਚਾਹੀਦਾ ਹੈ।

ਚੋਣ ਕਮਿਸ਼ਨ ਦੀ ਚੌਕਸੀ ਸਦਕਾ ਪ੍ਰਸ਼ਾਸਨ ਆਦਰਸ਼ ਚੋਣ ਜ਼ਾਬਤਾ ਲਾਗੂ ਕਰਨ ਲਈ ਬਗੈਰ ਕਿਸੇ ਦੁਬਿਧਾ ਤੇ ਅਣਗਹਿਲੀ ਦੇ ਕੰਮ ਕਰਦਾ ਨਜ਼ਰ ਆਇਆ। ਨਸ਼ਾ ਵੰਡਣ ਦੇ ਅਮਲ ਨੂੰ ਬੰਦ ਕਰਨ ਲਈ ਕੀਤੀ ਗਈ ਛਾਪੇਮਾਰੀ ਤਹਿਤ ਪੁਲਿਸ ਨੇ ਨਸ਼ਿਆਂ, ਖਾਸ ਕਰਕੇ ਸ਼ਰਾਬ ਦੀਆਂ ਵੱਡੀਆਂ ਖੇਪਾਂ ਬਰਾਮਦ ਕੀਤੀਆਂ, ਪਰ ਚੋਣ ਪ੍ਰਚਾਰ ਦੇ ਅਖੀਰਲੇ ਗੇੜ ਵਿਚ ਵੋਟਰਾਂ ਨੂੰ ਭਰਮਾਉਣ ਲਈ ਨਸ਼ੇ ਵੰਡਣ ਵਾਲੇ ਵੀ ਮੈਦਾਨ ਵਿਚ ਨਿੱਤਰ ਆਏ ਸਨ।

ਦੋਵੇਂ ਪ੍ਰਮੁੱਖ ਪਾਰਟੀਆਂ ਇਸ ਮਾਮਲੇ ਵਿਚ ਵੀ ਮੁਕਾਬਲਾ ਕਰਦੀਆਂ ਦਿਖਾਈ ਦਿੱਤੀਆਂ। ਕਾਰਨ ਇਹ ਨਹੀਂ ਸੀ ਕਿ ਚੋਣ ਕਮਿਸ਼ਨ ਦੀ ਚੋਣ ਜ਼ਾਬਤੇ ਉਪਰ ਪਕੜ ਢਿੱਲੀ ਪੈ ਗਈ ਸੀ, ਕਾਰਨ ਦਰਅਸਲ ਇਹ ਸੀ ਕਿ ਇਕ ਖਾਸ ਤਰ੍ਹਾਂ ਦਾ ਭ੍ਰਿਸ਼ਟਾਚਾਰੀ ਚੋਣ ਸਭਿਆਚਾਰ ਵਿਕਸਿਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਅੰਦਰਲੇ ਲੋਕਾਂ ਨੇ ਅਜੇ ਆਪਣੇ ਆਪ ਨੂੰ ਲੋਕਰਾਜ ਦੀਆਂ ਨਵੀਆਂ ਲੋੜਾਂ ਅਨੁਸਾਰ ਨਹੀਂ ਢਾਲਿਆ। ਭਵਿੱਖ ਵਿਚ ਜੇਕਰ ਲੋਕਤੰਤਰ ਪੱਖੀ ਤਾਕਤਾਂ ਮਜ਼ਬੂਤ ਹੁੰਦੀਆਂ ਹਨ ਤਾਂ ਇਨ੍ਹਾਂ ਲੋਕਾਂ ਨੂੰ ਜਾਂ ਤਾਂ ਆਪਣੇ ਆਪ ਨੂੰ ਬਦਲਣ ਦੇ ਵਿਕਲਪ ਦੀ ਚੋਣ ਕਰਨੀ ਪਵੇਗੀ ਜਾਂ ਰਾਜਸੀ ਅਮਲ ਵਿਚੋਂ ਆਪਣੇ ਆਪ ਨੂੰ ਬਾਹਰ ਕਰਨਾ ਪਵੇਗਾ।

ਨਿਰਸੰਦੇਹ, ਚੋਣ ਜ਼ਾਬਤਾ ਲਾਗੂ ਕਰਨ ਵਿਚ ਚੋਣ ਕਮਿਸ਼ਨ ਨੇ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ। ਫਲਸਰੂਪ ਚੋਣਾਂ ਲਈ ਪਹਿਲਾਂ ਨਾਲੋਂ ਵਧੀਆ ਮਾਹੌਲ ਤਿਆਰ ਹੋਇਆ। ਸਹੀ ਸੋਚ ਵਾਲੇ ਲੋਕਾਂ ਵੱਲੋਂ ਚੋਣ ਕਮਿਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਚੋਣ ਕਮਿਸ਼ਨ ਦੀ ਸਖ਼ਤਾਈ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਹਨ, ਪਰ ਲੋਕਤੰਤਰ ਹਿਤੈਸ਼ੀਆਂ ਨੂੰ ਹੁਣ ਅਜਿਹੇ ਚੋਣ ਸਭਿਆਚਾਰ ਦੇ ਵਿਕਾਸ ਲਈ ਉਪਰਾਲੇ ਕਰਨੇ ਚਾਹੀਦੇ ਹਨ, ਜਿਸ ਵਿਚ ਸਖ਼ਤਾਈ ਵਰਤਣ ਦੀ ਲੋੜ ਹੀ ਨਾ ਪਵੇ ਤੇ ਆਦਰਸ਼ ਚੋਣ ਜ਼ਾਬਤੇ ਨੂੰ ਸਭ ਧਿਰਾਂ ਵੱਲੋਂ ਸਵੈ ਇੱਛਾ ਨਾਲ ਹੀ ਪ੍ਰਵਾਨ ਕਰ ਲਿਆ ਜਾਵੇ।

ਧੁਖਦਾ ਕਾਲਮ

'ਨੀ ਕੁੜੀਓ! ਮੁੜ ਆਓ ਇਸ ਦੇਸ'

ਸੁਸ਼ੀਲ ਦੁਸਾਂਝ

ਅੱਠ ਮਾਰਚ-ਕੌਮਾਂਤਰੀ ਇਸਤਰੀ ਦਿਵਸ। ਖਾਸ ਦਿਨ ਵੀ ਅੱਜ ਕਲ੍ਹ ਰਸਮ ਹੀ ਰਹਿ ਗਏ ਲੱਗਦੇ ਹਨ। ਅੱਧੀ ਦੁਨੀਆ ਭਾਵ ਇਸਤਰੀ ਤਾਂ ਸਿਸਕ ਰਹੀ ਹੈ। ਦਰਅਸਲ, ਬਾਜ਼ਾਰ ਦੇ ਨਵੇਂ ਦਾਅ ਪੇਚਾਂ ਨੇ ਇਸਤਰੀ ਸੰਸਾਰ ਦੇ ਇਕ ਹਿੱਸੇ ਲਈ ਜੇਕਰ ਨਵੇਂ ਅਤੇ ਅਨੋਖੇ ਦਰਵਾਜ਼ੇ ਖੋਲ੍ਹੇ ਹਨ ਤਾਂ ਵੱਡੇ ਹਿੱਸੇ ਨੂੰ ਘਰਾਂ ਵਿਚ ਹੀ ਨਜ਼ਰਬੰਦ ਵੀ ਕਰ ਦਿੱਤਾ ਹੈ। ਇਹ ਠੀਕ ਹੈ ਕਿ ਉਦਾਰੀਕਰਨ ਨੇ ਸ਼ਹਿਰੀ ਇਸਤਰੀਆਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਹਨ ਪਰ ਪੇਂਡੂ ਇਸਤਰੀਆਂ ਦੀ ਹੋਣੀ ਤਾਂ ਹਾਲੇ ਵੀ ਦੋ ਡੰਗ ਦੀ ਰੋਟੀ ਦੇ ਜੁਗਾੜ ਨਾਲ ਹੀ ਜੁੜੀ ਹੋਈ ਹੈ। ਸ਼ਹਿਰੀ ਇਸਤਰੀਆਂ ਨੂੰ ਵੀ ਆਪੋ-ਆਪਣੇ ਕੰਮਾਂ-ਕਾਰਾਂ ਦੌਰਾਨ ਜਿਸ ਕਿਸਮ ਦੇ ਜਿਣਸੀ ਤਸ਼ੱਦਦ ਵਿਚੋਂ ਗੁਜ਼ਰਨਾਂ ਪੈਂਦਾ ਹੈ, ਉਹਦਾ ਵਰਨਣ ਕਰਨ ਲੱਗਿਆਂ ਕਲਮ ਸਾਥ ਨਹੀਂ ਦਿੰਦੀ।

ਇਸਤਰੀ ਹਰ ਖੇਤਰ ਵਿਚ ਅੱਗੇ ਵੱਧਣ ਦੀ ਕੋਸ਼ਿਸ਼ 'ਚ ਹੈ ਪਰ ਹਰ ਕਦਮ 'ਤੇ ਉਸਨੂੰ ਸੰਗਲ ਲਾਉਣ ਦੀਆਂ ਵਿਉਂਤਾਂ ਘੜੀਆਂ ਜਾਂਦੀਆਂ ਹਨ। ਦਰਅਸਲ, ਔਰਤਾਂ ਦੇ ਕੰਮਕਾਜ ਕਰਨ ਸਬੰਧੀ ਕੋਈ ਸਪਸ਼ਟ ਕਨੂੰਨ ਨਾ ਹੋਣ ਕਾਰਨ ਹੀ ਵਧੇਰੇ ਮੁਸ਼ਕਲਾਂ ਆ ਰਹੀਆਂ ਹਨ। ਮੁਲਕ ਭਰ ਵਿਚੋਂ ਇਸਤਰੀਆਂ ਵਿਰੁੱਧ ਜਿਣਸੀ ਹਮਲਿਆਂ ਦੀਆਂ ਆਉਂਦੀਆਂ ਖ਼ਬਰਾਂ ਇਹ ਹੀ ਦਰਸਾਉਂਦੀਆਂ ਹਨ। ਅਪਰਾਧੀਆਂ ਦੇ ਹੌਸਲੇ ਬੁਲੰਦ ਹਨ ਅਤੇ ਇਸਤਰੀ ਸਚਮੁੱਚ ਹੀ ਗਊ ਦੇ ਰੂਪ ਵਿਚਰ ਰਹੀ ਹੈ। ਅਸਲ ਵਿਚ ਇਸਤਰੀਆਂ ਅਕਸਰ ਹੀ ਆਪਣੇ 'ਤੇ ਹੁੰਦੇ ਜ਼ੁਲਮਾਂ ਵਿਰੁੱਧ ਮੂੰਹ ਨਹੀਂ ਖੋਲ੍ਹਦੀਆਂ ਜਿਸ ਕਰਕੇ ਅਪਰਾਧੀਆਂ ਦੇ ਹੌਸਲੇ ਖੁਲ੍ਹਦੇ ਜਾਂਦੇ ਹਨ ਤੇ ਉਹ ਸਿਰੇ ਤੱਕ ਦੀ ਨੀਚਤਾਈ 'ਤੇ ਉਤਰ ਆਉਂਦੇ ਹਨ। ਮੁਲਕ ਦੇ ਸਭ ਤੋਂ ਵੱਡੇ ਸ਼ਹਿਰਾਂ ਨੂੰ 'ਬਲਾਤਕਾਰਾਂ ਦੇ ਸ਼ਹਿਰ' ਕਿਹਾ ਜਾ ਰਿਹਾ ਹੈ। ਮਹਾਨਗਰਾਂ ਵਿਚ ਆਏ ਦਿਨ ਵਾਪਰਦੀਆਂ ਬਲਾਤਕਾਰ ਦੀਆਂ ਘਟਨਾਵਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਭਾਰਤ ਵਰਗੇ ਸਭਿਅਕ ਸਮਾਜ ਦਾ ਚਿਹਰਾ ਹੁਣ ਬਦਰੰਗ ਹੁੰਦਾ ਜਾ ਰਿਹਾ ਹੈ। ਬਲਾਤਕਾਰ ਦੀਆਂ ਘਟਨਾਵਾਂ ਵਿਚ ਦੇਖਿਆ ਜਾ ਰਿਹਾ ਇਹ ਚੋਖਾ ਵਾਧਾ ਕੀ ਦਰਸਾਉਂਦਾ ਹੈ? ਸਾਫ ਹੈ ਕਿ ਸਾਡੇ ਸਮਾਜਕ ਬੁਨਿਆਦੀ ਢਾਂਚੇ ਦੀਆਂ ਨੀਹਾਂ ਹਿੱਲ ਗਈਆਂ ਹਨ। ਬਲਾਤਕਾਰੀਆਂ ਦਾ ਹਰ ਵਾਰ ਅਦਾਲਤਾਂ ਵਿਚੋਂ ਬਾ-ਇੱਜ਼ਤ ਬਾਹਰ ਆ ਜਾਣਾ ਇਸਦਾ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਇਕ ਰਿਪੋਰਟ ਮੁਤਾਬਕ ਇਸ ਵਕਤ 60,000 ਦੇ ਕਰੀਬ ਬਲਾਤਕਾਰ ਦੇ ਮਾਮਲੇ ਸਾਡੀਆਂ ਅਦਾਲਤਾਂ ਵਿਚ ਲਟਕ ਰਹੇ ਹਨ। ਬਲਾਤਕਾਰੀਆਂ ਨੂੰ ਸਜ਼ਾ ਦੇਣ ਦੇ ਬਹੁਤ ਘੱਟ ਮਾਮਲਿਆਂ ਨੇ ਵੀ ਇਨ੍ਹਾਂ ਘਟਨਾਵਾਂ ਵਿਚ ਵਾਧਾ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ। ਇਹ ਸਾਡਾ ਮੁਲਕ ਹੀ ਹੈ ਕਿ ਜਿੱਥੇ ਬੇਬੱਸ ਬਾਲੜੀਆਂ ਮੱਝਾਂ-ਗਾਵਾਂ ਵਾਂਗ ਮੰਡੀਆਂ ਵਿਚ ਵਿਕਦੀਆਂ ਹਨ। ਇਹ ਵੀ ਸਾਡਾ ਮਹਾਨ ਮੁਲਕ ਹੀ ਹੈ, ਜਿੱਥੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖਾਂ ਵਿਚ ਹੀ ਕਤਲ ਕੀਤਾ ਜਾ ਰਿਹਾ ਹੈ। ਉਂਜ ਤਾਂ ਦੁਨੀਆ ਭਰ ਵਿਚ ਹੀ ਇਸਤਰੀਆਂ/ਲੜਕੀਆਂ ਨੂੰ ਵੇਚਣ ਦੇ ਕਾਰੋਬਾਰ ਚੱਲ ਰਹੇ ਹਨ ਪਰ ਇਹ ਦਸਦਿਆਂ ਸ਼ਰਮ ਆਉਂਦੀ ਹੈ ਕਿ ਦੁਨੀਆ ਨੂੰ ਨੈਤਿਕਤਾ ਦਾ ਪਾਠ ਪੜਾਉਣ ਵਾਲੇ ਆਪਣੇ 'ਭਾਰਤ ਮਹਾਨ' ਨੇ ਵੀ ਇਸ 'ਕਾਰੋਬਾਰ' ਵਿਚ ਤੀਸਰੇ ਵੱਡੇ ਕਾਰੋਬਾਰ ਦੇ ਤੌਰ 'ਤੇ ਆਪਣੇ-ਆਪ ਨੂੰ ਸਥਾਪਤ ਕਰ ਲਿਆ ਹੈ। ਗਰੀਬੀ ਅਤੇ ਅਨਪੜ੍ਹਤਾ ਮਾਰੇ ਇਲਾਕਿਆਂ ਵਿਚ ਲੜਕੀਆਂ ਨੂੰ ਵੇਚਣ ਦਾ ਕਾਰੋਬਾਰ ਹਰ ਦਿਨ ਨਵੇਂ ਰਿਕਾਰਡ ਬਣਾ ਰਿਹਾ ਹੈ।

ਇਸ ਤੋਂ ਵੀ ਅੱਗੇ ਮੁਲਕ ਭਰ ਵਿਚ ਲਗਾਤਾਰ ਘੱਟ ਰਹੀਆਂ ਬੱਚੀਆਂ ਦੀ ਗਿਣਤੀ ਕੀ ਦਰਸਾਉਂਦੀ ਹੈ। ਪਿੰਡਾਂ ਵਿਚ ਭਾਵੇਂ ਹਾਲੇ ਵੀ ਸਥਿਤੀ ਠੀਕ-ਠਾਕ ਹੈ ਪਰ ਸ਼ਹਿਰਾਂ ਵਿਚੋਂ ਤਾਂ ਲੜਕੀਆਂ ਗਾਇਬ ਹੀ ਹੁੰਦੀਆਂ ਜਾ ਰਹੀਆਂ ਹਨ। ਦੇਸ਼ ਵਿਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਆਪਣੇ ਪੰਜਾਬ ਵਿਚ ਤਾਂ ਹਾਲਤ ਬਹੁਤ ਹੀ ਖਰਾਬ ਹੈ। ਪੰਜਾਬ ਵਿਚ ਇਕ ਹਜ਼ਾਰ ਲੜਕਿਆਂ ਪਿੱਛੇ ਔਸਤਨ 810 ਲੜਕੀਆਂ ਹੀ ਰਹਿ ਗਈਆਂ ਹਨ। ਸਭ ਤੋਂ ਦੁਖੀ ਕਰਨ ਵਾਲੀ ਗੱਲ ਇਹ ਹੈ ਕਿ ਮੁਲਕ ਦੇ ਸਭ ਤੋਂ ਘੱਟ ਬੱਚੀਆਂ ਵਾਲੇ 10 ਜ਼ਿਲ੍ਹਿਆਂ ਵਿਚੋਂ 7 ਆਪਣੇ ਪੰਜਾਬ ਦੇ ਹਨ ਤੇ 3 ਆਪਣੇ ਹੀ ਗੁਆਂਢੀ ਹਰਿਆਣਾ ਦੇ। ਸਾਹਿਬਜ਼ਾਦਿਆਂ ਦੇ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਦੇ ਮੱਥੇ 'ਤੇ ਸਭ ਤੋਂ ਘੱਟ ਬੱਚੀਆਂ ਹੋਣ ਦਾ ਕਲੰਕ ਹੈ। ਹੁਣ ਜੇਕਰ ਸਾਡੇ ਮਹਾਨ ਗੁਰੂਆਂ ਦੀ ਧਰਤੀ 'ਤੇ ਇਹ ਹਾਲ ਹੈ ਤਾਂ ਅਸੀਂ/ਤੁਸੀਂ ਕਿਸ ਸਜ਼ਾ ਦੇ ਹੱਕਦਾਰ ਹਾਂ; ਇਹਦਾ ਫੈਸਲਾ ਅਸੀਂ ਤੁਹਾਡੇ 'ਤੇ ਹੀ ਛੱਡਦੇ ਹਾਂ।

ਇਨ੍ਹਾਂ ਪ੍ਰਸਥਿਤੀਆਂ ਵਿਚ ਜਦੋਂ ਭਾਰਤੀ ਇਸਤਰੀ ਬਾਹਰ ਤਾਂ ਕੀ ਘਰ ਵਿਚ ਵੀ ਸੁਰੱਖਿਅਤ ਨਹੀਂ ਅਤੇ ਜਦੋਂ ਉਸਦਾ ਜਨਮ ਲੈਣਾ ਵੀ ਅਪਰਾਧ ਹੁੰਦਾ ਜਾ ਰਿਹਾ ਹੈ, ਉਦੋਂ ਸਭ ਤੋਂ ਜ਼ਰੂਰੀ ਹੈ ਇਸਤਰੀਆਂ ਦਾ ਹੀ ਆਪਣੇ-ਆਪ ਅਤੇ ਆਪਣੀ ਹੋਂਦ ਲਈ ਉਠ ਖੜਾ ਹੋਣਾ। ਇਸਤਰੀਆਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਹੱਕਾਂ/ਹਿੱਤਾਂ ਪ੍ਰਤੀ ਜਾਗਰੂਕ ਹੋਣ ਅਤੇ ਹੋਰਾਂ ਨੂੰ ਵੀ ਜਾਗਰੂਕ ਕਰਨ। ਇਸਤਰੀ ਜਗਤ ਦੀ ਇਹ ਚੇਤਨਤਾ ਹੀ ਸਮੂਹ ਦੀ ਚੇਤਨਤਾ ਦਾ ਚਿਰਾਗ਼ ਬਾਲ ਸਕਦੀ ਹੈ; ਇਹਦੇ ਵਿਚ ਹੀ ਉਸਦੀ ਮੁਕਤੀ ਹੈ ਤੇ ਇਹਦੇ ਨਾਲ ਹੀ ਸਮੁੱਚੀ ਲੋਕਾਈ ਦੀ ਮੁਕਤੀ ਜੁੜੀ ਹੋਈ ਹੈ। ਨਾਰੀ ਜਗਤ ਦੀ ਚੇਤਨਤਾ ਦੀ ਹਲਕੀ ਜਿਹੀ ਕਰਵਟ ਹੀ ਉਪਰਲੀ ਹੇਠਾਂ ਲਿਆ ਸਕਦੀ ਹੈ; ਇਹ ਸਾਡਾ ਵਿਸ਼ਵਾਸ ਹੈ। ਅਖੀਰ 'ਚ ਸ਼ਾਇਰ ਦੋਸਤ ਹਰਵਿੰਦਰ ਦੀਆਂ ਇਹ ਕਾਵਿ ਸਤਰਾਂ ਆਤਮ-ਸਾਤ ਕਰਦੇ ਜਾਓ-

'ਕੁੜੀਓ ਨੀ ਤੁਸੀਂ ਵਾਪਸ ਆਉਣਾ
ਹੀਰਾਂ ਹੁਰਾਂ ਬਣਕੇ ਆਉਣਾ
ਚਿੜੀਓ ਨੀ ਤੁਸੀਂ ਵਾਪਸ ਆਉਣਾ
ਹਿਜਰਤ ਕਰ ਗਏ ਬਿਰਖ ਬੁਲਾਉਣਾ
ਫਿਰ ਕੋਈ ਨੀ ਗੀਤ ਲਿਖੇਗਾ
ਕੋਈ ਵਾਰਸ ਦਰਵੇਸ।
ਨੀ ਕੁੜੀਓ! ਮੁੜ ਆਓ ਇਸ ਦੇਸ
ਨੀ ਚਿੜੀਓ! ਮੁੜ ਆਓ ਇਸ ਦੇਸ।'

+91978136066





ਭਗਤ ਸਿੰਘ
ਰਾਜਗੁਰੂ
ਸੁਖਦੇਵ

ਸ਼ਹਾਦਤ ਦੀ 81ਵੀਂ ਵਰ੍ਹੇਗੰਢ

ਭਗਤ ਸਿੰਘ ਬਾਰੇ ਕੁਝ ਅਣਦੇਖੇ ਤੱਥ

ਕਨਕ ਤਿਵਾੜੀ

ਮੈਂ ਭਗਤ ਸਿੰਘ ਬਾਰੇ ਕੁਝ ਵੀ ਕਹਿਣ ਲਈ ਅਧਿਕਾਰਤ ਵਿਅਕਤੀ ਨਹੀਂ ਹਾਂ, ਪਰ ਇਕ ਆਮ ਆਦਮੀ ਹੋਣ ਕਰਕੇ ਮੈਂ ਹੀ ਅਧਿਕਾਰਤ ਵਿਅਕਤੀ ਹਾਂ ਕਿਉਂਕਿ ਭਗਤ ਸਿੰਘ ਬਾਰੇ ਜੇਕਰ ਅਸੀਂ ਆਮ ਲੋਕ ਗੰਭੀਰਤਾ ਨਾਲ ਗੱਲ ਨਹੀਂ ਕਰਾਂਗੇ ਤਾਂ ਹੋਰ ਕੌਣ ਕਰੇਗਾ। ਮੈਂ ਕਿਸੇ ਭਾਵੁਕਤਾ ਜਾਂ ਦਲੀਲਬਾਜ਼ੀ ਨਾਲ ਭਗਤ ਸਿੰਘ ਦੀ ਸਖਸ਼ੀਅਤ ਨੂੰ ਸਮਝਣ ਦੀ ਕੋਸ਼ਿਸ਼ ਕਦੇ ਨਹੀਂ ਕਰਦਾ, ਇਤਿਹਾਸ ਅਤੇ ਭੂਗੋਲ, ਸਮਾਜਿਕ ਹਾਲਾਤ ਅਤੇ ਸਾਰੀਆਂ ਵੱਡੀਆਂ ਉਨ੍ਹਾਂ ਤਾਕਤਾਂ ਦੀ, ਜਿਨ੍ਹਾਂ ਕਰਕੇ ਭਗਤ ਸਿੰਘ ਦਾ ਅਸੀਂ ਮੁਲੰਕਣ ਕਰਦੇ ਹਾਂ, ਅਣਦੇਖੀ ਕਰਕੇ ਭਗਤ ਸਿੰਘ ਨੂੰ ਦੇਖਣਾ ਮੁਨਾਸਬ ਨਹੀਂ ਹੋਵੇਗਾ।

ਪਹਿਲੀ ਗੱਲ ਇਹ ਹੈ ਕਿ ਦੁਨੀਆ ਦੇ ਇਤਿਹਾਸ ਵਿਚ 24 ਸਾਲ ਦੀ ਉਮਰ ਵੀ ਜਿਸ ਦੇ ਨਸੀਬ 'ਚ ਨਾ ਹੋਵੇ, ਭਗਤ ਸਿੰਘ ਤੋਂ ਵੱਡਾ ਬੁੱਧੀਜੀਵੀ ਕੋਈ ਹੋਇਆ ਹੈ? ਭਗਤ ਸਿੰਘ ਦਾ ਇਹ ਚਿਹਰਾ, ਜਿਸ ਵਿਚ ਉਨ੍ਹਾਂ ਦੇ ਹੱਥ ਵਿਚ ਇਕ ਕਿਤਾਬ ਹੋਵੇ, ਚਾਹੇ ਕਾਰਲ ਮਾਰਕਸ ਦੀ ਦਾਸ ਕੈਪੀਟਲ, ਤੁਰਗਨੇਵ ਜਾਂ ਗੋਰਕੀ ਜਾਂ ਚਾਰਲਸ ਡਿਕੇਨਸ ਦਾ ਕੋਈ ਨਾਵਲ, ਅਪਟਾਨ ਸਿਨਕਲੇਅਰ ਜਾਂ ਟੈਗੋਰ ਦੀ ਕੋਈ ਕਿਤਾਬ- ਅਜਿਹਾ ਉਨ੍ਹਾਂ ਦਾ ਚਿੱਤਰ ਨੌਜਵਾਨ ਪੀੜ੍ਹੀ ਦੇ ਸਾਹਮਣੇ ਪ੍ਰਚਾਰਤ ਕਰਨ ਦਾ ਕੋਈ ਵੀ ਕਰਮ ਭਾਰਤ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਸਮੇਤ ਭਗਤ ਸਿੰਘ ਦੇ ਪ੍ਰਸ਼ੰਸਕ-ਪਰਿਵਾਰ ਨੇ ਵੀ ਨਹੀਂ ਕੀਤਾ। ਭਗਤ ਸਿੰਘ ਦੀ ਇਹੀ ਅਸਲੀ ਪਛਾਣ ਹੈ।

ਭਗਤ ਸਿੰਘ ਦੀ ਉਮਰ ਦਾ ਕੋਈ ਪੜ੍ਹਿਆ-ਲਿਖਿਆ ਵਿਅਕਤੀ ਕੀ ਭਾਰਤੀ ਰਾਜਨੀਤੀ ਦਾ ਧਰੂ ਤਾਰਾ ਬਣ ਸਕਿਆ? ਮਹਾਤਮਾ ਗਾਂਧੀ ਵੀ ਨਹੀਂ, ਵਿਵੇਕਾਨੰਦ ਵੀ ਨਹੀਂ, ਹੋਰਾਂ ਦੀ ਤਾਂ ਗੱਲ ਹੀ ਛੱਡ ਦੇਈਏ। ਪੂਰੀ ਦੁਨੀਆ ਵਿਚ ਭਗਤ ਸਿੰਘ ਤੋਂ ਘੱਟ ਉਮਰ ਵਿਚ ਕਿਤਾਬਾਂ ਪੜ੍ਹ ਕੇ ਆਪਣੇ ਮੌਲਿਕ ਵਿਚਾਰ ਬਦਲਣ ਦੀ ਕੋਸ਼ਿਸ਼ ਕਿਸੇ ਨੇ ਨਹੀਂ ਕੀਤੀ, ਪਰ ਭਗਤ ਸਿੰਘ ਦਾ ਇਹੀ ਚਿਹਰਾ ਸਭ ਤੋਂ ਅਪ੍ਰਚਾਰਤ ਹਨ। ਇਸ ਉਜਵਲ ਚਿਹਰੇ ਵੱਲ ਉਹ ਲੋਕ ਵੀ ਧਿਆਨ ਨਹੀਂ ਦਿੰਦੇ ਜੋ ਸਰਸਵਤੀ ਗੋਤਰ ਦੇ ਹਨ। ਉਹ ਹੁਣ ਤੱਕ ਭਗਤ ਸਿੰਘ ਨੂੰ ਸਭ ਤੋਂ ਵੱਡਾ ਬੁੱਧੀਜੀਵੀ ਕਹਿਣ ਵਿਚ ਝਿਜਕਦੇ ਹਨ।

ਭਗਤ ਸਿੰਘ ਜਗਿਆਸੂ ਵਿਚਾਰਕ ਸਨ, ਕਲਾਸੀਕਲ ਵਿਚਾਰਕ ਨਹੀਂ। ਭਗਤ ਸਿੰਘ ਤਾਂ ਵਿਕਾਸਸ਼ੀਲ ਸਨ, ਬਣ ਰਹੇ ਸਨ, ਉਭਰ ਰਹੇ ਸਨ, ਆਪਣੇ ਅਖੀਰ ਤੱਕ ਨਹੀਂ ਪਹੁੰਚੇ ਸਨ। ਹਿੰਦੋਸਤਾਨ ਦੇ ਇਤਿਹਾਸ ਵਿਚ ਭਗਤ ਸਿੰਘ ਇਕ ਬਹੁਤ ਵੱਡੀ ਘਟਨਾ ਸਨ। ਭਗਤ ਸਿੰਘ ਨੂੰ ਇਤਿਹਾਸ ਅਤੇ ਭੂਗੋਲ ਦੇ ਢਾਂਚੇ ਤੋਂ ਕੱਢ ਕੇ ਜੇਕਰ ਅਸੀਂ ਮੁਲੰਕਣ ਕਰੀਏ ਅਤੇ ਭਗਤ ਸਿੰਘ ਨੂੰ ਇਤਿਹਾਸ ਅਤੇ ਭੂਗੋਲ ਦੇ ਸਬੰਧ ਵਿਚ ਰੱਖ ਕੇ ਵਿਚਾਰ ਕਰੀਏ ਤਾਂ ਦੋ ਵੱਖ-ਵੱਖ ਫੈਸਲੇ ਨਿਕਲਦੇ ਹਨ। ਮੰਨ ਲਓ ਭਗਤ ਸਿੰਘ 1980 ਵਿਚ ਪੈਦਾ ਹੁੰਦੇ ਅਤੇ 20 ਸਾਲ ਵਿਚ ਵੀਹਵੀਂ ਸਦੀ ਚਲੀ ਜਾਂਦੀ। ਉਸ ਤੋਂ ਬਾਅਦ 2003 ਵਿਚ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਹੁੰਦੀ। ਉਨ੍ਹਾਂ ਨੂੰ ਸ਼ਹਾਦਤ ਮਿਲ ਗਈ ਹੁੰਦੀ ਤਾਂ ਭਗਤ ਸਿੰਘ ਦਾ ਕਿਹੋ ਜਿਹਾ ਮੁਲੰਕਣ ਹੁੰਦਾ। ਭਗਤ ਸਿੰਘ 1907 ਵਿਚ ਪੈਦਾ ਹੋਏ ਅਤੇ 1931 ਵਿਚ ਸਾਡੇ ਕੋਲੋਂ ਵਿਛੜ ਗਏ। ਅਜਿਹੇ ਭਗਤ ਸਿੰਘ ਦਾ ਮੁਲੰਕਣ ਕਿਵੇਂ ਹੋਣਾ ਚਾਹੀਦਾ ਹੈ?

ਭਗਤ ਸਿੰਘ ਇਕ ਅਜਿਹੇ ਪਰਿਵਾਰ ਵਿਚ ਪੈਦਾ ਹੋਏ ਸਨ ਜੋ ਰਾਸ਼ਟਰਵਾਦੀ ਅਤੇ ਦੇਸ਼ ਭਗਤ ਪਰਿਵਾਰ ਸੀ। ਉਹ ਕਿਸੇ ਅਮੀਰ ਜਾਂ ਤਾਨਾਸ਼ਾਹ ਦੇ ਪਰਿਵਾਰ ਵਿਚ ਪੈਦਾ ਨਹੀਂ ਹੋਏ ਸਨ। ਮਨੁੱਖ ਦੇ ਵਿਕਾਸ ਵਿਚ ਉਸ ਦੇ ਪਰਿਵਾਰ, ਮਾਂ ਬਾਪ ਦੇ ਪਾਲਣ-ਪੋਸ਼ਣ, ਚਾਚੇ, ਤਾਏ ਅਤੇ ਹੋਰਾਂ ਦੀ ਭੂਮਿਕਾ ਹੁੰਦੀ ਹੈ। ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਇਕ ਵਿਚਾਰਕ ਸਨ, ਲੇਖਕ ਸਨ, ਦੇਸ਼ ਭਗਤ ਸਨ। ਉਨ੍ਹਾਂ ਦੇ ਪਿਤਾ ਖੁਦ ਇਕ ਵੱਡੇ ਦੇਸ਼ ਭਗਤ ਸਨ। ਉਨ੍ਹਾਂ ਦਾ ਭਗਤ ਸਿੰਘ ਦੇ ਜੀਵਨ ਉਤੇ ਅਸਰ ਪਿਆ। ਲਾਲਾ ਛਬੀਲਦਾਸ ਵਰਗੀ ਲਾਇਬ੍ਰੇਰੀ ਦੇ ਇੰਚਾਰਜ ਤੋਂ ਮਿਲੀਆਂ ਕਿਤਾਬਾਂ ਭਗਤ ਸਿੰਘ ਨੇ ਸਿਉਂਕ ਵਾਂਗ ਚੱਟੀਆਂ। ਭਗਤ ਸਿੰਘ ਕਿਤਾਬਾਂ ਨੂੰ ਪੜ੍ਹਦਾ ਨਹੀਂ ਸੀ, ਉਹ ਤਾਂ ਨਿਗਲਦਾ ਸੀ।

1914 ਤੋਂ 1919 ਵਿਚਾਲੇ ਪਹਿਲਾ ਵਿਸ਼ਵ ਯੁੱਧ ਹੋਇਆ। ਉਸ ਦਾ ਵੀ ਭਗਤ ਸਿੰਘ 'ਤੇ ਡੂੰਘਾ ਅਸਰ ਹੋਇਆ। ਭਗਤ ਸਿੰਘ ਦੇ ਪਿਤਾ ਅਤੇ ਚਾਚਾ ਕਾਂਗਰਸੀ ਸਨ। ਭਗਤ ਸਿੰਘ ਜਦੋਂ ਰਾਸ਼ਟਰੀ ਰਾਜਨੀਤੀ ਵਿਚ ਧਰੂ ਤਾਰਾ ਬਣ ਕੇ ਉਭਰਨ ਦੀ ਭੂਮਿਕਾ ਵਿਚ ਆਏ, ਤਦ 1928 ਦਾ ਸਾਲ ਆਇਆ। 1928 ਹਿੰਦੋਸਤਾਨ ਦੀ ਰਾਜਨੀਤੀ ਦੇ ਮੋੜ ਦਾ ਬਹੁਤ ਅਹਿਮ ਸਾਲ ਹੈ। 1928 ਵਿਚ ਇੰਨੀਆਂ ਘਟਨਾਵਾਂ ਅਤੇ ਅੰਗਰੇਜ਼ਾਂ ਖਿਲਾਫ਼ ਇੰਨੇ ਅੰਦੋਲਨ ਹੋਏ, ਜੋ ਉਸ ਤੋਂ ਪਹਿਲਾਂ ਨਹੀਂ ਹੋਏ ਸਨ। ਜਵਾਹਰ ਲਾਲ ਨਹਿਰੂ ਨੇ ਆਪਣੀ ਆਤਮਕਥਾ ਵਿਚ ਲਿਖਿਆ ਵੀ ਹੈ ਕਿ 1928 ਦਾ ਸਾਲ ਭਾਰੀ ਉਥਲ-ਪੁਥਲ ਦਾ, ਭਾਰੀ ਸਿਆਸੀ ਹਲਚਲ ਦਾ ਸਾਲ ਸੀ। 1930 ਵਿਚ ਕਾਂਗਰਸ ਦਾ ਰਾਵੀ ਸੈਸ਼ਨ ਹੋਇਆ। 1928 ਤੋਂ 1930 ਵਿਚਾਲੇ ਹੀ ਕਾਂਗਰਸ ਦੀ ਹਾਲਤ ਬਦਲ ਗਈ, ਜੋ ਕਾਂਗਰਸ ਕੇਵਲ ਪਟੀਸ਼ਨ ਕਰਦੀ ਸੀ, ਅੰਗਰੇਜ਼ ਦੇ ਇਥੋਂ ਜਾਣ ਦੀਆਂ ਗੱਲਾਂ ਕਰਦੀ ਸੀ, ਉਸ ਨੂੰ ਮਜਬੂਰ ਹੋ ਕੇ ਲਗਪਗ ਅਰਧ-ਹਿੰਸਕ ਅੰਦੋਲਨਾਂ ਵਿਚ ਵੀ ਆਪਣੇ ਆਪ ਨੂੰ ਕਦੇ-ਕਦੇ ਝੋਕਣਾ ਪਿਆ। ਇਹ ਭਗਤ ਸਿੰਘ ਦਾ ਕਾਂਗਰਸ ਦੀ ਨੈਤਿਕ ਤਾਕਤ 'ਤੇ ਮਰਦਾਨਾ ਪ੍ਰਭਾਵ ਸੀ। ਹਿੰਦੋਸਤਾਨ ਦੀ ਰਾਜਨੀਤੀ ਵਿਚ ਕਾਂਗਰਸ ਵਿਚ ਪਹਿਲੀ ਵਾਰ ਨੌਜਵਾਨ ਨੁਮਾਇੰਦਗੀ ਜੇਕਰ ਕਿਤੇ ਉਭਰ ਕੇ ਆਈ ਹੈ ਤਾਂ ਸੁਭਾਸ਼ ਬਾਬੂ ਅਤੇ ਜਵਾਹਰ ਲਾਲ ਨਹਿਰੂ ਦੇ ਨਾਮ। ਕਾਂਗਰਸ ਵਿਚ 1930 ਵਿਚ ਜਵਾਹਰ ਲਾਲ ਨਹਿਰੂ ਹਰਮਨ ਪਿਆਰੇ ਨੇਤਾ ਬਣ ਕੇ 39 ਸਾਲ ਦੀ ਉਮਰ ਵਿਚ ਕੌਮੀ ਪ੍ਰਧਾਨ ਬਣੇ। ਉਨ੍ਹਾਂ ਦੇ ਹੱਥੋਂ ਤਿਰੰਗਾ ਝੰਡਾ ਲਹਿਰਾਇਆ ਗਿਆ ਅਤੇ ਉਨ੍ਹਾਂ ਨੇ ਕਿਹਾ ਕਿ ਪੂਰਨ ਸੁਤੰਤਰਤਾ ਹੀ ਸਾਡਾ ਟੀਚਾ ਹੈ। ਭਾਰਤੀ ਰਾਸ਼ਟਰ ਕਾਂਗਰਸ ਦਾ ਇਹ ਚਰਿੱਤਰ ਮੁੱਖ ਤੌਰ 'ਤੇ ਭਗਤ ਸਿੰਘ ਕਾਰਨ ਹੀ ਬਦਲਿਆ ਹੈ। ਭਗਤ ਸਿੰਘ ਇਸ ਦੇ ਬਰਾਬਰ ਇਕ ਵੱਡਾ ਅੰਦੋਲਨ ਚਲਾ ਰਹੇ ਸਨ।

ਲੋਕ ਗਾਂਧੀ ਜੀ ਨੂੰ ਅਹਿੰਸਾ ਦਾ ਪੁਤਲਾ ਕਹਿੰਦੇ ਹਨ ਅਤੇ ਭਗਤ ਸਿੰਘ ਨੂੰ ਹਿੰਸਕ ਕਹਿ ਦਿੰਦੇ ਹਨ। ਭਗਤ ਸਿੰਘ ਹਿੰਸਕ ਨਹੀਂ ਸਨ। ਜੋ ਆਦਮੀ ਖੁਦ ਕਿਤਾਬਾਂ ਪੜ੍ਹਦਾ ਸੀ, ਉਸ ਨੂੰ ਸਮਝਣ ਲਈ ਅਫਵਾਹਾਂ ਘੜਣ ਦੀ ਲੋੜ ਨਹੀਂ ਹੈ। ਭਗਤ ਸਿੰਘ ਨੇ 'ਮੈਂ ਨਾਸਤਿਕ ਕਿਉਂ ਹਾਂ' ਲੇਖ ਲਿਖਿਆ ਹੈ। ਭਗਤ ਸਿੰਘ ਨੇ ਨੌਜਵਾਨ ਸਭਾ ਦਾ ਐਲਾਨ ਪੱਤਰ ਲਿਖਿਆ, ਜਿਹੜਾ ਕਮਿਊਨਿਸਟ ਮੈਨੀਫੈਸਟੋ ਦੇ ਬਰਾਬਰ ਹੈ। ਭਗਤ ਸਿੰਘ ਨੇ ਆਪਣੀ ਜੇਲ੍ਹ ਡਾਇਰੀ ਲਿਖੀ ਹੈ, ਜੋ ਅੱਧੀ-ਅਧੂਰੀ ਸਾਡੇ ਕੋਲ ਆਈ ਹੈ। ਭਗਤ ਸਿੰਘ ਨੇ ਹਿੰਦੋਸਤਾਨ ਰਿਪਬਲਿਕਨ ਆਰਮੀ ਐਸੋਸੀਏਸ਼ਨ ਦਾ ਐਲਾਨ ਪੱਤਰ, ਉਸ ਦਾ ਸੰਵਿਧਾਨ ਬਣਾਇਆ।

ਪਹਿਲੀ ਵਾਰ ਭਗਤ ਸਿੰਘ ਨੇ ਕੁਝ ਅਜਿਹੇ ਬੁਨਿਆਦੀ ਮੌਲਿਕ ਪ੍ਰਯੋਗ ਹਿੰਦੋਸਤਾਨ ਦੀ ਰਾਜਨੀਤਿਕ ਪ੍ਰਯੋਗਸ਼ਾਲਾ ਵਿਚ ਕੀਤੇ, ਜਿਸ ਦੀ ਜਾਣਕਾਰੀ ਤੱਕ ਲੋਕਾਂ ਨੂੰ ਨਹੀਂ ਹੈ। ਜੋ ਆਦਮੀ ਕੱਟੜ ਮਾਰਕਸਵਾਦੀ ਸੀ, ਜੋ ਰੂਸ ਦੇ ਵਿਦਵਾਨਾਂ ਦੀਆਂ ਪੁਸਤਕਾਂ ਨੂੰ ਚੱਟਦਾ ਸੀ, ਫਾਂਸੀ ਦੇ ਫੰਦੇ 'ਤੇ ਚੜ੍ਹਣ ਦਾ ਫਰਮਾਨ ਪਹੁੰਚਣ ਤੋਂ ਬਾਅਦ ਜਦੋਂ ਜੱਲਾਦ ਉਨ੍ਹਾਂ ਦੇ ਕੋਲ ਆਇਆ ਤਦ ਬਿਨਾਂ ਸਿਰ ਚੁੱਕੇ ਭਗਤ ਸਿੰਘ ਨੇ ਉਸ ਨੂੰ ਕਿਹਾ, ''ਠਹਿਰੀਂ ਭਾਈ, ਮੈਂ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਹਾਂ, ਇਕ ਕ੍ਰਾਂਤੀਕਾਰੀ ਦੂਸਰੇ ਕ੍ਰਾਂਤੀਕਾਰੀ ਨੂੰ ਮਿਲ ਰਿਹਾ ਹੈ, ਥੋੜ੍ਹਾ ਰੁਕ।'' ਤੁਸੀਂ ਕਲਪਨਾ ਕਰੋਗੇ ਕਿ ਜਿਸ ਆਦਮੀ ਨੂੰ ਕੁਝ ਹਫ਼ਤਾ ਪਹਿਲਾਂ, ਕੁਝ ਦਿਨ ਪਹਿਲਾਂ ਇਹ ਪਤਾ ਚੱਲੇ ਕਿ ਉਸ ਨੂੰ ਫਾਂਸੀ ਹੋਣ ਵਾਲੀ ਹੈ, ਉਸ ਤੋਂ ਬਾਅਦ ਵੀ ਰੋਜ਼ਾਨਾ ਕਿਤਾਬਾਂ ਪੜ੍ਹ ਰਿਹਾ ਹੈ। ਭਗਤ ਸਿੰਘ ਮੌਤ ਤੋਂ ਡਰਦਾ ਨਹੀਂ ਸੀ। ਹਿੰਦੋਸਤਾਨ ਦੇ ਇਤਿਹਾਸ ਵਿਚ ਗਿਣੇ-ਚੁਣੇ ਹੀ ਮੌਤ ਤੋਂ ਡਰਨ ਵਾਲੇ ਹੋਏ ਹਨ।

ਭਗਤ ਸਿੰਘ ਨੇ ਕੁਝ ਮੌਲਿਕ ਪ੍ਰਯੋਗ ਕੀਤੇ ਸਨ। ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਭਗਤ ਸਿੰਘ ਦਾ ਨਹੀਂ ਸੀ। ਉਹ ਕਮਿਊਨਿਸਟਾਂ ਦਾ ਨਾਅਰਾ ਸੀ। ਪਰ ਭਗਤ ਸਿੰਘ ਨੇ ਇਸ ਦੇ ਨਾਲ ਇਕ ਨਾਅਰਾ ਜੋੜਿਆ ਸੀ 'ਸਾਮਰਾਜਵਾਦ ਮੁਰਦਾਬਾਦ' ਭਗਤ ਸਿੰਘ ਨੇ ਤੀਸਰਾ ਇਕ ਨਾਅਰਾ ਜੋੜਿਆ ਸੀ 'ਦੁਨੀਆ ਦੇ ਮਜ਼ਦੂਰੋ ਇਕ ਹੋ ਜਾਓ'। ਇਹ ਤਿੰਨ ਨਾਅਰੇ ਭਗਤ ਸਿੰਘ ਨੇ ਸਾਨੂੰ ਦਿੱਤੇ ਸਨ। ਅੰਤਰਰਾਸ਼ਟਰੀ ਕ੍ਰਾਂਤੀ ਦਾ ਨਾਅਰਾ ਭਗਤ ਸਿੰਘ ਦੀ ਜ਼ੁਬਾਨ 'ਤੇ ਚੜ੍ਹਣ ਤੋਂ ਬਾਅਦ ਅਮਰ ਹੋ ਗਿਆ। 'ਸਾਮਰਾਜਵਾਦ ਮੁਰਦਾਬਾਦ' ਦਾ ਨਾਅਰਾ ਅੱਜ ਵੀ ਕਬੂਲਿਆ ਜਾ ਰਿਹਾ ਹੈ ਸਾਡੇ ਦਿਲਾਂ ਦੇ ਅੰਦਰ, ਸਾਡੀ ਸੋਚ ਵਿਚ। ਕੀ ਸੋਚ ਕੇ ਭਗਤ ਸਿੰਘ ਨੇ 'ਸਾਮਰਾਜਵਾਦ ਮੁਰਦਾਬਾਦ' ਦਾ ਨਾਅਰਾ ਦਿੱਤਾ ਹੋਵੇਗਾ। ਤਦ ਤੱਕ ਗਾਂਧੀ ਜੀ ਨੇ ਇਹ ਨਾਅਰਾ ਨਹੀਂ ਦਿੱਤਾ ਸੀ।

ਅਸੀਂ ਉਸ ਦੇਸ਼ ਵਿਚ ਰਹਿੰਦੇ ਹਾਂ, ਜਿਥੇ ਅੰਗਰੇਜ਼ਾਂ ਦੇ ਬਣਾਏ ਕਾਲੇ ਕਾਨੂੰਨਾਂ ਨੇ ਅੱਜ ਵੀ ਸਾਡੀ ਆਤਮਾ 'ਤੇ ਸ਼ਿਕੰਜਾ ਕਸਿਆ ਹੋਇਆ ਹੈ ਅਤੇ ਸਾਨੂੰ ਉਨ੍ਹਾਂ ਦੀ ਜਾਣਕਾਰੀ ਨਹੀਂ ਹੈ। ਅਸੀਂ ਇਸ ਗੱਲ ਵਿਚ ਮਾਣ ਮਹਿਸੂਸ ਕਰਦੇ ਹਾਂ ਕਿ ਅਸੀਂ ਪਟਵਾਰੀ ਨੂੰ ਪੰਜਾਹ ਰੁਪਏ ਰਿਸ਼ਵਤ ਲੈਂਦੇ ਹੋਏ ਫੜਾ ਦਿੱਤਾ ਅਤੇ ਅਸੀਂ ਸਮਾਜ ਦੇ ਬੇਹੱਦ ਇਮਾਨਦਾਰ ਆਦਮੀ ਹਾਂ। ਸਾਨੂੰ ਬਹੁਤ ਖੁਸ਼ੀ ਹੁੰਦੀ ਹੈ, ਜਦੋਂ ਲਾਇਨਜ਼ ਕਲੱਬ ਦੇ ਪ੍ਰਧਾਨ ਬਣ ਕੇ ਅਸੀਂ ਕੋਈ ਵਾਟਰ ਕੂਲਰ ਦਾਨ ਜਾਂ ਟਾਇਲਟ ਦਾ ਉਦਘਾਟਨ ਕਰਦੇ ਹਾਂ ਅਤੇ ਆਪਣੀ ਫੋਟੋ ਅਖ਼ਬਾਰਾਂ ਵਿਚ ਛਪਵਾਉਂਦੇ ਹਾਂ। ਸਾਨੂੰ ਬੇਹੱਦ ਖੁਸ਼ੀ ਹੁੰਦੀ ਹੈ ਆਪਣੇ ਗਵਾਂਢੀ ਨੂੰ ਦੱਸਦਿਆਂ ਕਿ ਸਾਡਾ ਬੇਟਾ ਆਈ.ਟੀ.ਆਈ ਵਿਚ ਪਹਿਲੇ ਨੰਬਰ 'ਤੇ ਆਇਆ ਹੈ ਅਤੇ ਅਮਰੀਕਾ ਜਾ ਕੇ ਉਥੋਂ ਦੀ ਨੌਕਰੀ ਕਰ ਰਿਹਾ ਹੈ ਅਤੇ ਸੇਵਾ ਮੁਕਤ ਹੋਣ ਤੋਂ ਬਾਅਦ ਉਸ ਬੱਚਿਆਂ ਦੇ ਕੱਪੜੇ ਧੋਣ ਅਸੀਂ ਵੀ ਉਥੇ ਜਾਵਾਂਗੇ। ਇਨ੍ਹਾਂ ਸਾਰੀਆਂ ਗੱਲਾਂ ਨਾਲ ਦੇਸ਼ ਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ, ਪਰ ਭਗਤ ਸਿੰਘ ਨੇ ਕੀ ਕਿਹਾ ਸੀ?

ਭਗਤ ਸਿੰਘ ਭਾਰਤ ਦਾ ਪਹਿਲਾ ਨਾਗਰਿਕ, ਵਿਚਾਰਕ ਅਤੇ ਨੇਤਾ ਹੈ, ਜਿਸ ਨੇ ਕਿਹਾ ਸੀ ਕਿ ਹਿੰਦੋਸਤਾਨ ਵਿਚ ਕੇਵਲ ਕਿਸਾਨ ਅਤੇ ਮਜ਼ਦੂਰ ਦੇ ਮੋਢਿਆਂ 'ਤੇ ਨਹੀਂ, ਜਦੋਂ ਤੱਕ ਨੌਜਵਾਨ ਉਸ ਵਿਚ ਸ਼ਾਮਿਲ ਨਹੀਂ ਹੋਣਗੇ, ਤਦ ਤੱਕ ਕੋਈ ਕ੍ਰਾਂਤੀ ਨਹੀਂ ਹੋ ਸਕਦੀ। ਕੋਈ ਪਾਰਟੀ ਨੌਜਵਾਨਾਂ ਨੂੰ ਰਾਜਨੀਤੀ ਵਿਚ ਸਿੱਧੇ ਆਉਣ ਦਾ ਸੱਦਾ ਨਹੀਂ ਦਿੰਦੀ।

ਅਸੀਂ ਉਸ ਦੇਸ਼ ਵਿਚ ਰਹਿੰਦੇ ਹਾਂ, ਜਿਥੋਂ ਦੀ ਸੁਪਰੀਮ ਕੋਰਟ ਕਹਿੰਦੀ ਹੈ ਕਿ ਜੈਲਲਿਤਾ ਜੀ ਨੂੰ ਇਸ ਗੱਲ ਦਾ ਅਧਿਕਾਰ ਹੈ ਕਿ ਉਹ ਹਜ਼ਾਰਾਂ ਸਰਕਾਰੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦੇਵੇ ਅਤੇ ਸਰਕਾਰੀ ਕਰਮਚਾਰੀਆਂ ਦਾ ਕੋਈ ਮੌਲਿਕ ਅਧਿਕਾਰ ਨਹੀਂ ਹੈ ਕਿ ਆਪਣੀਆਂ ਸੇਵਾ ਸ਼ਰਤਾਂ ਦੀ ਲੜਾਈ ਲਈ ਧਰਨਾ ਵੀ ਦੇ ਸਕਣ, ਪ੍ਰਦਰਸ਼ਨ ਕਰ ਸਕਣ ਤੇ ਹੜਤਾਲ ਕਰ ਸਕਣ। ਅਸੀਂ ਉਸ ਦੇਸ਼ ਵਿਚ ਰਹਿੰਦੇ ਹਾਂ, ਜਿਥੇ ਜੇਕਰ ਨਗਰ ਪਾਲਿਕਾ ਪੀਣ ਦਾ ਪਾਣੀ ਮੁਹੱਈਆ ਨਹੀਂ ਕਰਾਉਂਦੀ ਤਾਂ ਵੀ ਅਸੀਂ ਟੈਕਸ ਦੇਣ ਤੋਂ ਨਹੀਂ ਬਚ ਸਕਦੇ। ਇਸ ਦੇਸ਼ ਦਾ ਸੁਪਰੀਮ ਕੋਰਟ ਅਤੇ ਸਾਡਾ ਕਾਨੂੰਨ ਕਹਿੰਦਾ ਹੈ ਕਿ ਤੁਹਾਨੂੰ ਨਗਰ ਪਾਲਿਕਾ ਪੀਣ ਵਾਲਾ ਪਾਣੀ ਭਾਵੇਂ ਨਾ ਦੇਵੇ, ਤੁਸੀਂ ਪਿਆਸੇ ਭਾਵੇਂ ਮਰ ਜਾਓ, ਪਰ ਟੈਕਸ ਤੁਹਾਨੂੰ ਦੇਣਾ ਪਵੇਗਾ ਕਿਉਂਕਿ ਉਨ੍ਹਾਂ ਦੇ ਅਤੇ ਨਾਗਰਿਕ ਦੇ ਕਰਤੱਵ ਵਿਚ ਕੋਈ ਰਿਸ਼ਤਾ ਨਹੀਂ ਹੈ। ਇਹ ਜੋ ਜੰਗਲ ਦਾ ਕਾਨੂੰਨ ਹੈ 1894 ਦਾ ਹੈ।

ਅਸੀਂ ਨਦੀਆਂ ਦੇ ਪਾਣੀ ਵਰਤ ਸਕੀਏ, ਇਸ ਦਾ ਕਾਨੂੰਨ 19ਵੀਂ ਸ਼ਤਾਬਦੀ ਦਾ ਹੈ। ਭਾਰਤੀ ਦੰਡ ਵਿਧਾਨ ਲਾਰਡ ਮੈਕਾਲੇ ਨੇ 1860 ਵਿਚ ਬਣਾਇਆ ਸੀ। ਸਾਡੇ ਜਿੰਨੇ ਵੱਡੇ ਕਾਨੂੰਨ ਹਨ, ਉਹ ਸਭ 19ਵੀਂ ਸਦੀ ਦੀਆਂ ਔਲਾਦਾਂ ਹਨ, 20ਵੀਂ ਸਦੀ ਤਾਂ ਇਸ ਲਿਹਾਜ ਤੋਂ ਬਾਂਝ ਹੈ। ਅੰਗਰੇਜ਼ਾਂ ਦੀ ਦ੍ਰਿਸ਼ਟੀ ਨਾਲ ਬਣਾਏ ਗਏ ਹਰ ਕਾਨੂੰਨ ਵਿਚ ਸਰਕਾਰ ਨੂੰ ਪੂਰੀ ਤਾਕਤ ਦਿੱਤੀ ਗਈ ਹੈ ਕਿ ਜਨਤਾ ਦੇ ਅੰਦੋਲਨ ਨੂੰ ਕੁਚਲਣ ਵਿਚ ਸਰਕਾਰ ਚਾਹੇ ਜੋ ਕੁਝ ਕਰੇ, ਉਹ ਜਾਇਜ਼ ਮੰਨਿਆ ਜਾਵੇਗਾ।

ਆਜ਼ਾਦੀ ਦੇ 64 ਸਾਲਾਂ ਬਾਅਦ ਵੀ ਇਨ੍ਹਾਂ ਕਾਨੂੰਨਾਂ ਨੂੰ ਬਦਲਣ ਲਈ ਕੋਈ ਵੀ ਸੰਸਦ ਮੈਂਬਰ ਹਿੰਮਤ ਨਹੀਂ ਕਰਦਾ, ਆਵਾਜ਼ ਤੱਕ ਨਹੀਂ ਉਠਾਉਂਦਾ। ਭਗਤ ਸਿੰਘ ਸੰਵਿਧਾਨ ਸਭਾ ਵਿਚ ਤਾਂ ਨਹੀਂ ਸੀ, ਭਗਤ ਸਿੰਘ ਨੇ ਆਜ਼ਾਦੀ ਤਾਂ ਦੇਖੀ ਨਹੀਂ।

ਉਹ ਕਹਿੰਦੇ ਸਨ ਕਿ ਸਾਨੂੰ ਸਮਾਜਵਾਦ ਇਕ ਜਿਉਂਦੇ ਟੀਚੇ ਦੇ ਰੂਪ ਵਿਚ ਚਾਹੀਦਾ ਹੈ, ਜਿਸ ਵਿਚ ਨੌਜਵਾਨ ਦੀ ਜ਼ਰੂਰੀ ਹਿੱਸੇਦਾਰੀ ਹੋਵੇਗੀ। 80 ਸਾਲ ਦੇ ਬਜ਼ੁਰਗ ਨੇਤਾ ਦੇਸ਼ ਵਿਚ ਚੋਣਾਂ ਲੜਣਾ ਚਾਹੁੰਦੇ ਹਨ, 75 ਜਾਂ 70 ਸਾਲ ਦੇ ਨੇਤਾ ਨੂੰ ਨੌਜਵਾਨ ਕਹਿ ਦਿੱਤਾ ਜਾਂਦਾ ਹੈ। 60 ਸਾਲ ਦੇ ਤਾਂ ਨੌਜਵਾਨ ਹੁੰਦੇ ਹੀ ਹੁੰਦੇ ਹਨ, ਅਸੀਂ 25 ਸਾਲਾਂ ਦੇ ਨੌਜਵਾਨਾਂ ਨੂੰ ਸੰਸਦ ਵਿਚ ਨਹੀਂ ਭੇਜਣਾ ਚਾਹੁੰਦੇ।

ਮਹਾਤਮਾ ਗਾਂਧੀ ਵੀ ਕਹਿੰਦੇ ਸਨ ਕਿ ਇਸ ਦੇਸ਼ ਵਿਚ 60 ਸਾਲ ਤੋਂ ਉਪਰ ਦੇ ਵਿਅਕਤੀ ਨੂੰ ਕਿਸੇ ਪਾਰਟੀ ਨੂੰ ਟਿਕਟ ਨਹੀਂ ਦੇਣਾ ਚਾਹੀਦਾ। ਅਸੀਂ ਪੂਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਆਵਾਰਾ ਪਸ਼ੂਆਂ, ਵੇਸ਼ਵਾਵਾਂ ਅਤੇ ਸਾਧੂਆਂ ਦੇ ਦੇਸ਼ ਵਿਚ ਹਾਂ। ਸਭ ਤੋਂ ਜ਼ਿਆਦਾ ਬੇਕਾਰ, ਭਿਖਾਰੀ, ਕੋਹੜ ਰੋਗੀ, ਏਡਜ਼ ਦੇ ਰੋਗੀ, ਅਪਰਾਧੀ ਤੱਤ, ਭ੍ਰਿਸ਼ਟ ਨੇਤਾ, ਚੂਹੇ, ਪਿੱਸੂ, ਵਕੀਲ ਸਾਡੇ ਇਥੇ ਹੀ ਹਨ। ਕੀ ਇਹੀ ਭਗਤ ਸਿੰਘ ਦਾ ਦੇਸ਼ ਹੈ, ਇਹੀ ਭਗਤ ਸਿੰਘ ਨੇ ਚਾਹਿਆ ਸੀ?

ਅਸੈਂਬਲੀ ਵਿਚ ਭਗਤ ਸਿੰਘ ਨੇ ਜਾਣ-ਬੁੱਝ ਕੇ ਕੱਚਾ ਬੰਬ ਸੁੱਟਿਆ, ਅੰਗਰੇਜ਼ਾਂ ਨੂੰ ਮਾਰਨ ਲਈ ਨਹੀਂ। ਉਨ੍ਹਾਂ ਅਜਿਹੀ ਥਾਂ ਬੰਬ ਸੁੱਟਿਆ ਕਿ ਕੋਈ ਨਾ ਮਰੇ, ਕੇਵਲ ਧੂੰਆਂ ਹੋਵੇ, ਸ਼ੋਰ-ਸ਼ਰਾਬਾ ਹੋਵੇ, ਦੁਨੀਆ ਦਾ ਧਿਆਨ ਕੇਂਦਰਿਤ ਹੋਵੇ। ਟੀ. ਡਿਸਪਯੂਟ ਬਿਲ ਅਤੇ ਪਬਲਿਕ ਸੇਫਟੀ ਬਿਲ ਖ਼ਿਲਾਫ਼ ਭਗਤ ਸਿੰਘ ਨੇ ਜਨ-ਜਾਗਰਨ ਕੀਤਾ। ਕਿਥੇ ਹੈ ਕਿਰਤੀ ਅੰਦੋਲਨ ਅੱਜ? ਭਾਰਤ ਵਿਚ ਕਿਹੋ ਜਿਹੀ ਲੋਕਸ਼ਾਹੀ ਬਚੀ ਹੈ? ਕਿਰਤੀ ਅੰਦੋਲਨਾਂ ਨੂੰ ਕੁਚਲ ਦਿੱਤਾ ਗਿਆ ਹੈ। ਇਸ ਦੇਸ਼ ਦੀ ਖਲਨਾਇਕੀ ਵਿਚ ਇਥੋਂ ਦੀ ਵਿਧਾਇਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਤਿੰਨਾਂ ਦਾ ਬਰਾਬਰ ਦਾ ਅਧਿਕਾਰ ਹੈ। ਇਹ ਭਗਤ ਸਿੰਘ ਦਾ ਸੁਪਨਾ ਨਹੀਂ ਸੀ, ਇਹ ਭਗਤ ਸਿੰਘ ਦਾ ਰਸਤਾ ਨਹੀਂ

ਜੇਲ੍ਹ ਦੇ ਅੰਦਰ ਛੋਟੀ ਤੋਂ ਛੋਟੀ ਚੀਜ਼ ਵੀ ਭਗਤ ਸਿੰਘ ਦੇ ਦਾਇਰੇ ਤੋਂ ਬਾਹਰ ਨਹੀਂ ਸੀ। ਜੇਲ੍ਹ ਦੇ ਅੰਦਰ ਜਦੋਂ ਕੈਦੀਆਂ ਨੂੰ ਠੀਕ ਭੋਜਨ ਨਹੀਂ ਮਿਲਦਾ ਸੀ ਅਤੇ ਸਹੂਲਤਾਂ ਜੋ ਮਿਲਣੀਆਂ ਚਾਹੀਦੀਆਂ ਸਨ, ਨਹੀਂ ਮਿਲਦੀਆਂ ਸਨ ਤਾਂ ਭਗਤ ਸਿੰਘ ਨੇ ਭੁੱਖ ਹੜਤਾਲ ਕੀਤੀ। ਉਨ੍ਹਾਂ ਨੂੰ ਤਾਂ ਸਹੂਲਤਾਂ ਮਿਲ ਗਈਆਂ, ਪਰ ਕੀ ਅੱਜ ਹਿੰਦੋਸਤਾਨ ਦੀਆਂ ਜੇਲ੍ਹਾਂ ਵਿਚ ਹਾਲਤ ਠੀਕ ਹੈ?

ਭਗਤ ਸਿੰਘ ਨੂੰ ਸੰਗੀਤ ਅਤੇ ਨਾਟਕ ਦਾ ਵੀ ਸ਼ੌਕ ਸੀ। ਭਗਤ ਸਿੰਘ ਦੇ ਜੀਵਨ 'ਚੋਂ ਇਹ ਸਭ ਚੀਜ਼ਾਂ ਗਾਇਬ ਨਹੀਂ ਸਨ। ਭਗਤ ਸਿੰਘ ਨੂੰ ਸਮਾਜ ਦੇ ਹਰ ਖੇਤਰ ਵਿਚ ਦਿਲਚਸਪੀ ਸੀ। ਵੱਖ-ਵੱਖ ਤਰ੍ਹਾਂ ਦੇ ਵਿਚਾਰਾਂ ਨਾਲ ਸਾਹਮਣਾ ਕਰਨਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਆਉਂਦਾ ਸੀ। ਉਹ ਇਕ ਕੁਸ਼ਲ ਪੱਤਰਕਾਰ ਸਨ। ਅੱਜ ਸਾਡੇ ਅਖ਼ਬਾਰ ਕਿਥੇ ਹਨ? ਅਜ ਕੀ ਹੈ? ਅਮਰੀਕੀ ਵਿਕਾਸ ਅਤੇ ਸੋਚ ਦੇ ਅਖ਼ਬਾਰ, ਜਿਨ੍ਹਾਂ ਨੂੰ ਪੜ੍ਹਣ ਵਿਚ ਦੋ ਮਿੰਟ ਲਗਦਾ ਹੈ। ਤੁਸੀਂ ਟੀ.ਵੀ ਚੈਨਲ ਖੋਲ੍ਹੋ, ਇਕ ਤਰ੍ਹਾਂ ਦੀ ਖ਼ਬਰ ਆਵੇਗੀ ਅਤੇ ਸਾਰਿਆਂ 'ਚ ਇਕ ਹੀ ਸਮੇਂ ਬ੍ਰੇਕ ਹੋ ਜਾਂਦਾ ਹੈ। ਪ੍ਰਤਾਪ, ਕਿਰਤੀ, ਮਹਾਰਥੀ ਅਤੇ ਮਤਵਾਲਾ ਆਦਿ ਕਈ ਪੱਤ੍ਰਿਕਾਵਾਂ ਵਿਚ ਹਿੰਦੀ, ਅੰਗਰੇਜ਼ੀ, ਉਰਦੂ, ਪੰਜਾਬੀ ਵਿਚ ਭਗਤ ਸਿੰਘ ਲਿਖਦੇ ਸਨ। ਉਸ ਉਮਰ ਵਿਚ ਉਨ੍ਹਾਂ ਤੋਂ ਜ਼ਿਆਦਾ ਤਾਂ ਕਿਸੇ ਨੇ ਲਿਖਿਆ ਹੀ ਨਹੀਂ।

ਘੱਟੋ ਘੱਟ ਦੁਨੀਆਂ ਦੇ 35 ਅਜਿਹੇ ਵੱਡੇ ਲੇਖਕ ਸਨ, ਜਿਨ੍ਹਾਂ ਨੂੰ ਭਗਤ ਸਿੰਘ ਨੇ ਚੰਗੀ ਤਰ੍ਹਾਂ ਪੜ੍ਹਿਆ ਸੀ। ਬੇਹੱਦ ਸੁਚੇਤ ਦਿਮਾਗ ਦੇ 23 ਸਾਲ ਦੇ ਨੌਜਵਾਨ ਪ੍ਰਤੀ ਮੇਰਾ ਸਿਰ ਸ਼ਰਧਾ ਨਾਲ ਇਸ ਲਈ ਵੀ ਝੁਕਦਾ ਹੈ ਕਿ ਸਮਾਜਵਾਦ ਦੇ ਰਸਤੇ 'ਤੇ ਹਿੰਦੋਸਤਾਨ ਦੇ ਜਿਹੜੇ ਹੋਰ ਲੋਕ ਉਨ੍ਹਾਂ ਦੇ ਨਾਲ ਸੋਚ ਰਹੇ ਸਨ, ਭਗਤ ਸਿੰਘ ਨੇ ਉਨ੍ਹਾਂ ਦੇ ਬਰਾਬਰ ਇਕ ਲਕੀਰ ਖਿੱਚੀ, ਪਰ ਮਕਸਦ ਵਿਚ ਭਟਕ ਕੇ ਉਨ੍ਹਾਂ ਨਾਲ ਵਿਵਾਦ ਪੈਦਾ ਨਹੀਂ ਕੀਤਾ, ਜਿਸ ਨਾਲ ਅੰਗਰੇਜ਼ੀ ਸਲਤਨਤ ਨੂੰ ਫਾਇਦਾ ਹੋਵੇ।

ਭਗਤ ਸਿੰਘ ਹਿੰਦੋਸਤਾਨ ਦਾ ਪਹਿਲਾ ਤਰਕਸ਼ੀਲ ਵਿਚਾਰਵਾਨ ਜਿਹੜਾ ਧਰਮ ਦੇ ਦਾਇਰੇ 'ਚੋਂ ਬਾਹਰ ਸੀ। ਸ੍ਰੀਮਤੀ ਦੁਰਗਾਦੇਵੀ ਵੋਹਰਾ ਨੂੰ ਲੈ ਕੇ ਜਦੋਂ ਭਗਤ ਸਿੰਘ ਨੂੰ ਅੰਗਰੇਜ਼ ਜੱਲਾਦਾਂ ਤੋਂ ਬਚਣ ਲਈ ਆਪਣੇ ਵਾਲ ਕੱਟ ਕੇ ਪਹਿਲੀ ਸ਼੍ਰੇਣੀ ਦੇ ਡੱਬੇ ਵਿਚ ਕਲਕੱਤਾ ਤੱਕ ਦੀ ਯਾਤਰਾ ਕਰਨੀ ਪਈ ਤਾਂ ਲੋਕਾਂ ਨੇ ਆਲੋਚਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਤੁਸੀਂ ਸਿੱਖ ਹੋ ਕੇ ਆਪਣੇ ਕੇਸ ਕਟਾ ਲਏ। ਸਾਡੇ ਇਥੇ ਤਾਂ ਹਰ ਸਿੱਖ ਨੂੰ ਪੰਜ ਚੀਜ਼ਾਂ ਰੱਖਣੀਆਂ ਪੈਂਦੀਆਂ ਹਨ, ਉਸ ਵਿਚ ਕੇਸ ਵੀ ਹੁੰਦੇ ਹਨ। ਤੁਸੀਂ ਇਹ ਕੀ ਕੀਤਾ, ਤੁਸੀਂ ਕਿਹੋ ਜਿਹੇ ਸਿੱਖ ਹੋ! ਜਿਹੜੇ ਸੱਜਣ ਸਵਾਲ ਪੁੱਛ ਰਹੇ ਸਨ, ਉਹ ਸ਼ਾਇਦ ਧਾਰਮਿਕ ਵਿਅਕਤੀ ਸਨ। ਭਗਤ ਸਿੰਘ ਨੇ ਇਕ ਧਾਰਮਿਕ ਵਿਅਕਤੀ ਦੀ ਤਰ੍ਹਾਂ ਜਵਾਬ ਦਿੱਤਾ ਕਿ ਮੇਰੇ ਭਰਾ, ਤੁਸੀਂ ਠੀਕ ਕਹਿੰਦੇ ਹੋ। ਮੈਂ ਸਿੱਖ ਹਾਂ। ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ ਕਿ ਧਰਮ ਦੀ ਰੱਖਿਆ ਕਰਨ ਲਈ ਆਪਣੇ ਸਰੀਰ ਦੇ ਬੰਦ-ਬੰਦ ਕਟਵਾ ਦਿਓ। ਮੈਂ ਵਾਲ ਕਟਵਾ ਦਿੱਤੇ। ਹੁਣ ਮੌਕਾ ਮਿਲੇਗਾ ਤਾਂ ਆਪਣੀ ਗਰਦਨ ਕਟਵਾ ਦੇਵਾਂਗਾ। ਇਹ ਉਚ ਵਿਚਾਰਸ਼ੀਲਤਾ ਭਗਤ ਸਿੰਘ ਦੀ ਹੈ। ਉਹ 1931 ਤੋਂ ਪਹਿਲਾਂ ਕਹਿ ਰਹੇ ਸਨ, ਨਵੇਂ ਹਿੰਦੋਸਤਾਨ ਵਿਚ ਆਰਥਿਕ ਬਰਾਬਰੀ ਲਈ, ਸਮਾਜਵਾਦ ਨੂੰ ਹਾਸਲ ਕਰਨ ਲਈ, ਦੇਸ਼ ਅਤੇ ਚਰਿੱਤਰ ਨੂੰ ਬਣਾਉਣ ਲਈ, ਦੁਨੀਆ ਵਿਚ ਹਿੰਦੋਸਤਾਨ ਦਾ ਝੰਡਾ ਬੁਲੰਦ ਕਰਨ ਲਈ ਧਰਮ ਵਰਗੀ ਚੀਜ਼ ਦੀ ਸਾਨੂੰ ਜ਼ਰੂਰਤ ਨਹੀਂ ਹੋਣੀ ਚਾਹੀਦੀ।

ਅੱਜ ਅਸੀਂ ਉਸੇ ਵਿਚ ਫਸੇ ਹੋਏ ਹਾਂ। ਕੀ ਸਬੂਤ ਹੈ ਕਿ ਅਯੁਧਿਆ ਵਿਚ ਰਾਮ ਹੋਏ ਸਨ? ਕੀ ਸਬੂਤ ਹੈ ਕਿ ਮੰਦਰ ਬਣ ਜਾਣ 'ਤੇ ਰਾਮ ਚੰਦਰ ਜੀ ਉਥੇ ਆ ਕੇ ਵਿਰਾਜ ਜਾਣਗੇ? ਕੀ ਜ਼ਰੂਰਤ ਹੈ ਕਿਸੇ ਮਸਜਿਦ ਨੂੰ ਤੋੜ ਦਿੱਤਾ ਜਾਵੇ? ਕੀ ਜ਼ਰੂਰਤ ਹੈ ਕਿ ਦੇਸ਼ ਦੇ ਛੋਟੇ-ਛੋਟੇ ਮੰਦਰਾਂ ਨੂੰ ਤੋੜ ਦਿੱਤਾ ਜਾਵੇ? ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਅਸੀਂ 2012 ਵਿਚ ਲੱਭ ਨਹੀਂ ਪਾ ਰਹੇ ਹਾਂ।

ਭਗਤ ਸਿੰਘ ਨੇ ਸ਼ਹਾਦਤ ਦੇ ਦਿੱਤੀ, ਬਸ ਇੰਨਾ ਕਹਿਣਾ ਭਗਤ ਸਿੰਘ ਦੇ ਕੱਦ ਨੂੰ ਛੋਟਾ ਕਰਨਾ ਹੈ। ਜਿੰਨੀ ਉਮਰ ਵਿਚ ਭਗਤ ਸਿੰਘ ਕੁਰਬਾਨ ਹੋ ਗਏ,






ਇਸ ਤੋਂ ਘੱਟ ਉਮਰ ਵਿਚ ਮਦਨ ਲਾਲ ਢੀਂਗਰਾ ਅਤੇ ਕਰਤਾਰ ਸਿੰਘ ਸਰਾਭਾ ਚਲੇ ਗਏ ਸਨ। ਭਗਤ ਸਿੰਘ ਨੇ ਤਾਂ ਖੁਦ ਮੌਤ ਦੀ ਚੋਣ ਕੀਤੀ, ਜੇਕਰ ਉਹ ਪੰਜਾਬ ਦੀ ਅਸੈਂਬਲੀ ਵਿਚ ਬੰਬ ਨਾ ਸੁੱਟਦੇ ਤਾਂ ਕੀ ਹੁੰਦਾ। ਕਾਂਗਰਸ ਦੇ ਇਤਿਹਾਸ ਨੂੰ ਭਗਤ ਸਿੰਘ ਦਾ ਕਰਜ਼ਦਾਰ ਹੋਣਾ ਪਵੇਗਾ। ਲਾਲਾ ਲਾਜਪਤ ਰਾਏ, ਬਿਪਿਨਚੰਦਰ ਪਾਲ ਅਤੇ ਬਾਲਗੰਗਾਧਰ ਤਿਲਕ ਨੇ ਕਾਂਗਰਸ ਦੀ ਅਗਵਾਈ ਕੀਤੀ ਸੀ। ਭਗਤ ਸਿੰਘ ਲਾਲਾ ਲਾਜਪਤ ਰਾਏ ਦੇ ਸਮਰਥਕ ਅਤੇ ਪ੍ਰੇਮੀ ਸ਼ੁਰੂ ਵਿਚ ਸਨ। ਉਨ੍ਹਾਂ ਦਾ ਪਰਿਵਾਰ ਆਰੀਆ ਸਮਾਜੀ ਸੀ। ਭੂਗੋਲ ਅਤੇ ਇਤਿਹਾਸ ਤੋਂ ਕੱਟ ਕੇ ਭਗਤ ਸਿੰਘ ਦੇ ਕੱਦ ਨੂੰ ਇਕ ਬੀਆਬਾਨ ਵਿਚ ਨਹੀਂ ਦੇਖਿਆ ਜਾ ਸਕਦਾ। ਜਦੋਂ ਲਾਲਾ ਲਾਜਪਤ ਰਾਏ ਦੀ ਜੱਲਿਆਂ ਵਾਲਾ ਬਾਗ ਦੀ ਘਟਨਾ ਦੇ ਦੌਰਾਨ ਲਾਠੀਆਂ ਨਾਲ ਕੁਚਲੇ ਜਾਣ ਕਾਰਨ ਮੌਤ ਹੋ ਗਈ ਤਾਂ ਭਗਤ ਸਿੰਘ ਨੇ ਕੇਵਲ ਉਸ ਗੱਲ ਦਾ ਬਦਲਾ ਲੈਣ ਲਈ ਇਕ ਸੰਕੇਤਿਕ ਹਿੰਸਾ ਕੀਤੀ ਅਤੇ ਸਾਂਡਰਸ ਦੀ ਹੱਤਿਆ ਹੋਈ। ਭਗਤ ਸਿੰਘ ਚਾਹੁੰਦੇ ਤਾਂ ਹੋਰ ਜੀ ਸਕਦੇ ਸਨ, ਇਥੇ-ਉਥੇ ਆਜ਼ਾਦੀ ਦੀ ਅਲਖ ਜਗਾ ਸਕਦੇ ਸਨ। ਬਹੁਤ ਸਾਰੇ ਕ੍ਰਾਂਤੀਕਾਰੀ ਭਗਤ ਸਿੰਘ ਦੇ ਸਾਥੀ ਤਾਂ ਜੀਏ ਹੀ, ਪਰ ਭਗਤ ਸਿੰਘ ਨੇ ਸੋਚਿਆ ਕਿ ਇਹੀ ਸਮਾਂ ਹੈ ਜਦੋਂ ਇਤਿਹਾਸ ਦੀਆਂ ਸਲਵਟਾਂ ’ਤੇ ਸ਼ਹਾਦਤ ਦੀ ਇਸਤਰੀ ਚਲਾਈ ਜਾ ਸਕਦੀ ਹੈ, ਜਿਸ ਵਿਚ ਸਮੇਂ ਦਾ ਮਿਜਾਜ਼ ਪੜ੍ਹਣ ਦਾ ਜਿਗਰਾ ਤੇ ਤਾਕਤ ਹੋਵੇ, ਉਹੀ ਇਤਿਹਾਸ ਪੁਰਸ਼ ਹੁੰਦਾ ਹੈ।

ਭਗਤ ਸਿੰਘ ਨੇ ਸਾਰੀ ਦੁਨੀਆ ਦਾ ਧਿਆਨ ਅੰਗਰੇਜ਼ ਹੁਕਮਰਾਨਾਂ ਦੇ ਜ਼ੁਲਮ ਵੱਲ ਖਿੱਚਿਆ ਅਤੇ ਜਾਣ-ਬੁੱਝ ਕੇ ਅਸੈਂਬਲੀ ਬੰਬ ਕਾਂਡ ਰਚਿਆ। ਭਗਤ ਸਿੰਘ ਇਤਿਹਾਸ ਦੀ ਸਮਝ ਦੇ ਇਕ ਬਹੁਤ ਵੱਡੇ ਕੰਟਰੋਲਰ ਸਨ। ਅਸੀਂ ਉਸ ਭਗਤ ਸਿੰਘ ਦੀ ਗੱਲ ਜ਼ਿਆਦਾ ਕਿਉਂ ਨਹੀਂ ਕਰਦੇ? ਭਗਤ ਸਿੰਘ ਦਾ ਇਕ ਬਹੁਤ ਪਿਆਰਾ ਚਿੱਤਰ ਹੈ, ਜਿਸ ਵਿਚ ਉਹ ਮੰਜੇ ਉਤੇ ਬੈਠੇ ਹੋਏ ਹਨ। ਉਸ ਚਿਹਰੇ ਵਿਚ ਹਿੰਦੋਸਤਾਨ ਨਜ਼ਰ ਆਉਂਦਾ ਹੈ। ਅਜਿਹਾ ਲੱਗਦਾ ਹੈ ਕਿ ਹਿੰਦੋਸਤਾਨ ਬੈਠਿਆ ਹੋਇਆ ਹੈ।

ਭਗਤ ਸਿੰਘ ’ਤੇ ਜਿੰਨੀਆਂ ਖੋਜ-ਪਰਖ ਕਿਤਾਬਾਂ ਲਿਖੀਆਂ ਜਾਣੀਆਂ ਚਾਹੀਦੀਆਂ ਸਨ, ਓਨੀਆਂ ਚੰਗੀਆਂ ਕਿਤਾਬਾਂ ਹੁਣ ਵੀ ਨਹੀਂ ਲਿਖੀਆਂ ਗਈਆਂ। ਕੁਝ ਲੋਕ ਭਗਤ ਸਿੰਘ ਦੇ ਜਨਮ ਦਿਨ ਅਤੇ ਸ਼ਹੀਦੀ ਦਿਹਾੜੇ ਨੂੰ ਹੁਣ ਤੱਕ ਮਨਾਉਂਦੇ ਸਨ, ਪਰ ਹੁਣ ਉਨ੍ਹਾਂ ਦੇ ਹੱਥਾਂ ਵਿਚ ਸੰਪਰਦਾਇਕਤਾ ਦੇ ਦੂਸਰੇ ਝੰਡੇ ਆ ਗਏ ਹਨ। ਉਨ੍ਹਾਂ ਨੂੰ ਭਗਤ ਸਿੰਘ ਕੰਮ ਦਾ ਨਜ਼ਰ ਨਹੀਂ ਆਉਂਦਾ। ਕਿਸੇ ਵੀ ਸਿਆਸੀ ਪਾਰਟੀ ਦੇ ਐਲਾਨ ਪੱਤਰ ਨੂੰ ਪੜ੍ਹੋ, ਉਨ੍ਹਾਂ ਦਾ ਵੀ ਜਿਹੜੇ ਸਮਾਜਵਾਦ ਦਾ ਢਿੰਡੋਰਾ ਪਿੱਟ ਰਹੇ ਹਨ, ਤਾਂ ਲੱਗੇਗਾ ਕਿ ਸਭ ਦਿਖਾਵਾ ਹੈ।

ਅਮਰੀਕਾ ਦੇ ਸਾਮਰਾਜਵਾਦ ਦੇ ਸਾਹਮਣੇ ਅਸੀਂ ਗੁਲਾਮੀ ਕਰ ਰਹੇ ਹਾਂ। ਅਸੀਂ ਪੱਛਮ ਦੇ ਸਾਹਮਣੇ ਵਿਕ ਰਹੇ ਹਾਂ, ਵਿੱਛ ਰਹੇ ਹਾਂ। ਇਸ ਤੋਂ ਬਾਅਦ ਵੀ ਅਸੀਂ ਕਹਿੰਦੇ ਹਾਂ ਕਿ ਹਿੰਦੋਸਤਾਨ ਨੂੰ ਵੱਡਾ ਦੇਸ਼ ਬਣਾਵਾਂਗੇ।

ਭਗਤ ਸਿੰਘ ਨੇ ਕਿਹਾ ਸੀ ਕਿ ਜਦੋਂ ਤੱਕ ਹਿੰਦੋਸਤਾਨ ਦੇ ਨੌਜਵਾਨ ਹਿੰਦੋਸਤਾਨ ਦੇ ਕਿਸਾਨ ਕੋਲ ਨਹੀਂ ਜਾਣਗੇ, ਪਿੰਡ ਨਹੀਂ ਜਾਣਗੇ, ਉਨ੍ਹਾਂ ਨਾਲ ਪਸੀਨਾ ਬਹਾ ਕੇ ਕੰਮ ਨਹੀਂ ਕਰਨਗੇ, ਤਦ ਤੱਕ ਹਿੰਦੋਸਤਾਨ ਦੀ ਆਜ਼ਾਦੀ ਦਾ ਕੋਈ ਅਰਥ ਨਹੀਂ ਹੋਵੇਗਾ।

ਮੈਂ ਮੰਨਦਾ ਹਾਂ ਕਿ ਹਿੰਦੋਸਤਾਨ ਨੂੰ ਪੂਰੀ ਆਜ਼ਾਦੀ ਨਹੀਂ ਮਿਲੀ ਹੈ, ਜਦੋਂ ਤੱਕ ਅੰਗਰੇਜ਼ਾਂ ਦੇ ਬਣਾਏ ਕਾਲੇ ਕਾਨੂੰਨ ਸਾਡੇ ਸਿਰ ’ਤੇ ਹਨ, ਸੰਵਿਧਾਨ ਦੀ ਆੜ ਵਿਚ ਸੁਪਰੀਮ ਕੋਰਟ ਅਤੇ ਹਾਈ ਕੋਰਟ ਤੋਂ ਲੈ ਕੇ ਸਾਡੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਫਤਵੇ ਜਾਰੀ ਕਰਦੇ ਹਨ ਕਿ ਸੰਵਿਧਾਨ ਦੀ ਰੱਖਿਆ ਹੋਣੀ ਹੈ। ਕਿਸ ਸੰਵਿਧਾਨ ਦੀ ਰੱਖਿਆ ਹੋਣੀ ਚਾਹੀਦੀ ਹੈ? ਸੰਵਿਧਾਨ ਵਿਚ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਸਵਿਟਜ਼ਰਲੈਂਡ, ਜਰਮਨੀ, ਜਾਪਾਨ ਅਤੇ ਕਈ ਹੋਰ ਦੇਸ਼ਾਂ ਦੀਆਂ ਗੂੰਜਾਂ ਸ਼ਾਮਿਲ ਹਨ। ਇਨ੍ਹਾਂ ਵਿਚ ਗਾਂਧੀ ਨਹੀਂ ਹੈ, ਭਗਤ ਸਿੰਘ ਨਹੀਂ ਹੈ, ਲੋਹੀਆ ਨਹੀਂ ਹੈ, ਇਸ ਵਿਚ ਭਾਰਤ ਨਹੀਂ ਹੈ।

ਅਸੀਂ ਇਕ ਅੰਤਰਰਾਸ਼ਟਰੀ ਸਾਜਿਸ਼ ਦੇ ਸ਼ਿਕਾਰ ਹਾਂ। ਸਾਨੂੰ ਇਹੀ ਦੱਸਿਆ ਜਾਂਦਾ ਹੈ ਕਿ ਡਾ. ਅੰਬੇਦਕਰ ਨੇ ਹਿੰਦੋਸਤਾਨ ਦੇ ਸੰਵਿਧਾਨ ਦੀ ਰਚਨਾ ਕੀਤੀ। ਸੰਵਿਧਾਨ ਦੀ ਪੋਥੀ ਨੂੰ ਬਣਾਉਣ ਵਾਲੀ ਅਸੈਂਬਲੀ ਦਾ ਇਤਿਹਾਸ ਪੜ੍ਹੀਏ, ਸੇਵਾ ਮੁਕਤ ਆਈ.ਸੀ.ਐਸ. ਅਧਿਕਾਰੀ, ਦੀਵਾਨ ਸਾਹਿਬ ਅਤੇ ਰਾਏ ਬਹਾਦੁਰ ਅਤੇ ਕਈ ਪੱਛਮੀ ਬੁੱਧੀਜੀਵੀਆਂ ਨੇ ਮੂਲ ਪਾਠ ਬਣਾਇਆ। ਦੇਸ਼ ਭਗਤਾਂ ਨੇ ਉਸ ’ਤੇ ਬਹਿਸ ਕੀਤੀ। ਉਸ ’ਤੇ ਦਸਤਖ਼ਤ ਕਰਕੇ ਉਸ ਨੂੰ ਪੇਸ਼ ਕਰ ਦਿੱਤਾ। ਸੰਵਿਧਾਨ ਦੀ ਪੋਥੀ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ, ਪਰ ਜਦੋਂ ਅਸੀਂ ਰਾਮਾਇਣ, ਗੀਤਾ, ਕੁਰਾਨ ਸ਼ਰੀਫ, ਬਾਈਬਲ ਅਤੇ ਗੁਰੂ ਗ੍ਰੰਥ ਸਾਹਿਬ ’ਤੇ ਬਹਿਸ ਕਰ ਸਕਦੇ ਹਾਂ ਕਿ ਇਨ੍ਹਾਂ ਦੇ ਸੱਚੇ ਅਰਥ ਕੀ ਹੋਣੇ ਚਾਹੀਦੇ ਹਨ ਤਾਂ ਸਾਨੂੰ ਹਿੰਦੋਸਤਾਨ ਦੀ ਉਸ ਪੋਥੀ ਦੀ ਜਿਸ ਕਰਕੇ ਸਾਰਾ ਦੇਸ਼ ਚੱਲ ਰਿਹਾ ਹੈ, ਆਯਾਤਾਂ ਵਿਚ ਪੜ੍ਹਣ, ਸਮਝਣ ਅਤੇ ਉਸ ਨੂੰ ਬਹਿਸ ਦੇ ਕੇਂਦਰ ਵਿਚ ਪਾਉਣ ਦਾ ਵੀ ਅਧਿਕਾਰ ਮਿਲਣਾ ਚਾਹੀਦਾ ਹੈ। ਇਹੀ ਭਗਤ ਸਿੰਘ ਦਾ ਰਸਤਾ ਹੈ।

ਭਗਤ ਸਿੰਘ ਨੇ ਕਦੇ ਨਹੀਂ ਕਿਹਾ ਕਿ ਕਿਸੇ ਦੀ ਗੱਲ ਨੂੰ ਤਰਕ ਦੇ ਬਿਨਾਂ ਮੰਨੋ। ਜਦੋਂ ਮੈਂ ਭਗਤ ਸਿੰਘ ਨਾਲ ਤਰਕ ਕਰਦਾ ਹਾਂ, ਬਹਿਸ ਕਰਦਾ ਹਾਂ, ਤਦ ਮੈਂ ਮਹਿਸੂਸ ਕਰਦਾ ਹਾਂ ਕਿ ਭਗਤ ਸਿੰਘ ਦੇ ਤਰਕ ਵਿਚ ਭਾਵੁਕਤਾ ਹੈ ਅਤੇ ਭਗਤ ਸਿੰਘ ਦੀ ਭਾਵਨਾ ਵਿਚ ਤਰਕ ਹੈ। ਪੂਰੀ ਕ੍ਰਾਂਤੀਕਾਰੀ ਸੈਨਾ ਵਿਚ ਭਗਤ ਸਿੰਘ ਇਕੱਲਾ ਸੀ, ਜਿਸ ਨੇ ਦਿੱਲੀ ਦੇ ਸੰਮੇਲਨ ਵਿਚ ਕਿਹਾ ਕਿ ਸਾਨੂੰ ਸਮੂਹਿਕ ਨੁਮਾਇੰਦਗੀ ਰਾਹੀਂ ਪਾਰਟੀ ਨੂੰ ਚਲਾਉਣ ਦਾ ਢੰਗ ਸਿੱਖਣਾ ਚਾਹੀਦਾ ਹੈ। ਉਹ ਲਹਿਜ਼ਾ ਸਿੱਖਣਾ ਚਾਹੀਦਾ ਹੈ ਤਾਂ ਕਿ ਸਾਡੇ ਵਿਚੋਂ ਕੋਈ ਜੇਕਰ ਚਲਿਆ ਜਾਵੇ ਤਾਂ ਪਾਰਟੀ ਖਿੰਡ ਨਾ ਜਾਵੇ। ਭਗਤ ਸਿੰਘ ਨੇ ਸਭ ਤੋਂ ਪਹਿਲਾਂ ਦੇਸ਼ ਵਿਚ ਕਿਹਾ ਸੀ ਕਿ ਵਿਅਕਤੀ ਤੋਂ ਪਾਰਟੀ ਵੱਡੀ ਹੁੰਦੀ ਹੈ, ਪਾਰਟੀ ਤੋਂ ਸਿਧਾਂਤ ਵੱਡਾ ਹੁੰਦਾ ਹੈ। ਅਸੀਂ ਇਹ ਸਭ ਭੁਲ ਗਏ। ਸਾਨੂੰ ਕੇਵਲ ਪਿਸਤੌਲ ਵਾਲਾ ਭਗਤ ਸਿੰਘ ਯਾਦ ਹੈ। ਜੇਕਰ ਕੋਈ ਥਾਣੇਦਾਰ ਜ਼ੁਲਮ ਕਰਦਾ ਹੈ ਤਾਂ ਸਾਨੂੰ ਲੱਗਦਾ ਹੈ ਕਿ ਭਗਤ ਸਿੰਘ ਦੀ ਤਰ੍ਹਾਂ ਅਸੀਂ ਉਸ ਨੂੰ ਗੋਲੀ ਮਾਰ ਦੇਈਏ। ਅਸੀਂ ਉਸ ਨੂੰ ਅਜੇ ਦੇਵਗਨ ਸਮਝਦੇ ਹਾਂ ਜਾਂ ਧਰਮਿੰਦਰ ਦਾ ਬੇਟਾ।

ਭਗਤ ਸਿੰਘ ਕਿਤਾਬਾਂ ਵਿਚ ਕੈਦ ਹੈ। ਉਸ ਨੂੰ ਕਿਤਾਬਾਂ ਤੋਂ ਬਾਹਰ ਲਿਆਉਣਾ ਚਾਹੀਦਾ ਹੈ। ਭਗਤ ਸਿੰਘ ਵਿਚਾਰਾਂ ਦੇ ਤਹਿਖਾਨੇ ਵਿਚ ਕੈਦ ਹੈ। ਉਸ ਨੂੰ ਬਹਿਸ ਦੇ ਕੇਂਦਰ ਵਿਚ ਲਿਆਇਆ ਜਾਵੇ। ਇਸ ਦਾ ਰਸਤਾ ਵੀ ਭਗਤ ਸਿੰਘ ਨੇ ਹੀ ਦੱਸਿਆ ਸੀ। ਭਗਤ ਸਿੰਘ ਨੇ ਕਿਹਾ ਸੀ ਕਿ ਇਹ ਵੱਡੇ-ਵੱਡੇ ਅਖ਼ਬਾਰ ਤਾਂ ਵਿਕੇ ਹੋਏ ਹਨ, ਇਨ੍ਹਾਂ ਦੇ ਚੱਕਰਾਂ ਵਿਚ ਕਿਉਂ ਪੈਂਦੇ ਹੋ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਛੋਟੇ-ਛੋਟੇ ਟਰੈਕਟ 16 ਅਤੇ 24 ਪੰਨਿਆਂ ਦੀਆਂ ਪੱਤ੍ਰਿਕਾਵਾਂ ਛਾਪ ਕੇ ਆਪਸ ਵਿਚ ਵੰਡਦੇ ਸਨ। ਅਸੀਂ ਇਹੀ ਕਰ ਲਈਏ ਤਾਂ ਇੰਨੀ ਹੀ ਭਗਤ ਸਿੰਘ ਦੀ ਸੇਵਾ ਬਹੁਤ ਹੈ। ਵਿਚਾਰਾਂ ਦੀ ਸਾਣ ’ਤੇ ਜੇਕਰ ਕੋਈ ਚੀਜ਼ ਚੜ੍ਹੇਗੀ, ਉਹੀ ਤਲਵਾਰ ਬਣੇਗੀ। ਇਹੀ ਭਗਤ ਸਿੰਘ ਨੇ ਸਾਨੂੰ ਸਿਖਾਇਆ ਸੀ। ਕੁਝ ਬੁਨਿਆਦੀ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਵੱਲ ਸਾਨੂੰ ਧਿਆਨ ਦੇਣਾ ਹੋਵੇਗਾ।

ਸਾਡੇ ਦੇਸ਼ ਵਿਚ ਬਹਿਸ, ਆਜ਼ਾਦੀ, ਜਨ ਵਿਰੋਧ, ਸਰਕਾਰਾਂ ਖਿਲਾਫ਼ ਖੜ੍ਹੇ ਹੋ ਜਾਣ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਸਾਡੇ ਦੇਸ਼ ਵਿਚ ਮੂਰਖ ਰਾਜਾ ਹੈ। ਉਹ ਸੱਤਾ ਉਤੇ ਲਗਾਤਾਰ ਬੈਠ ਰਿਹਾ ਹੈ, ਜਿਨ੍ਹਾਂ ਨੂੰ ਠੀਕ ਨਾਲ ਦਸਤਖ਼ਤ ਨਹੀਂ ਕਰਨਾ ਆਉਂਦਾ ਉਹ ਦੇਸ਼ ਦੇ ਸਿਆਸੀ ਚੈਕ ਉਤੇ ਦਸਤਖ਼ਤ ਕਰ ਰਹੇ ਹਨ। ਸਾਡੇ ਇਥੇ ਇਕ ਆਈ ਐਮ ਸੌਰੀ ਸਰਵਿਸ ਆ ਗਈ ਹੈ ਤੇ ਆਈ.ਏ.ਐਸ ਦੀ ਨੌਕਰਸ਼ਾਹੀ। ਉਸ ਵਿਚ ਹੁਣ ਭ੍ਰਿਸ਼ਟ ਅਧਿਕਾਰੀ ਇੰਨੇ ਜ਼ਿਆਦਾ ਹਨ ਕਿ ਚੰਗੇ ਅਧਿਕਾਰੀ ਲੱਭਣਾ ਮੁਸ਼ਕਿਲ ਹੈ। ਸਾਡੇ ਦੇਸ਼ ਵਿਚ ਨਿਕੰਮੇ ਸਾਧੂਆਂ ਦੀ ਜਮਾਤ ਹੈ। ਉਹ ਨਿਕੰਮੇ ਹਨ, ਪਰ ਮਲਾਈ ਖਾਂਦੇ ਹਨ। ਇਸ ਦੇਸ਼ ਦੇ ਮਿਹਨਤ ਕਰਨ ਵਾਲੇ ਮਜ਼ਦੂਰਾਂ ਲਈ ਜੇਕਰ ਕੁਝ ਰੁਪਇਆਂ ਦੇ ਵਾਧੇ ਦੀ ਗੱਲ ਹੁੰਦੀ ਹੈ, ਸਭ ਉਨ੍ਹਾਂ ਨਾਲ ਲੜਣ ਬੈਠ ਜਾਂਦੇ ਹਨ। ਸਾਡੇ ਦੇਸ਼ ਵਿਚ ਗੈਰ ਜਥੇਬੰਦ ਮਜ਼ਦੂਰਾਂ ਦਾ ਬਹੁਤ ਵੱਡਾ ਦਾਇਰਾ ਹੈ। ਅਸੀਂ ਉਨ੍ਹਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਸਾਡੇ ਦੇਸ਼ ਵਿਚ ਪਹਿਲਾਂ ਤੋਂ ਹੀ ਸੁਰੱਖਿਅਤ ਲੋਕਾਂ ਦੇ ਅਧਿਕਾਰਾਂ ਦੀ ਸੁਰੱਖਿਆ ਦੇ ਕਾਨੂੰਨ ਬਣੇ ਹੋਏ ਹਨ, ਪਰ ਭਾਰਤ ਦੀ ਸੰਸਦ ਨੇ ਅੱਜ ਤੱਕ ਨਹੀਂ ਸੋਚਿਆ ਕਿ ਭਾਰਤ ਦੇ ਕਿਸਾਨਾਂ ਦੇ ਵੀ ਅਧਿਕਾਰ ਹੋਣੇ ਚਾਹੀਦੇ ਹਨ। ਭਾਰਤੀ ਕਿਸਾਨ ਐਕਟ ਵਰਗਾ ਕੋਈ ਨਿਯਮ ਨਹੀਂ ਹੈ। ਕਿਸਾਨ ਦੀ ਫਸਲ ਦਾ ਕਿੰਨਾ ਪੈਸਾ ਉਨ੍ਹਾਂ ਨੂੰ ਮਿਲੇ, ਉਹ ਕੁਝ ਵੀ ਤੈਅ ਨਹੀਂ ਕਰਦੇ। ਇਕ ਕਿਸਾਨ ਜੇਕਰ ਸੌ ਰੁਪਏ ਦੇ ਬਰਾਬਰ ਦਾ ਉਤਪਾਦ ਕਰਦਾ ਹੈ ਤਾਂ ਬਾਜ਼ਾਰ ਵਿਚ ਖ਼ਪਤਕਾਰ ਨੂੰ ਉਹ ਵਸਤੂ ਹਜ਼ਾਰ ਰੁਪਏ ਵਿਚ ਮਿਲਦੀ ਹੈ। ਅੱਠ ਸੌ ਰੁਪਏ ਦਲਾਲੀ ਵਿਚ ਖਾਦੇ ਜਾਂਦੇ ਹਨ। ਉਸ ਉਤੇ ਵੀ ਸਰਕਾਰ ਦੀ ਸੁਰੱਖਿਆ ਹੁੰਦੀ ਹੈ ਅਤੇ ਸਰਕਾਰ ਖੁਦ ਦਲਾਲੀ ਵੀ ਕਰਦੀ ਹੈ। ਅਜਿਹੇ ਕਿਸਾਨਾਂ ਦੀ ਰੱਖਿਆ ਲਈ ਭਗਤ ਸਿੰਘ ਖੜ੍ਹੇ ਹੋਏ ਸਨ।

ਭਗਤ ਸਿੰਘ ਨੇ ਕਦੇ ਨਹੀਂ ਕਿਹਾ ਕਿ ਦੇਸ਼ ਦੇ ਉਦਯੋਗਪਤੀਓ ਇਕ ਹੋ ਜਾਓ, ਭਗਤ ਸਿੰਘ ਨੇ ਕਦੇ ਨਹੀਂ ਕਿਹਾ ਕਿ ਆਪਣੀ ਪਤਨੀ ਦੇ ਜਨਮ ਦਿਨ ’ਤੇ ਹਵਾਈ ਜਹਾਜ਼ ਤੋਹਫ਼ੇ ਵਿਚ ਭੇਂਟ ਕਰੋ ਅਤੇ ਉਸ ਨੂੰ ਦੇਸ਼ ਦਾ ਗੌਰਵ ਦੱਸੋ। ਭਗਤ ਸਿੰਘ ਨੇ ਕਦੇ ਨਹੀਂ ਕਿਹਾ ਕਿ ਵਕੀਲੋ ਇਕ ਹੋ ਜਾਓ ਕਿਉਂਕਿ ਵਕੀਲ ਹੋਣ ਕਾਰਨ ਮੈਨੂੰ ਪਤਾ ਹੈ ਕਿ ਵਕੀਲਾਂ ਨੂੰ ਇਕ ਰੱਖਣਾ ਅਤੇ ਡੱਡੂਆਂ ਨੂੰ ਇਕ ਤੱਕੜੀ ਵਿਚ ਤੋਲਣ ਦੇ ਬਰਾਬਰ ਹੈ। ਭਗਤ ਸਿੰਘ ਨੇ ਕਦੇ ਨਹੀਂ ਕਿਹਾ ਕਿ ਦੇਸ਼ ਡਾਕਟਰਾਂ ਨੂੰ ਇਕ ਕਰੋ। ਉਨ੍ਹਾਂ ਨੂੰ ਪਤਾ ਸੀ ਕਿ ਜ਼ਿਆਦਾਤਰ ਡਾਕਟਰ ਕੇਵਲ ਮਰੀਜ਼ ਦੇ ਸਰੀਰ ਅਤੇ ਉਨ੍ਹਾਂ ਦੀ ਜਾਨ ਨਾਲ ਖੇਡਦੇ ਹਨ। ਉਨ੍ਹਾਂ ਦਾ ਸਾਰਾ ਧਿਆਨ ਇਸ ਗੱਲ ਉਤੇ ਹੁੰਦਾ ਹੈ ਕਿ ਉਨ੍ਹਾਂ ਨੂੰ ਫੀਸ ਜ਼ਿਆਦਾ ਤੋਂ ਜ਼ਿਆਦਾ ਕਿਵੇਂ ਮਿਲੇ। ਅਪਵਾਦ ਜ਼ਰੂਰ ਹੈ, ਪਰ ਅਪਵਾਦ ਨਿਯਮ ਨੂੰ ਹੀ ਸਿੱਧ ਕਰਦੇ ਹਨ। ਇਸ ਲਈ ਭਗਤ ਸਿੰਘ ਨੇ ਕਿਹਾ ਸੀ ਕਿ ਦੁਨੀਆ ਦੇ ਮਜ਼ਦੂਰੋ ਇਕ ਹੋ ਜਾਓ। ਇਸ ਲਈ ਭਗਤ ਸਿੰਘ ਨੇ ਕਿਹਾ ਸੀ ਕਿ ਕਿਸਾਨ, ਮਜ਼ਦੂਰ ਅਤੇ ਨੌਜਵਾਨ ਦੀ ਏਕਤਾ ਹੋਣੀ ਚਾਹੀਦੀ ਹੈ। ਭਗਤ ਸਿੰਘ ਦਾ ਰਸਤਾ ਮਾਰਕਸ ਦੇ ਰਸਤੇ ਤੋਂ ਨਿਕਲ ਕੇ ਆਉਂਦਾ ਸੀ। ਇਕ ਅਜੀਬ ਤਰ੍ਹਾਂ ਦਾ ਸਿਆਸੀ ਪ੍ਰਯੋਗ ਭਾਰਤ ਦੀ ਰਾਜਨੀਤੀ ਵਿਚ ਹੋਣ ਵਾਲਾ ਸੀ, ਪਰ ਭਗਤ ਸਿੰਘ ਬੇਵਕਤ ਇਸ ਦੁਨੀਆ ਨੂੰ ਛੱਡ ਕੇ ਚਲੇ ਗਏ।

ਭਗਤ ਸਿੰਘ ਸੰਭਾਵਨਾਵਾਂ ਦੇ ਜਨ ਨਾਇਕ ਸਨ, ਉਹ ਸਾਡੇ ਅਧਿਕਾਰਤ, ਰਸਮੀ ਨੇਤਾ ਬਣ ਨਹੀਂ ਸਕੇ। ਇਸ ਲਈ ਸਭ ਲੋਕ ਭਗਤ ਸਿੰਘ ਤੋਂ ਡਰਦੇ ਹਨ, ਅੰਗਰੇਜ਼ ਅਤੇ ਭਾਰਤੀ ਹੁਕਮਰਾਨ ਦੋਵੇਂ ਹੀ। ਉਨ੍ਹਾਂ ਵਿਚਾਰਾਂ ਨੂੰ ਸਰਗਰਮ ਕਰਨ ਵਿਚ ਸਰਕਾਰੀ ਕਾਨੂੰਨਾਂ ਦੀ ਘਿੱਗੀ ਬੱਝ ਜਾਂਦੀ ਹੈ। ਜੇਕਰ ਕਾਨੂੰਨ ਹੀ ਅਜਨਮੇ ਰਹਿਣਗੇ ਤਾਂ ਲੋਕਤੰਤਰ ਦੀਆਂ ਪ੍ਰਤੀਬੱਧਤਾਵਾਂ ਦਾ ਕੀ ਹੋਵੇਗਾ? ਭਗਤ ਸਿੰਘ ਨੇ ਇੰਨੇ ਅਣਛੋਹੇ ਸਵਾਲਾਂ ਦਾ ਸਾਹਮਣਾ ਕੀਤਾ ਹੈ ਕਿ ਉਨ੍ਹਾਂ ਉਤੇ ਹੁਣ ਵੀ ਖੋਜ ਹੋਣੀ ਬਾਕੀ ਹੈ। ਭਗਤ ਸਿੰਘ ਦੇ ਵਿਚਾਰ ਕੇਵਲ ਸ਼ਲਾਘਾਯੋਗ ਨਹੀਂ ਹਨ। ਉਨ੍ਹਾਂ ਉਤੇ ਅਮਲ ਕਿਵੇਂ ਹੋਵੇ। ਇਸ ਲਈ ਬੌਧਿਕ ਅਤੇ ਜਨ ਅੰਦੋਲਨਾਂ ਦੀ ਜ਼ਰੂਰਤ ਹੈ।

EXCEL TAX & BUSINESS SOLUTIONS INC.

Our Goal : Client Satisfaction | Net Filling, Quick Refund

Specializing:
Trucking, Real Estate, Gas Station,Hotel
Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

Call: Pritpal Kooner

Ph: 780-469-4985
Fax: 780-469-4926
Cell: 780-952-2860
exceltax@yahoo.ca

Unit # 207
9254 - 34A Ave
(Above Sabji Mandi)
Edmonton AB T6E 5P4

Evening & Weekend open with Appointments only

ਭਗਤ ਸਿੰਘ ਫਲਸਫ਼ਾ ਹੈ ਮੁਕੱਦਸ ਕਿਤਾਬ ਨਹੀਂ

ਕਿਰਤਮੀਤ ਸਿੰਘ
780-200-5328
kirtmeetsingh@gmail.com

ਪੰਜਾਬ ਚੋਣਾਂ 'ਚ ਪੰਜਾਬ ਦੀ ਧਰਤੀ 'ਤੇ ਰਾਜਸੀ ਪਾਰਟੀਆਂ ਵੱਲੋਂ ਸੱਤਾ 'ਚ ਕਾਮਯਾਬ ਹੋਣ ਲਈ ਜੋ ਹੱਥਕੰਢੇ ਵਰਤੇ ਗਏ ਉਸ ਨੂੰ ਵੇਖ ਕੇ ਆਮ ਆਦਮੀ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ 'ਕਿਆ ਵਤਨ ਪਰ ਮਰਨੇ ਵਾਲੋਂ ਕਾ ਯਹੀ ਅੰਜ਼ਾਮ ਹੋਗਾ...'। ਕਾਂਗਰਸ, ਅਕਾਲੀ ਦਲ ਬਾਦਲ ਜਾਂ ਪੀ.ਪੀ.ਪੀ. ਵੱਲੋਂ ਸ਼ਹੀਦਾਂ ਦੇ ਨਾਮ 'ਤੇ ਆਮ ਜਨਤਾ ਨਾਲ ਕੇਵਲ ਸੱਤਾ 'ਚ ਆਉਣ ਲਈ 'ਲੂੰਬੜ' ਚਾਲਾਂ ਹੀ ਖੇਡੀਆਂ ਗਈਆਂ। ਇਹ ਪਾਰਟੀਆਂ ਸ਼ਹੀਦਾਂ ਨੂੰ ਨਤਮਸਤਕ ਹੋਣ ਆਏ ਲੋਕਾਂ ਨੂੰ 'ਜਲਸਾ/ਭੀੜ' ਕਰਾਰ ਦਿੰਦੀਆਂ ਹਨ, ਲੋਕਾਂ ਦਾ ਵੱਧ ਤੋਂ ਵੱਧ ਇੱਕਠ ਕਰਕੇ ਬੜੇ ਮਾਣ ਆਪਣੇ ਆਪ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸਖਦੇਵ ਦੇ ਵਾਰਸ ਹੋਣ ਦਾ 'ਢੰਡੋਰਾ' ਪਿੱਟ ਰਹੀਆਂ/ਪਿੱਟਦੀਆਂ ਰਹੀਆਂ ਹਨ। ਰਾਜਸੀ ਪਾਰਟੀਆਂ ਸ਼ਹੀਦ—ਏ—ਆਜਮ ਭਗਤ ਸਿੰਘ ਬਾਰੇ ਆਮ ਲੋਕਾਂ ਨੂੰ ਇਸ 'ਦਾਇਰੇ' 'ਚ ਹੀ ਰੱਖਣਾਂ ਚਾਹੁੰਦੀਆਂ ਹਨ ਕਿ ਭਗਤ ਸਿੰਘ ਨੇ ਅੰਗਰੇਜ਼ ਪੁਲਿਸ ਅਫ਼ਸਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਅਸੈਂਬਲੀ ਵਿਚ ਬੰਬ ਸੁੱਟਿਆ, ਅੰਗਰੇਜ਼ੀ ਅਦਾਲਤਾਂ ਦਾ ਮੂੰਹ ਚਿੜਾਇਆ ਅਤੇ ਹੱਸਦਾ-ਹੱਸਦਾ ਫਾਂਸੀ ਚੜ੍ਹ ਗਿਆ। ਪਰ ਕੀ ਇਹ ਅਸਲੀਅਤ ਹੈ? ਨਹੀਂ। ਅਸਲੀਅਤ, ਭਗਤ ਸਿੰਘ ਦੀਆ ਹੱਥ ਲਿਖਤਾਂ ਅਤੇ ਉਸ ਦੇ ਫਲਸਫੇ ਦੀ ਧੁਰ ਗਹਿਰਾਈ ਵਿੱਚ ਘੋਖ ਕੀਤਿਆਂ ਹੀ ਪਤਾ ਲਗਦੀ ਹੈ ਕਿ ਉਹ ਭਾਰਤ ਵਿਚਲੀ ਅੰਗਰੇਜ਼ੀ ਹਕੂਮਤ ਨੂੰ ਹਟਾ ਕੇ ਕੇਵਲ ਸੱਤਾ ਪਰਿਵਰਤਨ ਨਹੀਂ ਸੀ ਲਿਆਉਣਾ ਚਾਹੁੰਦਾ, ਸਗੋਂ ਉਹ ਭਾਰਤ ਵਾਸੀਆਂ ਨੂੰ ਇਕ ਐਸਾ ਨਿਜ਼ਾਮ ਦੇਣਾ ਚਾਹੁੰਦਾ ਸੀ ਜਿਸ ਵਿਚ ਹਰ ਇਕ ਨੂੰ ਘਰ, ਰੋਜ਼ੀ ਰੋਟੀ ਅਤੇ ਸਮਾਜਿਕ ਬਰਾਬਰਤਾ ਹਾਸਲ ਹੋਵੇ। ਹਰ ਇੱਕ ਦੀ ਘੱਟੋ-ਘੱਟ ਕੁੱਲੀ , ਜੁੱਲੀ , ਗੁੱਲੀ ਦੀ ਜਰੂਰਤ ਪੂਰੀ ਹੋਵੇ। ਹਰ ਇੱਕ ਨੂੰ ਪੜਾਈ ਕਰਨ, ਯੋਗਤਾ ਵਧਾਉਣ ਦਾ ਪੂਰਾ ਤੇ ਬਰਾਬਰ ਦਾ ਮੌਕਾ ਮਿਲੇ, ਯੋਗਤਾ ਮੁਤਾਬਕ ਕੰਮ ਮਿਲੇ ਤੇ ਕੰਮ ਮਤਾਬਕ ਉਜਰਤ। ਲੋਕਾਂ ਨੂੰ ਸਮਾਜਕ ਨਿਆਂ ਮਿਲੇ। ਉਹ ਨੌਜਵਾਨ ਭਾਰਤ ਸਭਾ ਦੇ ਝੰਡੇ ਹੇਠ ਭਾਰਤ ਦੇ ਨੌਜਵਾਨਾਂ ਨੂੰ 'ਜੱਥੇਬੰਦ' ਕਰਨਾ ਚਾਹੁੰਦਾ ਸੀ। ਜਿਊਣ ਦਾ ਉਹ ਆਸ਼ਕ ਸੀ ਪਰ ਅਣਖ ਨਾਲ ਜਿਊਣਾ ਚਾਹੁੰਦਾ ਸੀ।

ਮਹਿਜ਼ 23 ਸਾਲ ਦੀ ਉਮਰ (28 ਸਤੰਬਰ 1907-23 ਮਾਰਚ 1931) ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਇਸ ਸ਼ਹੀਦ ਦਾ ਜਨਮ/ਸ਼ਹੀਦੀ ਦਿਹਾੜਾ ਪੂਰੇ ਦੇਸ਼ ਵਿਚ ਸਰਕਾਰੀ/ਗੈਰ ਸਰਕਾਰੀ ਪੱਧਰ ਤੇ ਮਨਾਇਆ ਜਾਂਦਾ ਹੈ। ਹਾਕਮਾਂ ਵੱਲੋਂ ਹਰੇਕ ਚੌਕ, ਸ਼ਹਿਰ, ਕਸਬੇ ਦਾ ਨਾਂਮ ਉਸ ਸ਼ਹੀਦ ਦੇ ਨਾਮ 'ਤੇ ਰੱਖਿਆ ਗਿਆ/ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਵੀ ਕੌਮੀ ਪੱਧਰ 'ਤੇ ਮਨਾ ਕੇ ਕਰੋੜਾ ਰੁਪਏ ਖਰਚ ਕੀਤੇ ਜਾਂਦੇ ਹਨ, ਪ੍ਰੰਤੂ ਕੀ ਚੌਕਾਂ/ਸ਼ਹਿਰਾਂ ਦੇ ਨਾਮ ਬਦਲਣ ਤੋਂ ਸਿਵਾ ਅਸੀ ਕੁਝ ਹੋਰ ਕਰ ਸਕੇ ਹਾਂ? ਕੀ ਅਸੀ ਉਸ ਦੇ ਫਲਸਫ਼ੇ, ਸਿਧਾਤ, ਜਾਂ ਉਸ ਵੱਲੋਂ ਚਿਤਵੇ ਨਿਜ਼ਾਮ ਨੂੰ ਅਪਣਾ ਸਕੇ ਹਾਂ? ਕੀ ਲੋਕਾਂ ਨੂੰ ਐਸਾ ਨਿਜ਼ਾਮ ਮਿਲ ਸਕਿਆ ਹੈ ਜੋਂ ਭਗਤ ਸਿੰਘ ਨੇ ਚਾਹਿਆ ਸੀ? ਉਹ ਨਿਜ਼ਾਮ ਜਿਸ ਦੀ ਖ਼ਾਤਿਰ ਉਹ ਹੱਸਦਾ-ਹੱਸਦਾ ਫਾਂਸੀ ਚੜਿਆ ਸੀ? ਨਹੀਂ , ਅਜੇ ਉਹ ਬਹੁਤ ਦੂਰ ਦੀ ਗੱਲ ਹੈ! ਪਤਾ ਨਹੀਂ ਅਜੇ ਕਿੰਨੇ ਚਿਰ ਬਾਅਦ ਸੰਭਵ ਹੋਵੇਗਾ। ਇਹ ਹਾਕਮ ਉਸ ਦੇ ਨਾਮ 'ਤੇ ਰਾਜਨੀਤੀ ਤਾਂ ਕਰ ਰਹੇ ਹਨ, ਪ੍ਰੰਤੂ ਉਸ ਦੇ ਸਿਧਾਤਾਂ ਨੂੰ ਲੋਕਾਂ ਤੱਕ ਪਹੁੰਚਣ ਨਹੀਂ ਦੇ ਰਹੇ। ਇਸ ਦਾ ਕਾਰਨ, ਉਨਾਂ ਨੂੰ ਪਤਾ ਹੈ ਕਿ ਜੇਕਰ ਭਗਤ ਸਿੰਘ ਦਾ ਫ਼ਲਸਫ਼ਾ ਲੋਕਾਂ ਦੇ ਸਮਝ ਆ ਗਿਆ ਤਾਂ ਲੋਕ ਜਾਗਰੂਕ ਹੋ ਜਾਣਗੇ, ਲੋਕ ਉਨਾਂ ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ, ਜੋ ਉਹ ਨਹੀਂ ਚਾਹੁੰਦੇ। ਉਹ ਨਹੀਂ ਚਾਹੁੰਦੇ ਕਿ ਲੋਕ ਉਸਦੀ ਟੋਪੀ ਜਾਂ ਪੱਗ ਵਾਲੀ ਮੂਰਤ, ਸ਼ਹਿਰਾਂ/ਕਸਬਿਆਂ ਦੇ ਨਾਮ ਉਸ ਦੇ ਨਾਮ 'ਤੇ ਰੱਖਣ, ਉਸ ਨੂੰ ਆਸਤਕ ਜਾਂ ਨਾਸਤਕ ਮੰਨਣ ਵਰਗੇ ਵਾਦ/ਵਿਵਾਦਾਂ ਤੋਂ ਬਾਹਰ ਆ ਸਕਣ। ਉਹ ਭਗਤ ਸਿੰਘ ਨੂੰ ਕੇਵਲ 'ਮੁੱਕਦਸ ਪੁਸਤਕ' ਬਣਾ ਕੇ ਹੀ ਰੱਖਣਾ ਚਾਹੁੰਦੇ ਹਨ।

ਗਲਤ ਨੂੰ ਗਲਤ ਕਹਿਣ ਦੀ ਹਿੰਮਤ ਸਾਡੇ ਵਿਚੋਂ ਜਾਂ ਤਾਂ ਖਤਮ ਹੋ ਗਈ ਹੈ ਜਾਂ ਫਿਰ ਬਹੁਤ ਤੇਜੀ ਨਾਲ ਘੱਟ ਰਹੀ ਹੈ। ਬੱਸ ਇਕ ਦੂਜੇ ਨੂੰ ਅਰਕ ਮਾਰਕੇ ਅੱਗੇ ਹੋਣ ਲਈ ਕਹਿ ਖੁਦ ਮੀਲਾਂ ਪਿਛਾਹ ਹਟ ਜਾਂਦੇ ਹਾਂ। 'ਅਸੀਂ ਕੀ ਲੈਣਾ', 'ਛੱਡ ਸਾਨੂੰ ਕੀ' ਬੱਸ ਇਸੇ ਵਿੱਚ ਹੀ ਕੈਦ ਹੋ ਕੇ ਰਹਿ ਗਏ ਹਾਂ। ਨਾ ਤਾਂ ਅਸੀ ਆਪਣੇ ਘਰਾਂ ਵਿੱਚ ਭਗਤ ਸਿੰਘ ਪੈਦਾ ਹੋਣ ਦੀ ਤਮੰਨਾ ਹੀ ਕਰਦੇ ਹਾਂ ਅਤੇ ਨਾ ਹੀ ਜਿੰਦਗੀ ਨੂੰ ਤਰੰਨਮ ਬੱਧ ਕਰਨ ਦੀ ਕੋਸ਼ਿਸ਼ ਹੀ ਕਰਦੇ ਹਾਂ। ਘੋਰ ਖਤਰਿਆਂ ਨੂੰ ਆਪਣੇ ਵੱਲ ਆਉਦਾ ਵੇਖ ਕੇ ਕਬੂਤਰ ਵਾਂਗ ਅੱਖਾਂ ਮੀਟ ਲੈਦੇ ਹਾਂ। ਸਾਡੀ ਇਹ ਫਿਤਰਤ ਬਣ ਗਈ ਹੈ ਕਿ ਅਸੀਂ ਗਰੀਬ ਜਾਂ ਘੱਟ ਰੁਤਬੇ ਵਾਲੇ ਆਦਮੀ ਨੂੰ ਕੀੜੇ-ਮਕੌੜੇ ਸਮਝ ਕੇ ਆਪਣੀ ਜੁੱਤੀ ਦੀ ਅੱਡੀ ਹੇਠ ਰਗੜਨ ਲਈ ਹਮੇਸ਼ਾ ਤੱਤਪਰ ਰਹਿੰਦੇ ਹਾਂ। ਕੀ ਅਸੀਂ ਇਨਾਂ ਭਾਵਨਾਵਾਂ ਨਾਲ ਸ਼ਹੀਦ ਭਗਤ ਸਿੰਘ ਦੇ ਬਰਾਬਰਤਾ ਵਾਲੇ ਸਿਰਜੇ ਸੁਪਨੇ ਨੂੰ ਢਾਹ ਨਹੀਂ ਲਗਾ ਰਹੇ? ਕੀ ਅਸੀਂ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਦਿਲੋਂ ਮਨਾਉਦੇ ਹਾਂ ? ਕੀ ਅਸੀਂ ਸ਼ਹੀਦੀ ਦਿਵਸ ਨੂੰ ਮਨਾ ਕੇ ਉਸ ਦੇ ਸੁਪਨਿਆਂ ਨੂੰ ਸਾਕਾਰ ਕਰਦੇ ਹਾਂ? ਨਹੀਂ, ਬਲਕਿ ਅਸੀਂ ਸਿਰਫ਼ ਤੇ ਸਿਰਫ਼ ਲੋਕ ਦਿਖਾਵਾ ਕਰਦੇ ਹਾਂ ਕਿ ਅਸੀਂ ਹੀ ਹਾਂ ਭਗਤ ਸਿੰਘ ਦੇ ਸੱਚੇ-ਸੁੱਚੇ ਵਾਰਸ। ਉਸ ਦੇ ਸੁਪਨਿਆਂ ਨੂੰ ਪੂਰਾ ਕਰਨ ਵਾਲੇ ਸ਼ਖ਼ਸ਼।

ਅੱਜ ਵੀ ਅਸੀਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਲਾਸਾਨੀ ਕੁਰਬਾਨੀ ਨੂੰ ਭੁੱਲ ਕੇ 'ਪਾਸ਼' ਦੀਆਂ ਸਤਰਾਂ "ਦੁਸ਼ਮਣ ਨਾਲ ਯੁੱਧ ਲੜਨ ਦੀ ਬਜਾਏ ਅਸੀ ਭੜੋਲਿਆਂ ਵਿਚ ਸਿਰ ਲੁਕਾ ਕੇ ਦਿਨ ਕਟੀ ਕਰ ਰਹੇ ਹਾਂ ਅਤੇ ਜਿਉਣ ਦੀ ਲਾਲਸਾ ਵਿਚ ਏਨੇ ਬੌਣੇ ਹੋ ਗਏ ਹਾਂ ਕਿ ਗੰਡੋਇਆ ਵਾਂਗ ਰੀਂਗਦੀ ਜਿੰਦਗੀ ਨੂੰ ਲੱਤ ਮਾਰ ਕੇ ਬਿਜਲੀਆਂ ਨੂੰ ਅੱਖ ਮਾਰਨ ਦੀ ਜੁਰੱਅਤ ਕਰਨ ਦੀ ਥਾਂ ਅਸੀਂ ਪਾਟੀ ਜਿਹੀ ਜੁੱਲੀ ਅਤੇ ਦੋ ਕੁ ਰੁੱਖੀਆਂ ਰੋਟੀਆਂ ਨੂੰ ਸਭ ਕੁਝ ਸਮਝ ਲਿਆ ਹੈ" ਦੇ ਅਨੁਸਾਰ ਜਿੰਦਗੀ ਕੱਟੀ ਜਾ ਰਹੇ ਹਾਂ।

ਕੁਝ ਸੋਚੀਏ ਅਸੀ ਕਿਧਰ ਨੂੰ ਜਾ ਰਹੇ ਹਾਂ , ਤੇ ਇਹ ਪ੍ਰਵਿਰਤੀ ਸਾਨੂੰ ਕਿਧਰ ਲੈ ਜਾਵੇਗੀ? ਅੱਜ ਜ਼ਰੂਰਤ ਹੈ ਸ਼ਹੀਦ ਭਗਤ ਸਿੰਘ ਦੀ ਲਾਸਾਨੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਉਸ ਦੇ ਚਿਤਵੇਂ ਸੁਪਨਿਆਂ ਨੂੰ ਪੂਰਾ ਕਰਨ ਦੀ, ਦੇਸ਼ ਦੀ ਆਜ਼ਾਦੀ ਦੇ ਹਰ ਦੁਸ਼ਮਣ ਨਾਲ ਲੋਹਾ ਲੈਣ ਦੀ, ਅਖੌਤੀ ਲੋਕ ਰਾਜ ਤੋਂ ਅਸਲੀ ਅਤੇ ਸਮਾਜਵਾਦੀ ਲੋਕ ਰਾਜ ਵੱਲ ਨੂੰ ਚੇਤੰਨ ਸਫ਼ਰ ਕਰਨ ਦੀ। ਦੇਸ਼ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨਾਂ ਦੇ ਨਾਮ 'ਤੇ ਰਾਜਨੀਤੀ ਕਰਨ ਦੀ ਬਜਾਏ ਉਨਾਂ ਦੇ ਫ਼ਲਸਫ਼ੇ/ਸਿਧਾਂਤ ਨੂੰ ਅਪਣਾਇਆ ਜਾਵੇ। ਨਾ ਕਿ ਉਸ ਦੇ ਸ਼ਹੀਦੀ/ਜਨਮ ਦਿਹਾੜੇ ਨੂੰ ਜਸ਼ਨਾਂ ਵਾਂਗ ਮਨਾਉਦਿਆਂ 'ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਾ...' ਵਰਗੇ ਲੱਚਰ ਗੀਤਾਂ ਨਾਲ ਮਨਾਈਏ ਅਤੇ ਨਾ ਹੀ ਉਸ ਦੇ ਨਾਮ 'ਤੇ ਕਰਵਾਏ ਜਾਦੇਂ ਸਮਾਗਮਾਂ ਨੂੰ ਕਰੋੜਾਂ ਰੁੱਪਈਆਂ ਵਾਲਾ ਨਾ-ਸਹਿਣਯੋਗ ਖਰਚੀਲਾ। ਉਹ ਸਾਮਰਾਜ ਜਿਸ ਨੂੰ ਭਗਤ ਸਿੰਘ ਨੇ ਦੇਸ਼ 'ਚੋ ਕੱਢਣ ਲਈ ਆਪਣੀ ਜਾਨ ਦੀ ਪ੍ਰਵਾਹ ਤੱਕ ਨਾ ਕੀਤੀ, ਉਹੀ ਸਾਮਰਾਜ ਫੇਰ ਤੋਂ 'ਇੱਕ ਵੱਡੀ' ਸ਼ਕਤੀ ਦੇ ਰੂਪ 'ਚ ਸਾਡੀਆਂ ਦਹਿਲੀਜਾਂ 'ਤੇ ਦਸਤਕ ਹੀ ਨਹੀਂ ਦੇ ਰਿਹਾ , ਬਲਕਿ ਸਾਡੇ ਬੂਹੇ ਭੰਨ ਕੇ ਅੰਦਰ ਵੜਨ ਦੀ ਤਾਂਘ ਵਿੱਚ ਹੈ। ਇਸ ਲਈ ਅੱਜ ਸੋਚਣ ਦੀ ਘੜੀ ਹੈ ਕਿ 'ਕੀ ਕਰਨਾ ਚਾਹੀਦਾ ਹੈ?'

ਜੇਕਰ ਉਸ ਵੇਲੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਮਦਨ ਲਾਲ ਢੀਂਗਰਾ, ਊਧਮ ਸਿੰਘ, ਗ਼ਦਰੀ ਬਾਬੇ ਆਦਿ ਸਾਡੇ ਵਾਂਗੂ ਦੇਸ਼ ਦੀ ਫ਼ਿਕਰ ਛੱਡ ਆਪਣੇ ਪਰਿਵਾਰ ਦੀ ਫ਼ਿਕਰ ਕਰਨ ਲੱਗ ਜਾਂਦੇ ਤਾਂ ਅਸੀਂ ਅੱਜ ਵੀ ਕਿਸੇ ਕਾਲ੍ਹ-ਕੋਠੜੀ ਦੀ ਚਾਰ ਦਿਵਾਰੀ 'ਚ ਕੈਦ ਕਿਸੇ ਦੇ ਭਗਤ, ਸਰਾਭਾ, ਊਧਮ, ਢੀਂਗਰਾ ਆਦਿ ਬਣਨ ਦੀ ਉਡੀਕ ਕਰ ਰਹੇ ਹੁੰਦੇ। ਅੱਜ ਅਸੀਂ ਆਪਣੇ ਤੇ ਆਪਣੇ ਪਰਿਵਾਰ ਦੇ ਚੰਗੇ ਭੱਵਿਖ ਦੀ ਕਾਮਨਾ 'ਚ ਕਨੇਡਾ, ਅਮਰੀਕਾ, ਅਸਟਰੇਲੀਆ, ਇਟਲੀ, ਨਿਊਜੀਲੈਂਡ ਆਦਿ ਵਰਗੇ 'ਵਿਕਸਤ' ਦੇਸ਼ਾਂ ਵਿੱਚ ਆ ਗਏ ਹਾਂ। ਪਰ ਕੀ ਅਸੀਂ ਇਨ੍ਹਾਂ 'ਵਿਕਸਤ' ਦੇਸ਼ਾਂ ਵਿੱਚ ਉਸੇ 'ਸਾਮਰਾਜਵਾਦੀ' ਲੁੱਟ ਦਾ 'ਸ਼ਿਕਾਰ' ਨਹੀਂ ਹੋ ਰਹੇ, ਜਿਸ ਤੋਂ ਪਿੱਛਾ ਛਡਾਉਦੇਂ, ਬਹਾਨੇ ਬਣਾਉਦੇਂ ਇਥੇ ਆਏ ਸਾਂ ? ਹਾਂ, ਇਸ ਦਾ ਉਤਰ ਹਾਂ ਹੀ ਹੈ। ਕਿਉਂਕਿ ਇਨ੍ਹਾਂ 'ਵਿਕਸਤ' ਦੇਸ਼ਾਂ ਦਾ ਲੋਕਾਂ ਨੂੰ ਲੁੱਟਣ ਦਾ ਤਰੀਕਾ ਵੱਖੋ-ਵੱਖ ਹੋ ਸਕਦਾ ਹੈ, ਪਰ ਸਭ ਦਾ ਰੂਪ ਇੱਕੋ ਹੈ, ਤੇ ਉਹ ਹੈ 'ਸਾਮਰਾਜਵਾਦ'। ਜਿਸ ਦਾ ਮਕਸਦ ਹੈ ਲੋਕਾਂ ਦੀ ਲੁੱਟ ਤੇ ਬੱਸ ਲੁੱਟ। ਇਨ੍ਹਾਂ 'ਵਿਕਸਤ' ਦੇਸ਼ਾਂ 'ਚ ਆ ਕੇ ਅਸੀਂ ਅੱਜ ਵੀ ਲੁੱਟੇ ਜਾ ਰਹੇ ਹਾਂ, ਸਿਹਤ ਸਹੂਲਤਾਂ ਲਗਾਤਾਰ ਖੋਹੀਆਂ ਜਾ ਰਹੀਆਂ ਹਨ, ਕੁਦਰਤੀ ਖ਼ਜ਼ਾਨਿਆਂ ਦੀ ਲੁੱਟ ਲਈ ਇੱਕ-ਦੂਸਰੇ ਦੇਸ਼ ਉਤੇ ਬਹਾਨੇ ਬਣਾ ਕੇ ਹਮਲੇ ਕੀਤੇ ਜਾ ਰਹੇ ਹਨ, 'ਰਿਸ਼ੈਸ਼ਨ' ਦੇ ਨਾਂ ਉਤੇ ਕੰਮ ਤੋਂ ਕੱਢ ਕੇ ਲੋਕਾਂ ਨੂੰ ਬੇਰੁਜ਼ਗਾਰ ਕੀਤਾ ਜਾ ਰਿਹਾ ਹੈ ਪਰ ਆਪਣੀਆਂ ਕੰਪਨੀਆਂ/ਬੈਕਾਂ/ਕਾਰਖਾਨਿਆਂ ਨੂੰ ਬਚਾਉਣ ਲਈ ਦਿਨ ਰਾਤ ਇੱਕ ਕਰ ਦਿੱਤਾ ਜਾਂਦਾ ਹੈ, ਸਿੱਖਿਆ ਨੂੰ ਦਿਨੋਂ-ਦਿਨ ਸਾਜ਼ਿਸ਼ ਤਹਿਤ ਮਹਿੰਗਾ ਕੀਤਾ ਜਾ ਰਿਹਾ ਹੈ ਤਾਂ ਜੋ 'ਆਮ ਲੋਕਾਂ' ਦੇ ਬੱਚੇ ਘੱਟ ਤੋਂ ਘੱਟ ਪੜ੍ਹਨ ਤੇ 'ਲੇਬਰ' ਦੇ ਕੰਮਾਂ ਤੱਕ ਹੀ ਸੀਮਤ ਰਹਿਣ, 'ਨੋ ਵਰਕ-ਨੋ ਪੇ' ਦੇ ਨਾਂ ਉਤੇ ਨਿਰਉਤਰ ਕੀਤਾ ਜਾਂਦਾ ਹੈ, ਪ੍ਰਾਪਰਟੀ ਟੈਕਸ/ਐਜੂਕੇਸ਼ਨ ਟੈਕਸ, ਇਹ ਟੈਕਸ, ਉਹ ਟੈਕਸ ਦੇ ਨਾਮ 'ਤੇ ਲੁੱਟ ਕੀਤੀ ਜਾ ਰਹੀ ਹੈ। ਢਾਂਚਾ ਉਹੀ ਹੈ ਪਰ ਵੱਖਰੇ ਰੂਪ ਵਿੱਚ ਹੈ। ਇਸ ਦੇ ਖ਼ਿਲਾਫ਼ ਕੋਈ ਵੀ ਅਵਾਜ਼ ਉਠਾਉਣ ਲਈ ਤਿਆਰ ਨਹੀਂ, ਕੀ ਇਥੇ ਸਾਡੇ ਵਿਚੋਂ ਕੋਈ ਭਗਤ ਸਿੰਘ ਬਣਨ ਨੂੰ ਤਿਆਰ ਨਹੀਂ? ਕੀ ਇਥੇ ਭਗਤ ਸਿੰਘ ਦੀ ਜਰੂਰਤ ਨਹੀਂ? ਹੈ ਬਿਲਕੁਲ ਹੈ। ਇਥੇ ਵੀ 'ਸਮਰਾਜਵਾਦ' ਦੀ ਲੁੱਟ ਤੋਂ ਬਚਣ ਲਈ ਸਾਨੂੰ ਭਗਤ ਸਿੰਘ ਬਣਨਾ ਹੀ ਪਵੇਗਾ, ਇਥੇ ਵੀ 'ਸਮਾਜਵਾਦ' ਵਾਲਾ ਰਾਹ ਹੀ ਚੁਣਨਾ ਪਵੇਗਾ।

'ਸਮਰਾਜਵਾਦ' ਦੇ ਖ਼ਿਲਾਫ਼ ਸਾਨੂੰ ਆਪਣੇ ਘਰੋਂ ਹੀ 'ਭਗਤ ਸਿੰਘ' ਨੂੰ ਤੋਰਨਾਂ ਪਵੇਗਾ। ਸਾਨੂੰ ਆਪਣੇ ਅਤੇ ਆਪਣੇ ਬੱਚਿਆਂ ਅੰਦਰ 'ਭਗਤ ਸਿੰਘ' ਪੈਦਾ ਕਰਨਾ ਹੀ ਪਵੇਗਾ। ਪਰ ਉਸ ਦੇ ਨਾਂ 'ਤੇ ਕਬੱਡੀ ਕੱਪ ਆਦਿ ਕਰਵਾ ਕੇ ਜਾਂ ਰਾਜਸੀ ਪਾਰਟੀਆਂ ਵਾਂਗ 'ਟਿਕਟ' ਦੇ ਕੇ ਭਗਤ ਸਿੰਘ ਨੂੰ ਆਪਣੇ ਅੰਦਰ ਪੈਦਾ ਨਹੀਂ ਕੀਤਾ ਜਾ ਸਕਦਾ, ਭਗਤ ਸਿੰਘ ਨੂੰ ਆਪਣੇ ਅੰਦਰ ਪੈਦਾ ਕਰਨ ਲਈ ਉਸ ਦੀ 'ਵਿਚਾਰਧਾਰਾ' ਨੂੰ ਘਰ-ਘਰ ਤੀਕ ਪਹੁੰਚਾਉਣਾ ਹੋਵੇਗਾ ਜਿਸ ਲਈ ਸਾਂਝੇ 'ਜਥੇਬੰਧਕ' ਯਤਨ ਕਰਨੇ ਪੈਣਗੇ ਤੇ ਇਹ 'ਜਥੇਬੰਧਕ' ਯਤਨ ਖਾਸ ਤੌਰ 'ਤੇ ਅਜੋਕੇ ਨੌਜਵਾਨਾਂ ਨੂੰ ਕਰਨੇ ਪੈਣਗੇ। ਭਗਤ ਸਿੰਘ ਕਿਤੇ ਨਹੀਂ ਗਿਆ, ਇਥੇ ਹੀ ਹੈ ਸਾਡੇ ਅੰਦਰ, ਸਾਡੇ ਆਸ-ਪਾਸ। ਜਰੂਰਤ ਹੈ ਉਸ ਨੂੰ ਪਛਾਨਣ ਦੀ, ਉਸਦੀ ਵਿਚਾਰਧਾਰਾ ਨੂੰ ਘੋਖਣ ਦੀ।

ਸੰਨ 1929 ਵਿੱਚ ਆਪਣੇ ਆਖਰੀ ਦਿਨਾਂ ਦੀਆਂ ਸਰਗਰਮੀਆਂ 'ਚ ਭਗਤ ਸਿੰਘ ਵੱਲੋਂ ਦੇਸ਼ ਦੇ ਨੌਜਵਾਨਾਂ ਨੂੰ ਝੰਜੋੜਵੀ ਅਪੀਲ ਅੱਜ ਵੀ ਸਰਾਥਕ ਹੈ , "ਭਾਰਤ ਦਾ ਭਵਿੱਖ ਨੌਜਵਾਨਾਂ ਦੇ ਸਹਾਰੇ ਹੈ। ਉਹ ਧਰਤੀ ਦੇ ਜਾਏ ਹਨ। ਉਨਾਂ ਦੀ ਮੁਸ਼ਕਿਲਾਂ ਸਹਿਣ ਦੀ ਤੱਤਪਰਤਾ , ਉਨਾਂ ਦਾ ਨਿਧੜਕ ਹੌਸਲਾ ਅਤੇ ਲਹਿਰਾਉਂਦੀ ਕੁਰਬਾਨੀ ਦਰਸਾਉਦੀ ਹੈ ਕਿ ਭਾਰਤ ਦਾ ਭਵਿੱਖ ਉਨ੍ਹਾਂ ਦੇ ਹੱਥਾਂ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਹੈ...। ਭਾਰਤ ਦੇ ਗਣਰਾਜ ਦੇ ਨੌਜਵਾਨੋਂ, ਨਹੀਂ-ਨਹੀਂ, ਸਿਪਾਹੀਓ ਕਤਾਰਬੰਦ ਹੋ ਜਾਉ। ਚਿਰਾਂ ਦਾ ਦਲਿਦਰ , ਜੋ ਤੁਹਾਨੂੰ ਨਾਕਾਰਾ ਕਰ ਰਿਹਾ ਹੈ, ਨੂੰ ਹਮੇਸ਼ਾਂ ਲਈ ਵਗਾਹ ਮਾਰੋ। ਤੁਹਾਡਾ ਮਿਸ਼ਨ ਬਹੁਤ ਨੇਕ ਹੈ। ਦੇਸ਼ ਦੇ ਕੋਨੇ-ਕੋਨੇ 'ਚ ਫੈਲ੍ਹ ਜਾਉ ਅਤੇ ਭਵਿੱਖ ਦੇ ਇਨਕਲਾਬ ਦੀ ਜ਼ਮੀਨ ਤਿਆਰ ਕਰੋ, ਇਨਕਲਾਬ ਆਉਣਾ ਨਿਸ਼ਚਤ ਹੈ। ਫਰਜ਼ ਦੇ ਬਿਗਲ ਦੀ ਅਵਾਜ ਸੁਣੋ। ਜਿੰਦਗੀ ਐਂਵੇ ਵਿਅਰਥ ਨਾ ਗਵਾਉ . . .।"

ਇਸ ਲਈ ਆਓ ਉਠੀਏ, ਅੱਗੇ ਲੱਗੀਏ ਤੇ 'ਜਥੇਬੰਧਕ' ਹੋ ਕੇ ਉਸਦੇ ਚਿਤਵੇ ਨਿਜਾਮ ਨੂੰ ਅਮਲੀ ਰੂਪ ਦੇਣ ਲਈ ਹੰਬਲਾ ਮਾਰੀਏ।


ਭਗਤ ਸਿੰਘ ਦਾ ਰਾਜਨੀਤੀਕਰਨ

Alberta Mortgage Centre

Anuj Gupta
AMP, B.Com.
Associate Broker
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
78, 4003-98 Street, Edmonton, AB www.albertamortgagecentre.com
CAAMP ACCHA AXIOM AMBA think MORTGAGE think AMP

Krishna(KK)Gupta, AMP
"Experienced, Knowledgeable, Committed"
Serving the Community Since 1999

ਸ਼ਹੀਦੇ ਆਜ਼ਮ ਭਗਤ ਸਿੰਘ ਦਾ ਸਾਥੀ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ



ਗਿਆਨ ਸਿੰਘ ਬਿਲਗਾ
661-397-7330

23 ਮਾਰਚ, 1931 ਈ. ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲੜਾਈ ਦਾ ਬੜਾ ਹੀ ਅਹਿਮ, ਸ਼ਾਨਾਮੱਤਾ ਤੇ ਇਤਿਹਾਸਕ ਦਿਨ ਹੈ। ਇਸ ਦਿਨ ਭਾਰਤ ਮਾਂ ਦੀ ਗੁਲਾਮੀ ਤੋਂ ਬੰਦ-ਖਲਾਸੀ ਲਈ ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨੀ ਸਮਾਜਵਾਦੀ ਪਰਜਾਤੰਤਰ ਆਰਮੀ ਦੇ ਤਿੰਨ ਸੂਰਮੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਇਨਕਲਾਬ ਜ਼ਿੰਦਾਬਾਦ, ਭਾਰਤ ਮਾਤਾ ਦੀ ਜੈ ਅਤੇ ਬਰਤਾਨਵੀ ਸਾਮਰਾਜ ਦਾ ਅੰਤ ਹੋ, ਦੇ ਆਕਾਸ਼ ਗੁੰਜਾਊ ਨਾਅਰੇ ਮਾਰਦੇ ਹੋਏ ਹੱਸਦਿਆਂ-ਹੱਸਦਿਆਂ ਫਾਂਸੀ ਦੇ ਰੱਸੇ ਗਲਾਂ ਵਿਚ ਪਾ ਕੇ ਸ਼ਹੀਦ ਹੋਏ ਸਨ।

ਤੇਗੋਂ ਕੇ ਸਾਏ ਮੇਂ ਪਲ ਕੇ ਜਵਾਨ ਹੁਏ ਹੈਂ
ਇਕ ਖੇਲ ਜਾਨਤੇ ਹੈਂ ਫਾਂਸੀ ਪੇ ਝੂਲ ਜਾਨਾ

ਭਾਰਤੀ ਉਪ ਮਹਾਂਦੀਪ ਅਤੇ ਵਿਦੇਸ਼ਾਂ ਵਿਚ ਜਿਥੇ ਕਿਤੇ ਭਾਰਤੀ ਵੱਸਦਾ ਹੈ, ਇਨ੍ਹਾਂ ਤਿੰਨਾਂ ਦਾ ਸ਼ਹੀਦੀ ਦਿਨ 23 ਮਾਰਚ ਨੂੰ ਮਨਾਇਆ ਜਾਂਦਾ ਹੈ। ਉਨ੍ਹਾਂ ਦੀ ਦੇਸ਼ ਦੇ ਦੁਸ਼ਮਣ ਅੰਗਰੇਜ਼ ਸਾਮਰਾਜ ਬਾਰੇ ਸਪਸ਼ਟ ਤੇ ਦਰੁਸਤ ਰਾਏ, ਮਿਥਿਆ ਨਿਸ਼ਾਨਾ, ਨਿਸ਼ਾਨੇ ਦੀ ਪ੍ਰਾਪਤੀ ਲਈ ਲੋੜੀਂਦੇ ਵਿਗਿਆਨਕ ਫਲਸਫੇ ਦੀ ਜਾਣਕਾਰੀ, ਉਸ ਵਿਚ ਅਟੁੱਟ ਵਿਸ਼ਵਾਸ, ਇਸ ਦੀ ਪ੍ਰਾਪਤੀ ਲਈ ਮਰ ਮਿਟਣ ਦਾ ਪੱਕਾ ਇਰਾਦਾ ਹਰੇਕ ਭਾਰਤੀ ਦੀ ਰੂਹ ਨੂੰ ਝੰਜੋੜ ਜਾਂਦਾ ਹੈ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ, ਉਨ੍ਹਾਂ ਦੀਆਂ ਸ਼ਹਾਦਤਾਂ ਦੀ ਮਹਾਨਤਾ ਦਾ ਗ੍ਰਾਫ ਉਪਰ ਤੋਂ ਉਪਰ ਜਾ ਰਿਹਾ ਹੈ। ਉਹ ਰਾਜਨੀਤਿਕ ਪਾਰਟੀਆਂ ਜੋ ਕੌਮੀ ਮੁਕਤੀ ਘੋਲ ਦੇ ਦੌਰਾਨ ਇਨ੍ਹਾਂ ਨੌਜਵਾਨਾਂ ਦੀ ਅੰਗਰੇਜ਼ਾਂ ਵਿਰੁੱਧ ਲੜਾਈ ਦੇ ਢੰਗ ਤਰੀਕਿਆਂ ਨਾਲ ਅਸਹਿਮਤੀ ਰੱਖਦੀਆਂ ਸਨ ਅਤੇ ਅੱਜ ਲੰਮੇ ਸਮੇਂ ਤੋਂ ਰਾਜ ਭਾਗ ਦਾ ਸੁੱਖ ਵੀ ਭੋਗ ਰਹੀਆਂ ਹਨ, ਵੀ ਉਨ੍ਹਾਂ ਦੀਆਂ ਸ਼ਹੀਦੀਆਂ ਦੀ ਮਹਾਨਤਾ ਨੂੰ ਪ੍ਰਵਾਨ ਕਰਦੀਆਂ ਹਨ। ਕੋਈ ਧਰਮ, ਕੋਈ ਪਾਰਟੀ ਉਨ੍ਹਾਂ ਨੂੰ ਆਪਣਾ ਕਹਿਣ ਤੇ ਉਨ੍ਹਾਂ ਦੀ ਲਹਿਰ ਨਾਲ ਸਬੰਧ ਜੋੜਣ ਵਿਚ ਅਤੇ ਲੋਕਾਂ ਵਿਚ ਭੁਲੇਖਾ ਖੜ੍ਹਾ ਕਰਨ ਵਿਚ ਪਿੱਛੇ ਨਹੀਂ ਰਹਿੰਦੀ। ਉਨ੍ਹਾਂ ਦਾ ਸ਼ਹੀਦੀ ਦਿਨ ਮਨਾਉਣ, ਉਨ੍ਹਾਂ ਦੇ ਬੁੱਤਾਂ 'ਤੇ ਹਾਰ ਪਾਉਣ ਅਤੇ ਉਨ੍ਹਾਂ ਦੀ ਮੜ੍ਹੀ 'ਤੇ ਸਿਰ ਝੁਕਾਉਣ ਵਿਚ ਪੇਸ਼-ਪੇਸ਼ ਰਹਿੰਦੀਆਂ ਹਨ, ਤਾਂ ਜੋ ਲੋਕਾਂ ਵਿਚ ਭਲ ਬਣੀ ਰਹੇ ਅਤੇ ਉਨ੍ਹਾਂ ਦੀ ਵੋਟ ਬੈਂਕ ਦੀ ਰਾਜਨੀਤੀ ਚਲਦੀ ਰਹੇ। ਕੁਝ ਕੁ ਕੱਚ-ਘਰੜ ਬੁੱਧੀਜੀਵੀ, ਕਲਮ ਘਸੀਟ, ਅੰਗਰੇਜ਼ਾਂ ਵੇਲੇ ਸਰਕਾਰੀ ਉਚ ਅਹੁਦਿਆਂ ਉਤੇ ਬਿਰਾਜਮਾਨ ਅਤੇ ਉਚਤਮ ਅਧਿਕਾਰੀ ਜੋ ਅੰਗਰੇਜ਼ ਭਗਤ ਤੇ ਉਸ ਦੇ ਟੋਡੀ ਬੱਚੇ ਦਾ ਕੰਮ ਕਰਦੇ ਸਨ, ਇਨ੍ਹਾਂ ਮਹਾਨ ਸ਼ਹੀਦਾਂ ਦੀ ਕਦਰ-ਘਟਾਈ ਕਰਨ ਲਈ ਅੱਕੀਂ ਪਲਾਹੀਂ ਹੱਥ ਮਾਰਦੇ ਰਹਿੰਦੇ ਹਨ, ਪਰ ਉਹ ਅੱਜ ਇਤਿਹਾਸ ਦੇ ਹਾਸ਼ੀਏ 'ਤੇ ਨਜ਼ਰ ਆਉਂਦੇ ਹਨ। ਅਸਲ ਵਿਚ ਉਨ੍ਹਾਂ ਦਾ ਉਸ ਸਿਧਾਂਤ ਨਾਲ ਵਿਰੋਧ ਹੈ, ਜਿਸ ਲਈ ਉਹ ਕੌਮੀ ਮੁਕਤੀ ਦੇ ਘੋਲ ਵਿਚ ਕੁੱਦੇ ਸਨ ਅਤੇ ਸ਼ਹੀਦੀਆਂ ਪਾਈਆਂ ਸਨ ਅਤੇ ਉਹ ਸਿਧਾਂਤ ਅੱਜ ਦੀਆਂ ਪ੍ਰਸਥਿਤੀਆਂ ਵਿਚ ਵੀ ਪੂਰਨ ਰੂਪ ਵਿਚ ਪ੍ਰਸੰਗਕ ਹੈ। ਇਸੇ ਲਈ ਭਾਰਤ ਦਾ ਗਰੀਬ, ਕਿਸਾਨ, ਮਜ਼ਦੂਰ ਤੇ ਦਰਮਿਆਨਾ ਤਬਕਾ ਉਨ੍ਹਾਂ ਨੂੰ ਆਪਣੇ ਮਹਾਨ ਸ਼ਹੀਦ ਮੰਨ ਕੇ ਉਨ੍ਹਾਂ ਵੱਲੋਂ ਦਰਸਾਏ ਰਾਹ ਤੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਆਪਣੀ ਗਰੀਬੀ, ਮੰਦਹਾਲੀ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਵਿਰੁੱਧ ਸੰਘਰਸ਼ ਦੀ ਲੀਹੇ ਤੁਰਿਆ ਹੋਇਆ ਹੈ।

ਇਨ੍ਹਾਂ ਸੂਰਮਿਆਂ ਦੇ ਜੀਵਨ 'ਤੇ ਫਿਲਮਾਂ, ਲੇਖ, ਕਿਤਾਬਚੇ ਆਦਿ ਵੇਖਣ-ਪੜ੍ਹਨ ਨੂੰ ਮਿਲਦੇ ਹਨ, ਜਿਨ੍ਹਾਂ ਸਿਧਾਂਤਾਂ ਲਈ ਉਹ ਜਾਨ ਵਾਰ ਗਏ, ਵਾਚਣ ਤੇ ਘੋਖਣ ਦੀ ਲੋੜ ਹੈ। ਇਨ੍ਹਾਂ ਨੂੰ ਅਮਲ ਵਿਚ ਲਿਆਉਣ ਦੀ ਜ਼ਰੂਰਤ ਹੈ। ਸੁਖਦੇਵ ਦਾ ਜਨਮ 15 ਮਈ, 1907 ਈ. ਨੂੰ ਮਹੱਲਾ ਨੌ ਘਰੇ ਲੁਧਿਆਣੇ ਵਿਚ ਰਾਮ ਲਾਲ ਥਾਪਰ ਦੇ ਘਰ ਮਾਤਾ ਰਲੀ ਦੇਈ ਦੀ ਸੁਲੱਖਣੀ ਕੁੱਖ ਤੋਂ ਹੋਇਆ, ਜਿਸ ਨੇ ਅੰਗਰੇਜ਼ ਸਾਮਰਾਜ ਦੇ ਮਜ਼ਬੂਤ ਥੰਮ੍ਹ ਨੂੰ ਹਿਲਾ ਦਿੱਤਾ। ਭਾਰਤੀ ਜਨਤਾ ਦੀ ਮੁਕਤੀ ਦਾ ਰਾਹ ਪੱਧਰਾ ਕੀਤਾ। 1910 ਈ. ਨੂੰ ਪਿਤਾ ਦਾ ਦਿਹਾਂਤ ਹੋ ਗਿਆ। ਤਾਇਆ ਚਿੰਤ ਰਾਮ ਨੇ ਬੜੇ ਹੀ ਲਾਡ-ਚਾਅ ਨਾਲ ਪਾਲਿਆ। ਬਚਪਨ ਤੋਂ ਫਾਂਸੀ ਲੱਗਣ ਤੱਕ ਅਸੀਮ ਪਿਆਰ ਦਿੱਤਾ। ਉਹ ਆਪ ਵੀ ਸੁਤੰਤਰਤਾ ਸੈਨਾਨੀ ਸਨ। ਸੁਖਦੇਵ ਨੂੰ ਚਿੰਤ ਰਾਮ ਲਾਇਲਪੁਰ ਲੈ ਗਏ। ਮੁਢਲੀ ਵਿਦਿਆ ਸਨਾਤਨ ਧਰਮ ਲਾਇਲਪੁਰ ਹਾਈ ਸਕੂਲ ਵਿਚ ਪ੍ਰਾਪਤ ਕਰਦਿਆਂ 13 ਅਪ੍ਰੈਲ, 1919 ਈ. ਜਲਿਆਂਵਾਲੇ ਬਾਗ ਦਾ ਸਾਕਾ ਵਾਪਰ ਚੁੱਕਾ ਸੀ। ਮਾਰਸ਼ਲ ਲਾਅ ਪੂਰੀ ਸਖਤੀ ਨਾਲ ਲਾਗੂ ਕਰ ਦਿੱਤਾ ਗਿਆ ਸੀ। ਦਿਮਾਗੀ ਤੌਰ 'ਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਸਕੂਲਾਂ ਵਿਚ ਇਕ ਅੰਗਰੇਜ਼ ਅਫਸਰ ਸਵੇਰ ਦੀ ਪ੍ਰਾਰਥਨਾ ਵਿਚ ਹਾਜ਼ਰ ਹੁੰਦਾ, ਉਸ ਨੂੰ ਸਲਾਮੀ ਦੇਣੀ ਪੈਂਦੀ ਸੀ। ਸਲਾਮੀ ਨਾ ਦੇਣ ਦੀ ਸੂਰਤ ਵਿਚ ਪੁਲਿਸ ਤੇ ਹੈਡ ਮਾਸਟਰ ਤੋਂ ਮਾਰ ਖਾਣੀ ਪੈਂਦੀ ਸੀ। 12 ਸਾਲ ਦੀ ਉਮਰ ਵਿਚ ਹੀ ਪੁਲਸ ਦੀ ਮਾਰ ਦਾ ਸਾਹਮਣਾ ਕੀਤਾ ਕਿਉਂਕਿ ਉਸ ਸਲਾਮੀ ਤੋਂ ਇਨਕਾਰ ਕਰ ਦਿੱਤਾ ਸੀ। ਉਹ ਬਚਪਨ ਵਿਚ ਰਾਣੀ ਝਾਂਸੀ ਦੀ ਤਸਵੀਰ ਆਪਣੀ ਜੇਬ ਵਿਚ ਰੱਖਦੇ ਸਨ। ਇਹ ਵੀਰਾਂਗਣਾ ਉਨ੍ਹਾਂ ਲਈ ਆਜ਼ਾਦੀ ਲਈ ਪ੍ਰੇਰਣਾ ਦਾ ਸਰੋਤ ਸੀ। 1922 ਈ. ਵਿਚ ਦਸਵੀਂ ਪਾਸ ਕਰ ਲਈ। ਉਚੇਰੀ ਵਿਦਿਆ ਲਈ ਲਾਲਾ ਲਾਜਪਤ ਰਾਏ ਦੁਆਰਾ ਸਥਾਪਿਤ ਕੀਤੇ ਗਏ ਨੈਸ਼ਨਲ ਕਾਲਜ ਵਿਚ ਦਾਖਲਾ ਲੈ ਲਿਆ, ਜੋ ਕੌਮੀ ਮੁਕਤੀ ਘੋਲ ਦੀਆਂ ਸਰਗਰਮੀਆਂ ਦਾ ਕੇਂਦਰ ਸੀ। ਇਸ ਤੋਂ ਅਗਲੇ ਸਾਲ ਸ. ਭਗਤ ਸਿੰਘ ਵੀ ਇਸੇ ਕਾਲਜ ਵਿਚ ਦਾਖਲ ਹੋ ਗਿਆ ਸੀ। ਦੋਵੇਂ ਇਨਕਲਾਬੀ ਕਾਲਜ ਦੀ ਲਾਇਬ੍ਰੇਰੀ ਵਿਚ ਰਾਜਨੀਤਿਕ, ਸਮਾਜਵਾਦੀ ਤੇ ਸੰਸਾਰ ਇਤਿਹਾਸ ਦੀਆਂ ਪੁਸਤਕਾਂ ਦਾ ਵੀ ਇਕੱਠੇ ਅਧਿਐਨ ਕਰਦੇ ਅਤੇ ਵਜ਼ਨਦਾਰ ਦਲੀਲਾਂ ਨਾਲ ਬਹਿਸ ਕਰਦੇ ਸਨ। ਇਤਿਹਾਸ ਦੇ ਪ੍ਰੋ. ਜੈ ਚੰਦਰ ਵਿਦਿਆ ਅਲੰਕਾਰ ਰਾਹੀਂ ਉਨ੍ਹਾਂ ਦੀ ਜਾਣ-ਪਛਾਣ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਹੋ ਗਈ।

1924 ਈ. ਮਾਰਚ ਮਹੀਨੇ ਰਾਜਗੁਰੂ, ਸੁਖਦੇਵ, ਭਗਤ ਸਿੰਘ ਅਤੇ ਹੋਰ ਇਨਕਲਾਬੀ ਮਿੱਤਰਾਂ ਨੇ ਮਿਲ ਕੇ ਨੌਜਵਾਨ ਭਾਰਤ ਸਭਾ ਦਾ ਗਠਨ ਕੀਤਾ। ਇਸ ਦਾ ਪ੍ਰਧਾਨ ਰਾਮ ਕ੍ਰਿਸ਼ਨ ਬੀ.ਏ ਅਤੇ ਸ. ਭਗਤ ਸਿੰਘ ਸੈਕਟਰੀ ਬਣਾਇਆ ਗਿਆ। ਹਰ ਇਕ ਮੈਂਬਰ ਨੂੰ ਇਕ ਪ੍ਰਣ ਪੱਤਰ 'ਤੇ ਦਸਤਖ਼ਤ ਕਰਨੇ ਪੈਂਦੇ ਸਨ ਕਿ 'ਉਹ ਆਪਣੇ ਦੇਸ਼ ਦੇ ਹਿੱਤਾਂ ਨੂੰ ਆਪਣੇ ਮਜ਼ਹਬ, ਜਾਤ ਜਾਂ ਇਲਾਕੇ ਦੇ ਹਿੱਤਾਂ ਤੋਂ ਉਚਾ ਸਮਝੇਗਾ।' ਨਿਸ਼ਾਨੇ ਮਿੱਥੇ ਗਏ (1) ਹਿੰਦੋਸਤਾਨ ਵਿਚ ਕਿਸਾਨ ਮਜ਼ਦੂਰਾਂ ਦੀ ਰਿਪਬਲਿਕ ਕਾਇਮ ਕਰਨਾ। (2) ਨੌਜਵਾਨਾਂ ਦੇ ਦਿਲਾਂ ਵਿਚ ਗੁਲਾਮੀ ਵਿਰੁੱਧ ਅਤੇ ਦੇਸ਼ ਭਗਤੀ ਦੀ ਚਿਣਗ ਬਾਲਣੀ। (3) ਮਜ਼ਦੂਰਾਂ-ਕਿਸਾਨਾਂ ਨੂੰ ਜਥੇਬੰਦ ਕਰਨਾ।



1926 ਈ. ਨੂੰ ਵਿਦਿਆਰਥੀਆਂ ਵਿਚ ਕੰਮ ਕਰਨ ਲਈ ਭਗਵਤੀ ਚਰਨ, ਧਨਵੰਤਰੀ ਤੇ ਸੁਖਦੇਵ ਰਾਜ ਦੀ ਅਗਵਾਈ ਵਿਚ ਲਾਹੌਰ ਸਟੂਡੈਂਟਸ ਯੂਨੀਅਨ ਦਾ ਵੀ ਗਠਨ ਕੀਤਾ ਗਿਆ। ਇਸੇ ਦੀ ਅਗਵਾਈ ਵਿਚ ਲਾਹੌਰ ਬ੍ਰੈਡਲਾ ਹਾਲ ਵਿਚ ਕਾਕੋਰੀ ਦੇ ਸ਼ਹੀਦਾਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਿਨ ਮਨਾਇਆ ਗਿਆ। ਅੰਗਰੇਜ਼ ਸਰਕਾਰ ਵੀ ਅਵੇਸਲੀ ਨਹੀਂ ਸੀ। ਖੁਫੀਆ ਵਿਭਾਗ ਦੀ ਇਕ ਰਿਪੋਰਟ, ''ਲਾਹੌਰ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭ ਦੀ ਸਾਖ ਵਜੋਂ ਕੰਮ ਕਰਦੀ ਹੈ ਅਤੇ ਇਹ ਨਵੇਂ ਵਰਕਰ ਲੱਭਣ ਦਾ ਇਕ ਯਤਨ ਹੈ। ਇਸ ਦਾ ਗੁਪਤ ਵਰਗ ਮੁੱਢੋਂ ਹੀ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕੰਮ ਕਰਦਾ ਰਿਹਾ ਹੈ।''

ਸੁਖਦੇਵ 'ਬਰਾਦਰਨ' ਨਾਉਂ ਦੀ ਇਕ ਚਿੱਠੀ ਵਿਚ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਕਹਿੰਦੇ ਹਨ, ''ਸਾਡੇ ਐਕਸ਼ਨ ਜਨਤਾ ਦੀਆਂ ਇੱਛਾਵਾਂ, ਗਵਰਨਮੈਂਟ ਦੁਆਰਾ ਖੜ੍ਹੀਆਂ ਕੀਤੀਆਂ ਪ੍ਰੇਸ਼ਾਨੀਆਂ ਦੇ ਉਤਰ ਵਿਚ ਹੋਣੇ ਚਾਹੀਦੇ ਹਨ ਤਾਂ ਕਿ ਲੋਕਾਂ ਨੂੰ ਅਸੀਂ ਨਾਲ ਲੈ ਸਕੀਏ। ਉਹ ਹੋਰ ਅੱਗੇ ਲਿਖਦੇ ਹਨ, ''ਇਸ ਤਰ੍ਹਾਂ ਦਾ ਪ੍ਰਚਾਰ ਉਸ ਦੇ ਮੂੰਹੋਂ ਔਖਾ ਤੇ ਪ੍ਰਭਾਵਸ਼ਾਲੀ ਹੋ ਸਕਦਾ ਹੈ, ਜੋ ਲੋਕਾਂ ਦੀ ਖਾਤਰ ਫਾਂਸੀ ਦੇ ਤਖ਼ਤੇ ਉਪਰ ਖੜ੍ਹਾ ਹੋਵੇ।'' ਇਹੀ ਕਾਰਨ ਸੀ ਕਿ ਅਸੈਂਬਲੀ ਬੰਬ ਕਾਂਡ ਤੋਂ ਬਾਅਦ ਭਗਤ ਸਿੰਘ ਦੇ ਭਾਸ਼ਣਾਂ ਦਾ ਲੋਕਾਂ 'ਤੇ ਡੂੰਘਾ ਪ੍ਰਭਾਵ ਪਿਆ ਅਤੇ ਲੋਕ ਹਮਦਰਦੀ ਦਾ ਸੈਲਾਬ ਉਮੜ ਆਇਆ।

ਸੁਖਦੇਵ, ਭਗਤ ਸਿੰਘ, ਵਿਜੈ ਕੁਮਾਰ ਅਤੇ ਸ਼ਿਵ ਵਰਮਾ ਦੇ ਯਤਨਾਂ ਸਦਕਾ ਹੀ ਫਿਰੋਜ਼ਸ਼ਾਹ ਕੋਟਲਾ ਦਿੱਲੀ ਦੇ ਖੰਡਰਾਂ ਵਿਚ ਉਤਰੀ ਭਾਰਤ ਦੇ ਇਨਕਲਾਬੀਆਂ ਦੀ ਮੀਟਿੰਗ 8, 9 ਸਤੰਬਰ 1928 ਨੂੰ ਹੋਈ। ਇਸ ਵਿਚ ਇਕ ਕੇਂਦਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦਾ ਨਾਂ ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕ ਆਰਮੀ ਰੱਖਿਆ ਗਿਆ। ਇਸ ਮੀਟਿੰਗ ਵਿਚ ਸੱਠ ਮੈਂਬਰ ਹਾਜ਼ਰ ਸਨ। ਭਗਤ ਸਿੰਘ ਇਸ ਦੇ ਸਕੱਤਰ ਸਨ। ਕਮਾਂਡਰ-ਇਨ-ਚੀਫ ਚੰਦਰ ਸ਼ੇਖਰ ਸਨ। ਫੈਸਲੇ ਹੋਏ-ਸਾਈਮਨ ਕਮਿਸ਼ਨ ਦਾ ਬਾਈਕਾਟ, ਕਲਕੱਤਾ, ਸਹਾਰਨਪੁਰ, ਲਾਹੌਰ, ਆਗਰਾ ਬੰਬ ਫੈਕਟਰੀਆਂ ਬਣਾਉਣਾ, ਕਾਕੋਰੀ ਕੇਸ ਦੇ ਮੁਖਬਰਾਂ ਦਾ ਸਫਾਇਆ ਕਰਨਾ, ਪਾਰਟੀ ਫੰਡ ਮਜ਼ਬੂਤ ਕਰਨਾ। ਨਿਸ਼ਾਨਾ ਮਿਥਿਆ ਗਿਆ-ਹਿੰਦੋਸਤਾਨ ਨੂੰ ਮਜ਼ਦੂਰਾਂ ਕਿਸਾਨਾਂ ਦੀ ਖੁਦ ਮੁਖ਼ਤਿਆਰ ਸੋਸ਼ਲਿਸਟ ਰਿਪਬਲਿਕ ਬਣਾਉਣ ਦਾ। ਸੁਖਦੇਵ ਨੂੰ ਪੰਜਾਬ ਰਾਜ ਪਾਰਟੀ ਦਾ ਮੁੱਖ ਪ੍ਰਬੰਧਕ ਥਾਪਿਆ ਗਿਆ। 'ਹਮ ਸਵਰਾਜ ਕਿਉਂ ਚਾਹਤੇ ਹੈਂ', 'ਨੌਜਵਾਨਾਂ ਨਾਲ ਦੋ ਗੱਲਾਂ', 'ਦੇਸ਼ ਦੀ ਦੌਲਤ', ਹਿੰਦੋਸਤਾਨੀ ਕਿਸਾਨ', 'ਦੁਨੀਆ ਦਾ ਸਭ ਤੋਂ ਵੱਡਾ ਪਾਪ, ਦੁਨੀਆ ਦਾ ਵੱਡਾ ਇਨਸਾਨ' ਅਤੇ 'ਅੰਗਰੇਜ਼ੋਂ ਕੀ ਕਰਤੂਤੇਂ' ਪ੍ਰਚਾਰ ਕਿਤਾਬਚੇ ਛਾਪੇ ਗਏ। ਭਗਤ ਸਿੰਘ ਪਾਰਟੀ ਦੇ ਰਾਜਨੀਤਿਕ ਨੇਤਾ ਸਨ ਅਤੇ ਸੁਖਦੇਵ ਜਥੇਬੰਦਕ, ਇਕ ਇਕ ਇੱਟ ਰੱਖ ਕੇ ਇਮਾਰਤ ਖੜ੍ਹੀ ਕਰਨ ਵਾਲੇ। ਲਾਹੌਰ ਸਾਜਿਸ਼ ਕੇਸ ਸਾਰਾ ਹੀ ਜਿਸ ਤਰ੍ਹਾਂ ਚੱਲਿਆ, ਉਸ ਵਿਚ ਸੁਖਦੇਵ ਪ੍ਰਮੁੱਖ ਦੋਸ਼ੀ ਰੱਖੇ ਗਏ ਸਨ। ਅਦਾਲਤੀ ਭਾਸ਼ਾ ਵਿਚ 'ਬਾ-ਅਦਾਲਤ ਸਪੈਸ਼ਲ ਟ੍ਰਿਬਿਊਨਲ, ਬਾਮੁਕੱਦਮਾ ਲਾਹੌਰ ਸਾਜਿਸ਼ ਕੇਸ, ਲਾਹੌਰ ਸਰਕਾਰ ਬਨਾਮ ਸੁਖਦੇਵ ਬਗੈਰਾ ਮੁਲਜ਼ਿਮਾਨ' ਬੋਲਿਆ ਜਾਂਦਾ ਸੀ।

ਅੰਗਰੇਜ਼ ਹਰ ਹਾਲਤ ਵਿਚ ਭਾਰਤ ਨੂੰ ਗੁਲਾਮ ਰੱਖਣ ਅਤੇ ਬਸਤੀਵਾਦ ਦੀ ਉਮਰ ਲੰਮੇਰੀ ਕਰਨ ਵਿਚ ਸਖ਼ਤੀ ਦਾ ਦੌਰ ਚਲਾ ਰਹੇ ਸਨ। ਹੋਮ ਸੈਕਟਰੀ ਸਰ ਵਿਲਸਨ ਜਾਨਸਨ ਹਿੰਗਸ ਦੀ ਟਿੱਪਣੀ ਦਾ ਪੰਜਾਬੀ ਅਨੁਵਾਦ, ''ਅਸੀਂ ਭਾਰਤ ਨੂੰ ਭਾਰਤ ਵਾਸੀਆਂ ਦੇ ਲਾਭ ਲਈ ਨਹੀਂ ਜਿੱਤਿਆ, ਅਕਸਰ ਇਸਾਈ ਪ੍ਰਚਾਰਕਾਂ ਦੀਆਂ ਮੀਟਿੰਗਾਂ ਵਿਚ ਕਿਹਾ ਜਾਂਦਾ ਹੈ ਕਿ ਅਸੀਂ ਭਾਰਤ ਵਾਸੀਆਂ ਦੀ ਭਲਾਈ ਲਈ ਕੰਮ ਕਰ ਰਹੇ ਹਾਂ, ਇਸ ਵਿਚ ਵਲਾਅ ਹੈ, ਅਸੀਂ ਅੰਗਰੇਜ਼ੀ ਮਾਲ ਤੇ ਖਾਸ ਕਰ ਲੰਕਾਸ਼ਾਇਰ ਤੇ ਸੂਤੀ ਕਾਰਖਾਨਿਆਂ ਦੇ ਸੂਤੀ ਮਾਲ ਵੇਚਣ ਹਿੱਤ ਭਾਰਤ ਉਤੇ ਹਕੂਮਤ ਕਰ ਰਹੇ ਹਾਂ। ਅਸੀਂ ਤਲਵਾਰ ਦੇ ਜ਼ੋਰ ਨਾਲ ਹੀ ਭਾਰਤ ਨੂੰ ਆਪਣੇ ਹੇਠ ਰੱਖਾਂਗੇ।''

ਸੁਖਦੇਵ ਨੇ ਅੰਗਰੇਜ਼ ਭਗਤਾਂ ਨੂੰ ਸਿੱਧਾ ਪ੍ਰਸ਼ਨ ਕੀਤਾ, ''ਹਾਲੇ ਵੀ ਕੋਈ ਭੁਲੇਖਾ ਹੈ? ਨੌਜਵਾਨੋ, ਉਠੋ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਲਈ ਅੱਗੇ ਵਧੀਏ।''

ਲੰਡਨ ਪਾਰਲੀਮੈਂਟ ਵੱਲੋਂ ਭਾਰਤੀਆਂ ਲਈ ਕੁਝ ਰਵਾਇਤਾਂ ਦੀ ਖੋਜ ਹਿੱਤ ਸਰ ਜੌਹਨ ਸਾਈਮਨ ਦੀ ਪ੍ਰਧਾਨਗੀ ਹੇਠ, ਜਿਸ ਦੇ 7 ਅੰਗਰੇਜ਼ ਮੈਂਬਰ ਸਨ, ਭਾਰਤ ਦਾ ਭਰਮਣ ਕਰਨ ਲਈ ਫਰਵਰੀ 1928 ਨੂੰ ਬੰਬਈ ਆਣ ਉਤਰਿਆ। ਕਾਂਗਰਸ ਸਮੇਤ ਦੇਸ਼ ਦੇ ਨੌਜਵਾਨਾਂ ਨੇ ਇਸ ਦਾ ਬਾਈਕਾਟ ਕਰਨ ਦਾ ਫੈਸਲਾ ਲਿਆ। ਇਸੇ ਅਧੀਨ 30 ਅਕਤੂਬਰ, 1928 ਨੂੰ ਇਸ ਦਾ ਬਾਈਕਾਟ ਕਰਦਿਆਂ ਲਾਹੌਰ ਵਿਚ ਇਕ ਵਿਸ਼ਾਲ ਰੋਡ ਮਾਰਚ ਦਾ ਆਯੋਜਨ ਕੀਤਾ ਗਿਆ। ਲਾਹੌਰ ਸਟੇਸ਼ਨ ਤੋਂ 200 ਗਜ਼ ਵਿੱਥ 'ਤੇ ਜੇ.ਏ ਸਕਾਟ ਨੇ ਐਸ.ਐਸ.ਪੀ ਦੇ ਹੁਕਮ ਅਨੁਸਾਰ ਲਾਠੀਚਾਰਜ ਕਰ ਦਿੱਤਾ। ਪਹਿਲੀ ਕਤਾਰ ਵਿਚ ਲਾਲਾ ਲਾਜਪਤ ਰਾਏ, ਮੌਲਾਨਾ ਜਾਫਰ ਅਲੀ ਨੂੰ ਸੱਟਾਂ ਲੱਗੀਆਂ। 30 ਅਕਤੂਬਰ ਦੀ ਸ਼ਾਮ ਨੂੰ ਲਾਲਾ ਲਾਜਪਤ ਰਾਏ ਨੇ ਆਪਣੇ ਭਾਸ਼ਣ ਵਿਚ ਕਿਹਾ, ''ਜੇ ਸਰਕਾਰ ਤੇ ਉਸ ਦੇ ਅਫਸਰ ਇਸੇ ਤਰ੍ਹਾਂ ਕਰਦੇ ਰਹੇ, ਜਿਸ ਤਰ੍ਹਾਂ ਅੱਜ ਕੀਤਾ ਹੈ, ਮੈਨੂੰ ਤੇ ਹੈਰਾਨੀ ਨਹੀਂ ਹੋਵੇਗੀ ਅਗਰ ਨੌਜਵਾਨ ਤਬਕਾ ਸਾਡੇ ਹੱਥਾਂ ਵਿਚੋਂ ਨਿਕਲ ਜਾਵੇ ਤੇ ਉਹ ਦੇਸ਼ ਦੀ ਆਜ਼ਾਦੀ ਲਈ ਉਹ ਕੰਮ ਕਰਨ, ਜੋ ਉਨ੍ਹਾਂ ਨੂੰ ਭਾਉਂਦੇ ਹਨ।''

17 ਨਵੰਬਰ, 1928 ਈ. ਲਾਲਾ ਜੀ ਦੀ ਮੌਤ ਹੋ ਗਈ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਆਰਮੀ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਦਾ ਫੈਸਲਾ ਲਿਆ।

17 ਦਸੰਬਰ, 1928 ਦਾ ਦਿਨ ਇਸ ਕੰਮ ਲਈ ਨਿਸ਼ਚਿਤ ਕੀਤਾ ਗਿਆ। ਕੁਝ ਦੇਰ ਬਾਅਦ ਇਕ ਅੰਗਰੇਜ਼ ਪੁਲਿਸ ਅਫਸਰ ਦਫਤਰ ਵਿਚੋਂ ਨਿਕਲਿਆ। ਜੈ ਗੋਪਾਲ ਨੇ ਉਸ ਨੂੰ ਸਕੌਟ ਸਮਝਿਆ। ਉਹ ਤਾਂ ਜੇ.ਪੀ ਸਾਂਡਰਸ ਅਸਿਸਟੈਂਟ ਸੁਪਰਨਟੈਂਡੈਂਟ ਪੁਲਿਸ ਸੀ। ਜੈ ਗੋਪਾਲ ਨੇ ਇਸ਼ਾਰਾ ਦੇ ਦਿੱਤਾ, ਰਾਜਗੁਰੂ ਨੇ ਪਹਿਲੀ ਗੋਲੀ ਦਾਗੀ, ਜੋ ਸਾਂਡਰਸ ਦੀ ਗਰਦਨ ਵਿਚ ਲੱਗੀ। ਭਗਤ ਸਿੰਘ ਨੇ ਹੋਰ ਗੋਲੀਆਂ ਨਾਲ ਉਸ ਨੂੰ ਢੇਰੀ ਕਰ ਦਿੱਤਾ। ਚੰਨਣ ਸਿੰਘ ਹੌਲਦਾਰ ਨੇ ਭਗਤ ਸਿੰਘ ਹੋਰਾਂ ਦਾ ਪਿੱਛਾ ਕੀਤਾ, ਉਸ ਨੂੰ ਆਜ਼ਾਦ ਦੀ ਗੋਲੀ ਨੇ ਖ਼ਤਮ ਕਰ ਦਿੱਤਾ। ਸੋਸ਼ਲਿਸਟ ਰਿਪਬਲਿਕ ਆਰਮੀ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਕਬੂਲੀ ਕੀਤੀ। ਭਗਤ ਸਿੰਘ ਰੂਪੋਸ਼ ਹੋ ਗਏ ਅਤੇ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਦਾ ਚੱਕਰ ਤੇਜ਼ੀ ਨਾਲ ਚੱਲਣ ਲੱਗਾ।

ਅੰਗਰੇਜ਼ ਸਰਕਾਰ ਉਦਯੋਗਿਕ ਵਪਾਰ ਕਾਨੂੰਨ ਅਤੇ ਲੋਕ ਸੁਰੱਖਿਆ ਵਰਗੇ ਕਾਲੇ ਕਾਨੂੰਨ ਲੈਜਿਸਲੇਟਿਵ ਕੌਂਸਲ ਵਿਚ ਪਾਸ ਕਰਵਾ ਕੇ ਭਾਰਤੀ ਕਾਮੇ, ਕਿਰਤੀਆਂ ਤੇ ਕਿਸਾਨਾਂ ਦੀਆਂ ਜਥੇਬੰਦੀਆਂ 'ਤੇ ਦਮਨ ਕਰਨ ਦਾ ਰਾਹ ਪੱਧਰਾ ਕਰਨਾ ਚਾਹੁੰਦੀ ਸੀ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਆਰਮੀ ਨੇ ਆਗਰੇ ਵਿਚ ਮੀਟਿੰਗ ਕਰਕੇ ਫੈਸਲਾ ਲਿਆ ਕਿ ਜੇ ਗਵਰਨਰ ਜਨਰਲ ਧੱਕੇ ਨਾਲ ਇਹ ਕਾਨੂੰਨ ਪਾਸ ਕਰਦਾ ਹੈ ਤਾਂ ਵਿਧਾਨ ਸਭਾ ਵਿਚ ਫਰਾਂਸ ਦੇ ਗਦਰੀ ਵੈਲੀਅਟ ਦੇ ਸ਼ਬਦਾਂ ਦੀ ''ਬਹਿਰੇ ਕੰਨਾਂ ਨੂੰ ਸੁਣਾਉਣ ਵਾਸਤੇ ਧਮਾਕੇ ਦੀ ਉਚੀ ਆਵਾਜ਼ ਚਾਹੀਦੀ ਹੈ, ਅਸੀਂ ਉਹਦੇ ਨਾਲ ਹੀ ਆਪਣੇ ਅਮਲ ਨੂੰ ਜਾਇਜ਼ ਕਹਿ ਸਕਦੇ ਹਾਂ'' ਦੀ ਤਰਜ਼ 'ਤੇ ਬੰਬ ਧਮਾਕਾ ਕੀਤਾ ਜਾਵੇ। ਬੀ.ਕੇ ਦੱਤ ਤੇ ਨਿਸ਼ਚਿਤ ਕੀਤੀ ਗਈ। ਸੁਖਦੇਵ ਉਸ ਮੀਟਿੰਗ ਵਿਚ ਹਾਜ਼ਰ ਨਹੀਂ ਸੀ। ਜਦੋਂ ਸੁਖਦੇਵ ਨੂੰ ਇਸ ਫੈਸਲੇ ਦਾ ਪਤਾ ਲੱਗਾ ਉਹ ਭਗਤ ਸਿੰਘ ਨੂੰ ਇਕੱਲਿਆਂ ਮਿਲਿਆ। ਦੋਵੇਂ ਮਿੱਤਰ ਮਿਹਣੋ-ਮਿਹਣੀ ਹੋਏ। ਸੁਖਦੇਵ ਚਾਹੁੰਦਾ ਸੀ ਕਿ ਭਗਤ ਸਿੰਘ ਬੰਬ ਸੁੱਟਣ ਦੀ ਜ਼ਿੰਮੇਵਾਰੀ ਖੁਦ ਲਵੇ ਕਿਉਂਕਿ ਉਹ ਹੀ ਗ੍ਰਿਫਤਾਰੀ ਮਗਰੋਂ ਬਿਆਨਾਂ ਨਾਲ ਸੋਸ਼ਲਿਸਟ ਰਿਪਬਲਿਕ ਆਰਮੀ ਦੀਆਂ ਨੀਤੀਆਂ ਨੂੰ ਲੋਕ ਕਚਹਿਰੀ ਤੱਕ ਪੁੱਜਦਾ ਕਰ ਸਕਦਾ ਹੈ।

ਭਗਤ ਸਿੰਘ ਨੇ ਕੇਂਦਰੀ ਕਮੇਟੀ 'ਤੇ ਜ਼ੋਰ ਪਾ ਕੇ ਵਿਧਾਨ ਸਭਾ ਵਿਚ ਬੰਬ ਸੁੱਟਣ ਦੀ ਮਨਜ਼ੂਰੀ ਲੈ ਲਈ। ਆਖਰੀ ਫੈਸਲਾ ਭਗਤ ਸਿੰਘ ਤੇ ਬੀ.ਕੇ ਦੱਤ ਦਾ ਹੋ ਗਿਆ। ਵਿਧਾਨ ਸਭਾ ਵਿਚ ਇਨ੍ਹਾਂ ਦਮਨਕਾਰੀ ਬਿਲਾਂ 'ਤੇ ਵੋਟਾਂ ਪੈਣ 'ਤੇ 61-61 ਵੋਟਾਂ ਹੋਣ ਕਰਕੇ ਪ੍ਰਧਾਨ ਵਿਠਲ ਭਾਈ ਦੀ ਵਿਰੋਧੀ ਵੋਟ ਨਾਲ ਇਹ ਪਾਸ ਹੋਣੋਂ ਰਹਿ ਗਏ। ਜਿਉਂ ਹੀ ਮਿਸਟਰ ਸੁਸ਼ਟਰ ਬਿਲਾਂ ਦੀ ਮਨਜ਼ੂਰੀ ਦਾ ਧੱਕੇ ਨਾਲ ਐਲਾਨ ਕਰਨ ਲਈ ਖੜ੍ਹਾ ਹੋਇਆ। ਭਗਤ ਸਿੰਘ ਤੇ ਦੱਤ ਨੇ ਦੋ ਬੰਬ ਅਸੈਂਬਲੀ ਵਿਚ ਸੁੱਟੇ। ਇਸ ਪਿੱਛੋਂ ਇਹ ਨਾਅਰੇ ਗੂੰਜੇ-ਇਨਕਲਾਬ ਜ਼ਿੰਦਾਬਾਦ, ਸਾਮਰਾਜ ਮੁਰਦਾਬਾਦ, ਦੁਨੀਆ ਭਰ ਦੇ ਕਿਰਤੀਓ ਇਕ ਹੋ ਜਾਓ। ਕੁਝ ਇਸ਼ਤਿਹਾਰ ਵੀ ਅਸੈਂਬਲੀ ਵਿਚ ਸੁੱਟੇ ਗਏ, ਜਿਨ੍ਹਾਂ ਦੀ ਇਬਾਰਤ ਨੂੰ 'ਦੀ ਹਿੰਦੋਸਤਾਨ ਟਾਈਮਜ਼' ਅਖ਼ਬਾਰ ਨੇ ਇਨ-ਬਿਨ ਛਾਪ ਦਿੱਤਾ। ਸਰਜੈਂਟ ਟੈਰੀ ਨੇ ਦੋਵੇਂ ਸੂਰਮਿਆਂ ਨੂੰ ਗ੍ਰਿਫਤਾਰ ਕਰ ਲਿਆ। 15 ਅਪ੍ਰੈਲ, 1929 ਦੀ ਸਵੇਰ ਲਾਹੌਰ ਦੀ ਕਸ਼ਮੀਰ ਬਿਲਡਿੰਗ ਤੋਂ ਪੁਲਿਸ ਨੇ ਛਾਪਾ ਮਾਰ ਕੇ ਸੁਖਦੇਵ, ਪੰਡਤ ਕਿਸ਼ੋਰੀ ਲਾਲ ਤੇ ਗੋਪਾਲ ਨੂੰ ਵੀ ਫੜ ਲਿਆ।

12 ਜੂਨ, 1929 ਨੂੰ ਅੰਗਰੇਜ਼ ਹਕੂਮਤ ਨੇ ਬੰਬ ਕਾਂਡ ਦਾ ਫੈਸਲਾ ਸੁਣਾਉਂਦਿਆਂ ਭਗਤ ਸਿੰਘ ਤੇ ਬੀ.ਕੇ ਦੱਤ ਨੂੰ ਉਮਰ ਕੈਦ ਦੀ ਸਜ਼ਾ ਕਰ ਦਿੱਤੀ। 10 ਜੁਲਾਈ, 1929 ਨੂੰ ਜੇਲ੍ਹ ਅੰਦਰ ਹੀ ਲਾਹੌਰ ਸਾਜਿਸ਼ ਕੇਸ ਦੀ ਕਾਰਵਾਈ ਆਰੰਭ ਹੋਈ, ਜਿਸ ਵਿਚ 24 ਵਿਅਕਤੀ ਸ਼ਾਮਿਲ ਸਨ। ਇਹ ਕੇਸ 'ਸੁਖਦੇਵ ਬਨਾਮ ਸਰਕਾਰ' ਸੀ। 13 ਨਵੰਬਰ, 1929 ਜਤਿੰਦਰ ਨਾਥ ਸਨਿਆਲ ਜੇਲ੍ਹ ਵਿਚ ਸਿਆਸੀ ਕੈਦੀਆਂ ਲਈ ਮਨੁੱਖੀ ਸਹੂਲਤਾਂ ਵਾਸਤੇ ਭੁੱਖ ਹੜਤਾਲ ਕਰਕੇ ਸ਼ਹਾਦਤ ਦਾ ਜਾਮ ਪੀ ਗਏ। ਸੁਖਦੇਵ ਨੇ ਜੇਲ੍ਹ ਸਮੇਂ ਦੌਰਾਨ 2 ਫਰਵਰੀ, 1931 ਨੂੰ 'ਭਾਰਤੀ ਇਨਕਲਾਬ ਦਾ ਖਰੜਾ' ਵਰਗੇ ਅਹਿਮ ਦਸਤਾਵੇਜ਼ ਤਿਆਰ ਕਰਕੇ ਬਾਹਰਲੇ ਇਨਕਲਾਬੀਆਂ ਨੂੰ ਭੇਜੇ। ਕੇਂਦਰੀ ਸਰਕਾਰ ਨੂੰ ਪੰਜਾਬ ਦੀ ਸਰਕਾਰ ਨੇ ਇਕ ਤਾਰ ਰਾਹੀਂ ਸੂਚਿਤ ਕੀਤਾ। ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਨੂੰ 23 ਮਾਰਚ 7 ਵਜੇ ਸ਼ਾਮ ਫਾਂਸੀ ਦਿੱਤੀ ਜਾਵੇਗੀ। ਲਾਹੌਰ ਤੇ ਹੋਰ ਸਾਰੇ ਭਾਰਤ ਵਿਚ ਇਸ ਦੀ ਜਾਣਕਾਰੀ 24 ਮਾਰਚ ਨੂੰ ਹੀ ਹੋਵੇਗੀ। ਆਮ ਤੌਰ 'ਤੇ ਫਾਂਸੀ ਸਵੇਰ ਦੇ ਵਕਤ ਦਿੱਤੀ ਜਾਂਦੀ ਹੈ ਤੇ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਜਾਂਦੀਆਂ ਹਨ, ਪਰ ਸਿਆਸੀ ਅਸਰ ਤੋਂ ਡਰਦਿਆਂ ਹਕੂਮਤ ਨੇ ਦੋਵੇਂ ਰਵਾਇਤਾਂ ਰੱਦ ਕਰ ਦਿੱਤੀਆਂ। ਇਨਕਲਾਬ ਜ਼ਿੰਦਾਬਾਦ, ਕੌਮੀ ਝੰਡਾ ਉਚਾ ਹੋ, ਸਾਮਰਾਜ ਮੁਰਦਾਬਾਦ ਦੇ ਆਕਾਸ਼ ਗੁੰਜਾਊ ਨਾਅਰਿਆਂ ਨੇ ਫਾਂਸੀ ਵੱਲ ਜਾ ਰਹੇ ਸੂਰਮਿਆਂ ਦਾ ਸੰਕੇਤ ਬੈਰਕਾਂ ਵਿਚ ਬੰਦ ਕੈਦੀਆਂ ਨੂੰ ਦਿੱਤਾ। ਉਨ੍ਹਾਂ ਵੀ ਨਾਅਰਿਆਂ ਦਾ ਮੋੜਵਾਂ ਉਤਰ ਦਿੱਤਾ। ਠੀਕ 7 ਵਜੇ ਜੱਲਾਦ ਨੇ ਸਭ ਠੀਕ ਦੀ ਰਿਪੋਰਟ ਦਿੱਤੀ। ਤਿੰਨੇ ਸੂਰਮੇ ਆਪਣੀਆਂ ਜਿੰਦਾਂ ਭਾਰਤ ਮਾਂ ਤੋਂ ਵਾਰ ਗਏ।

ਰਾਤ ਦੇ ਹਨ੍ਹੇਰੇ ਵਿਚ ਜੇਲ੍ਹ ਦੇ ਪਿਛਲੇ ਪਾਸੇ ਦੀ ਕੰਧ ਪਾੜ ਕੇ ਤਿੰਨਾਂ ਯੋਧਿਆਂ ਦੀਆਂ ਲਾਸ਼ਾਂ ਫਿਰੋਜ਼ਪੁਰ, ਹੁਸੈਨੀਵਾਲਾ, ਸਤਲੁਜ ਦਰਿਆ ਦੇ ਕੰਢੇ ਟੁਕੜੇ-ਟੁਕੜੇ ਕਰਕੇ ਮਿੱਟੀ ਦੇ ਤੇਲ ਨਾਲ ਅੱਧ ਸੜੀਆਂ ਕਰਕੇ ਦਰਿਆ ਸਪੁਰਦ ਕਰ ਦਿੱਤੀਆਂ ਗਈਆਂ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਰਕੇ ਹੀ ਅਸੀਂ 15 ਅਗਸਤ 1947 ਈ. ਤੋਂ ਸੁਤੰਤਰ ਭਾਰਤੀ ਹੋਣ ਦਾ ਮਾਣ ਹਾਸਲ ਕੀਤਾ ਹੈ। ਪਰ ਉਨ੍ਹਾਂ ਦੇ ਹੀ ਕਥਨਾਂ ਅਨੁਸਾਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੋਂ ਨਿਜ਼ਾਤ ਹਾਸਿਲ ਕਰਨ ਲਈ ਲੜਾਈ ਅਜੇ ਜਾਰੀ ਹੈ। ਆਓ ਇਸ ਨਿਰੰਤਰ ਯੁੱਧ ਦਾ ਹਿੱਸਾ ਬਣੀਏ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 27

ਮਾਂਵਾਂ ਧੀਆਂ ਦਾ ਬੜਾ ਈ ਵਿਛੋੜਾ



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਗੱਲ ਪਾਣੀਪਤ ਦੀ ਹੈ। ਕਲਾਕਾਰਾਂ ਦੀ ਵਰਕਸ਼ਾਪ ਚੱਲ ਰਹੀ ਸੀ। ਕਲਾਕਾਰਾਂ ਨੇ ਨਾਟਕ ਤਿਆਰ ਕਰਕੇ ਸਾਰੇ ਪਾਣੀਪਤ ਵਿਚ ਸਾਖਰਤਾ ਲਈ ਮਾਹੌਲ ਬਣਾਉਣ ਵਿਚ ਜੁਟਣਾ ਸੀ। ਇਹ ਸਾਰਾ ਪ੍ਰੋਗਰਾਮ ਭਾਰਤ ਗਿਆਨ ਵਿਗਿਆਨ ਸੰਮਤੀ ਹਰਿਆਣਾ ਦੀ ਦੇਖ-ਰੇਖ ਵਿਚ 'ਪਾਣੀਪਤ ਦੀ ਚੌਥੀ ਲੜਾਈ' ਦੇ ਨਾਂ ਹੇਠ ਚੱਲ ਰਿਹਾ ਸੀ। ਦੁਪਹਿਰ ਦਾ ਸੈਸ਼ਨ ਸਮਾਪਤ ਹੋਣ ਵਾਲਾ ਸੀ। ਸਾਰੇ ਚਾਹ ਰਹੇ ਸਨ ਕਿ ਸਭਿਆਚਾਰਕ ਪ੍ਰੋਗਰਾਮ ਹੋ ਜਾਏ। ਸਾਰੇ ਆਪੋ ਆਪਣੇ ਸਾਖਰਤਾ ਗੀਤ ਸੁਣਾ ਰਹੇ ਸਨ, ਪਰ ਮੈਂ ਕੋਈ ਗੀਤ ਅੱਜ ਤੱਕ ਵੀ ਤਿਆਰ ਨਹੀਂ ਸੀ ਕਰ ਸਕਿਆ, ਡੇਢ ਸਾਲ ਪੂਰਨ ਕਾਲਿਕ ਵਲੰਟੀਅਰ ਰਹਿਣ ਦੇ ਬਾਵਜੂਦ। ਖ਼ੈਰ ਮੇਰੀ ਵਾਰੀ ਵੀ ਆਈ। ਮੈਂ ਕੁਝ ਕੁ ਲੋਕ ਗੀਤ ਮੌਲਿਕ ਧੁਨਾਂ ਵਿਚ ਤਿਆਰ ਕੀਤੇ ਹੋਏ ਹਨ। ਆਮ ਤੌਰ 'ਤੇ ਮੈਂ ਉਹੀ ਸੁਣਾਉਂਦਾ ਹਾਂ। ਵੈਸੇ ਸਾਰੇ ਗੀਤ ਹੁਣ ਤੱਕ ਜਿੰਨੇ ਵੀ ਮੈਂ ਇਕੱਠੇ ਕੀਤੇ ਹਨ, ਉਹ ਟੇਪ ਰਿਕਾਰਡ ਕਰਨ ਕਰਕੇ ਸਾਰਿਆਂ ਦੀਆਂ ਧੁਨਾਂ ਦਾ ਮੈਨੂੰ ਪਤਾ ਹੈ। ਮੈਂ ਗੀਤ ਛੁਹਿਆ।

ਉਚੀ ਟਾਹਲੀ 'ਤੇ ਘੁੱਗੀਆਂ ਦਾ ਜੋੜਾ,
ਮਾਂਵਾਂ ਧੀਆਂ ਦਾ ਬੜਾ ਹੀ ਵਿਛੋੜਾ ਰੱਬਾ ਕਿਤੇ ਮਿਲੀਏ।

ਅੱਧੇ ਨਾਲੋਂ ਵੱਧ ਸ੍ਰੋਤੇ ਹਰਿਆਣਵੀ ਹੋਣ ਕਾਰਨ ਗੀਤ ਦੇ ਅਰਥ ਨਹੀਂ ਸਨ ਜਾਣਦੇ, ਪਰ ਸਾਰਾ ਵਾਤਾਵਰਣ ਸ਼ਾਂਤ ਹੋ ਗਿਆ। ਧੁਨ ਹੀ ਅਜਿਹੀ ਸੀ। ਸਹੁਰੇ ਬੈਠੀ ਧੀ ਦੀ ਮਾਂ ਨੂੰ ਮਿਲਣ ਦੀ ਸਿੱਕ। ਪੰਜ ਮਿੰਟਾਂ ਬਾਅਦ ਗੀਤ ਖ਼ਤਮ ਹੋਇਆ ਤਾਂ ਪੰਜਾਬੀ ਔਰਤਾਂ ਵਿਚੋਂ ਕਈ ਰੋ ਰਹੀਆਂ ਸਨ, ਉਹ ਮੇਰੇ ਦੁਆਲੇ ਜੁੜ ਗਈਆਂ, ''ਡਾਕਟਰ ਸਾਹਿਬ ਤੁਸੀਂ ਤਾਂ ਰੁਆ ਮਾਰਿਆ'' ਜਿਥੇ ਵੀ ਮੈਂ ਇਹ ਗੀਤ ਸੁਣਾਇਆ ਹੈ ਬੁੱਢੀਆਂ ਔਰਤਾਂ ਨੂੰ ਆਪਣੀਆਂ ਮੋਈਆਂ ਮਾਵਾਂ ਯਾਦ ਆਈਆਂ ਹਨ। ਸਹੁਰੇ ਬੈਠੀਆਂ ਨੂੰ ਪੇਕਿਆਂ ਦੀ ਯਾਦ ਨੇ ਸਤਾਇਆ ਹੈ ਤੇ ਘਰੋਂ ਦੂਰ ਪੜ੍ਹਦੀਆਂ ਕੰਮ ਕਰਦੀਆਂ ਕੁਆਰੀਆਂ ਵਿਚ ਵੀ ਮਾਵਾਂ ਨੂੰ ਮਿਲਣ ਲਈ ਤਾਂਘ ਜਾਗੀ ਹੈ। ਸਾਰੀਆਂ ਆਪਣੀ ਤਰ੍ਹਾਂ ਭਾਵੁਕ ਹੋਈਆਂ ਹਨ।

ਟਾਹਲੀ 'ਤੇ ਘੁੱਗੀਆਂ ਦਾ ਜੋੜ ਦੇਖ ਕੇ ਸਹੁਰੇ ਬੈਠੀ ਧੀ ਨੂੰ ਮਾਂ ਯਾਦ ਆ ਗਈ ਹੈ। ਉਹ ਉਸ ਨੂੰ ਮਿਲਣ ਲਈ ਤਰਲੋ ਮੱਛੀ ਹੋ ਰਹੀ ਹੈ। ਲੁਕ-ਛਿਪ ਕੇ ਕਿਵੇਂ ਵੀ ਕਿਤੇ ਵੀ ਮਿਲਣ ਦੀ ਤੜਪ ਜ਼ਾਹਿਰ ਹੁੰਦੀ ਹੈ ਇਨ੍ਹਾਂ ਸ਼ਬਦਾਂ ਵਿਚ, ਪਰ ਨਾਲ ਇਹ ਵੀ ਅਹਿਸਾਸ ਹੈ ਕਿ ਉਹ ਪਰਾਏ ਵੱਸ ਹੋਣ ਕਾਰਨ ਮਾਪਿਆਂ ਨੂੰ ਨਹੀਂ ਮਿਲ ਸਕਦੀ। 'ਪਰਾਇਆ' ਜਿੰਨਾ ਚਿਰ ਆਪਣਾ ਨਹੀਂ ਹੁੰਦਾ, ਓਨਾ ਚਿਰ ਇਹ ਹੇਰਵਾ ਤਾਂ ਭੋਗਣਾ ਹੀ ਪਵੇਗਾ।

ਕਿਤੇ ਮਿਲੀਏ ਤਾਂ ਮਿਲ ਮੇਰੀਏ ਮਾਏ
ਹੁਣ ਤਾਂ ਪੈ ਗਈਆਂ ਵੱਸ ਪਰਾਏ ਰੱਬ ਕਿਤੇ ਮਿਲੀਏ।

'ਰੱਬਾ ਕਿਤੇ ਮਿਲੀਏ' ਵਿਚ ਜੋ ਸਿੱਕ ਤੇ ਲਿਲਕੜੀ ਹੈ, ਉਸ ਨੂੰ ਮੂਲ ਧੁਨ ਪੂਰੀ ਤਰ੍ਹਾਂ ਫੜ ਕੇ ਰੱਖਦੀ ਹੈ। ਪਰਾਏ ਵੱਸ ਹੋਣ ਕਾਰਨ ਹੀ ਤਾਂ ਕਿਤੇ ਮਿਲਣ ਦੀ ਇੱਛਾ ਹੈ।

ਕਿਤੇ ਮਿਲੀਏ ਤਾਂ ਮਿਲ ਪਈਏ ਜੰਡ
ਗੱਲਾਂ ਕਰੀਏ ਤਾਂ ਪੈ ਜਾਏ ਠੰਡ,
ਰੱਬਾ ਕਿਤੇ ਮਿਲੀਏ।

ਮਾਂ ਧੀ ਦਾ ਇਕ ਪੜਦਾ। 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ ਕੋਈ ਕਰਦੀਆਂ ਗਲੋੜੀਆਂ' ਪਰ ਹੁਣ ਪਰਾਏ ਵੱਸ ਦੀਆਂ ਮਾਨਸਿਕ ਯਾਤਨਾਵਾਂ ਨੂੰ ਕਿਸ ਨਾਲ ਸਾਂਝਾ ਕਰੇ। ਮਨ ਦਾ ਤਾਅ, ਠੰਢ ਲਈ ਤਰਸ ਰਿਹਾ ਹੈ।

ਕਿਤੇ ਮਿਲੀਏ ਤਾਂ ਮਿਲ ਪਈਏ ਖੂਹ 'ਤੇ
ਗੱਲਾਂ ਕਰ ਲਈਏ ਮਾਵਾਂ ਧੀਆਂ ਮੂੰਹ 'ਤੇ
ਰੱਬਾ ਕਿਤੇ ਮਿਲੀਏ।

'ਰੱਬਾ ਕਿਤੇ ਮਿਲੀਏ ਦਾ ਦੁਹਰਾਅ' ਮਾਨਸਿਕ ਹੂਕ ਨੂੰ ਹੋਰ ਡੂੰਘਾ ਕਰਦਾ ਹੈ। ਪਹਿਲਾਂ ਇੱਛਾ ਹੈ ਜੰਡ ਨੇੜੇ ਮਿਲਣ ਦੀ। ਇਹ ਪਿੰਡੋਂ ਦੂਰ ਜੰਗਲ ਬੇਲਾ ਹੈ। ਉਥੇ ਕੰਮਕਾਰ ਗਈ ਸ਼ਾਇਦ ਮੇਲ ਹੋ ਜਾਏ। ਦੂਜਾ ਥਾਂ ਹੈ ਖੂਹ 'ਤੇ। ਰੋਟੀ ਲੈ ਕੇ ਗਈ ਕੱਪੜੇ ਧੋਣ ਗਈ ਜਾਂ ਕਿਸੇ ਹੋਰ ਖੇਤਾਂ ਦੇ ਕੰਮ ਗਈ ਦਾ ਮਾਂ ਨਾਲ ਮਿਲਾਪ ਸ਼ਾਇਦ ਸੰਭਵ ਹੋ ਸਕੇ। ਪਰ ਨਹੀਂ, ਇਸ ਵਿਚ ਹੋਰ ਡੂੰਘਾ ਦਰਦ ਜਾਗਦਾ ਹੈ ਤੇ ਮਾਂਵਾਂ ਬਗੈਰ ਭੋਗੀ ਦਿਲਗੀਰੀ, ਮਾਂਵਾਂ ਦਾ ਦਿੱਤਾ ਦਿਲਾਸਾ, ਬਿਹਬਲ ਕਰ ਜਾਂਦਾ ਹੈ।



ਚਿੱਟੀ ਚਾਦਰ ਤਾਂ ਪੱਲੇ ਪੰਜੀਰੀ
ਮਾਂਵਾਂ ਬਾਝੋਂ ਬੜੀ ਦਿਲਗੀਰੀ, ਰੱਬਾ ਕਿਤੇ ਮਿਲੀਏ।
ਚਿੱਟੀ ਚਾਦਰ ਤਾਂ ਪੱਲੇ ਪਤਾਸਾ।
ਮਾਂਵਾਂ ਦਿੰਦੀਆਂ ਨੇ ਬੜਾ ਈ ਦਿਲਾਸਾ, ਰੱਬਾ ਕਿਤੇ ਮਿਲੀਏ।

ਗੀਤ ਜਿਉਂ-ਜਿਉਂ ਅਗਾਂਹ ਤੁਰਦਾ ਹੈ, ਹੋਰ ਸੋਗੀ ਹੁੰਦਾ ਜਾਂਦਾ ਹੈ। ਮਾਂਵਾਂ ਮਾਂਵਾਂ ਹਨ। ਉਨ੍ਹਾਂ ਦੀ ਜਗ੍ਹਾ ਕੋਈ ਨਹੀਂ ਲੈ ਸਕਦਾ। ਕੋਈ ਚਾਚੀ-ਤਾਈ ਉਸ ਦੀ ਥਾਂ ਨਹੀਂ ਭਰ ਸਕਦੀ। ਉਸੇ ਤਰ੍ਹਾਂ ਜਿਵੇਂ 'ਸੌ ਦਾਰੂ ਇਕ ਘਿਉ, ਸੌ ਚਾਚਾ ਇਕ ਪਿਉ'। ਪਰ ਧੀ ਲਈ ਤਾਂ ਮਾਂ ਦੀ ਕੋਈ ਬਰਾਬਰੀ ਹੀ ਨਹੀਂ ਕਰ ਸਕਦਾ।

ਚਿੱਟੀ ਚਾਦਰ ਤਾਂ ਪੱਲੇ ਰਾਈ।
ਮਾਂ ਬਣਦੀ ਨਾ ਸਕੀ ਚਾਚੀ ਤਾਈ।
ਰੱਬਾ ਕਿਤੇ ਮਿਲੀਏ।

ਅੰਤ ਉਥੇ ਜਾ ਕੇ ਹੁੰਦਾ ਹੈ,
ਜਿਥੇ ਮਾਂਵਾਂ ਧੀਆਂ ਦੇ ਇਕੱਠੇ ਸੌਣ ਦਾ ਜ਼ਿਕਰ ਹੈ।

ਡੱਠਾ ਪਲੰਘ ਤਾਂ ਵਿਛਿਆ ਵਿਛਾਉਣਾ,
ਜਿਥੇ ਮਾਂਵਾਂ ਰਲ ਸੌਣਾ,
ਰੱਬਾ ਕਿਤੇ ਮਿਲੀਏ।


ਇਹ ਸਾਰਾ ਕੁਝ ਉਨ੍ਹਾਂ ਸ੍ਰੋਤਿਆਂ ਲਈ ਸੁਣਨਾ ਅਸਹਿ ਹੈ, ਜੋ ਯਥਾਰਥ ਦੇ ਚੌਤਰਫਾ ਦਬਾਵਾਂ ਵਿਚ ਘਿਰੇ ਮਾਪਿਆਂ ਤੋਂ ਦੂਰੀ ਹੰਢਾ ਰਹੇ ਹਨ। ਉਨ੍ਹਾਂ ਦਾ ਕਥਾਰਸਿਸ ਰੋ ਕੇ ਹੀ ਹੋ ਸਕਦਾ ਹੈ। ਇਹੀ ਤਾਂ ਪਾਣੀਪਤ ਵਿਚ ਤੇ ਹੋਰਨਾਂ ਥਾਵਾਂ 'ਤੇ ਹੁੰਦਾ ਰਿਹਾ ਹੈ।

ਹੁਸ਼ਿਆਰਪੁਰ ਤੋਂ ਪੰਦਰਾਂ ਕਿਲੋਮੀਟਰ ਦੂਰ ਇਕ ਕਸਬਾ ਹੈ ਹਰਿਆਣਾ। ਉਥੋਂ ਤਿੰਨ-ਚਾਰ ਕਿਲੋਮੀਟਰ ਅਗਾਂਹ ਪਿੰਡ ਹੈ ਮੁਕੀਮ ਪੁਰ। ਇਹ ਮੇਰੇ ਕਾਲਜ ਦੇ ਉਸਤਾਦ ਚੰਨਣ ਸਿੰਘ 'ਸੈਫ' ਹੋਰਾਂ ਦਾ ਪਿੰਡ ਹੈ। ਉਨ੍ਹਾਂ ਦੀ ਮਦਦ ਨਾਲ ਮੈਂ ਉਨ੍ਹਾਂ ਦੀ ਧੀ ਕੋਲੋਂ ਬਹੁਤ ਸਾਰੇ ਗੀਤ ਇਕੱਠੇ ਕੀਤੇ। ਉਪਰਲਾ ਗੀਤ ਵੀ ਉਨ੍ਹਾਂ ਦੀ ਧੀ ਪਰਮਿੰਦਰ ਨੇ ਸੁਣਾਇਆ। ਜਦੋਂ ਉਸ ਨੇ ਔਖੇ-ਸੌਖੇ ਗੀਤ ਪੂਰਾ ਕੀਤਾ ਤਾਂ ਉਹ ਏਨੀ ਉਦਾਸ ਹੋ ਗਈ ਕਿ ਉਸ ਬੈਠਕ ਵਿਚ ਹੋਰ ਗੀਤ ਨਾ ਗਾ ਸਕੀ। ਮਾਂ ਧੀ ਦਾ ਬੇਗਰਜ਼ ਰਿਸ਼ਤਾ ਹੈ ਹੀ ਅਜਿਹਾ ਕਿ ਥੋੜ੍ਹੀ ਜਿਹੀ ਯਾਦ ਵੀ ਬੰਦੇ ਦੀਆਂ ਧੁਰ ਅੰਦਰ ਦੀਆਂ ਤਰਬਾਂ ਛੇੜ ਦਿੰਦੀ ਹੈ ਤੇ ਜੇ ਇਹ ਲੋਕ ਗੀਤਾਂ ਰਾਹੀਂ ਉਜਾਗਰ ਹੋਵੇ ਤਾਂ ਉਦਾਸੀ ਦਾ ਵਾਤਾਵਰਣ ਛਾ ਜਾਂਦਾ ਹੈ। ਪਿਛਲੇ ਦਿਨਾਂ ਵਿਚ ਮੇਰੇ ਮਿੱਤਰ ਕੁਲਤਾਰ ਤੇ ਉਸ ਦੀ ਪਤਨੀ ਦੇਵਿੰਦਰ ਤੀਜੀ ਤੇ ਆਖਰੀ ਧੀ ਦਾ ਵਿਆਹ ਕਰਕੇ ਸੁਰਖਰੂ ਹੋ ਗਏ। ਇਕ ਦਿਨ ਮੈਂ ਤੇ ਮੇਰੀ ਪਤਨੀ ਬਚਨ ਕੌਰ ਉਨ੍ਹਾਂ ਦੇ ਘਰ ਗਏ ਤਾਂ ਮੈਂ ਸੁਭਾਵਕ ਹੀ ਲੋਕ ਗੀਤ ਰਾਹੀਂ ਪੁੱਛ ਬੈਠਾ,

ਮਾਏ ਧੀਆਂ ਨੂੰ ਸਹੁਰੇ ਤੋਰ ਕੇ
ਕਿਹਾ ਕੁ ਲਗਦਾ ਜੀ
ਨੀ ਭਲੀਏ ਹੋ।

ਦੇਵਿੰਦਰ ਨੇ ਮੂੰਹ ਭੁਆ ਕੇ ਅੱਖੀਆਂ ਪੂੰਝਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਕਿਹਾ, ''ਕੀ ਹੋਇਆ?''- ''ਤੁਸੀਂ ਗੱਲ ਹੀ ਇਹੋ ਜਿਹੀ ਕੀਤੀ ਐ।'' ਦੇਵਿੰਦਰ ਅੱਖਾਂ ਸਾਫ ਕਰਦੀ ਕਹਿ ਰਹੀ ਸੀ। ਫੇਰ ਕਿਹਾ, ''ਅਜੇ ਤਾਂ ਤੁਸਾਂ ਪੂਰਾ ਗੀਤ ਨਹੀਂ ਸੁਣਾਇਆ . . .ਆਓ ਬੈਠ ਕੇ ਸੁਣਾਓ'' ਨਹੀਂ ਫਿਰ ਕਿਤੇ ਸਹੀ। ਮੈਂ ਕਹਿ ਤਾਂ ਆਇਆ, ਪਰ ਅੱਜ ਤੱਕ ਮੁੜ ਕੇ ਉਹ ਗੀਤ ਸੁਣਾਉਣ ਦਾ ਹੌਂਸਲਾ ਨਹੀਂ ਕਰ ਸਕਿਆ। ਸਚਮੁੱਚ ਹੀ ਇਹ ਗੀਤ ਸਦੀਆਂ ਦੀਆਂ ਲੋਕ ਭਾਵਨਾਵਾਂ ਸਾਂਭੀ ਬੈਠੇ ਸਾਡੇ ਅਨਮੋਲ ਖ਼ਜ਼ਾਨੇ ਹਨ। ਇਨ੍ਹਾਂ ਨੂੰ ਹੀ ਫੋਲਣ ਦੇ ਆਹਰ ਵਿਚ ਮੇਰੇ ਵਰਗੇ ਅਨੇਕਾਂ ਲੋਕ ਲੱਗੇ ਹੋਏ ਹਨ।

ਜਲ-ਜੰਗਲ-ਜ਼ਮੀਨ ਦੇ ਵਾਸੀ



ਕਰਾਂਤੀਪਾਲ

ਇਹ ਕਦੇ ਵੀ ਨਹੀਂ ਹੋਇਆ ਕਿ ਆਜ਼ਾਦੀ ਦੀ ਲੜਾਈ ਵਿਚ ਪਹਾੜੀਆ ਵਿਦਰੋਹ ਤੋਂ 1947 ਤੱਕ ਨਾਗਾਰਾਨੀ ਗਾਈਦਿਲਯੂ ਦੇ ਸੰਘਰਸ਼ ਤੱਕ ਭਾਰਤ ਦੇ ਤਮਾਮ ਆਦਿਵਾਸੀ ਖੇਤਰਾਂ ਵਿਚ ਹੋਏ ਵਿਦਰੋਹਾਂ ਨੂੰ ਇਤਿਹਾਸ ਦੇ ਨਾਲ-ਨਾਲ ਸਾਡੇ ਮੀਡੀਆ ਨੇ ਕਦੇ ਯਾਦ ਕੀਤਾ ਹੋਵੇ। ਆਜ਼ਾਦੀ ਤੋਂ ਬਾਅਦ ਨਕਸਲਵਾਦ ਵਰਗੇ ਮੁੱਦਿਆਂ ਦੇ ਸੰਦਰਭ ਵਿਚ ਮੀਡੀਆ ਆਦਿਵਾਸੀਆਂ ਨੂੰ ਤਾਂ ਯਾਦ ਕਰ ਲੈਂਦਾ ਰਿਹਾ, ਪਰ ਇਨ੍ਹਾਂ ਦਾ ਸੰਘਰਸ਼ ਭਰਿਆ ਇਤਿਹਾਸ ਫਿਰ ਵੀ ਚੁੱਪ ਹੀ ਰਿਹਾ। ਸਿਨੇਮਾ-ਜਗਤ ਨੇ ਵੀ ਜੋ ਫਿਲਮਾਂ ਆਦਿਵਾਸੀਆਂ ਨੂੰ ਲੈ ਕੇ ਬਣਾਈਆਂ ਹਨ, ਉਹ ਵੀ ਕੋਈ ਖਾਸ ਨਹੀਂ ਹਨ। 'ਲਾਲ ਸਲਾਮ' ਫਿਲਮ ਨਕਸਲਵਾਦ ਦੀ ਗੱਲ ਵੱਧ ਤੇ ਆਦਿਵਾਸੀਆਂ ਦੀ ਘੱਟ ਕਰਦੀ ਹੈ। ਸੱਤਿਆਜੀਤ ਰੇਅ ਨੇ ਆਦਿਵਾਸੀਆਂ 'ਤੇ ਬੰਗਲਾ ਫਿਲਮ 'ਅਰਣਯੇਰ' ਬਣਾਈ ਸੀ, ਜਿਸ ਦਾ ਹਿੰਦੀ ਵਿਚ 'ਜੰਗਲ ਵਿਚ ਇਕ ਦਿਨ-ਰਾਤ' ਨਾਂ ਸੀ। ਸ਼ਾਨੀ ਕਥਾਕਾਰ ਦੀਆਂ ਕਹਾਣੀਆਂ 'ਤੇ ਆਧਾਰਿਤ ਬਹੁਤ ਸਮੇਂ ਪਹਿਲਾਂ ਇਕ ਸੀਰੀਅਲ ਚੱਲਿਆ ਸੀ 'ਕਾਲਾਜਲ'। ਅਜਿਹਾ ਹੋਣ ਦੇ ਬਾਵਜੂਦ ਫਿਰ ਵੀ ਆਦਿਵਾਸੀ ਜੀਵਨ ਦੇ ਸੱਚ ਨੂੰ ਪੇਸ਼ ਕਰਨ ਵਾਲੀ ਕੋਈ ਫਿਲਮ ਅਜੇ ਤੱਕ ਸਾਹਮਣੇ ਨਹੀਂ ਆਈ।



ਸਾਈਬਰ ਮੀਡੀਆ ਨੇ 'ਆਦਿਵਾਸੀ ਜਗਤ' ਨਾਲ ਜੁੜੀਆਂ ਕੁਝ ਸੱਚਾਈਆਂ ਸਾਹਮਣੇ ਲਿਆਂਦੀਆਂ ਹਨ। ਆਰਕੁੱਟ, ਟਵੀਟਰ, ਫੇਸਬੁੱਕ 'ਤੇ ਵੀ ਆਦਿਵਾਸੀਆਂ ਦੀ ਗੱਲ ਹੁੰਦੀ ਹੈ ਪਰ ਫਿਰ ਵੀ ਆਦਿਵਾਸੀਆਂ ਦੇ ਜੀਵਨ ਤੋਂ ਦੂਰ ਹੈ ਮੀਡੀਆ। ਮੀਡੀਆ ਆਪਣੀ ਇੱਛਾ ਅਨੁਸਾਰ ਆਦਿਵਾਸੀਆਂ ਦੀ ਗੱਲ ਕਰਦਾ ਹੈ।

ਇਕ ਘਟਨਾ ਦਾ ਜ਼ਿਕਰ ਜ਼ਰੂਰੀ ਹੈ। ਇਕ ਆਦਿਵਾਸੀ ਨੂੰ ਅਦਾਲਤ ਵਿਚ ਇਹ ਸਾਬਿਤ ਕਰਨਾ ਸੀ ਕਿ ਜਿਥੇ ਉਹ ਰਹਿੰਦਾ ਹੈ, ਉਹ ਜਗ੍ਹਾ ਉਸ ਦੇ ਪਰਿਵਾਰ ਦੀ ਹੈ, ਕੋਈ ਕਾਗਜ਼ੀ ਸਬੂਤ ਉਸ ਦੇ ਕੋਲ ਨਹੀਂ ਸੀ। ਅਖੀਰ ਉਹ ਸਬੂਤ ਲਈ ਪੱਥਰ ਦਾ ਇਕ ਟੁਕੜਾ ਤੇ ਇਕ ਸੁੱਕੀ ਟਾਹਣੀ ਦਾ ਟੋਟਾ ਅਦਾਲਤ ਨੂੰ ਦਿਖਾਉਂਦਾ ਹੋਇਆ ਆਖਦਾ ਹੈ, ''ਹਜ਼ੂਰ ਚੱਟਾਨ ਦਾ ਇਹ ਟੁਕੜਾ ਸੈਂਕੜੇ ਸਾਲਾਂ ਤੋਂ ਮੇਰੇ ਘਰ ਦੇ ਬਾਹਰ ਪਈ ਚੱਟਾਨ ਦਾ ਹਿੱਸਾ ਹੈ ਅਤੇ ਇਹ ਸੁੱਕੀ ਟਾਹਣੀ ਦਾ ਟੋਟਾ ਉਸ ਦਰਖਤ ਦਾ ਹੈ, ਜੋ ਮੇਰੇ ਬਜ਼ੁਰਗਾਂ ਨੇ ਮੇਰੇ ਘਰ ਦੇ ਵਿਹੜੇ ਵਿਚ ਲਾਇਆ ਸੀ।'' ਅਦਾਲਤ ਹੈਰਾਨ ਸੀ ਕਿ ਇਨ੍ਹਾਂ ਚੀਜ਼ਾਂ ਨੂੰ ਸਬੂਤ ਦੇ ਤੌਰ 'ਤੇ ਮੰਨਿਆ ਜਾਵੇ ਜਾਂ ਨਾ। ਅਦਾਲਤ ਦਾ ਫੈਸਲਾ ਆਪਣੀ ਜਗ੍ਹਾ ਪਰ ਮੀਡੀਆ ਨੇ ਆਪਣਾ ਫੈਸਲਾ ਆਪਣੀ ਖ਼ਬਰ ਨਾਲ ਦੇ ਦਿੱਤਾ-'ਪਾਗਲ ਪਹੁੰਚਿਆ ਮੀਡੀਆ 'ਚ। ਮੀਡੀਆ ਦੀ ਭੂਮਿਕਾ ਦਾ ਅੰਦਾਜ਼ਾ ਤੁਸੀਂ ਖ਼ੁਦ ਹੀ ਲਾ ਸਕਦੇ ਹੋ ਕਿ ਉਸ ਨੇ ਇਹ ਖ਼ਬਰ ਛਾਪ ਕੇ ਕਿਹੜੀ ਭੂਮਿਕਾ ਨਿਭਾਈ? ਤੁਸੀਂ ਆਪ ਦੱਸੋ ਪਾਗਲ ਉਹ ਆਦਿਵਾਸੀ ਹੈ ਜਾਂ ਮੀਡੀਆ? ਜ਼ਮੀਨ ਦੇ ਹੱਕ ਲਈ ਲੜਨ ਵਾਲੇ ਝਾਰਖੰਡ ਦੇ ਉਸ ਆਦਿਵਾਸੀ ਪਰਿਵਾਰ ਦੀ ਉਦਾਹਰਣ ਇਕ ਨਹੀਂ ਹੈ, ਸਗੋਂ ਆਦਿਵਾਸੀ ਸਮਾਜ ਦੇ ਜਲ-ਜੰਗਲ-ਜ਼ਮੀਨ ਦੇ ਲਈ ਲੜਾਈ ਦਾ ਵੱਡਾ ਮੁੱਦਾ ਹੈ, ਜਿਹੜਾ ਉਸ ਸਮਾਜ ਦਾ ਮੌਲਿਕ ਅਧਿਕਾਰ ਹੈ, ਜਿਸ ਨੂੰ ਕੋਈ ਰੋਕ ਨਹੀਂ ਸਕਦਾ। ਮੀਡੀਆ ਦੀ ਜ਼ਿੰਮੇਵਾਰੀ 'ਤੇ ਕਈ ਤਰ੍ਹਾਂ ਦੇ ਸੁਆਲ ਪੈਦਾ ਹੁੰਦੇ ਹਨ? ਕੀ ਕਦੇ ਮੀਡੀਆ ਅਜਿਹੇ ਮੁੱਦਿਆਂ ਪ੍ਰਤੀ ਗੰਭੀਰ ਹੋਵੇਗਾ?

ਸ਼ਾਇਰੀ ਵਿਚ ਭਗਤ ਸਿੰਘ . . .

ਭਗਤ ਸਿੰਘ ਦੀ 'ਮੜ੍ਹੀ'

ਬਿਸਮਿਲ ਫਰੀਦਕੋਟੀ

ਕਿਨਾਰੇ ਸ਼ਾਂਤ ਸਤਲੁਜ ਦੇ, ਭਿਆਨਕ ਚੁੱਪ ਹਰ ਪਾਸੇ,
ਜਿਵੇਂ ਡੈਣਾਂ ਦੇ ਸਿਰ ਖੁੱਲ੍ਹੇ, ਹਨੇਰੀ ਰਾਤ ਇਉਂ ਭਾਸੇ।
ਕਿਤੇ ਗਿੱਦੜ ਹੁਆਂਕਣ ਪਏ, ਕਿਤੇ ਕਲਜੋਗਣਾਂ ਬੋਲਣ,
ਚੜੇਲਾਂ ਲਹੂ ਤਿਹਾਈਆਂ ਪਿਆਲੇ ਖ਼ੂਨ ਦੇ ਟੋਲਣ।
ਇਸ ਦੁਰਦਸ਼ਾ ਅੰਦਰ, ਮੈਂ ਭਗਤ ਸਿੰਘ ਦੀ ਮੜ੍ਹੀ ਵੇਖੀ,
ਕੁੜੀ ਇਕ ਜੋਗਣਾ ਜੇਹੀ ਸੀ ਮੜ੍ਹੀ ਤੇ ਖੜ੍ਹੀ ਵੇਖੀ।
ਕੁੜੀ ਕੀ ਸੀ, ਅਰਸ਼ ਦੀ ਹੂਰ ਲਗਦੀ ਸੀ,
ਤੇ ਖੋਹ ਕੇ ਚੰਨ ਦੇ ਕੋਲੋਂ, ਲੈ ਆਈ ਨੂਰ ਲਗਦੀ ਸੀ।
ਪਰ ਗਲ ਉਸ ਦੇ ਲੀਰਾਂ ਦਾ ਪਿਆ ਛੱਜ ਡਿੱਠਾ ਮੈਂ,
ਕਦੇ ਪਹਿਲਾਂ ਨਹੀ ਸੀ ਹਾਲ ਉਸ ਦਾ ਜੋ ਅੱਜ ਡਿੱਠਾ ਮੈਂ।
ਉਹਦੇ ਪੈਰਾਂ 'ਤੇ ਛਾਲੇ ਸਨ, ਉਹਦੇ ਨੈਣਾਂ 'ਚ ਪਾਣੀ ਸੀ।
ਉਹਦੇ ਸੰਧੂਰ ਦੇ ਉਤੇ, ਕਿਸੇ ਨੇ ਅੱਗ ਛਾਣੀ ਸੀ।
ਅਤਰ ਭਿੱਜੇ ਉਹਦੇ ਵਾਲਾਂ 'ਚ ਕਿਸੇ ਨੇ ਬੁੱਕ ਰੇਤ ਦਾ ਪਾਇਆ,
ਉਹਦੀ ਛਾਤੀ 'ਚ ਗਡਿਆ ਮੈਨੂੰ ਇਕ ਖੰਜਰ ਨਜ਼ਰ ਆਇਆ।
ਉਹਦੀ ਹਰ ਚੀਖ ਅਸਮਾਨਾਂ ਦੇ ਪਰਦੇ ਪਾੜ ਦੀ ਜਾਵੇ,
ਉਹਦੇ ਹਉਕਿਆਂ ਦੀ ਗਰਮੀ, ਪਰਬਤਾਂ ਦੇ ਸੀਨੇ ਸਾੜ ਦੀ ਜਾਵੇ।
ਉਹਦਾ ਅੱਥਰੂ ਜਿੱਥੇ ਵੀ ਡਿਗਦਾ, ਧਰਤ ਨੂੰ ਅੱਗ ਲੱਗ ਜਾਂਦੀ,
ਉਹਨੂੰ ਜੋ ਵੀ ਵਿੰਹਦਾ, ਉਹ ਦੀ ਅੱਖ ਵਗ ਜਾਂਦੀ।
ਉਹਦੇ ਨੈਣਾਂ ਚੋਂ ਰੱਤ ਚੋਅ ਕੇ, ਮੜ੍ਹੀ 'ਤੇ ਰੁੜਿਆ ਜਾਂਦਾ ਸੀ।
ਵਹਿਣ ਸਤਲੁਜ ਦਾ ਘਬਰਾ ਕੇ, ਪਿਛਾਂਹ ਨੂੰ ਮੁੜਿਆ ਜਾਂਦਾ ਸੀ।
ਉਹ ਮੜ੍ਹੀ ਨੂੰ ਪਾ ਕੇ ਗਲਵੱਕੜੀ, ਅੱਥਰੂ ਰੋਲੀ ਜਾਂਦੀ ਸੀ,
ਉਹ ਕੁੜੀ ਸੀ ਆਜਾਦੀ ਦੀ, ਤੇ ਇੰਜ ਬੋਲੀ ਜਾਂਦੀ ਸੀ।
"ਮੇਰੇ ਸਰਦਾਰ, ਤੇਰੇ ਦਰ ਤੇ ਮੈਂ ਮੰਗਣ ਖੈਰ ਆਈ ਹਾਂ,
ਨਿਰਾਸ਼ੀ ਮੋੜ ਨਾ ਦੇਵੀਂ, ਮੈਂ ਨੰਗੇ ਪੈਰ ਆਈ ਹਾਂ।
ਵੇ ਮੈਂ ਕੇਸਾਂ ਤੋਂ ਹੱਥ ਪਾ ਕੇ, ਹਿਮਾਲਾ ਤੋਂ ਘਸੀਟੀ ਗਈ,
ਮੇਰੇ ਸੀਨੇ 'ਚ ਅੱਗ ਲੱਗੀ, ਮੇਰੀ ਅਜ਼ਮਤ ਹੈ ਲੁੱਟੀ ਗਈ।
ਤੂੰ ਲੰਮੀ ਤਾਣ ਕੇ ਨਾਂ ਸੌਂ, ਮੇਰਾ ਸੰਧੂਰ ਲੁੱਟ ਚਲਿਐ,
ਚਮਨ ਦੇ ਮਾਲੀਆ, ਅੰਬੀਆਂ ਦਾ ਆਇਆ ਬੂਰ ਲੁੱਟ ਚਲਿਐ।
ਖਿਲਾਰੀ ਕੇਸ ਕਲਜੋਗਣ, ਦੰਦੀਆਂ ਪੀਂਹਦੀ ਆਉਂਦੀ।
'ਗੁਲਾਮੀ ਹਾਂ, ਗੁਲਾਮੀ ਹਾਂ' ਇਹ ਉੱਚੀ ਕੂਕਦੀ ਆਂਉਂਦੀ
ਇਹ ਕਹਿੰਦੀ ਹੈ, ਅਜਾਦੀ ਦੀ ਪਰੀ ਹੁਣ ਬਚ ਨਹੀਂ ਸਕਦੀ,
ਗੁਲਾਮੀ ਹਾਂ ਮੈਂ, ਮੇਰੇ ਸਾਂਵੇਂ ਅਜਾਦੀ ਹੱਸ ਨਹੀ ਸਕਦੀ।
ਪਰ ਤੇਰੇ ਸਾਂਵੇਂ ਇਹ ਮੇਰਾ ਖੂਨ ਪੀਵੇ ਇਹ ਹੋ ਨਹੀ ਸਕਦਾ,
ਮੈਂ ਮਰ ਜਾਵਾਂ, ਗੁਲਾਮੀ ਫਿਰ ਜੀਵੇ, ਇਹ ਹੋ ਨਹੀ ਸਕਦਾ।
ਸਮਾਂ ਹੈ ਜਾਗ ਪੈ, ਨਹੀ ਤਾਂ ਇੱਜਤ ਨਿਲਾਮ ਹੋਵੇਗੀ,
ਕਿਸੇ ਪਿੰਡੀ 'ਚ ਦਿਨ ਚੜ੍ਹੂ ਕਦੇ ਦਿੱਲੀ 'ਤੇ ਸਾਮ ਹੋਵੇਗੀ।
ਇਹ ਕਹਿਕੇ ਉਸਨੇ ਗਸ਼ ਖਾਧੀ ਤੇ ਮੱਥਾ ਮੜੀ 'ਤੇ ਵੱਜਿਆ,
ਮੜੀ ਫੱਟ ਗਈ ਤੇ ਵਿਚ ਪਿਆ ਸਰਦਾਰ ਇਉਂ ਗੱਜਿਆ।
"ਖਬਰਦਾਰ! ਐ ਵੱਤਨ ਵਾਲਿਉ ਸੁਨੇਹਾ ਮੈਂ ਪਹੁੰਚਾਦਾ ਹਾਂ,
ਕਵੀ ਹਾਂ ਮੈਂ ਵਤਨ ਦਾ, ਮੈਂ ਵਤਨ ਦਾ ਭਾਰ ਲਾਉਂਦਾ ਹਾਂ।
ਕਿਹਾ ਸੀ ਭਗਤ ਸਿੰਘ ਨੇ ਸੁਣੋ ਨਲੂਏ ਦੇ ਯਾਰੋ,
ਸੁਣੋ ਝਾਂਸੀ ਦੀ ਅਣਖੋ, ਸੁਣੋ ਸਰਾਭੇ ਦੇ ਸਰਦਾਰੋ,
ਗੁਰਦੱਤ ਬਣ ਕੇ ਸਰਬਾਲਾ ਜਦੋਂ ਮੈਂ ਘੋੜੀ 'ਤੇ ਚੜਿਆ ਸੀ, ਤੁਸਾਂ ਤੱਕਿਆ ਸੀ,
ਫਾਂਸੀ 'ਤੇ ਖੜੇ ਹੋ ਕੇ ਵੀ ਸ਼ਗਨ ਹੱਥਾਂ ਚ' ਫੜਿਆ ਸੀ। ਤੁਸਾਂ ਤੱਕਿਆ ਸੀ,
ਤਿੰਨਾ ਦੀ ਜਦੋਂ ਬਰਾਤ ਜਾਂਦੀ ਸੀ,
ਵੱਤਨ ਵਾਲਿਉ,
ਅਜਾਦੀ ਦੀ ਕੁੜੀ ਸਿਰ ਦੇ ਕੇ ਲੈਆਂਦੀ ਸੀ।
ਇਸੇ ਖੁਸ਼ੀ ਵਿਚ ਸੱਤਲੁਜ ਦੇ ਕੰਢੇ ਦੀਪ ਬਾਲੇ ਸਨ,
ਉਹ ਬੋਲ ਜੋ ਕਹਿੰਦੇ ਨੇ ਸਾਡੇ ਜਿਸਮ ਜਾਲੇ ਸਨ।
ਮੈਂ ਆਖਦਾਂ ਵਤਨ ਵਾਲਿਉ, ਕੀ ਪੜਦਾ ਅਣਖ ਦਾ ਪਾੜ ਦਿੱਤਾ ਹੈ,
ਰੱਤਾ ਹੋਸ਼ ਵਿਚ ਆਉ, ਤੁਹਾਡਾ ਗੁਲਸ਼ਨ ਸਾੜ ਦਿੱਤਾ ਹੈ।
ਜਵਾਂ ਮਰਦੋ, ਬੱਬਰ ਸ਼ੇਰੋ, ਤੋਹਾਥੋਂ ਸ਼ਰਨ ਮੰਗਦਾ ਹਾਂ,
ਆਪਣੀ ਜਾਨ ਦੇ ਬਦਲੇ ਬਸ ਇਕੋ ਪਰਨ ਮੰਗਦਾਂ ਹਾਂ।
ਉਠਾਕੇ ਸਿਰ ਇਉਂ ਆਖੋ ਕਿਰਤ ਦੀ ਲਾਜ ਰੱਖਾਂਗੇ,
ਕਟਾ ਦੇਵਾਂਗੇ ਸਿਰ ਕਿਰਤ ਸਿਰ ਤਾਜ ਰੱਖਾਂਗੇ
ਕਿਰਤ ਸਿਰ ਤਾਜ ਰੱਖਾਂਗੇ!!!!

ਭਗਤ ਸਿੰਘ

ਜਸਵੰਤ ਜ਼ਫਰ



ਮੇਰੇ ਦਾਦੇ ਦੇ ਜਨਮ ਵੇਲੇ ਤੂੰ ਬਾਰਾਂ ਵਰ੍ਹਿਆਂ ਦਾ ਸੀ
ਜਲ੍ਹਿਆਂ ਵਾਲੇ ਦੀ ਸ਼ਹੀਦੀ ਮਿੱਟੀ ਨਮਸਕਾਰਦਾ

ਦਾਦਾ ਬਾਰਾਂ ਵਰ੍ਹਿਆਂ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ
ਤੇਰਾ ਸ਼ਹੀਦੀ ਵੇਲਾ ਸੀ

ਦਾਦਾ ਗੱਭਰੂ ਹੋਇਆ ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ

ਮੇਰੇ ਪਿਤਾ ਦੇ ਗੱਭਰੂ ਹੋਣ ਵੇਲੇ ਵੀ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ

ਮੈਂ 24 ਸਾਲ ਦਾ ਹੋਇਆ ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ
ਮੈਂ 25, 26, 27, - - - - 37 ਸਾਲ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਹੀ ਰਿਹਾ

ਮੈਂ ਹਰ ਜਨਮ ਦਿਨ 'ਤੇ
ਬੁਢਾਪੇ ਵੱਲ ਇੱਕ ਸਾਲ ਵਧਦਾ ਹਾਂ
ਤੂੰ ਹਰ ਸ਼ਹੀਦੀ ਦਿਨ 'ਤੇ
24 ਸਾਲਾ ਭਰ ਜਵਾਨ ਗੱਭਰੂ ਹੁੰਦਾ ਹੈਂ

ਉਂਜ ਅਸੀਸ ਤਾਂ ਸਾਰੀਆਂ ਮਾਵਾਂ ਦਿੰਦੀਆਂ ਨੇ
ਜਿਉਂਦਾ ਰਹੇਂ ਸਦਾ ਜਵਾਨੀਆਂ ਮਾਣੇਂ
ਪਰ ਤੂੰ ਸੱਚ ਮੁੱਚ ਜਿਉਂਦਾ ਹੈਂ ਭਰ ਜੁਆਨ ਗੱਭਰੂ
ਸਦਾ ਜੁਆਨੀਆਂ ਮਾਣਦਾ ਹੈਂ
ਜਿਹਨਾਂ ਅਜੇ ਪੈਦਾ ਹੋਣਾ ਹੈ
ਉਹਨਾਂ ਗੱਭਰੂਆਂ ਦੇ ਵੀ ਹਾਣਦਾ ਹੈਂ

ਜ਼ਰਾ ਆਂਖ ਮੇਂ ਭਰਲੋ ਪਾਨੀ

ਰਮਨ




ਫ਼ਿਜ਼ਾ ਅਜੇ ਤੀਕ ਬੇਰੰਗ ਹੈ
ਜ਼ਿਲ੍ਹੇ ਦਾ ਆਹਲਾ ਅਫ਼ਸਰ
ਸੈਲ ਫੋਨ 'ਤੇ ਗਰਜਿਆ
ਕਾਕਾ, ਤੇਰੀ ਡਿਊਟੀ ਲਾਈ ਸੀ
ਪਰ ਅਜੇ ਤੱਕ ਨਹੀਂ ਆਏ
ਪੰਦਰਾਂ ਮਿੰਟ ਦੇ ਅੰਦਰ ਅੰਦਰ
ਭਗਤ ਸਿੰਘ ਭੇਜ... ਨਹੀਂ ਤਾਂ।
ਇੰਚਾਰਜ ਨੇ ਪੰਦਰਾਂ ਮਿੰਟਾਂ ਦੇ ਅੰਦਰ
ਭਗਤ ਸਿੰਘਾਂ ਦੀਆਂ ਭਰੀਆਂ ਗੱਡੀਆਂ
ਜ਼ਿਲ੍ਹਾ ਪ੍ਰਸ਼ਾਸਨ ਦੇ ਸਮਾਗਮ ਵਿਚ ਉਤਾਰੀਆਂ।
ਉਤਰੇ ਭਗਤ ਸਿੰਘ ਤਾਂ ਮੰਚ ਤੋਂ
ਮਧੁਰ ਆਵਾਜ਼ ਵਿਚ ਕਿਹਾ ਕੁਮੈਂਟੇਟਰ ਨੇ
'ਬਸੰਤੀ ਰੰਗ ਤਾਂ ਨਹੀਂ ਪਰ
ਪੀਲੇ ਰੰਗ ਦੀਆਂ
ਛਮਲੇ ਵਾਲੀਆਂ ਪੱਗਾਂ ਬੰਨ੍ਹੀ
ਆ ਗਏ ਹਨ ਪੰਡਾਲ ਵਿਚ
ਸਜੇ ਸੰਵਰੇ ਭਗਤ ਸਿੰਘ
'ਜ਼ਰਾ ਆਂਖ ਮੇਂ ਭਰ ਲੋ ਪਾਨੀ।'
ਫ਼ਿਜ਼ਾ ਹੁਣ ਬੇਰੰਗ ਨਾ ਰਹੀ
ਪਰ ਬਸੰਤੀ ਵੀ ਨਾ ਹੋਈ
ਪੀਲੀ ਹੋ ਗਈ ਹੈ
ਸਿਆਸੀ ਹੋ ਰਹੀ ਹੈ
ਅਜੇ ਤਾਂ ਠੰਡਾ ਵੀ ਨਹੀਂ ਪਿਆ
ਸਵਾਂਗ ਦਾ ਮੱਚਿਆ ਤੂਫ਼ਾਨ
ਜਿਨ੍ਹਾਂ ਨੇ ਭਖਾਇਆ
ਖ਼ੁਦ ਉਨ੍ਹਾਂ ਰਚਾਇਆ
ਭਗਤ ਸਿੰਘ ਦੇ ਲਿਬਾਸ ਦਾ ਸਵਾਂਗ।
ਚੱਲਿਆ ਸਵਾਂਗਧਾਰੀ ਕਾਫ਼ਲਾ
ਪੀਲੀਆਂ ਛਮਲੇਦਾਰ ਪੱਗਾਂ ਦਾ ਕਾਰਵਾਂ
ਚੱਲਿਆ ਜੱਲ੍ਹਿਆਂ ਵਾਲੇ ਬਾਗ ਨੂੰ
ਨੀਲੀਆਂ ਪੱਗਾਂ ਵਾਲੇ ਆੜ੍ਹਤੀਆਂ ਨੇ
ਝੰਡੀ ਦਿਖਾ
ਕੀਤਾ ਰਵਾਂ
ਪੀਲੀ ਹੋ ਗਈ ਹੈ ਫ਼ਿਜ਼ਾ।
ਕੱਲ੍ਹ ਕਲਾਂ ਨੂੰ ਰੱਬ ਯਾਤਰਾ ਨਾਲ ਵੀ
ਚੱਲ ਸਕਦਾ ਹੈ ਇਹ ਕਾਫ਼ਲਾ
ਭਗਵੀਂ ਹੋ ਜਾਵੇਗੀ ਫ਼ਿਜ਼ਾ
ਨਹੀਂ ਹੋਵੇਗੀ ਬਸੰਤੀ

ਜ਼ਰਾ ਆਂਖ ਮੇਂ ਭਰ ਲੋ ਪਾਨੀ।

(ਨਵੀਂ ਛਪੀ ਕਿਤਾਬ 'ਇੱਕਤਾਰੇ ਤਾਂ ਚੁੱਪ ਹੋ ਗਏ' ਵਿੱਚੋਂ)

ਕੌਣ ਕਹਿੰਦਾ ਹੈ

ਸੁਲੱਖਣ ਸਰਹੱਦੀ



ਕੌਣ ਕਹਿੰਦਾ ਹੈ ਕਿ ਕਿਧਰੇ ਤੁਰ ਗਿਆ ਹੈ ਭਗਤ ਸਿੰਘ,
ਉਹ ਤਾਂ ਸਾਡੇ ਆਸੇ ਪਾਸੇ ਵਿਚਰਦਾ ਹੈ ਭਗਤ ਸਿੰਘ।

ਨਾ ਪੈਗੰਬਰ, ਨਾ ਵਲੀ ਤੇ ਨਾ ਹੀ ਉਹ ਅਵਤਾਰ ਸੀ,
ਉਹਸੀਕਿਰਤੀ,ਕਿਰਤੀਆਂਵਿਚਵਿਚਰਦਾਹੈਭਗਤਸਿੰਘ।

ਸਾਡੇ ਪੰਜਾਂ ਪਾਣੀਆਂ ਵਿਚ ਵਹਿ ਰਿਹਾ ਹੈ ਭਗਤ ਸਿੰਘ,
ਚੇਤਨਾ ਦੇ ਖੇਤਾਂ ਅੰਦਰ ਧੜਕਦਾ ਹੈ ਭਗਤ ਸਿੰਘ।

ਕਿਰਤ ਦੀ ਸਾਹਿਬਾਂ ਜਦੋਂ ਬਣ ਪਿਆਸੀ ਧਰਤੀ ਕੂਕਦੀ,
ਹੱਕ ਦਾ ਮਿਰਜ਼ਾ ਹੈ ਬੱਦਲਾਂ ਵਾਂਗ ਵਰ੍ਹਦਾ ਭਗਤ ਸਿੰਘ।

ਬਲਦਿਆਂ ਅੰਗਿਆਰਾਂ ਉਤੇ ਕੱਲ੍ਹ ਸੀ ਜੋ ਸੌਂ ਗਿਆ,
ਅੱਜ ਰਾਤਾਂ ਕਾਲੀਆਂ ਵਿਚ ਜਗ ਰਿਹਾ ਹੈ ਭਗਤ ਸਿੰਘ।

ਚੇਤਨਾ ਦੇ ਅੰਬਰਾਂ ਦਾ ਬਣ ਗਿਆ ਸੂਹਾ ਧਰੂ,
ਤਾਰਿਆਂ ਵਿਚ ਚੰਨ ਵਾਂਗੂੰ ਸੋਭਦਾ ਹੈ ਭਗਤ ਸਿੰਘ।

ਉਹ ਜੋ ਲੇਬਰ ਚੌਕ ਵਿਚੋਂ ਨਿਕਲੇ ਪੱਲੇ ਝਾੜ ਕੇ,
ਉਹਨਾਂ ਤਾਈਂ ਉਂਗਲੀ ਲਾ ਕੇ ਲੈ ਗਿਆ ਹੈ ਭਗਤ ਸਿੰਘ।

ਜ਼ੁਲਮ ਦੇ ਹਨ ਘੱਲੂਘਾਰੇ ਚੁਲ੍ਹਿਆਂ ਤੱਕ ਪਹੁੰਚ ਗਏ,
ਸਿਤਮ ਦੇ ਇਸ ਦੌਰ ਵਿਚ ਇਕ ਆਸਥਾ ਹੈ ਭਗਤ ਸਿੰਘ।

ਦਿੱਲੀ ਦੇ ਸਭ ਸੰਸਦੀ ਪੱਥਰ ਨੇ ਥਰ ਥਰ ਕੰਬਦੇ,
ਨਾਅਰਾ ਕ੍ਰਾਂਤੀ ਦਾ ਜਦੋਂ ਵੀ ਚੁੱਕਦਾ ਹੈ ਭਗਤ ਸਿੰਘ।

ਗੋਰਿਆਂ ਨਾਗਾਂ ਦੀ ਥਾਂ ਜੇ ਨਾਗ ਕਾਲੇ ਆ ਗਏ,
ਮਾਦਰੀ ਵੀ ਬਣ ਕੇ ਸਾਡਾ ਆ ਰਿਹਾ ਹੈ ਭਗਤ ਸਿੰਘ।

ਖੇਤਾਂ ਦਾ ਪੁੱਤਰ ਸੀ ਖੇਤੀ ਚਾਨਣੀ ਦੀ ਕਰ ਰਿਹਾ,
ਦਿੱਲੀ ਦੇ ਰਾਹਾਂ ਨੂੰ ਰੌਸ਼ਨ ਕਰ ਰਿਹਾ ਹੈ ਭਗਤ ਸਿੰਘ।

ਕਿਰਤ ਦੀ ਅਬਲਾ ਦਾ ਜਿਥੇ ਵੀ ਹੈ ਹੁੰਦਾ ਚੀਰ ਚਰਨ,
ਕ੍ਰਿਸ਼ਨ ਬਣ ਕੇ ਕੌਰਵਾਂ ਨੂੰ ਮਸਲਦਾ ਹੈ ਭਗਤ ਸਿੰਘ।

BeLL STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA SOCKET RENOVATION
Call: ਅਮਰ (AMAR)
780 271 2266 Fax: 780 463 7363

ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

ਜ਼ਰਾ ਸੋਚੋ ! !

Age ਉਮਰ	Per Month Rate / ਪ੍ਰਤੀ ਮਹੀਨਾ ਰੇਟ			
	100,000	250,000	500,000	1,000,000
25	11.34	18.23	29.70	52.65
35	11.70	19.70	31.50	56.65
45	16.20	30.38	54.00	101.25
55	30.60	66.38	126.00	245.25
65	67.68	159.08	311.40	616.05

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol

For All Insurance Needs Book Appointment Today.

Calgary

Bus: (403) 717 - 0666
Cell: (403) 830 - 7007

Edmonton

Bus: (780) 465 - 6900
Cell: (780) 906 - 4497



MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation



WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com



Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3



SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $19.99
Globe Knob
ONLY $9.99
ALEXANDRIA Moulding
MOULDING SPECIALS!
#5010
1⅜" x 4⅝" MDF Primed $1.20 /linear foot
#412
⅝" x 4¼" MDF Primed $0.60 /linear foot
#411
⅞" x 3" MDF Primed $0.49 /linear foot
#3140
⅜" x 3¼" MDF Primed $0.29 /linear foot
#357
2⅛" x ⅞" MDF Primed $0.19 /linear foot
SAVE ON BATHROOM FIXTURES!
4 Piece Bath Set: Infinity and Corona Models
Taymor
MODERN
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.



Fancy Doors
& Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors ONLY $400.99
Single "Paris" Door ONLY $200.99
Interior Door
Bostonian
ONLY $55.99
6-Panel Pre-Hung 18" x 36"
Exterior Door
ONLY $149.99
6-Panel Steel Door with Brick Moulding Pre-Hung (32" or 36") with 4.5" jamb
Creston
ONLY $169.99 Slab
Pantry
ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlalment Pre-Hung 32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

ਫ਼ੋਟੋ ਗੈਲਰੀ



ਅਲਬਰਟਾ ਹਾਰਟ ਇੰਸਟੀਚਿਊਟ ਵੱਲੋਂ ਫੰਡ ਇਕੱਠਾ ਕਰਨ ਲਈ ਯੂਨੀਵਰਸਿਟੀ ਹਸਪਤਾਲ ਵਿੱਚ ਲਗਾਏ ਕੈਂਪ ਦੌਰਾਨ ਹਾਜ਼ਰ ਵਲੰਟੀਅਰ



ਗੁਰਦਵਾਰਾ ਮਿਲਵੁਡਜ਼ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਮਨਾਏ ਗਏ ਸਮਾਗਮ ਦਾ ਦ੍ਰਿਸ਼।



ਐਡਮਿੰਟਨ ਈਗਲ ਫੀਲਡ ਹਾਕੀ ਕਲੱਬ ਅਤੇ ਫੀਲਡ ਹਾਕੀ ਅਲਬਰਟਾ ਵੱਲੋਂ ਇੰਨਡੋਰ ਹਾਕੀ ਟੂਰਨਾਮੈਂਟ ਦੌਰਾਨ ਇਨਾਮ ਵੰਡਦੇ ਹੋਏ ਰਮਨਦੀਪ ਗਰੇਵਾਲ ਤੇ ਗੁਰਚਰਨ ਗਰਚਾ।



ਇੰਡੋ ਕਨੇਡੀਅਨ ਲੀਜ਼ ਕਮੇਟੀ ਅਤੇ ਐਡਮਿੰਟਨ ਪੁਲਿਸ ਸਰਵਿਸ ਵੱਲੋਂ ਕਰਵਾਏ ਗਏ ਫੀਲਡ ਹਾਕੀ ਦੇ ਸ਼ੋਅ ਮੈਚ ਦੀ ਵਿਜੇਤਾ ਟੀਮ।



ਹਜ਼ਰਤ ਮੁਹੰਮਦ ਮੁਸਤਫ਼ਾ ਦੇ ਜਨਮ ਦਿਨ ਮੌਕੇ ਹਾਜ਼ਰ ਰਾਜ ਮੰਤਰੀ ਨਰੇਸ਼ ਭਾਰਦਵਾਜ਼ ਅਤੇ ਮੁਸਲਿਮ ਭਾਈਚਾਰੇ ਦੇ ਨੁਮਾਇਦੇ।



ਅਲਬਰਟਾ ਵਿੰਟਰ ਗੇਮਜ਼ 2012 ਦੌਰਾਨ ਜੇਤੂ ਟੀਮ ਨਾਲ ਕੋਚ ਗਰਦਰਸ਼ਨ ਪੰਨੂੰ









ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਆਫ਼ ਐਡਮਿੰਟਨ ਵੱਲੋਂ ਜੁਬਲੀ ਆਡੀਟੋਰੀਅਮ ਵਿੱਚ ਮਨਾਏ ਗਏ 'ਇੰਡੀਆ ਡੇ 2012' ਮੌਕੇ ਅਲਬਰਟਾ ਹਿੰਦੀ ਪ੍ਰੀਸ਼ਦ ਵੱਲੋਂ ਪੇਸ਼ 'ਵੇਦਾਂਤਾ' ਨਾਚ ਦੀ ਟੀਮ, ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਮੰਤਰੀ ਨਰੇਸ਼ ਭਾਰਦਵਾਜ਼ ਤੇ ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਦੇ ਸਕੱਤਰ ਦਲਬੀਰ ਸਾਂਗਿਆਂਣ, ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਵੱਲੋਂ ਮਨਜੀਤ ਸਿੰਘ ਦੀ ਨਿਰਦੇਸ਼ਨਾ ਹੇਠ ਪੰਜਾਬ ਦੇ ਲੋਕ ਨਾਚ 'ਗਿੱਧੇ ਅਤੇ ਭੰਗੜੇ' ਦੀ ਟੀਮ।

Asian Western Grocery Store

8324 - 160 Ave. Edmonton, AB. T5Z 3P1

NOW OPEN

All indian, Fijian, South African Grocery

ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।









For more information call

Balraj @

780-756-2225

780-660-2061

ਔਰਤਾਂ ਨੂੰ ਆਪਣੇ ਬੁਨਿਆਦੀ ਮਸਲਿਆਂ ਪ੍ਰਤੀ ਸੁਚੇਤ ਹੋਣ ਦੀ ਲੋੜ





ਬਖਸ਼ ਸੰਘਾ
(780-660-7520)

1910 ਵਿੱਚ ਜਰਮਨ ਦੀ ਉੱਘੀ ਇਸਤਰੀ ਆਗੂ ਕਲਾਰਾ ਜੈਟਕਿਨ ਦੀ ਅਗਵਾਈ ਵਿੱਚ ਇੱਕ ਕੌਮਾਂਤਰੀ ਇਕੱਠ ਕਰਕੇ ਇਸਤਰੀਆਂ ਦੇ ਹੱਕਾਂ ਤੇ ਹਿੱਤਾਂ ਲਈ ਸੰਘਰਸ਼ ਕਰਨ ਲਈ ਇਕੱਠ ਕੀਤਾ ਗਿਆ। ਇਸ ਅੰਦੋਲਨ ਦੇ ਸੰਘਰਸ਼ ਰਾਹੀਂ ਇਸਤਰੀਆਂ ਨੂੰ ਘਰ ਤੋਂ ਬਾਹਰ ਕੰਮ ਕਰਨ,ਉਨ੍ਹਾ ਨੂੰ ਵੋਟ ਪਾਉਣ ਦਾ ਅਧਿਕਾਰ ,ਮਰਦਾਂ ਬਰਾਬਰ ਉਜਰਤ ਅਤੇ ਉਨ੍ਹਾਂ ਉੱਤੇ ਹੋ ਰਹੇ ਅਤਿਆਚਾਰ ਵਿਰੁੱਧ ਬਹੁਤ ਸਾਰੇ ਦੇਸ਼ਾਂ ਵਿੱਚ ਕਾਨੂੰਨ ਬਣਵਾਕੇ ਇਸਤਰੀਆਂ ਦੇ ਹੱਕ ਵਿੱਚ ਸ਼ਲਾਘਾਯੋਗ ਜਿੱਤਾਂ ਹਾਸਲ ਕੀਤੀਆਂ ਗਈਆਂ।ਪਰ ਸੋਚਣ ਵਾਲੀ ਗਲ ਇਹ ਹੈ ਕਿ ਇੱਕ ਸਦੀ ਬੀਤ ਗਈ ਅੱਜ ਤਕ ਵੀ ਕਈ ਦੇਸਾਂ ਵਿੱਚ ਔਰਤ ਨੂੰ ਵੋਟ ਪਾਉਣ ਦਾ ਹੱਕ ਨਹੀਂ ਬਾਕੀ ਹੱਕਾਂ ਦੀ ਤਾਂ ਕੀ ਉਮੀਦ ਕੀਤੀ ਜਾ ਸਕਦੀ ਹੈ।ਕਹਿੰਦੇ ਹਨ ਕਿ ਇਸ ਦਿਵਸ ਨੂੰ ਸਰਕਾਰੀ ਰੂਪ ਵਿੱਚ ਮਨਾਇਆ ਜਾਂਦਾ ਹੈ ਜਦੋਂ ਕਿ ਉਹੀ ਸਰਕਾਰਾਂ ਅਨੀਤੀਆਂ ਅਖਤਿਆਰ ਕਰਦੀਆਂ ਹਨ ਜਿਨ੍ਹਾਂ ਕਰਕੇ ਇਸਤਰੀਆਂ ਨੂੰ ਸਭ ਤੋਂ ਵਧੇਰੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਸਰਕਾਰਾਂ ਵਲੋਂ ਅਪਣਾਈਆ ਜਾ ਰਹੀਆਂ ਉਦਾਰੀਕਰਨ,ਸੰਸਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਦਾ ਸ਼ਿਕਾਰ ਔਰਤਾਂ ਹੋ ਰਹੀਆਂ ਹਨ। ਉਨ੍ਹਾ ਨੂੰ ਕਿਰਤੀ ਵਜੋਂ, ਇਸਤਰੀ ਵਜੋਂ ਤੇ ਆਮ ਨਾਗਰਿਕ ਵਜੋਂ ਤੀਹਰੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਜਿਥੋਂ ਤੱਕ ਔਰਤ ਦੀ ਤਰੱਕੀ ਦੀ ਗਲ ਹੈ। ਆਮ ਔਰਤ ਜਿੰਨੀ ਸਮਾਜ ਵਿੱਚ ਚੇਂਜ ਆਈ,ਉਸ ਨਾਲ ਹੀ ਚੇਂਜ ਹੋਈ। ਮੁੱਢਲੇ ਰੂਪ ਵਿੱਚ ਜ਼ਿਆਦਾਤਰ ਕਿਤੇ ਵੀ ਕੁਝ ਨਹੀਂ ਹੋ ਰਿਹਾ। ਅਸਲ ਤਰੱਕੀ ਵਲ ਤਵੱਜੋਂ ਨਹੀਂ ਦਿੱਤੀ ਗਈ।ਬਹੁਤ ਘੱਟ ਗਿਣਤੀ ਔਰਤਾਂ ਜਾਗਰੂਪ ਹੋਈਆਂ, ਰੂੜੀਵਾਦੀ ਵਿਚਾਰਾਂ ਨੂੰ ਨਿੰਦਿਆ, ਬਹਿਸ ਕਰਕੇ ਆਪਣੇ ਹੱਕ ਲਏ। ਬਹੁਤ ਘੱਟ ਇਸਤਰੀਆਂ ਹਨ ਜੋ ਆਪਣੇ ਹੱਕਾਂ ਲਈ ਆਵਾਜ ਉਠਾ ਪਾਉਂਦੀਆਂ ਹਨ। ਆਮ ਔਰਤ ਘਰ ਤਕ ਹੀ ਸੀਮਤ ਰਹੀ। ਸਮਾਜੀ ਬੰਧਨਾਂ ਨੇ ਔਰਤ ਨੂੰ ਧੀ, ਭੈਣ, ਮਾਂ, ਪਤਨੀ, ਦੋਸਤ ਤੇ ਮਾਸ਼ੂਕਾ ਦੇ ਰੂਪ ਵਿੱਚ ਕਦੇ ਵੀ ਸੱਚਾ-ਸੁੱਚਾ ਰੂਪ ਨਹੀਂ ਮਾਨਣ ਦਿੱਤਾ। ਕਨੂੰਨੀ ਤੌਰ ਤੇ ਕੁਝ ਬਦਲਾਅ ਆਏ ਹਾਲਾਂਕਿ ਇਨ੍ਹਾ ਕਨੂੰਨਾ ਦਾ ਵੀ ਕੋਈ ਮਹੱਤਵ ਨਹੀਂ। ਇਕ ਪਾਸੇ ਤਾਂ ਔਰਤ ਨੂੰ ਅਧਿਕਾਰ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ ਤੇ ਦੂਜੇ ਪਾਸੇ ਦੁਰ-ਵਿਵਹਾਰ, ਸਮਾਜਿਕ ਵਿਤਕਰੇ ਮਾਰਕੁਟ, ਜਿਣਸੀ ਸ਼ੋਸ਼ਣ ਤੇ ਭਰੂਣ ਹੱਤਿਆ ਆਦਿ ਹੋ ਰਹੇ ਹਨ। ਅੱਜ ਵੀ ਬਹੁਗਿਣਤੀ ਗਿਣਤੀ ਦੁਨਿਆਂ ਵਿੱਚ ਔਰਤ ਇਕ ਵਸਤੂ ਸਮਝੀ ਜਾਂਦੀ ਹੈ।ਅੱਜ ਵੀ ਉਹਦੀ ਸਮਝ ਨੂੰ ਦੂਜਾ ਦਰਜਾ ਦਿੱਤਾ ਜਾਂਦਾ ਹੈ। ਆਹ ਜੋ ਦੁਨਿਆਂ ਵਿੱਚ ਘਾਣ ਹੋ ਰਿਹਾ ਔਰਤ ਨੂੰ ਘੱਟ ਹੀ ਪੁੱਛਿਆ ਜਾਂਦਾ ਹੈ,ਹਾਲਾਂ ਕਿ ਸਾਰੀਆਂ ਲੜਾਈਆਂ ਮਾਂ ਦੀ ਹਿੱਕ ਤੇ ਲੜੀਆਂ ਜਾਂਦੀਆਂ ਹਨ। ਜੇਕਰ ਔਰਤ ਦੇ ਵੱਸ ਵਿੱਚ ਕੁਝ ਹੋਵੇ ਤਾਂ ਲੱਗਦਾ ਨਹੀਂ ਧਰਤੀ ਤੇ ਇੰਨਾ ਪਾਪ ਹੋਵੇ। ਆਹ ਨਵੀਆਂ ਤਕਨੀਕਾਂ ਨੇ ਔਰਤ ਨੂੰ ਹੋਰ ਵੀ ਬੇਬਸ ਕਰ ਦਿੱਤਾ, ਪਹਿਲਾ ਅੱਕ ਦੇ ਕੇ ਮਾਰੀ ਜਾਂਦੀ ਸੀ ਤੇ ਹੁਣ ਮਸ਼ੀਨ ਨਾਲ । ਅੱਕ ਤੋਂ ਮਸ਼ੀਨ ਤਕ ਦੀ ਤਰੱਕੀ।

ਅੱਜ 21ਵੀਂ ਸਦੀ ਵਿੱਚ ਵੀ ਔਰਤ ਨੂੰ ਕਈ ਦੇਸ਼ਾਂ ਜਿਵੇਂ ਕਿ ਸਾਉਦੀ ਅਰਬ, ਕਈ ਇਲਾਕਿਆਂ ਤੇ ਜਗੀਰੂ ਘਰਾਂ ਵਿੱਚ ਘਰ ਤੋਂ ਬਾਹਰ ਕੰਮ ਕਰਨ ਦੀ ਇਜਾਜਤ ਨਹੀਂ ਹੈ। ਅੱਜ ਜੋ ਔਰਤਾਂ ਘਰ ਤੋਂ ਬਾਹਰ ਕੰਮ ਕਰ ਰਹੀਆਂ ਹਨ, ਉਨ੍ਹਾਂ ਲਈ ਵੀ ਨਾ-ਬਰਾਬਰੀ ਹੈ। ਕੁਝ ਵਿਸ਼ੇਸ਼ ਕਿੱਤਿਆਂ ਨੂੰ ਛੱਡ ਕੇ ਆਮ ਕੰਮਾਂ ਵਿੱਚ ਔਰਤ ਦੀ ਮਰਦ ਨਾਲੋਂ ਘੱਟ ਤਨਖ਼ਾਹ ਹੋਣ ਕਰਕੇ ਭਾਵੇਂ ਉਹ ਨੌਕਰੀ ਵੀ ਕਰ ਰਹੀਆਂ ਹਨ,ਫਿਰ ਵੀ ਉਹ ਆਰਥਿਕ ਤੌਰ ਤੇ ਸਵੈ ਨਿਰਭਰ ਨਹੀਂ ਹਨ।ਦੂਜਾ ਘਰੇਲੂ ਕੰਮ ਤੇ ਬੱਚਿਆਂ ਦੀ ਦੇਖਭਾਲ ਕਰਨੀ ਵੀ ਉਸ ਲਈ ਹੀ ਰਾਖਵੇਂ ਹਨ।ਔਰਤ ਬਹੁਤ ਹਿੱਸਿਆਂ ਵਿਚ ਵੰਡੀ ਜਾਣ ਕਰਕੇ ਘਰ ਦਾ ਵਾਤਾਵਰਣ ਤਣਾਅ ਭਰਿਆ ਬਣ ਜਾਂਦਾ ਹੈ।ਆਮ ਤੌਰ ਤੇ ਦੁਨੀਆ ਭਰ ਵਿੱਚ ਮਰਦ ਨੇ ਕਦੇ ਵੀ ਘਰੇਲੂ ਮਰਦ ਬਣਨਾ ਨਹੀਂ ਸਵੀਕਾਰਿਆ ਕਿਉਂਕਿ ਸਮਾਜ ਵਿੱਚ ਇਸ ਨੂੰ ਮਾਨਤਾ ਨਹੀਂ ਹੈ।ਪਰ ਇਹ ਵੀ ਸੱਚ ਹੈ ਕਿ ਔਰਤਾਂ ਦੀ ਦਸ਼ਾ ਸੁਧਾਰਨ ਲਈ ਆਰਥਕ ਨਿਰਭਰਤਾ ਦਾ ਅਹਿਮ ਰੋਲ ਹੈ।ਹੁਣ ਜਿਵੇਂ ਯੂਰਪ ਅਤੇ ਹੋਰ ਪੱਛਮੀ ਦੇਸ਼ਾਂ ਦੀਆਂ ਔਰਤਾਂ ਆਰਥਕ ਤੌਰ ਤੇ ਆਤਮ ਨਿਰਭਰ ਹੋਣ ਕਰਕੇ ਉਨ੍ਹਾ ਦੀਆਂ ਕਾਫ਼ੀ ਹੱਦ ਤਕ ਸਮੱਸਿਆਵਾਂ ਹਲ ਹੋਈਆਂ ਹਨ। ਕੁਦਰਤੀ ਤੌਰ ਤੇ ਔਰਤ ਸਿਹਤ ਪਖੋਂ ਮਰਦ ਵਰਗੀ ਨਹੀ ਹੈ, ਇਸ ਲਈ ਕਨੂੰਨੀ ਤੌਰ ਤੇ ਔਰਤ ਲਈ ਬਾਹਰ ਘੱਟ ਘੰਟੇ ਕੰਮ ਤੇ ਤਨਖਾਹ ਜ਼ਿਆਦਾ ਹੋਣੀ ਚਾਹੀਦੀ ਹੈ।

ਵਿਦਿਆ ਦੇ ਪੱਖੋਂ ਔਰਤ ਮਰਦ ਨਾਲੋਂ ਘੱਟ ਨਹੀਂ, ਉਹ ਵੀ ਜਿੰਨ੍ਹਾ ਨੂੰ ਮੌਕਾ ਮਿਲਿਆ।ਆਰਥਿਕਤਾ,ਧਾਰਮਿਕ ਕੱਟੜਤਾ ਤੇ ਸਮਾਜਕ ਕਾਇਦੇ ਕਨੂੰਨਾਂ ਨਾਲ ਸੰਸਾਰ ਭਰ ਦੀਆਂ ਇਸਤਰੀਆਂ ਨੂੰ ਵਿੱਦਿਅਕ ਪੱਖ ਤੋਂ ਪਛਾੜਿਆ ਜਾਂਦਾ ਰਿਹਾ ਹੈ। ਅਜੋਕੇ ਧਰਮ ਪ੍ਰਧਾਨ ਦੇਸ਼ਾਂ ਦੇ ਕਈ ਇਲਾਕਿਆਂ ਵਿੱਚ ਤਾਂ ਔਰਤ ਦੀ ਪੜ੍ਹਾਈ ਦੀ ਬਿਲਕੁਲ ਮਨਾਹੀ ਹੈ ਜਾਂ ਕਈ ਧਰਮਾਂ ਤੇ ਸਮਾਜਾਂ ਵਿੱਚ ਕੇਵਲ ਉੱਚ ਜਾਤੀ ਦੀਆਂ ਔਰਤਾਂ ਲਈ ਧਾਰਮਕ ਕਿਸਮ ਦੀ ਵਿਦਿਆ ਦਿਵਾਉਣ ਦਾ ਪ੍ਰਬੰਧ ਹੈ ਉਹ ਵੀ ਘਰ ਰਹਿ ਕੇ ਜਾਂ ਫਿਰ ਮੰਦਰਾਂ ਮਸੀਤਾਂ ਵਿੱਚ ਔਰਤਾਂ ਲਈ ਖੋਲ੍ਹੇ ਵਿਸ਼ੇਸ਼ ਅਦਾਰਿਆਂ ਵਿੱਚ।ਹੋਰਾਂ ਦੇਸ਼ਾਂ ਜਿੱਥੇ ਔਰਤ ਉੱਚ ਦਰਜੇ ਦੀ ਵੀ ਪੜ੍ਹਾਈ ਕਰ ਰਹੀ ਹੈ, ਉਥੇ ਬੱਚੇ ਕੈਰੀਅਰ ਬਣਾਉਂਦੇ ਪਰਿਵਾਰ ਬਨਾਉਣ ਨੂੰ ਪਛੜ ਜਾਂਦੇ ਹਨ ਜਿਸ ਦਾ ਜ਼ਿਆਦਾ ਅਸਰ ਔਰਤ ਨੂੰ ਸਹਿਣਾ ਪੈਂਦਾ ਹੈ। ਹੋਰ ਜੇ ਭਾਰਤ ਦੀ ਮਿਸਾਲ ਲਈਏ ਤਾਂ ਉਥੇ ਮੁੰਡੇ ਨੂੰ ਚੰਗੇ ਤੋਂ ਚੰਗੇ ਸਕੂਲ ਵਿੱਚ ਪੜਾਉਣ ਦੀ ਤਰਜੀਹ ਦਿੱਤੀ ਜਾਂਦੀ ਹੈ। ਜ਼ਿਆਦਾਤਰ ਤਬਕਾ ਇਹੋ ਜਿਹਾ ਹੈ ਜੋ ਸੋਚਦੇ ਹਨ ਮੁੰਡਾ ਪੜ੍ਹ ਲਿਖ ਕੇ ਨੌਕਰੀ ਕਰੇਗਾ ਤੇ ਕਮਾ ਕੇ ਘਰੇ ਲਿਆਏਗਾ। ਕੁੜੀ ਨੇ ਕਿਹੜੀ ਨੌਕਰੀ ਕਰਨੀ ਹੈ।ਉਂਜ ਤਾਂ ਸੰਸਾਰ ਵਿੱਚ ਦੌਲਤ ਨੂੰ ਪੈਦਾ ਕਰਨ ਵਾਲੇ ਮਜ਼ਦੂਰ ਮਰਦਾਂ ਤੇ ਔਰਤਾਂ ਦੋਨਾ ਨੂੰ ਹੀ ਪੜ੍ਹਨ ਦਾ ਮੌਕਾ ਨਹੀਂ ਦਿੱਤਾ ਜਾਂਦਾ ਪਰ ਫਿਰ ਵੀ ਜੇ ਘਰ ਗਰੀਬੀ ਹੈ ਤਾਂ ਮੁੰਡੇ ਨਾਲੋਂ ਕੁੜੀ ਨੂੰ ਹੀ ਪੜ੍ਹਾਈ ਤੋਂ ਵਾਂਝਿਆਂ ਰਹਿਣਾ ਪੈਂਦਾ ਹੈ।ਹਾਲਾਂਕਿ ਮੁੰਡੇ ਨਾਲੋਂ ਕੁੜੀ ਦਾ ਪੜ੍ਹੀ ਲਿਖੀ ਹੋਣਾ ਜ਼ਿਆਦਾ ਜ਼ਰੂਰੀ ਹੈ।ਔਰਤ ਨੂੰ ਬਹੁਤ ਸੂਝਵਾਨ ਸਿਆਣੀ ਹੋਣ ਦੀ ਲੋੜ ਹੈ।ਇਕ ਔਰਤ ਹੀ ਔਲਾਦ ਨੂੰ ਸੰਵਾਰ ਸਕਦੀ ਹੈ।

ਸਦੀਆਂ ਦੀ ਗੁਲਾਮੀ ਸਹਿ ਕੇ ਇਸਤਰੀਆਂ ਖ਼ੁਦ ਨੂੰ ਹੀਣ ਮੰਨਣ ਲਈ ਆਦੀ ਹੋ ਗਈਆਂ ਹਨ। ਭਾਰਤ ਦੀ ਮਿਸਾਲ ਲਈਏ ਤਾਂ ਲੋਕ ਗੀਤਾਂ ਵਿੱਚ ਕੁੜੀ ਲਈ ਪੱਥਰ, ਕਾਣੀ-ਬਲਾ, ਹਨ੍ਹੇਰੀ ਜਾਣੀ ਕਿ ਰੱਜ ਕੇ ਬੁਰਾ ਭਲਾ ਬੋਲਿਆਂ ਜਾਂਦਾ ਹੈ। ਔਰਤਾਂ ਕਦੇ ਵੀ ਇਸ ਗਲ ਤੇ ਗੰਭੀਰ ਨਹੀਂ ਹੋਈਆਂ ਸਗੋਂ ਗੀਤਾਂ ਦੇ ਪ੍ਰਸੰਗ ਵਿੱਚ ਹੱਸਦੀਆਂ ਰਹੀਆਂ ਹਨ।ਭਰੂਣ ਹੱਤਿਆ ਦੀ ਪਰੰਪਰਾ ਹੋਵੇ ਜਾਂ ਫਿਰ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦੀ ਪਰੰਪਰਾ,ਸਤੀ ਪ੍ਰਥਾ ਦੀ ਪਰੰਪਰਾ ਆਦਿ ਇਹੋ ਜਿਹੀਆਂ ਅਣਗਣਿਤ ਹਾਨੀਕਾਰਕ ਰਸਮਾਂ ਜੋ ਔਰਤ ਨੂੰ ਗੁਲਾਮ ਤੇ ਮਾਰਨ ਲਈ ਬਣਾਈਆਂ ਗਈਆਂ ਹਨ,ਇਨ੍ਹਾਂ ਨੂੰ ਸਮਾਜ ਵਿੱਚ ਹੂਬਹੂ ਚਾਲੂ ਰੱਖਣ ਲਈ ਬਹੁਤਾ ਕਰਕੇ ਇਸਤਰੀਆਂ ਹੀ ਜ਼ਿੰਮੇਵਾਰ ਹਨ। ਉਹ ਮਰਦ ਤੋਂ ਬਾਹਰੀਆਂ ਹੋ ਕੇ ਵੀ ਪਖੰਡੀ ਤੰਤਰੀਆਂ ਦੇ ਪਖੰਡ ਨੂੰ ਸਿਰ ਮੱਥੇ ਲਾਉਂਦੀਆਂ ਹਨ। ਜੇ ਮਰਦ ਵਿਰੋਧ ਵੀ ਕਰੇ ਤਾਂ ਪਰੰਪਰਾਂ ਦੇ ਹੱਕ ਵਿੱਚ ਡੱਕ ਕੇ ਖੜ੍ਹ ਜਾਂਦੀਆਂ ਹਨ। ਉਂਝ ਇਨ੍ਹਾਂ ਹੀ ਔਰਤਾਂ ਨੂੰ ਕਿਤੇ ਆਪਣੇ ਹੱਕ ਸੱਚ ਲਈ ਖੜ੍ਹਨਾ ਪਵੇ ਤਾਂ ਇਹੋ ਵਿਚਾਰੀਆਂ ਆਪਣੇ ਮਰਦਾਂ ਤੋਂ ਡਰਦੀਆਂ ਹਨ। ਔਰਤਾਂ ਵਿਰੋਧ ਕਰਨ ਦੀ ਬਿਜਾਏ ਸਗੋਂ ਸਮਾਜਿਕ ਬੁਰਾਈਆਂ ਨੂੰ ਅਪਣਾਉਂਦੀਆਂ ਆਈਆਂ ਹਨ। ਅੱਜ ਔਰਤ ਨੂੰ ਇਨ੍ਹਾ ਕੁਰੀਤੀਆਂ ਤੋਂ ਮੁਕਤ ਹੋਣ ਦੀ ਲੋੜ ਹੈ ਜੋ ਇਸ ਨੂੰ ਗੁਲਾਮਾਂ ਵਾਲੀ ਜਿੰਦਗੀ ਜੀਊਣ ਲਈ ਮਜਬੂਰ ਕਰਦੀਆਂ ਹਨ।ਕੋਈ ਕੁਰੀਤੀ ਉਦੋਂ ਹੀ ਖਤਮ ਹੁੰਦੀ ਹੈ ਜਦੋਂ ਸਾਧਾਰਨ ਲੋਕੀਂ ਮਨ ਵਿੱਚ ਧਾਰ ਲੈਣ ਕਿ ਇਹ ਰਸਮ ਬੁਰੀ ਹੈ। ਪੱਛਮੀ ਸਮਾਜਾਂ ਵਿੱਚ ਨਾਰੀ ਇਸ ਪੱਖ ਤੋਂ ਅਜ਼ਾਦ ਹੈ।ਅੱਜ ਦੀ ਨਾਰੀ ਲਈ ਬੇਅੰਤ ਜ਼ਰੂਰੀ ਹੈ ਕਿ ਉਹ ਆਪਣੇ ਹਲਾਤਾਂ ਨੂੰ ਬਦਲੇ,ਆਪਣਾ ਜੀਵਨ ਖ਼ੁਦ ਆਪਣੇ ਹੱਥਾਂ ਵਿੱਚ ਲਵੇ, ਵਿਚਾਰੀ ਨਾ ਬਣੇ।

ਅੱਜ ਔਰਤ ਹੋਰ ਪਾਸੇ ਨਿੱਘਰਦੀ ਜਾ ਰਹੀ ਹੈ, ਅਜੋਕਾ ਮੀਡੀਆ ਇਸ ਨਿਘਾਰ ਲਈ ਜਿੰਮੇਵਾਰ ਹੈ। ਆਹ ਜੋ ਮੀਡੀਆ ਆਪਣੀ ਵਿਕਰੀ ਵਧਾਉਣ ਲਈ ਝੂਠੀਆਂ ਖਬਰਾਂ ਫੈਲਾ ਲੋਕਾਂ ਨੂੰ ਆਕ੍ਰਸ਼ਿਤ ਕਰ ਰਿਹਾ ਹੈ, ਇਸ ਦੇ ਅਸਰ ਹੇਠ ਬੱਚਿਆਂ ਦਾ ਭਵਿੱਖ ਤਬਾਹ ਹੋ ਰਿਹਾ। ਅੱਜ ਮੱਧ ਵਰਗ ਦੀ ਔਰਤ ਫੈਸ਼ਨ ਦੀ ਦੌੜ ਵਿੱਚ ਜਾਂ ਮਾਡਲ ਬਣ ਘੱਟ ਤੋਂ ਘੱਟ ਕਪੜੇ ਪਾਉਣ ਨੂੰ ਹੀ ਔਰਤ ਦੀ ਅਜ਼ਾਦੀ ਸਮਝ ਰਹੀ ਹੈ। ਮੀਡੀਆ ਔਰਤ ਲਈ ਝੂਠੀ ਸ਼ੋਹਰਤ ਦੀ ਰੁੱਚੀ, ਭਾਵਨਾਵਾਂ ਨੂੰ ਤੋੜ ਉਟ-ਪਟਾਂਗ ਪਰੋਸ ਰਿਹਾ ਹੈ। ਆਹ ਜੋ ਸ਼ੋਅ ਬਗ਼ੈਰਾ ਚਲ ਰਹੇ ਨੇ ਉਨ੍ਹਾਂ ਵਿੱਚ ਔਰਤ ਦਾ ਕਿੰਨਾ ਘਨਾਉਣਾ ਰੂਪ ਦਖਾਇਆ ਜਾ ਰਿਹਾ ਕਿਵੇਂ ਗੁੰਡਾਗਰਦੀ ਕਰਦੀ ਘਰ ਬੈਠੀ ਬੰਦੇ ਮਰਵਾ ਰਹੀ ਹੈ, ਜਿਹੜਾ ਕਿ ਔਰਤ ਦੀ ਜਿੰਦਗੀ ਦੇ ਬਿਲਕੁਲ ਵੀ ਨੇੜੇ ਨਹੀਂ। ਗੱਲ ਕੀ ਪੂੰਜੀਵਾਦੀ ਪ੍ਰਥਾ ਵਿੱਚ ਤਾਂ ਕੇਵਲ ਔਰਤ ਦੇ ਲਿੰਗ ਭੇਦ ਦੇ ਕਾਰਨ ਹੀ ਉਸ ਦੀ ਕੋਈ ਵਿਸ਼ੇਸ਼ਤਾ ਜਾਂ ਨੀਵਾਂ ਪਣ ਹੈ। ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿੱਚ ਲੋਕਾਂ ਨੂੰ ਚਮਕ-ਦਮਕ ਦਾ ਸੰਸਾਰ ਪ੍ਰਭਾਵਤ ਕਰ ਰਿਹਾ ਹੈ। ਇਸ ਦੇ ਪ੍ਰਭਾਵ ਨੇ ਲੋਕਾਂ ਦੀ ਚੇਤਨ ਸ਼ਕਤੀ ਵਿਗਾੜ ਦਿੱਤੀ ਹੈ। ਇਸ ਸਭ ਕਾਸੇ ਤੋਂ ਉਪਰ ਉੱਠ ਕੇ ਔਰਤ ਨੂੰ ਆਪਣੀ ਅਸਲੀ ਅਜ਼ਾਦੀ ਨੂੰ ਸਮਝਣ ਦੀ ਲੋੜ ਹੈ।

ਜਿਥੋਂ ਤਕ ਔਰਤ-ਮਰਦ ਦੇ ਰਿਸ਼ਤੇ ਦੀ ਗੱਲ ਹੈ, ਸਦੀਆਂ ਤੋਂ ਦਬਾਈ ਔਰਤ ਮਰਦ ਨੂੰ ਆਪਣਾ ਮਾਲਕ ਸਮਝਦੀ ਆਈ ਹੈ ਤੇ ਉਸ ਦੀ ਪੂਜਾ ਕਰਦੀ ਰਹੀ ਹੈ ਤੇ ਸਦੀਆਂ ਤੋਂ ਮਰਦ ਪ੍ਰਧਾਨ ਸਮਾਜ ਵਿੱਚ ਜਗੀਰੂ ਢਾਂਚੇ ਵਿੱਚ ਗੜੁੱਚਿਆ ਬਹੁਗਿਣਤੀ ਮਰਦਪੁਣਾ ਔਰਤ ਨੂੰ ਆਪਣੀ ਜੱਦੀ ਜਾਇਦਾਦ ਸਮਝਦਾ ਰਿਹਾ ਹੈ। ਆਪਣੀ ਮਰਜੀ ਨਾਲ ਵੇਚਦਾ ਵੱਟਦਾ ਰਿਹਾ ਹੈ। ਉਸਾਰੂ ਸੋਚ ਨੂੰ ਛੱਡ ਕੇ ਬਾਕੀ ਆਮ ਬੰਦੇ ਵਾਸਤੇ ਵੀ ਔਰਤ ਜਿਸਮ ਤੋਂ ਹੀ ਸ਼ੁਰੂ ਹੁੰਦੀ ਹੈ । ਸਹੀ ਅਰਥਾਂ ਵਿੱਚ ਔਰਤ-ਮਰਦ ਇੱਕ ਦੂਜੇ ਦੇ ਨੇੜੇ ਨਹੀ ਹਨ। ਅੱਜ ਤਕ ਔਰਤ ਤੇ ਮਰਦ ਦਾ ਤਕਰਾਰ ਚਲਦਾ ਰਿਹਾ ਹੈ। ਅਜੋਕੇ ਔਰਤ ਤੇ ਮਰਦ ਨੂੰ ਰੂੜੀਵਾਦੀ ਸੋਚ ਤੋਂ ਉਪਰ ਉੱਠ ਕੇ ਸੇਹਤਮੰਦ ਰਿਸ਼ਤੇ ਬਣਾਉਣੇ ਚਾਹੀਦੇ ਹਨ।ਔਰਤ ਨੂੰ ਖ਼ੁਦ ਜਾਗਰੂਕ ਹੋਣਾ ਚਾਹੀਦਾ ਹੈ। ਔਰਤ ਨੇ ਆਪਣੀ ਅਜ਼ਾਦੀ ਖੁਦ ਆਪ ਹੀ ਲੈਣੀ ਹੈ। ਨਹੀਂ ਤਾਂ ਗੁਲਾਮ ਮਾਂ ਦੇ ਬੱਚੇ ਵੀ ਗੁਲਾਮ ਜ਼ਿਹਨੀਅਤ ਦੇ ਸ਼ਿਕਾਰ ਹੋਣਗੇ। ਇਕ ਮਾਂ ਹੀ ਬੱਚਿਆਂ ਨੂੰ ਵਧੀਆ ਸੇਧ ਦੇ ਸਕਦੀ ਹੈ। ਅੱਜ ਦੁਨੀਆਂ ਤੇ ਜੋ ਇਸਤਰੀਆਂ ਬਿਨਾਂ ਵਿਚਾਰ ਕੀਤੇ ਤੋਂ ਮਰਦ ਦੇ ਬਰਾਬਰ ਹੋਣ ਲਈ ਮਰਦ ਦੀ ਬਰਾਬਰਤਾ ਕਰ ਰਹੀਆਂ ਹਨ ਜਿਵੇਂ ਕਿ ਉਦਾਰਣ ਵਜੋਂ ਜੇ ਬੰਦਾ ਸ਼ਰਾਬ ਪੀਂਦਾ ਹੈ ਤਾਂ ਔਰਤ ਨੂੰ ਵੀ ਬਰਾਬਰ ਸ਼ਰਾਬ ਪੀਣੀ ਚਾਹੀਦੀ ਹੈ ਜਾਂ ਪਹਿਲਾਂ ਜੇ ਮਰਦ ਪ੍ਰਧਾਨ ਸਮਾਜ ਹੈ ਹੁਣ ਔਰਤ ਪ੍ਰਧਾਨ ਸਮਾਜ ਹੋਣਾ ਚਾਹੀਦਾ ਹੈ। ਉਹ ਹੋਰ ਵੀ ਨਿੱਘਰ ਰਹੀਆਂ ਹਨ, ਜੋ ਗਲਤ ਹੈ ਗਲਤ ਹੀ ਹੈ ਭਾਵੇਂ ਮਰਦ ਕਰ ਰਿਹਾ ਭਾਵੇਂ ਔਰਤ। ਦੂਜਾ ਸਮਝਣ ਦੀ ਲੋੜ ਹੈ ਕਿ ਜਿਹੜੇ ਮਰਦਪੁਣੇ ਤੋਂ ਔਰਤਾਂ ਤੰਗ ਹੁੰਦੀਆਂ ਆਈਆਂ ਹਨ, ਉਹਨੂੰ ਅਪਣਾ ਕੇ ਸਮਾਜ ਦਾ ਸੁਧਾਰ ਕਿਵੇਂ ਹੋ ਜਾਊ। ਯੂਰਪ ਤੇ ਹੋਰ ਪੱਛਮੀ ਦੇਸ਼ਾਂ ਦੀਆਂ ਔਰਤਾਂ ਆਪਣੇ ਸੁਭਾ ਵਿੱਚ ਤਬਦੀਲੀ ਕਰਕੇ ਪਹਿਲੀ ਗੱਲ ਤਾਂ ਔਲਾਦ ਪੈਦਾ ਕਰਨੋਂ ਹੀ ਇਨਕਾਰੀ ਹੋ ਰਹੀਆਂ ਹਨ। ਦੂਸਰੀ ਗੱਲ ਉਹ ਪੈਦਾ ਕੀਤੀ ਔਲਾਦ ਤੇ ਆਪਣੀ ਮਮਤਾ ਵਰਸਾਉਣੋ ਜਵਾਬ ਦੇ ਰਹੀਆਂ ਹਨ। ਕੁਝ ਨਾਰੀਵਾਦੀ ਇਸਤਰੀ ਸੁਭਾਵਾਂ ਆਪਣੀ ਗੁਲਾਮੀਂ ਦਾ ਕਾਰਨ ਮਰਦ ਨੂੰ ਸਮਝਦੀਆਂ ਹਨ। ਜੇਕਰ ਬੰਦਾ ਹੀ ਇਸ ਦਾ ਕਾਰਨ ਹੁੰਦਾ ਤਾਂ ਜੋ ਔਰਤਾਂ ਰਾਜ ਭਾਗ ਚਲਾ ਰਹੀਆਂ ਹਨ, ਉਹ ਕਿਉਂ ਨਾ ਕੋਈ ਬਦਲ ਲਿਆ ਸਕੀਆਂ? ਔਰਤ ਤੇ ਮਰਦ ਦੋਨੋਂ ਇਸੇ ਸਿਸਟਮ ਦੇ ਸ਼ਿਕਾਰ ਹਨ। ਜਿਹੜਾ ਸਿਸਟਮ ਖੜਾ ਹੀ ਮੁਨਾਫ਼ੇਖੋਰੀ ਤੇ ਹੈ, ਉਥੇ ਇਹ ਨਾ ਹਊ ਤਾਂ ਹੋਰ ਕੀ ਹਊ? ਔਰਤ ਦੀ ਆਜ਼ਾਦ ਹੋਣ ਦੀ ਗਲ ਤਾਂ ਹੀ ਸੰਭਵ ਜੇ ਮਨੁੱਖ ਹਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ ਸਿਰਜਿਆ ਜਾਵੇ। ਇਹ ਤਾਂ ਹੀ ਸੰਭਵ ਹੈ ਜੇ ਔਰਤ ਤੇ ਮਰਦ ਮੋਢੇ ਨਾਲ ਮੋਢਾ ਲਾ ਕੇ ਚਲਣ। ਅੱਜ ਔਰਤ-ਮਰਦ ਨੂੰ ਆਪਸੀ ਖਿੱਚੋਤਾਣ ਚੋਂ ਨਿਕਲ ਕੇ ਆਪਣੇ ਬੁਨਿਆਦੀ ਮੁੱਦਿਆਂ ਦਾ ਧਿਆਨ ਕਰਨਾ ਚਾਹੀਦਾ ਹੈ।

ਅੱਜ ਔਰਤ ਹੋਰ ਪਾਸੇ ਨਿੱਘਰਦੀ ਜਾ ਰਹੀ ਹੈ, ਅਜੋਕਾ ਮੀਡੀਆ ਇਸ ਨਿਘਾਰ ਲਈ ਜ਼ਿੰਮੇਵਾਰ ਹੈ। ਆਹ ਜੋ ਮੀਡੀਆ ਆਪਣੀ ਵਿਕਰੀ ਵਧਾਉਣ ਲਈ ਝੂਠੀਆਂ ਖਬਰਾਂ ਫੈਲਾ ਲੋਕਾਂ ਨੂੰ ਆਕ੍ਰਸ਼ਿਤ ਕਰ ਰਿਹਾ ਹੈ, ਇਸ ਦੇ ਅਸਰ ਹੇਠ ਬੱਚਿਆਂ ਦਾ ਭਵਿੱਖ ਤਬਾਹ ਹੋ ਰਿਹਾ। ਅੱਜ ਮੱਧ ਵਰਗ ਦੀ ਔਰਤ ਫੈਸ਼ਨ ਦੀ ਦੌੜ ਵਿੱਚ ਜਾਂ ਮਾਡਲ ਬਣ ਘੱਟ ਤੋਂ ਘੱਟ ਕਪੜੇ ਪਾਉਣ ਨੂੰ ਹੀ ਔਰਤ ਦੀ ਅਜ਼ਾਦੀ ਸਮਝ ਰਹੀ ਹੈ। ਮੀਡੀਆ ਔਰਤ ਲਈ ਝੂਠੀ ਸ਼ੋਹਰਤ ਦੀ ਰੁੱਚੀ, ਭਾਵਨਾਵਾਂ ਨੂੰ ਤੋੜ ਉਟ-ਪਟਾਂਗ ਪਰੋਸ ਰਿਹਾ ਹੈ।

BLITZ AUTO CANADA

3207-97 Street, Edmonton, Alberta, T6N 1B7, Canada

Full Maintenance Service



- Breaks
- Muffler
- Suspension
- Lube & Oil
- Tires
- Batteries

Umesh Amin

email: unamin@gmail.com

Phone:780 463 2886



ਲੇਖਕ ਕਦੇ ਵੀ ਢਹਿੰਦੇ ਵਿਚਾਰਾਂ ਵਾਲਾ ਨਹੀ ਹੁੰਦਾ- ਪ੍ਰੇਮ ਗੋਰਖੀ



ਪ੍ਰੇਮ ਗੋਰਖੀ ਆਪਣੀ ਪਤਨੀ ਨਾਲ।

ਪੰਜਾਬੀ ਅਦਬ ਵਿੱਚ ਪ੍ਰੇਮ ਗੋਰਖੀ ਦਾ ਨਾਮ ਕਿਸੇ ਜਾਣ-ਪਹਿਚਾਣ ਦਾ ਮਹੁਤਾਜ ਨਹੀ। ਇਸ ਹਰਮਨ ਪਿਆਰੇ ਕਥਾਕਾਰ ਨੇ ਉਹਨਾਂ ਲੋਕਾਂ ਨੂੰ ਕਹਾਣੀਆਂ ਦਾ ਪਾਤਰ ਬਣਾਇਆ, ਜਿੰਨ੍ਹਾਂ ਨੂੰ ਦਲਿਤ ਜਾਂ ਅਛੂਤ ਵਰਗੇ ਸ਼ਬਦਾਂ ਨਾਲ ਸਾਡੇ ਸਮਾਜ ਵਿੱਚ ਸੰਬੋਧਨ ਕੀਤਾ ਜਾਂਦਾ ਹੈ। ਗੋਰਖੀ ਨੇ ਨਾ ਸਿਰਫ ਨੀਵੇਂ ਲੋਕਾਂ ਦੇ ਜੀਵਨ ਨੂੰ ਆਪਣੀਆਂ ਕਹਾਣੀਆਂ ਵਿੱਚ ਬਿਆਨਿਆ ਸਗੋਂ ਇਸ ਸਭ ਨੂੰ ਆਪਣੇ ਪਿੰਡੇ ਵੀ ਹੰਢਾਇਆ। ਇਸੇ ਕਰਕੇ ਹੀ ਉਹ ਦੱਬੇ-ਕੁਚਲੇ ਲੋਕਾਂ ਦਾ ਕਹਾਣੀਕਾਰ ਹੈ, ਜੋ ਸਦਾ ਉਹਨਾਂ ਦੇ ਹੱਕ ਵਿਚ 'ਹਾਅ' ਦਾ ਨਾਅਰਾ ਮਾਰਦਾ ਹੈ। ਮਾਨਵਵਾਦੀ ਸਰੋਕਾਰਾਂ ਨੂੰ ਪਰਨਾਇਆ ਇਹ ਕਹਾਣੀਕਾਰ ਹੁਣ ਤੱਕ ਪੰਜਾਬੀ ਜਗਤ ਦੀ ਝੋਲੀ ਸੱਤ ਕਿਤਾਬਾਂ ਪਾ ਚੁੱਕਾ ਹੈ, ਜਿਨ੍ਹਾਂ 'ਚਕਹਾਣੀ ਸੰਗ੍ਰਿਹ 'ਮਿੱਟੀ ਰੰਗੇ ਲੋਕ' 'ਜੀਣ ਮਰਨ' 'ਅਰਜਨ ਸਫੈਦੀ ਵਾਲਾ' ਅਤੇ ਧਰਤੀ ਪੁੱਤ' ਤਿੰਨ ਨਾਵਲੈਟ 'ਤਿੱਤਰ ਖੰਭੀ ਜੂਹ' 'ਵਣਵੇਲਾ' 'ਬੁੱਢੀ ਰਾਤ ਅਤੇ ਸੂਰਜ' ਸ਼ਾਮਲ ਹਨ।

ਮੁਲਾਕਾਤੀ
ਸ਼ਿਵ ਇੰਦਰ ਸਿੰਘ
+919915411894
shivinder1@yahoo.com



? : ਗੱਲ ਸ਼ੁਰੂ ਕਰਦੇ ਹਾਂ ਤੁਹਾਡੇ ਜਨਮ, ਪੜ੍ਹਾਈ ਅਤੇ ਪਰਿਵਾਰ ਤੋਂ?

-ਮੇਰਾ ਪਿਛੋਕੜ ਇਕ ਦਲਿਤ ਪਰਿਵਾਰ ਦਾ ਹੈ। ਇਸ ਕਰਕੇ ਖਾਨਦਾਨ 'ਚ ਦੂਰੋਂ ਨੇੜਿਓਂ ਕੋਈ ਪੜ੍ਹਿਆ-ਲਿਖਿਆ ਮੈਨੂੰ ਨਹੀਂ ਸੀ ਦਿਖਿਆ। ਮੇਰਾ ਆਪਣੇ ਨਾਨਕੇ ਪਿੰਡ ਬਹਾਨੀ (ਜ਼ਿਲ੍ਹਾ ਕਪੂਰਥਲਾ) ਨਾਲ ਗੂੜ੍ਹਾ ਮੋਹ ਸੀ, ਨਾਨਕਿਆਂ ਵੱਲੀਂ ਹੀ ਮੇਰੇ ਦੂਰ ਦੀ ਰਿਸ਼ਤੇਦਾਰੀ 'ਚ ਲੱਗਦੇ ਮਾਮਾ ਜੀ ਇਕੋ ਸ਼ਖਸ ਸਨ ਜਿਨ੍ਹਾਂ ਨੂੰ ਮੈਂ ਪੜ੍ਹਿਆ-ਲਿਖਿਆ ਮੰਨਦਾ ਸੀ। ਮੇਰਾ ਦਾਦਕੇ ਪਿੰਡ ਲਾਡੋਵਾਲੀ ਹੈ, ਮੇਰੇ ਪਿਤਾ ਜੀ ਅਰਜਨ ਦਾਸ ਅਤੇ ਮਾਤਾ ਰੱਖੀ ਜੀ ਸਨ। ਮੇਰੇ ਦਾਦਕੇ ਪਰਿਵਾਰ ਵਾਲਿਆਂ ਦਾ ਕੋਈ ਪੱਕਾ ਕੰਮ-ਕਾਰ ਨਹੀ ਸੀ। ਉਹ ਭਲਵਾਨੀ ਵੀ ਕਰਦੇ ਸਨ, ਪਿੰਡਾਂ 'ਚ ਤਾਂਗੇ ਅਤੇ ਰੇੜ੍ਹੇ ਜੋੜਨ ਦਾ ਕੰਮ ਵੀ ਕਰ ਲੈਂਦੇ ਸਨ। ਮੇਰੇ ਪਿਤਾ ਜੀ ਸਫੈਦੀ ਦਾ ਕੰਮ ਵੀ ਕਰਦੇ ਰਹੇ ਹਨ। ਮੈਨੂੰ ਇਹ ਸਭ ਕੰਮ ਸ਼ੁਰੂ ਤੋਂ ਪਸੰਦ ਨਹੀ ਸਨ। ਸਾਡੇ ਚਾਰ ਭਰਾਵਾਂ ਅਤੇ ਦੋ ਭੈਣਾਂ 'ਚੋਂ ਮੈਨੂੰ ਪੜ੍ਹਿਆ-ਲਿਖਿਆ ਕਿਹਾ ਜਾ ਸਕਦੈ। ਹੁਣ ਮੈਂ ਆਪਣੇ ਪਰਿਵਾਰ ਨਾਲ 'ਪੰਜਾਬੀ ਟ੍ਰਿਬਿਊਨ' ਤੋਂ ਸੇਵਾ-ਮੁਕਤ ਹੋ ਕੇ ਜ਼ੀਰਕਪੁਰ ਰਹਿ ਰਿਹਾਂ ਹਾਂ, ਮੇਰੇ ਤਿੰਨ ਬੇਟੀਆਂ ਅਤੇ ਇਕ ਬੇਟਾ ਹੈ।

? : ਕਿਸ ਗੱਲ ਦੇ ਮਾਹੌਲ ਨੇ ਤੁਹਾਨੂੰ ਸਾਹਿਤ ਵੱਲੀਂ ਖਿੱਚਿਆ?

– ਭਾਵੇਂ ਬੀਜ ਰੂਪ ਘਰ ਅਤੇ ਆਲੇ-ਦੁਆਲੇ ਵਿੱਚ ਹੀ ਪਏ ਸਨ, ਪਰ ਹੁਣ ਸਮੱਸਿਆ ਇਹ ਸੀ ਕਿ ਆਖਰ ਪੜ੍ਹਨਾ ਕੀ ਹੈ, ਇਸ ਕੰਮ ਦੀ ਸੋਝੀ ਦਿੱਤੀ ਲਾਡੋਵਾਲੀ ਦੇ ਦੁਆਬਾ ਸਕੂਲ ਨੇ, ਇਸੇ ਸਕੂਲ ਦੇ ਮੇਰੇ ਪੰਜਾਬੀ ਦੇ ਮਾਸਟਰ ਜੀ ਸਨ 'ਗਿਆਨੀ ਜੀ' ਜੋ ਨੰਗਲ ਸ਼ਾਮੇ ਤੋਂ ਆਉਂਦੇ ਸਨ, ਦੂਜੇ ਇੱਕ ਹੋਰ ਸਾਇੰਸ ਮਾਸਟਰ ਜੀ ਸਨ, ਜੋ ਸਾਨੂੰ ਕਈ ਵਿਦਿਆਰਥੀਆਂ ਨੂੰ ਪ੍ਰੇਰਿਆ ਕਰਦੇ ਸਨ। ਸਾਇੰਸ ਮਾਸਟਰ ਕੋਲ ਲਾਇਬ੍ਰੇਰੀ ਦਾ ਚਾਰਜ ਹੁੰਦਾ ਸੀ ਤੇ ਉਹਨਾਂ ਦੀ ਇੱਛਾ ਹੁੰਦੀ ਸੀ ਬੱਚੇ ਐਂਵੇਂ ਤੁਰਨ ਫਿਰਨ ਨਾਲੋਂ ਕਿਤਾਬਾਂ ਨਾਲ ਜੁੜਨ। ਉਹਨਾਂ ਇੱਕ ਪੀਰੀਅਡ ਹੀ ਜ਼ਰੂਰੀ ਕਰ ਦਿੱਤਾ ਸੀ ਕਿ ਪੂਰੀ ਕਲਾਸ ਹੀ ਕਿਤਾਬਾਂ ਲੈ ਕੇ ਪੜ੍ਹੇ। ਇਸ ਸਮੇਂ ਮੇਰਾ ਜਮਾਤੀ ਆਤਮਜੀਤ ਸੀ, ਜੋ ਬਾਅਦ ਵਿੱਚ ਪ੍ਰਸਿੱਧ ਪੰਜਾਬੀ ਨਾਟਕਕਾਰ ਬਣਿਆ। ਉਹ ਸਾਨੂੰ ਕੁਝ ਮਿੱਤਰਾਂ ਨੂੰ ਕਿਤਾਬਾਂ ਦੇ ਨਾਂ ਦੱਸਦਾ ਕਿ ਫਲਾਂ ਕਿਤਾਬ ਜ਼ਰੂਰ ਪੜ੍ਹੋ। ਇਉਂ ਮੈਂ ਸਮਝ ਆਉਣ ਵਾਲੇ ਸਭ ਤੋਂ ਪਹਿਲਾਂ ਨਾਨਕ ਸਿੰਘ ਦੇ ਨਾਵਲ ਪੜ੍ਹਨੇ ਸ਼ੁਰੂ ਕੀਤੇ। ਅਸੀਂ ਤਿੰਨ-ਚਾਰ ਮੁੰਡੇ ਵੱਧ ਤੋਂ ਵੱਧ ਲਾਇਬ੍ਰੇਰੀ ਦੀਆਂ ਕਿਤਾਬਾਂ ਪੜ੍ਹਦੇ। ਨਾਨਕ ਸਿੰਘ ਤੋਂ ਇਲਾਵਾ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ, ਸ. ਸ. ਅਮੋਲ ਸਿੰਘ ਦੀਆਂ ਕਈ ਕਿਤਾਬਾਂ ਹੁੰਦੀਆਂ। ਇਹਨਾਂ ਕਿਤਾਬਾਂ ਨੇ ਮੇਰੇ ਅੰਦਰ ਕਾਵਿਕ ਮਾਹੋਲ ਸਿਰਜਿਆ। ਜਦੋਂ ਦਸਵੀਂ 'ਚ ਹੋਇਆ ਤਾਂ, ਸਾਨੂੰ ਪੜ੍ਹਾਉਣ ਅੰਗਰੇਜ਼ੀ ਮਾਸਟਰ ਬਲਬੀਰ ਸਿੰਘ ਆਏ, ਉਨ੍ਹਾਂ ਨੂੰ ਲਿਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦਿਨਾਂ ਵਿੱਚ ਉਨ੍ਹਾਂ ਦੀ ਕਿਤਾਬ 'ਭਾਰਤ ਦੇ ਪਹਿਲਵਾਨ' ਛਪ ਰਹੀ ਸੀ। ਬਸ ਇਹ ਉਮਰ ਸੀ ਜਦ ਮੈਂ ਕਿਤਾਬਾਂ ਨਾਲ ਮੁਹੱਬਤ ਪਾ ਬੈਠਾ ਤ ਜੋ ਬਾਦਸਤੂਰ ਜਾਰੀ ਹੈ।

? : ਤੁਹਾਡੀ ਪ੍ਰੇਰਨਾ ਦੇ ਉਹ ਕਿਹੜੇ ਸਰੋਤ ਸਨ ਜਿਨ੍ਹਾਂ ਕਰਕੇ ਆਪ ਦਾ ਝੁਕਾਅ ਕਹਾਣੀ ਵੱਲ ਹੋਇਆ?

– ਦਸਵੀਂ ਦੇ ਪੇਪਰ ਦੇ ਕੇ ਮੈਂ ਵਿਹਲਾ ਹੋਇਆ ਤਾਂ ਮੇਰੇ ਦਾਦੇ ਨੇ ਮੈਨੂੰ ਲਾਇਲਪੁਰ ਖਾਲਸਾ ਕਾਲਜ ਦੀ ਲਾਇਬ੍ਰੇਰੀ ਵਿੱਚ ਲੁਆ ਦਿੱਤਾ। ਉਥੇ ਕੰਮ ਕਰਦਿਆਂ ਹੀ ਮੈਂ ਸ. ਸ. ਅਮੋਲ, ਪ੍ਰੋ. ਮੋਹਨ ਸਿੰਘ ਜੌਹਲ ਅਤੇ ਉੱਥੇ ਹੀ ਕਿਤਾਬਾਂ ਲੈਣ ਆਏ ਹਰਨਾਮ ਦਾਸ ਸਹਿਰਾਈ ਨੂੰ ਵੇਖਿਆ। ਹੋਰ ਵੀ ਕਈ ਲੇਖਕ ਦੇਖੇ ਜੋ ਪੰਜਾਬੀ ਦੇ ਪ੍ਰਸਿੱਧ ਅਦੀਬ ਬਣੇ ਅੱਗੇ ਚਲ ਕੇ ਜਿਵੇਂ ਬਰਜਿੰਦਰ ਸਿੰਘ ਹਮਦਰਦ, ਕੰਵਰ ਸੁਖਦੇਵ ਸਿੰਘ, ਅਮਰਜੀਤ ਚੰਦਨ, ਗੁਰਦੇਵ ਸਿੰਘ ਸਿੱਧੂ ਅਤੇ ਹੋਰ। ਲਾਇਬ੍ਰੇਰੀ ਵਿੱਚ ਹੀ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ ਤੇ ਉਸ ਸਮੇਂ ਮੇਰੀ ਪਹਿਲੀ ਗਜ਼ਲ ਵੀ ਕਾਲਜ ਦੇ ਮੈਗਜ਼ੀਨ 'ਬਿਆਸ' ਵਿੱਚ ਛਪੀ। ਉਦੋਂ ਹੀ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਜਿਹੜੀ ਮੈਂ ਅਮਰਜੀਤ ਚੰਦਨ ਨੂੰ ਦਿਖਾਈ ਜਿਹਦੇ ਲਿਖਣ ਢੰਗ ਅਤੇ ਬਣਤਰ ਬਾਰੇ ਪਹਿਲਾ ਸਬਕ ਮੈਨੂੰ ਚੰਦਨ ਨੇ ਦਿੱਤਾ। ਉਹ ਉਦੋਂ ਬੀ. ਏ. ਕਰ ਰਹੇ ਸਨ।



ਭਾਰਤੀ ਸਾਹਿਤ ਅਕਾਦਮੀ ਦੇ ਪ੍ਰਧਾਨ ਕੋਲੋਂ ਸਾਹਿਤ ਅਕਾਦਮੀ ਦਾ ਕੇਰਲਾ ਵਿਖੇ ਅਨੁਵਾਦ ਦੇ ਐਵਾਰਡ ਹਾਸਿਲ ਕਰਦੇ ਹੋਏ।

ਸਵਾਲ- ਨਵੇਂ ਲੇਖਕਾਂ ਨੂੰ ਪਹਿਲੇ-ਪਹਿਲ ਛਪਣ ਸਮੇਂ ਅਤੇ ਕਿਤਾਬ ਛਪਾਉਣ ਲਈ ਬੜੀਆਂ ਮੁਸ਼ਕਿਲਾਂ ਪੇਸ਼ ਆਉਦੀਆਂ ਨੇ। ਤੁਹਾਡੇ ਨਾਲ ਵੀ ਕੁਝ ਇਸ ਤਰ੍ਹਾਂ ਹੋਇਆ?

ਜਵਾਬ- ਬਿਲਕੁਲ ਨਹੀ, ਉਸ ਸਮੇਂ ਦੇ ਚਰਚਿਤ ਪਰਚਿਆਂ ਨੇ ਮੇਨੂੰ ਛਾਪਿਆ 'ਨਾਗਮਣੀ' ਨੇ ਡੇਢ ਕੁ ਸਾਲ ਵਿੱਚ ਮੇਰੀਆਂ ਕਹਾਣੀਆਂ ਅਤੇ ਨਾਵਲੈੱਟ ਛਾਪ ਕੇ ਮੇਰੀ ਇੱਕ ਵੱਖਰੀ ਭਾਂਤ ਦੇ ਲੇਖਕ ਵਜੋਂ ਪਛਾਣ ਕਰਵਾ ਦਿੱਤੀ। 'ਲਕੀਰ', 'ਹੇਮਜਯੋਤੀ', 'ਸਰਦਲ', 'ਪ੍ਰੇਰਨਾ' ਅਤੇ ਉਸ ਸਮੇਂ ਦੇ ਕਈ ਪਰਚਿਆਂ ਨੇ ਮੈਨੂੰ ਛਾਪਿਆ। 'ਆਰਸੀ' ਅਤੇ 'ਸਿਰਜਣਾ' ਨੂੰ ਮੈਂ ਬਾਅਦ ਵਿੱਚ ਰਚਨਾਵਾਂ ਭੇਜਣ ਲੱਗਾ। ਇਸੇ ਤਰ੍ਹਾਂ ਮੇਰੀ ਪਹਿਲੀ ਕਿਤਾਬ ਵੀ ਝੱਟ ਹੀ ਛਪ ਗਈ। ਅਮਰਜੀਤ ਚੰਦਨ ਮੇਰੇ ਕੋਲੋਂ ਕੁਝ ਕਹਾਣੀਆਂ ਲੈ ਗਿਆ। ਦੋਂ ਕੁ ਮਹੀਨੇ ਮਗਰੋਂ ਮੈਨੂੰ ਕਿਸੇ ਨੇ ਦੱਸਿਆ ਕਿ ਤੇਰੀ ਕਿਤਾਬ ਛਪ ਗਈ ਏ। ਇਹ ਪਹਿਲੀ ਕਿਤਾਬ ਭਾਜੀ ਗੁਰਸ਼ਰਨ ਸਿੰਘ ਨੇ ਛਾਪੀ ਸੀ 'ਮਿੱਟੀ ਰੰਗੇ ਲੋਕ' ਦੂਜੀ ਵੀ ਇਉਂ ਹੀ ਛਪ ਗਈ, ਉਹ ਮਹਿੰਦਰ ਭੱਟੀ ਦੀ ਕੋਸ਼ਿਸ਼ ਸਦਕਾ ਛਪੀ।

ਸਵਾਲ- ਕੋਈ ਉਸਤਾਦ ਵੀ ਧਾਰਿਆ?

ਜਵਾਬ- ਮੈਂ ਕੁਝ ਇਸ ਤਰ੍ਹਾਂ ਦੇ ਮਾਹੌਲ ਵਿੱਚੋਂ ਨਿਕਲਿਆ ਸੀ ਕਿ ਕਿਸੇ ਨਾਲ ਸਬੰਧ ਬਣਾਉਣੋਂ ਝਿਜਕਦਾ ਸੀ। ਸਹੀ ਗੱਲ ਤਾਂ ਇਹ ਹੈ ਕਿ ਮੇਰੇ ਅੰਦਰ ਕੋਈ ਕੰਪਲੈਕਸ ਛੁਪਿਆ ਬੈਠਾ ਸੀ। ਮੈਂ ਕਿਸੇ ਨਾਲ ਵਾਧੂ ਗੱਲ ਨਹੀਂ ਸੀ ਕਰਦਾ।

ਸਵਾਲ- ਕਹਾਣੀ ਦਾ ਮੁੱਢਲਾ ਖਾਕਾ ਕਿਵੇਂ ਬਣਦਾ ਏ ਮਨ 'ਚ?

ਜਵਾਬ- ਮੈਨੂੰ ਲੱਗਦਾ ਕਹਾਣੀ ਕੋਈ ਗੁਆਚੀ ਚੀਜ਼ ਨਹੀ ਹੁੰਦੀ। ਅਚਾਨਕ ਹੀ ਜਦੋਂ ਘਟਨਾਵਾਂ ਵਾਪਰਦੀਆਂ ਨੇ ਤੇ ਲੇਖਕ ਸਰਸਰੀ ਜਿਹਾ ਵਾਚਦਾ ਹੈ। ਉਨ੍ਹਾਂ 'ਚੋਂ ਜੋਂ ਕਹਾਣੀਆਂ ਉਸਦੇ ਜ਼ਹਿਨ 'ਚ ਬੈਠੀਆਂ ਰਹਿ ਜਾਂਦੀਆਂ ਹਨ, ਉਹਦੀ ਕਲਪਨਾ 'ਚ ਚੱਕਰ ਕੱਟਣ ਲੱਗਦੀਆਂ ਹਨ ਤੇ ਜਦੋਂ ਜ਼ਹਿਨ ਤੇ ਵਿਚਾਰਾਂ ਦਾ ਟਕਰਾਓ ਹੁੰਦਾ ਹੈ, ਤਾਂ ਕਹਾਣੀ ਦਾ ਢਾਂਚਾ ਬਣਨ ਲੱਗਦਾ ਹੈ। ਕਹਾਣੀ ਦਾ ਖਾਕਾ ਅਸਲ 'ਚ ਲੇਖਕ ਦੇ ਜ਼ਹਿਨ 'ਚ ਹੋਣਾ ਜ਼ਰੂਰੀ ਹੈ। ਜਿਹੜਾ ਲੇਖਕ ਕਹਿੰਦਾ ਹੈ ਕਿ ਬੱਸ ਉਹ ਤਾਂ ਲਿਖੀ ਤੁਰੀ ਜਾਂਦਾ ਹੈ। ਅਸਲ 'ਚ ਉਨ੍ਹਾਂ ਨੂੰ ਸ਼ਾਇਦ ਕਿਸੇ ਦੇ ਹੁੰਗਾਰੇ ਦੀ ਲੋੜ ਨਹੀਂ ਹੁੰਦੀ। ਮੈਂ ਜ਼ਹਿਨ ਵਿੱਚ ਹੀ ਨਹੀ ਬਲਕਿ ਕਈ ਵਾਰ ਕਾਗਜ਼ ਉਤੇ ਹੀ ਖਾਕਾ ਬਣਾ ਲੈਂਦਾ ਹਾਂ ਜਿਵੇਂ ਪਾਤਰਾਂ ਦੇ ਨਾਂ, ਸਮਾਂ, ਸਥਾਨ ਤੇ ਵਿਸ਼ੇ ਦਾ ਸਾਰ। ਇਹ ਮੈਂ ਡਾਇਰੀ ਵੀ ਚਾੜ ਲੈਂਦਾ ਹਾਂ।

ਸਵਾਲ- ਕਹਾਣੀ ਲਿਖਣ ਸਮੇਂ ਸਭ ਤੋਂ ਵੱਧ ਧਿਆਨ ਕਿਨ੍ਹਾਂ ਨੁਕਤਿਆਂ 'ਤੇ ਦਿੰਦੇ ਹੋ?

ਜਵਾਬ- ਕਹਾਣੀ ਲਿਖਣ ਸਮੇਂ ਮੇਰੇ ਜਿਹਨ ਵਿੱਚ ਪਾਤਰ ਵਸੇ ਹੁੰਦੇ ਹਨ, ਉਨ੍ਹਾਂ ਦੀਆਂ ਗੱਲਾਂ ਮੇਰੇ ਦਿਮਾਗ 'ਤੇ ਭਾਰੂ ਹੋਈਆਂ ਹੁੰਦੀਆਂ ਹਨ। ਮੈਨੂੰ ਇਨ੍ਹਾਂ ਤੋਂ ਪਤਾ ਹੁੰਦਾ ਹੈ ਕਿ ਮੇਰੀ ਕਹਾਣੀ ਦਾ ਵਿਸ਼ਾ ਕੀ ਏ।

ਸਵਾਲ- ਤੁਹਾਡੇ ਲਈ ਲੇਖਕ ਹੋਣ ਦਾ ਕੀ ਅਰਥ ਹੈ? ਕਿਨ੍ਹਾਂ ਗੱਲਾਂ ਕਰਕੇ ਕਿਸੇ ਲੇਖਕ ਦੀ ਕਿਰਤ ਨੂੰ ਚੰਗੀ ਰਚਨਾ ਸਮਝਿਆ ਜਾਵੇ?

ਜਵਾਬ- ਮੇਰੇ ਅਨੁਸਾਰ ਲਿਖਣਾ ਇਕ ਕਲਾ ਹੈ, ਜਿਸਨੂੰ ਲੇਖਕ ਆਪਣੇ ਅਨੁਸਾਰ ਵਰਤਦਾ ਹੈ। ਅਸਲ ਰਚਨਾ ਉਹ ਹੀ ਹੈ ਜੋ ਪਾਠਕ ਨੂੰ ਕੁਝ ਸੋਚਣ ਲਈ ਮਜ਼ਬੂਰ ਕਰੇ ਤੇ ਸੁਹਜ ਦੀ ਪ੍ਰਾਪਤੀ ਵੀ ਕਰੇ। ਨਿਰੋਲ ਵਿਚਾਰਧਾਰਾ ਦਾ ਪ੍ਰਗਟਾਵਾ ਵੀ ਸਾਹਿਤ ਨਹੀ ਕਿਹਾ ਜਾ ਸਕਦਾ।

ਸਵਾਲ- ਵਿਚਾਰਧਾਰਾ ਸਾਹਿਤਕ ਕਿਰਤ ਵਿੱਚ ਕਿਵੇਂ ਆਵੇ? ਤੁਸੀਂ ਕਿਸ ਵਿਚਾਰਧਾਰਾ ਨਾਲ ਜੁੜੇ ਹੋ?

ਜਵਾਬ- ਮੈਂ ਕਿਸੇ ਸਿਆਸੀ ਪਾਰਟੀ ਨਾਲ ਸਿੱਧੇ ਤੋਰ 'ਤੇ ਨਹੀ ਜੁੜ੍ਹਿਆ। ਬਹੁਤੇ ਲੇਖਕ ਇਸ ਤਰ੍ਹਾਂ ਜੁੜਿਆ ਵੀ ਨਹੀ ਕਰਦੇ। ਪਰ ਇਸਦੇ ਬਾਵਜੂਦ ਲੇਖਕ ਅੰਦਰ ਨਿਰਣਾਇਕ ਸ਼ਕਤੀ ਹੁੰਦੀ ਹੈ, ਜੋ ਉਸ ਲਈ ਪਥ-ਪਰਦਰਸ਼ਕ ਦਾ ਕੰਮ ਕਰਦੀ ਹੈ ਤੇ ਦੱਸਦੀ ਹੈ ਕਿ ਉਸਨੇ ਕਿਹੜਾ ਰਾਹ ਅਪਨਾਉਣਾ ਹੈ। ਉਸ ਦੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਦਾ ਕਿਹੜੇ ਨਜ਼ਰੀਏ ਨਾਲ ਵਿਸ਼ਲੇਸ਼ਣ ਕਰਨਾ ਹੈ। ਜਦੋ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਉਦੋਂ ਨਕਸਲੀ ਲਹਿਰ ਦਾ ਜ਼ੋਰ ਸੀ, ਜੋ ਸਾਹਿਤ ਨਾਲ ਜੁੜੇ ਨੋਜ਼ਵਾਨਾਂ 'ਤੇ ਸਿੱਧਾ ਅਸਰ ਪਾਉਂਦੀ ਸੀ। ਮੈਂ ਮੁਹੱਲੇ ਵਿੱਚ ਭਾਰਤ ਨੋਜ਼ਵਾਨ ਭਾਰਤ ਸਭਾ ਦੀਆਂ ਮੀਟਿੰਗਾਂ ਵਿਚ ਜਾਂਦਾ ਸੀ, ਉਸ ਸਭਾ ਦਾ ਮੇਰੇ 'ਤੇ ਏਨਾ ਅਸਰ ਸੀ ਕਿ ਮੈਂ ਪਿੰਡ ਦੇ ਸਫੈਦਪੋਸ਼ਾਂ ਦਾ ਸਿੱਧਾ ਵਿਰੋਧ ਕਰਨ ਲੱਗ ਪਿਆ। ਪੁਲਸ ਨਾਲ ਵੀ ਆਢਾ ਲਿਆ, ਥਾਣਿਆਂ ਤੇ ਪੁਲਸ ਰਿਮਾਡਾਂ ਵਿੱਚ ਵੀ ਉਲਝਿਆ। ਇਹ ਸਭ ਮੇਰੀਆਂ ਪਹਿਲੀਆਂ ਕਹਾਣੀਆਂ ਵਿੱਚ ਵੀ ਨਜ਼ਰ ਆਵੇਗਾ। ਇੱਕ ਗੱਲ ਸਾਫ ਹੈ ਕਿ ਲੇਖਕ ਕਦੇ ਢਹਿੰਦੇ ਵਿਚਾਰਾਂ ਵਾਲਾ ਨਹੀਂ ਹੁੰਦਾ। ਉਹ ਜ਼ਿੰਦਗੀ ਦੀ ਖ਼ੂਬਸੂਰਤੀ ਤੇ ਬੇਹਤਰੀ ਲਈ ਆਪਣੀ ਰਚਨਾ ਨੂੰ ਹਥਿਆਰ ਵਜੋਂ ਵਰਤਦਾ ਹੈ। ਮੈਂ ਵਿਚਾਰਧਾਰਕ ਪੱਖੋਂ ਇਥੇ ਖੜ੍ਹਾ ਹਾਂ।

? : ਤੁਹਾਡੇ ਪਹਿਲੇ ਕਹਾਣੀ ਸੰਗ੍ਰਿਹ 'ਮਿੱਟੀ ਰੰਗੇ ਲੋਕ' ਦੇ ਪਾਤਰ 'ਧਰਤੀ ਪੁੱਤਰ' ਦੇ ਪਾਤਰਾਂ ਤੋਂ ਬਿਲਕੁਲ ਵੱਖਰੀ ਸੋਚਣੀ ਤੇ ਰਹਿਤਲ ਦੇ ਮਾਲਕ ਹਨ। 'ਧਰਤੀ

ਪੁੱਤਰ' ਸੰਗ੍ਰਹਿ ਦੇ ਪਾਤਰਾਂ ਦੇ ਮਸਲੇ ਮੁਹੱਬਤ ਅਤੇ ਪ੍ਰੇਮ ਵਿਆਹ ਨਾਲ ਸਬੰਧਤ ਹਨ। ਇਹ ਬਦਲਾਅ ਕਿਉਂ?

– 'ਮਿੱਟੀ ਰੰਗੇ ਲੋਕ' ਦੀਆਂ ਕਹਾਣੀਆਂ ਮੈਂ 1970 ਤੋਂ 74 ਤੱਕ ਦੇ ਸਮੇਂ ਦੌਰਾਨ ਲਿਖੀਆਂ। 'ਧਰਤੀ ਪੁੱਤਰ' ਦੀਆਂ ਕਹਾਣੀਆ 1997 ਤੋਂ 2002 ਤੱਕ ਦੀਆਂ ਹਨ। ਲੇਖਕ ਨੂੰ ਬਹੁਤਾ ਕੁਝ ਸਮਾਜ ਹੀ ਦਿੰਦਾ ਹੈ- ਸਮਾਜ ਵਿੱਚ ਨਵੇਂ-ਨਵੇਂ ਮਸਲੇ ਪੈਦਾ ਹੋ ਰਹੇ ਹਨ। ਇਸ ਸਮੇਂ ਦੌਰਾਨ ਮੇਰਾ ਅਨੁਭਵ ਕੁਝ ਇਸ ਤਰ੍ਹਾਂ ਹੀ ਰਿਹਾ।

? : 'ਧਰਤੀ ਪੁੱਤਰ' ਸੰਗ੍ਰਹਿ ਦੀਆਂ ਕੁਝ ਕਹਾਣੀਆਂ ਨੂੰ ਫਾਰਮੂਲਾ ਟਾਈਪ ਕਹਾਣੀਆਂ ਸਮਿਝਆ ਜਾ ਰਿਹਾ ਹੈ। ਇੱਕ ਕਲਾਕਾਰ ਦੇ ਅੰਦਰੋਂ ਇਕੋ ਕਿਸਮ ਦਾ ਰਚਨਾਤਮਕ ਅਮਲ ਕਿਹੜੀਆਂ ਸਥਿਤੀਆਂ ਕਾਰਨ ਭਾਰੂ ਰਹਿੰਦਾ ਹੈ। ਨਾਲੇ ਇਹ ਦੱਸੋ ਤੁਹਾਡੀਆਂ ਇਨ੍ਹਾ ਕਹਾਣੀਆਂ 'ਚ ਨੀਵੀਂ ਜ਼ਾਤ ਦੇ ਮੁੰਡੇ ਤੇ ਉਚੀ ਜ਼ਾਤ ਦੀ ਕੁੜੀ ਦਾ ਪਿਆਰ ਕਿਉਂ ਦਿਖਾਇਆ ਜਾਂਦਾ ਹੈ, ਇਸ ਤੋਂ ਉਲਟ ਕਿਉਂ ਨਹੀ ਵਾਪਰਦਾ ਕਿਤੇ ਉੱਚੀ ਜਾਤ ਨਾਲ ਕੋਈ ਖੁੰਦਕ ਤਾਂ ਨਹੀ?

– ਜੀ ਬਿਲਕੁਲ ਨਹੀਂ। ਮੇਰੇ ਬਹੁਤ ਸਾਰੇ ਦੋਸਤ ਜੱਟ ਬਰਾਦਰੀ ਨਾਲ ਸਬੰਧਤ ਹਨ। ਇਹਨਾਂ ਕਹਾਣੀਆਂ ਦੇ ਅਸਲ ਕਾਰਨ ਮੇਰਾ ਆਲਾ ਦੁਆਲਾ ਵੀ ਸੀ। ਮੇਰੇ ਬਹੁਤ ਸਾਰੇ ਨਿਮਨ ਤਬਕੇ ਨਾਲ ਸਬੰਧਤ ਦੋਸਤਾਂ ਦੇ ਇੰਟਰ-ਕਾਸਟ ਵਿਆਹ ਹੋਏ ਹਨ, ਜਿਵੇਂ ਲਕਸ਼ਮੀ ਨਾਰਾਇਣ ਭੀਖੀ, ਨਰਿੰਦਰ ਸੱਤੀ, ਦੇਸ ਰਾਜ ਕਾਲੀ, ਪ੍ਰੋਫੈਸਰ ਅਜੀਤ ਲੰਗੇਰੀ, ਤੇ ਮੇਰੇ ਚਾਚੇ ਦੇ ਲੜਕੇ – ਇਹ ਸਭ ਘਟਨਾਵਾਂ ਨੇ ਮੈਨੂੰ ਲਿਖਣ ਲਈ ਪ੍ਰੇਰਿਤ ਕੀਤਾ।

? : ਕੀ ਤੁਸੀ ਹੁਣ ਤੀਕ ਦਲਿਤਾਂ ਬਾਰੇ ਲਿਖੀ ਕਹਾਣੀ ਤੋਂ ਸੰਤੁਸ਼ਟ ਹੋ, ਉਹ ਪੱਖ ਦੱਸੋ ਜਿਨ੍ਹਾਂ 'ਤੇ ਅਜੇ ਤੀਕ ਲਿਖਿਆ ਨਾ ਗਿਆ ਹੋਵੇ?

– ਦਲਿਤਾਂ ਬਾਰੇ ਕਈ ਬਹੁਤ ਵਧੀਆ ਕਹਾਣੀਆਂ ਲਿਖੀਆਂ ਗਈਆਂ ਹਨ। ਅਤਰਜੀਤ ਨੇ ਕਾਮਰੇਡ ਦੇ ਝੰਡੇ ਨੂੰ ਬੁਲੰਦ ਰੱਖਣ ਦੇ ਮੱਤ ਵਿੱਚ ਭਾਵੇਂ ਦਲਿਤ ਪਾਤਰ ਦੀ ਅਮੀਰੀ ਤੇ ਕਮੀਨਗੀ ਬਾਰੇ 'ਨੂੰਗਾਂ' ਕਹਾਣੀ ਲਿਖੀ ਪਰ ਉਹ ਬਹੁਤ ਵਧੀਆ ਸੀ। ਮੋਹਨ ਲਾਲ ਫਿਲੋਰੀਆ, ਦੇਸ ਰਾਜ ਕਾਲੀ, ਸਰੂਪ ਸਿਆਲਵੀ, ਗੁਰਮੀਤ ਕੜਿਆਨਵੀ ਤੇ ਭਗਵੰਤ ਰਸੂਲਪੁਰੀ ਸਾਡੇ ਤੋਂ ਬਾਅਦ ਦੇ ਵਧੀਆ ਕਹਾਣੀਕਾਰ ਹਨ।



ਆਪਣੇ ਪਰਿਵਾਰ ਦੇ ਬਜ਼ੁਰਗ ਨਾਲ ਬੈਠਾ ਪ੍ਰੇਮ ਗੋਰਖੀ।

? : ਤੁਸੀਂ ਆਪਣੇ ਕਹਾਣੀ ਸੰਗ੍ਰਹਿ 'ਜੀਣ-ਮਰਨ' ਅਤੇ 'ਅਰਜਨ ਸਫੈਦੀ ਵਾਲਾ' 'ਚ ਆਰਥਕ ਪੱਖੋਂ ਦੱਬੇ ਤੇ ਸਮਾਜਕ ਤੌਰ 'ਤੇ ਹੀਣੇ ਪਾਤਰਾਂ ਨੂੰ ਜ਼ਾਤੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ ਜਾਂ ਜਮਾਤੀ?

– ਮੈਂ ਕਹਾਣੀਆਂ ਦੋਹਾਂ ਪੱਖਾਂ ਨੂੰ ਲੈ ਕੇ ਲਿਖੀਆਂ ਹਨ। ਸਾਡਾ ਸਮਾਜਕ ਢਾਂਚਾ ਏਨਾ ਨਿੱਘਰਿਆ ਹੋਇਆ ਹੈ ਕਿ ਅੱਜ ਵੀ ਜ਼ਾਤੀ ਵਿਸ਼ੇਸ਼ ਵੱਲ ਹੀ ਤਵੱਜੋ ਦਿੱਤੀ ਜਾਂਦੀ ਹੈ। ਮੈਂ ਨਾਵਲੈੱਟ 'ਤਿੱਤਰ ਖੰਭੀ ਜੂਹ' ਨੂੰ ਵਿਚਾਰਾਤਮਕ ਪੱਧਰ 'ਤੇ ਲਿਖਿਆ ਸੀ।

? : ਆਪ ਦੀ ਕਿਹੜੀ ਕਹਾਣੀ 'ਚ 'ਅਰਜਨ ਸਫੈਦੀ ਵਾਲਾ' ਲੁਕਿਆ ਹੋਇਆ ਹੈ?

– ਮੇਰੀ ਕੋਈ ਕਹਾਣੀ ਨਹੀਂ ਜਿਸ ਦਾ ਨਾਂ 'ਅਰਜਨ ਸਫੈਦੀ ਵਾਲਾ' ਹੋਵੇ।

? : 'ਤਿੱਤਰ ਖੰਭੀ ਜੂਹ' ਨਾਵਲੈੱਟ 'ਚ ਤੁਸੀਂ ਕਿਹੜੀ ਨਵੀਂ ਗੱਲ ਪੇਸ਼ ਕੀਤੀ ਹੈ ਨਾਲੇ ਇਹ ਦੀ ਸਿਰਜਣ ਪ੍ਰਕਿਰਿਆ ਬਾਰੇ ਦੱਸੋ?

– ਇਸ ਨਾਵਲੈੱਟ ਨੂੰ ਲਿਖਣ ਵੇਲੇ ਮੇਰੇ 'ਤੇ ਨਕਸਲਵਾੜੀ ਲਹਿਰ ਦਾ ਪ੍ਰਭਾਵ ਸੀ। ਇਸ ਵਿਚਲਾ ਮਸਲਾ ਵੱਡਾ ਸੀ- ਖੇਤ ਮਜ਼ਦੂਰ, ਕਿਸਾਨਾਂ ਤੇ ਆੜ੍ਹਤੀਆਂ ਦਾ ਮਸਲਾ ਸੀ। ਤਿੰਨੋ ਵੱਖੋ-ਵੱਖ ਤ੍ਰਾਸਦੀਆਂ ਦੇ ਸ਼ਿਕਾਰ ਹਨ, ਤਿੰਨੋਂ ਪੰਜਾਬ ਦੀ ਆਰਥਕਤਾ ਦਾ ਆਧਰ ਹਨ ਪਰ ਤਿੰਨੋਂ ਆਪਣੇ-ਆਪਣੇ ਹੱਕਾਂ ਲਈ ਜੂਝ ਰਹੇ ਹਨ। ਦੋ ਧਿਰਾਂ ਮਾੜੀ ਧਿਰ ਦਾ ਹਰ ਪੱਖੋਂ ਸ਼ੋਸ਼ਣ ਕਰ ਰਹੀਆਂ ਹਨ- ਆਰਥਿਕ ਵੀ 'ਤੇ ਜਿਸਮਾਨੀ ਵੀ, ਕਿਸਾਨ ਦੀ ਆੜ੍ਹਤੀਆ ਧਿਰ ਸ਼ੋਸ਼ਣ ਕਰਦੀ ਹੈ। ਇਉਂ ਕਈ ਪੱਖ ਸਨ। ਵਿਅਕਤੀਗਤ ਪੱਧਰ 'ਤੇ ਇਹ ਸਾਰਾ ਕੁਝ ਕਹਾਣੀਆਂ ਵਿੱਚ ਨਹੀਂ ਸੀ ਕਿਹਾ ਜਾ ਸਕਦਾ, ਜਿਸ ਕਰਕੇ ਨਾਵਲੈੱਟ ਲਿਖਣਾ ਪਿਆ।

? : ਆਪ ਦੀ ਕਹਾਣੀ 'ਬਚਨਾ ਬੱਕਰ ਵੱਢ' ਕਿਨ੍ਹਾਂ ਪ੍ਰਸਥਿਤੀਆਂ ਦੀ ਦੇਣ ਹੈ?

– ਬੜੇ ਘੱਟ ਲੇਖਕ ਹੋਏ ਹਨ ਜਿਨ੍ਹਾਂ ਨੇ ਪੰਜਾਬ ਦੇ ਮਾੜੇ ਹਾਲਾਤ (1984 ਤੋਂ 90 ਤੱਕ) ਦੌਰਾਨ ਮਾਹੌਲ ਖ਼ਰਾਬ ਕਰਨ ਵਾਲੀਆਂ ਤਾਕਤਾਂ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਹਾਲਤਾਂ ਨੇ ਪੰਜਾਬ ਨੂੰ ਹਲੂਣਿਆ ਸੀ। ਮੇਰੀ ਸੋਚ ਅਨੁਸਾਰ ਅਜਿਹੀ ਲੜਾਈ ਵਿੱਚ ਸ਼ਾਮਲ ਦੋਹਾਂ ਦੇ ਹਿੱਤ ਜਦੋਂ ਕਿਸੇ ਟਰਨਿੰਗ ਪੁਆਇੰਟ ਆ ਕੇ ਟਕਰਾਉਣ ਦੀ ਬਜਾਏ ਆਪਸੀ ਪਛਾਣ 'ਚ ਉਲਝਣ ਉਦੋਂ 'ਬੱਕਰਾ ਵੱਢ' ਜਨਮ ਲੈਦੀਂ ਹੈ।

? : ਤੁਹਾਡੀਆਂ ਕਹਾਣੀਆਂ ਵਿੱਚ ਫੈਲਾਓ ਬਹੁ-ਪਸਾਰੀ ਹੈ ਪਰ ਨਿਭਾਅ ਕਿਸੇ ਇਕ ਨੁਕਤੇ 'ਤੇ ਵੀ ਨਹੀ, ਅਜਿਹਾ ਕਿਉਂ?

– ਤੁਹਾਡੇ ਇਸ ਸਵਾਲ ਨਾਲ ਮੈਂ ਸਹਿਮਤ ਨਹੀਂ ਹਾਂ। ਮੈਂ ਕਹਾਣੀ ਦੀ ਵਿਉਂਤ ਕਹਾਣੀ ਦਾ ਅੰਤ ਤੇ ਕਹਾਣੀ ਅੰਦਰ ਦੀ ਰੌਚਕਤਾ ਸਮੇਂ ਹੋਰ ਨੁਕਤਿਆਂ ਵੱਲ ਵੀ ਧਿਆਨ ਕੇਂਦਰਿਤ ਰੱਖਦਾ ਹਾਂ, ਇਹ ਫੈਲਾਓ ਹੁੰਦਾ ਵੀ ਹੈ ਤਾਂ ਨਿਭਾਓ ਸਥਿਤੀ ਅਨੁਸਾਰ ਨੁਕਤਿਆਂ ਉਪਰ ਹੁੰਦਾ ਹੈ, ਤਦ ਹੀ ਕਹਾਣੀ ਸੰਪੂਰਨ ਹੁੰਦੀ ਹੈ, ਜਾਂ ਤੁਸੀ ਆਖੋ ਕਹਾਣੀਆਂ ਅਧੂਰੀਆਂ ਹਨ ਜਾਂ ਕੋਈ ਹੋਰ ਗੱਲ।

? : ਤੁਹਾਡੀਆਂ ਕਹਾਣੀਆਂ ਦੇ ਸਿਰਲੇਖ ਇਕਹਿਰੇ ਤੇ ਵਿਅੰਜਨਾਤਮਕ ਅਰਥ ਭਰਪੂਰ ਮੰਨੇ ਜਾਂਦੇ ਨੇ। ਆਮ ਪਾਠਕ ਕਿਵੇਂ ਸਮਝੇ?

– ਮੇਰੀ ਸੋਚ ਇਹ ਹੈ ਕਿ ਮੇਰਾ ਆਮ ਪਾਠਕ ਵੀ ਆਮ ਜਿਹਾ ਨਾ ਹੋਵੇ, ਉਹ ਗੱਲ ਨੂੰ ਤਾਂ ਫੜੇ। ਰਚਨਾ ਵਿੱਚ ਬਥੇਰੀ ਵਾਰੀ ਲੁਕਵੇਂ ਅੱਖਰਾਂ ਵਿੱਚ ਲੁਕਵੀਂ ਭਾਸ਼ਾ ਵਿੱਚ ਗੱਲ ਕੀਤੀ ਹੁੰਦੀ ਹੈ। ਬਹੁਤੇ ਲੇਖਕ ਇਸ ਤਕਨੀਕ ਦੀ ਵਰਤੋਂ ਕਰਦੇ ਹਨ। ਪਾਠਕ ਨੂੰ ਸਾਹਿਤ-ਮੰਥਨ ਕਰਦਿਆਂ ਬੜਾ ਸੁਚੇਤ ਹੋਣਾ ਪੈਂਦਾ ਹੈ।

? : ਆਪਣੀ ਨਿਵੇਕਲੀ ਭਾਸ਼ਾ ਸ਼ੈਲੀ ਬਾਰੇ ਕੀ ਕਹੋਗੇ?

– ਮੇਰੀਆਂ ਕਹਾਣੀਆਂ ਦੀ ਬੋਲੀ ਜਾਂ ਸ਼ੈਲੀ ਦੁਆਬੀ ਹੈ, ਤੁਹਾਨੂੰ ਮਾਲਵੇ ਵਾਲਿਆਂ ਨੂੰ ਸ਼ਾਇਦ ਕੁਝ ਨਿਵੇਕਲੀ ਲੱਗਦੀ ਹੋਵੇ। ਜਿਵੇਂ ਸਾਨੂੰ ਦੁਆਬੀਆਂ ਨੂੰ ਮਲਵਈ ਜਾਂ ਮਾਝੀ। ਮੇਰੀਆਂ ਪਹਿਲੀਆਂ ਰਚਨਾਵਾਂ ਦਾ ਰੰਗ ਮਲਵਈ ਹੈ ਲੁਧਿਆਣੇ ਨੇੜਲੇ ਇਲਾਕੇ ਦਾ ਪਰ ਹੌਲੀ-ਹੌਲੀ ਮੈਂ ਆਪਣੀ ਬੋਲੀ, ਸ਼ੈਲੀ ਪਰਤ ਆਇਆ ਹਾਂ।



ਫਗਵਾੜੇ ਦੇ ਨੇੜੇ ਕੈਨੇਡਾ ਵਾਸੀ ਸਾਹਿਤਕਾਰ ਸਾਧੂ ਵੀਨਿੰਗ ਦੇ ਪਿੰਡ ਵਿਖੇ ਕੀਤੀ ਗਈ ਕਹਾਣੀਕਾਰਾਂ ਦੀ ਮੀਟਿੰਗ 'ਦੀਵਾ ਬਲੇ ਸਾਰੀ ਰਾਤ'

? : ਆਪ ਦੀ ਕਿਹੜੀ ਕਹਾਣੀ ਵੱਧ ਚਰਚਿਤ ਰਹੀ?

– ਇੱਕ ਸਮੇਂ ਮੇਰੀ 'ਅਫ਼ਸਰ' ਕਹਾਣੀ ਬਹੁਤ ਚਰਚਿਤ ਹੋਈ ਸੀ। ਉਸ 'ਚ ਸਾਡੇ ਛੋਟੇ ਕਲਰਕ ਟਾਈਪ ਲੋਕਾਂ ਦਾ ਜ਼ਿਕਰ ਸੀ, ਜਿਨ੍ਹਾਂ ਨੂੰ ਪੇਂਡੂ ਅਨਪੜ੍ਹ, ਲੋਕ ਅਫ਼ਸਰ ਹੀ ਸਮਝਦੇ ਸਨ ਤੇ ਇਹ ਅਫ਼ਸਰ ਆਪਣੇ ਅਧੀਨ ਚਪੜਾਸੀ ਕੋਲੋਂ ਉਹਦੇ ਪਿੰਡ ਜਾ ਕੇ ਕੀ ਮੰਗਦੇ ਤੇ ਤਵੱਕੋ ਰੱਖਦੇ ਹਨ, ਅਜਿਹੇ ਮਾਹੌਲ ਨੂੰ ਮੈਂ ਸਿਰਜਿਆ ਸੀ। ਇਸ ਤੋਂ ਬਾਅਦ 'ਜੀਣ-ਮਰਨ' ਵੀ ਬਹੁਤ ਚਰਚਿਤ ਰਹੀ। ਨਾਵਲੈੱਟ 'ਤਿੱਤਰ ਖੰਭੀ ਜੂਹ' ਨੇ ਲੰਮਾ ਸਮਾਂ ਲੋਕਾਂ ਦੇ ਦਿਲ 'ਤੇ ਰਾਜ ਕੀਤਾ। ਇਸੇ ਤਰ੍ਹਾਂ 'ਕੁੰਡਾ' 'ਇਕ ਟਿਕਟ ਰਾਮਪੁਰਾਫੂਲ' 'ਭਲਾ ਇਉਂ' ਵੀ ਕੋਈ ਜਿਉਂਦਾ' ਚਰਚਾ ਦਾ ਵਿਸ਼ਾ ਰਹੀਆਂ ਹਨ।

? : ਜ਼ਿੰਦਗੀ ਦੀ ਕੋਈ ਅਜਿਹੀ ਘਟਨਾ ਜੋ ਮਨ-ਮਸਤਕ 'ਤੇ ਉੱਕਰ ਗਈ ਹੋਵੇ?

– ਕਿਤਾਬਾਂ ਦੇ ਗਿਆਨ ਨੇ ਜਾਂ ਖਾਲਸਾ ਕਾਲਜ 'ਚ ਮਿਲਦੇ ਵਿਦਵਾਨ ਲੋਕਾਂ ਦੇ ਸਾਥ ਨੇ ਮੇਰਾ ਦਿਮਾਗ ਹੋਰ ਪਾਸੇ ਪਾ ਦਿੱਤਾ ਸੀ ਤੇ ਮੈਂ ਪਿੰਡ ਦੇ ਹੋਰ ਲੋਕਾਂ ਨਾਲੋਂ ਬੜਾ ਵੱਖਰਾ, ਉਚਾ-ਉਚਾ ਤੇ ਨਿਵੇਕਲੀ ਸੋਚ ਵਾਲਾ ਸਮਝਣ ਲੱਗ ਪਿਆ ਸੀ ਪਰ ਸਾਡੇ ਘਰਾਂ ਤੋਂ ਬਾਹਰ ਆ ਕੇ ਵਸੇ ਤੇ ਰਤਾ ਕੁ ਆਰਥਕ ਪੱਖੋਂ ਸਾਡੇ ਘਰਾਂ ਨਾਲੋਂ ਚੰਗਾ ਹੋਣ ਕਰਕੇ ਕਰਤਾਰ ਸਿੰਘ ਸਾਡੇ ਘਰਾਂ, ਸਾਡੇ ਤਾਇਆਂ, ਚਾਚਿਆਂ ਤੇ ਬਾਬਿਆਂ, ਦਾਦਿਆਂ ਨੂੰ ਉਹ ਹੈਂਕੜ ਨਾਲ ਵਗਾਰੀਂ ਰਲਾਈ ਰੱਖਦਾ। ਮੈਨੂੰ ਇਹ ਗੱਲਾਂ ਚੁਭਦੀਆਂ ਸਨ ਤੇ ਮੈਂ ਆਪਣੇ ਘਰਦਿਆਂ ਨੂੰ ਵੀ ਰੋਕਦਾ ਸੀ। ਕਿਸੇ ਨੇ ਕਰਤਾਰ ਸਿੰਘ ਦੇ ਕੰਨ ਮੇਰੇ ਵਿਰੁੱਧ ਭਰ ਦਿੱਤੇ। ਕਰਤਾਰ ਸਿੰਘ ਪੁਲਿਸ ਦਾ ਟਾਉਟ ਵੀ ਸੀ ਤੇ ਥਾਣਿਆਂ 'ਚ ਉਹਦੀ ਚੱਲਦੀ ਵੀ ਸੀ। ਕਰਤਾਰ ਸਿੰਘ ਨੇ ਇੱਕ ਦਿਨ ਸਾਈਕਲ ਮੈਨੂੰ ਫੜਾ ਕੇ ਕਿਹਾ ਕਿ 'ਪ੍ਰੇਮ ਇਹਨੂੰ ਗਿੰਦੂ ਕੋਲ ਲੈ ਕੇ ਜਾਈਂ ਤੇ ਕਹੀਂ ਕਿ ਇਹਦਾ ਅਗਲਾ ਟਾਇਰ ਦੂਜੇ ਨਾਲ ਬਦਲ ਦੇਵੇ'। ਮੈਂ ਗਿੰਦੂ ਕੋਲ ਸਾਈਕਲ ਲੈ ਗਿਆ ਤੇ ਉਹਦੇ ਕੋਲ ਖੜਾ ਕਰ ਕਾਲਜ ਨੂੰ ਚਲਿਆ ਗਿਆ ਪਰ ਮੈਨੂੰ ਕਿਸੇ ਆ ਕੇ ਦੱਸਿਆ ਕਿ ਤੇਰੇ ਭਾਈਏ ਨੂੰ ਪੁਲਿਸ ਫੜ ਕੇ ਲੈ ਗਈ 'ਅਖੇ ਤੇਰਾ ਮੁੰਡਾ ਪ੍ਰੇਮ ਚੋਰੀ ਦਾ ਸਾਈਕਲ ਇਥੇ ਦੇ ਗਿਆ'। ਦੂਜੇ ਦਿਨ ਥਾਣੇ ਜਾ ਕੇ ਮੈਂ ਸਾਰੀ ਗੱਲ ਥਾਣੇਦਾਰ ਨੂੰ ਦੱਸੀ ਪਰ ਉਹਨੇ ਨਾ ਸੁਣੀ। ਫਿਰ ਕਦੇ ਹਵਾਲਾਤ, ਕਦੇ ਸੀ.ਆਈ.ਏ ਸਟਾਫ, ਫਿਰ ਛਾਉਣੀ ਦੀ ਮਾਰ ਡਾਢਾ ਪੁਲਿਸ ਤਸ਼ੱਦਦ ਝੱਲਿਆ ਮੈਂ, ਹੁਣ ਤੱਕ ਵੀ ਇਹ ਡਰਾਉਣਾ ਹਾਦਸਾ ਮਨ ਮਸਤਕ 'ਤੇ ਉਕਰਿਆ ਪਿਆ ਹੈ।

? : ਕੀ ਲੇਖਕ ਨੂੰ ਪਾਤਰਾਂ ਤੋਂ ਪਰ੍ਹੇ ਹੋ ਕੇ ਖਲੋ ਜਾਣਾ ਚਾਹੀਦੇ ਹੈ ਜਾਂ ਆਪ ਪਾਤਰਾਂ ਦੇ ਰੂਪ 'ਚ ਆਉਣਾ ਚਾਹੀਦੇ ਹੈ?

– ਲੇਖਕ ਪਾਤਰਾਂ ਦੇ ਨਾਲ ਜ਼ਰੂਰ ਰਹੇ ਭਾਵੇਂ ਪਾਤਰਾਂ ਦੇ ਰੂਪ 'ਚ ਆਏ ਜਾਂ ਨਾ ਆਏ।

? : ਕਲਪਨਾ, ਅਧਿਐਨ ਤੇ ਤਜਰਬਾ ਕਹਾਣੀ ਲਿਖਣ ਲਈ ਕਿਸ ਦੀ ਵਧੇਰੇ ਲੋੜ ਹੁੰਦੀ ਹੈ?

– ਦੇਖੋ ਲੋੜ ਤਾਂ ਤਿੰਨਾਂ ਦੀ ਹੁੰਦੀ ਹੈ ਪਰ ਕਲਪਨਾ ਨਾਲੋਂ ਵਧੇਰੇ ਤਜ਼ਰਬਾ ਤੇ ਅਧਿਐਨ ਕੰਮ ਕਰਦਾ ਹੈ।

? : ਕੀ ਤੁਹਾਡੇ ਪਾਤਰ ਤੁਹਾਡੇ ਤੋਂ ਬਾਗੀ ਵੀ ਹੋ ਜਾਂਦੇ ਹਨ?

– ਮੇਰੇ ਪਾਤਰ ਭਾਵੇਂ ਪੂਰੀ ਤਰ੍ਹਾਂ ਮੇਰੇ ਹੱਥ ਵੱਸ ਹੁੰਦੇ ਹਨ, ਪਰ ਕਈ ਵਾਰ ਕਹਾਣੀ ਦੇ ਹਿਸਾਬ ਨਾਲ ਪਾਤਰਾਂ 'ਚ ਤਬਦੀਲੀ ਵੀ ਆ ਜਾਂਦੀ ਹੈ।

? : ਕੀ ਕਹਾਣੀ ਨਾਵਲ ਤੋਂ ਅਗਲੀ ਪੌੜੀ ਹੈ?

– ਅਗਲੀ ਪੌੜੀ ਨਹੀ ਦੋਵੇਂ ਆਪਸ 'ਚ ਸੁਤੰਤਰ ਵਿਧਾਵਾਂ ਹਨ।

? : ਅੱਜ ਪੰਜਾਬੀ ਕਹਾਣੀ ਕਿੱਥੇ ਖੜ੍ਹੀ ਹੈ?

– ਪੰਜਾਬੀ ਕਹਾਣੀ ਅੱਜ ਬਹੁਤ ਤਰੱਕੀ ਵਿੱਚ ਹੈ। ਨਵੇਂ ਕਹਾਣੀਕਾਰਾਂ ਨੇ ਬਹੁਤ ਸਾਰੇ ਨਵੇਂ ਵਿਸ਼ੇ ਕਹਾਣੀ ਵਿੱਚ ਲਿਆਂਦੇ ਹਨ।

? : ਕਹਾਣੀ ਲਿਖਣੀ ਸੌਖੀ ਹੈ ਜਾਂ ਨਾਵਲ?

– ਕਹਾਣੀ ਲਿਖਣੀ ਨਾਵਲ ਤੋਂ ਸੌਖੀ ਹੈ, ਇਹ ਮੈਂ ਇਮਾਨਦਾਰੀ ਨਾਲ ਕਬੂਲਦਾ ਹਾਂ।

? : ਪਾਠਕਾਂ, ਆਲੋਚਕਾਂ ਦਾ ਹੁੰਗਾਰਾ?

– ਪਾਠਕਾਂ ਦਾ ਹੁੰਗਾਰਾ ਤਾਂ ਠੀਕ ਰਿਹਾ ਹੈ ਅਸਲ 'ਚ ਮੈਨੂੰ ਲੋਕਾਂ ਨੇ ਸਾਹਿਤਕਾਰ ਨਾਲੋਂ ਵੱਧ ਪੱਤਰਕਾਰ ਕਰਕੇ ਪਛਾਣਿਆ ਹੈ। ਰਹੀ ਗੱਲ ਆਲੋਚਕਾਂ ਦੀ, ਉਹਨਾਂ ਨੂੰ ਤਾਂ ਬਾਹਰਲੇ (ਵਿਦੇਸ਼ੀ) ਲੇਖਕਾਂ ਦੇ ਕਸੀਦੇ ਪੜ੍ਹਨ ਤੋਂ ਵਿਹਲ ਨਹੀਂ ਮਿਲਦੀ। ਹੁਣ ਪੰਜਾਬੀ ਆਲੋਚਕ ਪਹਿਲੇ ਆਲੋਚਕਾਂ ਵਰਗੇ ਨਹੀਂ ਰਹੇ। ਹੁਣ ਤਾਂ ਧੜ੍ਹੇ ਬਣੇ ਹੋਏ ਹਨ। ਪਰ ਫਿਰ ਵੀ ਮੇਰੇ ਬਾਰੇ ਡਾ. ਰਘਬੀਰ ਸਿੰਘ 'ਸਿਰਜਣਾ' ਨੇ ਜ਼ਰੂਰ ਲਿਖਿਆ ਹੈ, ਉਹ ਬਹੁਤ ਬਾਰੀਕ ਬੁੱਧੀ ਵਾਲਾ ਆਲੋਚਕ ਹੈ। ਉਨ੍ਹਾਂ ਮੈਨੂੰ 'ਦਲਿਤ ਅਨੁਭਵ ਤੇ ਦਲਿਤ ਚੇਤਨਾ' ਦਾ ਮੁੱਢਲਾ ਕਥਾਕਾਰ ਕਿਹਾ ਹੈ।

? : ਲੇਖਕ ਲਈ ਇਨਾਮਾਂ-ਸਨਮਾਨਾਂ ਦੀ ਕੀ ਮਹੱਤਤਾ ਹੈ?

– ਇਨਾਮਾਂ-ਸਨਮਾਨਾਂ ਨਾਲ ਲੇਖਕ ਦਾ ਨਾਂ ਜ਼ਰੂਰ ਵੱਡਾ ਹੋ ਜਾਂਦਾ ਹੈ, ਪਰ ਰਚਨਾ ਨਹੀਂ। ਮੈਨੂੰ ਵੀ ਇਨਾਮ ਤਾਂ ਕਈ ਮਿਲੇ ਨੇ ਪਰ ਦਿੱਲੀ 'ਚ ਮਿਲੇ ਡਾ. ਅੰਬੇਡਕਰ ਇਨਾਮ ਨੂੰ ਜ਼ਿਕਰਯੋਗ ਕਹਿ ਸਕਦੇ ਹਾਂ।

? : ਲਿਖਣ ਵੇਲੇ ਕੋਈ ਖ਼ਾਸ ਮਾਹੌਲ?

– ਨਹੀਂ।

? : ਪੱਤਰਕਾਰੀ ਵਰ ਰਹੀ ਜਾਂ ਸਰਾਪ?

– ਪੱਤਰਕਾਰੀ ਤਾਂ ਵਰ ਰਹੀ ਇਸਦੇ ਸਿਰ 'ਤੇ ਹੀ ਮਾਣ-ਤਾਣ ਹੋਇਆ ਹੈ, ਨਾਲੇ ਵਿਦੇਸ਼ਾਂ 'ਚ ਚੱਕਰ ਮਾਰ ਸਕਿਆ ਹਾਂ।

? : ਸਮਕਾਲੀਆਂ ਤੋਂ ਕੀ ਵੱਖਰਾ ਲਿਖਿਆ ਹੈ?

– ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ ਉਦੋਂ ਮੇਰੇ ਸਾਹਮਣੇ ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦੀਵਾ' ਸੀ। ਉਸਦਾ ਪਾਤਰ ਮੈਨੂੰ ਬੜਾ ਕਮਜ਼ੋਰ ਤੇ ਗਲੈਮਰ ਭਰਿਆ ਲੱਗਿਆ। ਅਸਲ 'ਚ ਮੈਂ ਆਪਣੀਆਂ ਰਚਨਾਵਾਂ 'ਚ ਦਲਿਤਾਂ ਦੇ ਜੀਵਨ ਦਾ ਕਰੂਰ ਯਥਾਰਥ ਪੇਸ਼ ਕੀਤਾ ਹੈ।

? : ਤੁਸੀਂ ਦਲਿਤਵਾਦੀ ਕਹਾਣੀਕਾਰ ਹੋ ਜਾਂ ਪ੍ਰਗਤੀਵਾਦੀ?

– ਮੈਂ ਦੱਬੇ-ਕੁਚਲੇ ਤੇ ਗਰੀਬ ਲੋਕਾਂ ਦਾ ਕਹਾਣੀਕਾਰ ਹਾਂ।

? : ਕੁਝ ਹੋਰ ਕਹਿਣਾ ਚਾਹੋਗੇ?

– ਮੇਰੇ ਖ਼ਿਆਲ ਤੁਸੀਂ ਬਹੁਤ ਪੁੱਛ ਲਿਆ।

ਇਕ ਮੁਲਾਕਾਤ ਇਹ ਵੀ

ਤਸਲੀਮਾ ਨਸਰੀਨ ਨਾਲ ਕਲੋਲ ਚੱਕਰਵਰਤੀ ਦੀ ਗੱਲਬਾਤ

ਜਿੰਨੀਆਂ ਪਾਬੰਦੀਆਂ ਲਗਾਓਗੇ, ਓਨੀ ਮਜ਼ਬੂਤ ਮੈਨੂੰ ਪਾਓਗੇ

ਕੋਲਕਾਤਾ ਪੁਸਤਕ ਮੇਲੇ 'ਚ ਪ੍ਰਸਿੱਧ ਅਤੇ ਵਿਵਾਦਮਈ ਲੇਖਿਕਾ ਤਸਲੀਮਾ ਨਸਰੀਨ ਦੀ ਜੀਵਨੀ 'ਨਿਰਬਾਸਨ' ਦੀ ਘੁੰਡ ਚੁਕਾਈ ਰੋਕ ਦਿੱਤੀ ਗਈ। ਕਦੇ ਕੋਲਕਾਤਾ ਨੂੰ ਆਪਣਾ ਦੂਸਰਾ ਘਰ ਦੱਸਣ ਵਾਲੀ ਤਸਲੀਮਾ ਹਾਲੇ ਭਾਰਤ ਵਿਚ ਹੀ ਜਲਾਵਤਨੀ ਦਾ ਦਰਦ ਸਹਿਣ ਕਰ ਰਹੀ ਹੈ। ਇਕ ਸਾਹਿਤਕਾਰ ਲਈ ਉਸ ਦੀ ਕਿਤਾਬ ਅਤੇ ਉਸ 'ਤੇ ਪਾਬੰਦੀ ਲਾਉਣ ਦਾ ਕੀ ਮਤਲਬ ਹੁੰਦਾ ਹੈ? ਆਪਣੀਆਂ ਜੜ੍ਹਾਂ ਤੋਂ ਉਖੜਣ ਦਾ ਦਰਦ ਕਿਹੋ ਜਿਹਾ ਹੁੰਦਾ ਹੈ? ਉਨ੍ਹਾਂ ਨਾਲ ਟੈਲੀਫੋਨ 'ਤੇ ਹੋਈ ਲੰਬੀ ਗੱਲਬਾਤ ਦੇ ਚੋਣਵੇਂ ਅੰਸ਼:

? : ਕੋਲਕਾਤਾ ਪੁਸਤਕ ਮੇਲੇ ਵਿਚ ਪਿਛਲੇ ਦਿਨੀਂ ਤੁਹਾਡੀ ਜੀਵਨੀ ਦੇ ਸੱਤਵੇਂ ਅੰਕ 'ਨਿਰਬਾਸਨ' ਦੀ ਘੁੰਡ ਚੁਕਾਈ ਨਹੀਂ ਹੋਣ ਦਿੱਤੀ ਗਈ। ਇਸ 'ਤੇ ਤੁਹਾਡੀ ਪ੍ਰਤੀਕਿਰਿਆ ਕੀ ਹੈ?

– ਇਹ ਸਚਮੁੱਚ ਹੀ ਮੰਦਭਾਗਾ ਸੀ। ਕੁਝ ਮੁੱਠੀ ਭਰ ਲੋਕਾਂ ਨੇ ਫਿਰ ਆਪਣਾ ਇਰਾਦਾ ਸਾਫ ਕਰ ਦਿੱਤਾ। ਇਕ ਜਮ੍ਹੂਰੀ ਦੇਸ਼ ਵਿਚ ਅਜਿਹਾ ਕਦੇ ਵੀ ਨਹੀਂ ਹੋਣਾ ਚਾਹੀਦਾ ਸੀ। ਹਾਲਾਂਕਿ ਉਸੇ ਕੋਲਕਾਤਾ ਪੁਸਤਕ ਮੇਲੇ ਵਿਚ ਮੇਰੀ ਉਹ ਕਿਤਾਬ ਹੱਥੋਂ-ਹੱਥੀ ਵਿਕੀ ਹੈ। ਮੈਂ ਪਹਿਲਾਂ ਵੀ ਕਹਿ ਚੁੱਕੀ ਹਾਂ, ਹੁਣ ਵੀ ਕਹਿ ਰਹੀ ਹਾਂ ਕਿ ਵਿਵਾਦਾਂ ਦੇ ਕਾਰਨ ਮੇਰੀਆਂ ਪੁਸਤਕਾਂ ਵਿਕਣ, ਇਹ ਮੈਂ ਕਦੇ ਨਹੀਂ ਚਾਹੁੰਦੀ। ਫਿਰ ਵੀ ਕੋਲਕਾਤਾ ਵਿਚ ਮੇਰੀ ਕਿਤਾਬ ਦੀ ਲਾਂਚਿੰਗ ਰੋਕਣ ਦੀ ਘਟਨਾ ਨਿੰਦਣਯੋਗ ਤਾਂ ਸੀ ਹੀ, ਜਿਸ ਦਾ ਮੈਂ ਪੁਰਜ਼ੋਰ ਵਿਰੋਧ ਕਰਦੀ ਹਾਂ। ਇਸ ਤੋਂ ਪਹਿਲਾਂ ਜੈਪੁਰ ਸਾਹਿਤ ਉਤਸਵ ਵਿਚ ਸਲਮਾਨ ਰਸ਼ਦੀ ਨੂੰ ਨਹੀਂ ਆਉਣ ਦਿੱਤਾ ਗਿਆ। ਹੋਰ ਤਾਂ ਹੋਰ ਬਾਅਦ ਵਿਚ ਉਨ੍ਹਾਂ ਦੀ ਵੀਡੀਓ ਕਾਨਫਰੰਸਿੰਗ ਵੀ ਰੱਦ ਕਰ ਦਿੱਤੀ ਗਈ।

ਭਾਰਤ ਵਰਗੇ ਦੇਸ਼ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਚਿੰਤਾਜਨਕ ਹਨ। ਜਦੋਂ ਸਲਮਾਨ ਰਸ਼ਦੀ ਜੈਪੁਰ ਸਾਹਿਤ ਉਤਸਵ ਵਿਚ ਸੱਦੇ ਗਏ ਸਨ, ਤਦ ਹਰ ਹਾਲ ਵਿਚ ਉਨ੍ਹਾਂ ਨੂੰ ਆਉਣ ਦੇਣਾ ਚਾਹੀਦਾ ਸੀ। ਜੇਕਰ ਉਨ੍ਹਾਂ ਨੂੰ ਨਾ ਆਉਣ ਲਈ ਕੁਝ ਲੋਕ ਅੜੇ ਸਨ, ਤਾਂ ਸਰਕਾਰ ਦੀ ਜ਼ਿੰਮੇਵਾਰੀ ਸੀ ਕਿ ਉਹ ਉਨ੍ਹਾਂ ਨੂੰ ਹਰ ਸੰਭਵ ਸੁਰੱਖਿਆ ਮੁਹੱਈਆ ਕਰਵਾਉਂਦੀ, ਪਰ ਅਜਿਹਾ ਨਾ ਕਰਕੇ ਤਰ੍ਹਾਂ-ਤਰ੍ਹਾਂ ਦੇ ਬਹਾਨੇ ਲਗਾਏ ਗਏ। ਅਜਿਹਾ ਕਰਕੇ ਆਖਿਰ ਤੁਸੀਂ ਕੀ ਸੰਦੇਸ਼ ਦੇਣਾ ਚਾਹੁੰਦੇ ਹੋ? ਵਾਰ-ਵਾਰ ਕੁਝ ਕੱਟੜਪੰਥੀਆਂ ਨੂੰ ਕਿਉਂ ਖੁਸ਼ ਕੀਤਾ ਜਾਂਦਾ ਹੈ?

? : 'ਲੱਜਾ', 'ਆਮਾਰ ਮੇਯੇਬੇਲਾ', 'ਉਤਾਲ ਹਾਵਾ', 'ਦਿਖੰਡਿਤੋ', 'ਕਾਅ', 'ਸੇਈ ਸਭ ਅੰਧੋਕਾਰ' ਵਰਗੀਆਂ ਤੁਹਾਡੀਆਂ ਕਿਤਾਬਾਂ ਇਥੋਂ ਲੈ ਕੇ ਉਥੋਂ ਤੱਕ ਪਾਬੰਦੀਸ਼ੁਦਾ ਹਨ। ਕਿਤਾਬਾਂ 'ਤੇ ਪਾਬੰਦੀ ਲਗਾਉਣ ਅਤੇ ਜਲਾਵਤਨੀ ਜੀਵਨ ਬਿਤਾਉਣ ਦੇ ਬਾਵਜੂਦ ਤੁਹਾਨੂੰ ਲਗਾਤਾਰ ਲਿਖਣ ਦੀ ਊਰਜਾ ਕਿਥੋਂ ਮਿਲਦੀ ਹੈ?

– ਨਿਰੰਤਰ ਲਿਖਦੇ ਰਹਿਣ ਦੀ ਇਹ ਪ੍ਰੇਰਣਾ ਮੈਨੂੰ ਕਿਤੇ ਬਾਹਰ ਤੋਂ ਨਹੀਂ, ਬਲਕਿ ਆਪਣੇ ਅੰਦਰ ਤੋਂ ਮਿਲਦੀ ਹੈ। ਮੇਰੇ ਅੰਦਰ ਦੀ ਇਸਤਰੀ ਮੈਨੂੰ ਜਲਾਈ ਰੱਖਦੀ ਹੈ। ਮੈਂ ਜਿੰਨਾ ਜ਼ਿਆਦਾ ਟੁੱਟਦੀ ਹਾਂ, ਉਨਾ ਹੀ ਅੰਦਰ ਤੋਂ ਮਜਬੂਤ ਹੁੰਦੀ ਜਾਂਦੀ ਹਾਂ।

? : ਇਕ ਭਾਈਚਾਰੇ ਵਿਸ਼ੇਸ਼ ਦਾ ਦੋਸ਼ ਹੈ ਕਿ ਤੁਹਾਡੀਆਂ ਕਿਤਾਬਾਂ ਫਿਰਕੂ ਸੱਦਭਾਵ ਵਿਗਾੜਣ ਦਾ ਕੰਮ ਕਰਦੀਆਂ ਹਨ।

– ਇਕ ਭਾਈਚਾਰੇ ਵਿਸ਼ੇਸ਼ ਕਿਉਂ ਕਹਿ ਰਹੇ ਹੋ? ਖੁੱਲ੍ਹ ਕੇ ਕਿਉਂ ਨਹੀਂ ਕਹਿੰਦੇ? ਸੱਚ ਤਾਂ ਇਹ ਹੈ ਕਿ ਇਹ ਲੋਕ ਬੋਲਣ ਦੀ ਆਜ਼ਾਦੀ ਦੇ ਦੁਸ਼ਮਣ ਹਨ। ਇਹ ਔਰਤਾਂ ਦੀ ਆਜ਼ਾਦੀ ਅਤੇ ਉਨ੍ਹਾਂ ਦੀ ਇੱਜ਼ਤ ਦੇ ਵਿਰੋਧੀ ਹਨ। ਇਹ ਚਾਹੁੰਦੇ ਹਨ ਕਿ ਔਰਤ ਘੁਟ-ਘੁਟ ਕੇ ਜੀਵੇ। ਇਨ੍ਹਾਂ ਨੂੰ ਜੋ ਚੀਜ਼ ਚੰਗੀ ਨਹੀਂ ਲੱਗਦੀ, ਸੁਵਿਧਾਜਨਕ ਨਹੀਂ ਲਗਦੀ, ਉਸ ਦੇ ਖ਼ਿਲਾਫ਼ ਇਹ ਫਤਵਾ ਜਾਰੀ ਕਰਦੇ ਹਨ। ਇਹ ਮੈਨੂੰ ਮਾਰਨਾ ਚਾਹੁੰਦੇ ਹਨ। ਕੋਈ ਜਮ੍ਹੂਰੀ ਸਰਕਾਰ ਅਜਿਹੇ ਲੋਕਾਂ ਦੇ ਪੱਖ ਵਿਚ ਕਿਵੇਂ ਹੋ ਸਕਦੀ ਹੈ? ਸਮਾਜ-ਵਿਰੋਧੀਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਆਖਿਰ ਕਿਉਂ ਕੀਤੀ ਜਾਂਦੀ ਹੈ? ਇਹ ਗਲਤ ਹੈ, ਗੈਰ ਕਾਨੂੰਨੀ ਹੈ। ਸਰਕਾਰਾਂ ਜੇਕਰ ਅਜਿਹੇ ਲੋਕਾਂ ਨੂੰ ਇਸੇ ਤਰ੍ਹਾਂ ਸਮਰਥਨ ਦਿੰਦੀਆਂ ਰਹਿਣਗੀਆਂ ਤਾਂ ਆਉਣ ਵਾਲੇ ਦਿਨਾਂ ਵਿਚ ਉਸ ਦੇ ਨਤੀਜੇ ਬੇਹੱਦ ਭਿਆਨਕ ਹੋ ਸਕਦੇ ਹਨ।


? : ਪੰਜ ਸਾਲ ਪਹਿਲਾਂ ਖੱਬੇ ਪੱਖੀ ਮੋਰਚਾ ਸਰਕਾਰ ਨੇ ਜਦੋਂ ਤੁਹਾਨੂੰ ਪੱਛਮੀ ਬੰਗਾਲ ਤੋਂ ਜਲਾਵਤਨ ਕੀਤਾ ਸੀ, ਤਦ ਤ੍ਰਿਣਮੂਲ ਕਾਂਗਰਸ ਵੱਲੋਂ ਤੁਹਾਨੂੰ ਭਰੋਸਾ ਮਿਲਿਆ ਸੀ ਕਿ ਸੱਤਾ ਵਿਚ ਆਉਣ 'ਤੇ ਉਹ ਤੁਹਾਨੂੰ ਕੋਲਕਾਤਾ ਪਰਤਣ ਦੀ ਇਜਾਜ਼ਤ ਦੇਵੇਗੀ, ਪਰ ਮਮਤਾ ਬੈਨਰਜੀ ਦੇ ਸ਼ਾਸਨ ਵਿਚ ਹੀ ਕੋਲਕਾਤਾ ਵਿਚ ਤੁਹਾਡੀ ਕਿਤਾਬ ਦੀ ਲਾਂਚਿੰਗ ਨਹੀਂ ਹੋਣ ਦਿੱਤੀ ਗਈ। ਅਜਿਹਾ ਕਿਉਂ?

– ਇਹ ਸਵਾਲ ਤਾਂ ਤੁਹਾਨੂੰ ਮਮਤਾ ਬੈਨਰਜੀ ਤੋਂ ਹੀ ਪੁੱਛਣਾ ਚਾਹੀਦਾ ਹੈ ਕਿ ਕੋਲਕਾਤਾ ਪੁਸਤਕ ਮੇਲੇ ਵਿਚ ਮੇਰੀ ਕਿਤਾਬ ਦੀ ਲਾਂਚਿੰਗ ਕਿਉਂ ਨਹੀਂ ਹੋਣ ਦਿੱਤੀ ਗਈ। ਹਾਲਾਂਕਿ ਇਹ ਭਰਮ ਹੈ ਕਿ ਤ੍ਰਿਣਮੂਲ ਕਾਂਗਰਸ ਮੇਰੇ ਪ੍ਰਤੀ ਨਰਮ ਹੈ। ਬਲਕਿ ਮਮਤਾ ਬੈਨਰਜੀ ਨੇ ਕਦੇ ਮੈਨੂੰ ਇਹ ਨਹੀਂ ਕਿਹਾ ਕਿ ਸੱਤਾ ਵਿਚ ਆਉਣ 'ਤੇ ਉਹ ਮੈਨੂੰ ਕੋਲਕਾਤਾ ਪਰਤਣ ਦੇਵੇਗੀ।

? : ਪਰ ਖੱਬੇ ਪੱਖੀ ਮੋਰਚੇ ਨੂੰ ਸੱਤਾ ਤੋਂ ਬਾਹਰ ਕਰਨ ਲਈ ਪੱਛਮੀ ਬੰਗਾਲ ਵਿਚ ਲੇਖਕਾਂ, ਕਲਾਕਾਰਾਂ ਅਤੇ ਸਭਿਆਚਾਰਕ ਕਰਮੀਆਂ ਦਾ ਜਿਹੜਾ ਸਮੂਹ ਬਣਿਆ ਸੀ, ਉਸ ਨੇ ਤਦ ਤੁਹਾਨੂੰ ਸੂਬੇ ਤੋਂ ਨਿਕਾਲਾ ਦੇਣ ਦੇ ਖੱਬੇ ਪੱਖੀ ਮੋਰਚੇ ਦੇ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਸੀ। ਉਸ ਮੁਹਿੰਮ ਵਿਚ ਮਹਾਸ਼ਵੇਤਾ ਦੇਵੀ ਸਭ ਤੋਂ ਅੱਗੇ ਸੀ, ਜਦੋਂ ਕਿ ਉਹੀ ਲੋਕ ਅੱਜ ਮਮਤਾ ਬੈਨਰਜੀ ਦੇ ਆਲੇ-ਦੁਆਲੇ ਹਨ।

– ਇਹ ਗੱਲ ਸਹੀ ਹੈ। ਉਸ ਸਮੇਂ ਵੱਡੀ ਗਿਣਤੀ ਵਿਚ ਲੇਖਕ- ਮੇਰੇ ਸਮਰਥਨ ਵਿਚ ਖੜ੍ਹੇ ਹੋਏ ਸਨ। ਤਦ ਤੁਸ਼ਟੀਕਰਨ ਦੀ ਰਾਜਨੀਤੀ ਤਹਿਤ ਹੀ ਮੈਨੂੰ ਪੱਛਮੀ ਬੰਗਾਲ ਤੋਂ ਬਾਹਰ ਕੱਢਿਆ ਗਿਆ ਸੀ। ਉਸ ਸਮੇਂ ਲੇਖਕ-ਕਲਾਕਾਰਾਂ ਨੇ ਮੇਰੇ ਪੱਖ ਵਿਚ ਮਾਹੌਲ ਬਣਾਇਆ ਸੀ। ਇਹ ਦੇਖਣਾ ਵਾਕਈ ਹੈਰਾਨੀਜਨਕ ਹੈ ਕਿ ਸੱਤਾ ਪਰਿਵਰਤਨ ਦੇ ਬਾਵਜੂਦ ਪੱਛਮੀ ਬੰਗਾਲ ਵਿਚ ਕੋਈ ਤਬਦੀਲੀ ਨਹੀਂ ਹੋਈ। ਘੱਟੋ ਘੱਟ ਮੇਰੇ ਲਈ ਤਾਂ ਕੁਝ ਨਹੀਂ ਬਦਲਿਆ।

? : ਤੁਹਾਡੇ ਜੀਵਨ ਅਤੇ ਨਾਵਲਾਂ 'ਤੇ ਬਾਂਗਲਾ ਵਿਚ ਫਿਲਮ ਬਣਨ ਦੀ ਚਰਚਾ ਸੀ। ਸੁਣਨ ਵਿਚ ਆਇਆ ਹੈ ਕਿ ਨਿਰਮਾਤਾਵਾਂ ਨੇ ਉਸ ਤੋਂ ਹੱਥ ਖਿੱਚ ਲਏ ਹਨ।




– ਮੈਂ ਵੀ ਇਹੀ ਸੁਣਿਆ ਹੈ। ਦਰਅਸਲ ਉਹ ਕੋਲਕਾਤਾ ਦੇ ਕੁਝ ਫਿਲਮਕਾਰ ਸਨ। ਹੁਣ ਅਜਿਹਾ ਲੱਗ ਰਿਹਾ ਹੈ ਕਿ ਉਨ੍ਹਾਂ ਨੂੰ ਡਰਾ ਦਿੱਤਾ ਗਿਆ ਹੋਵੇਗਾ। ਇਸ ਲਈ ਉਨ੍ਹਾਂ ਨੇ ਇਹ ਯੋਜਨਾ ਮੁਲਤਵੀ ਕਰ ਦਿੱਤੀ ਹੈ। ਤਸਲੀਮਾ ਨਸਰੀਨ ਤੋਂ ਸਭ ਨੂੰ ਪ੍ਰੇਸ਼ਾਨੀ ਹੈ।

? : ਲਗਾਤਾਰ ਜਲਾਵਤਨੀ ਵਿਚਾਲੇ ਤੁਹਾਨੂੰ ਮੈਮਨ ਸਿੰਘ ਦੇ ਆਪਣੇ ਘਰ ਦੀ ਯਾਦ ਆਉਂਦੀ ਹੋਵੇਗੀ?

– ਬਿਲਕੁਲ ਆਉਂਦੀ ਹੈ। ਮੈਂ ਘਰ ਪਰਤਣਾ ਚਾਹੁੰਦੀ ਹਾਂ। ਕੌਣ ਨਹੀਂ ਜਾਣਾ ਚਾਹੁੰਦਾ? ਜਦੋਂ ਤੁਹਾਨੂੰ ਭੁੱਖ ਲੱਗਦੀ ਹੈ, ਤਦ ਕੀ ਤੁਸੀਂ ਖਾਣਾ ਨਹੀਂ ਖਾਂਦੇ? ਮੇਰੀ ਵੀ ਉਹੀ ਹਾਲਤ ਹੈ, ਪਰ ਕੋਈ ਮੈਨੂੰ ਆਪਣੇ ਘਰ ਪਰਤਣ ਤਾਂ ਦੇਵੇ।

ਅਦਨਾ ਟਿੱਪਣੀ

ਮਹਾਕਵੀ ਦੀ ਅੱਖ ਦਾ ਟੀਰ



ਅਵਤਾਰ ਜੰਡਿਆਲਵੀ

ਗੱਲ ਏਸ ਲਈ ਤੁਰੀ ਕਿ ਲੰਘੀ 5 ਦਸੰਬਰ ਨੂੰ ਪੰਜਾਬੀ ਦੇ ਵੱਡੇ ਕਵੀ ਭਾਈ ਵੀਰ ਸਿੰਘ ਦਾ ਜਨਮ ਦਿਨ ਸੀ। ਉਹ 1872 ਈਸਵੀ ਵਾਲੇ ਇਸ ਦਿਨ ਪੰਜਾਬ ਦੇ ਉਦੋਂ ਦੇ ਕੇਂਦਰੀ ਸ਼ਹਿਰ ਅੰਮ੍ਰਿਤਸਰ ਵਿੱਚ ਪੈਦਾ ਹੋਇਆ ਸੀ। ਉਸਨੂੰ ਆਧੁਨਕ ਪੰਜਾਬੀ ਸਾਹਿਤ ਦਾ ਮੋਢੀ ਮੰਨਿਆ ਜਾਂਦਾ ਹੈ। ਅਪਣੇ ਜੀਵਨ ਕਾਲ ਵਿੱਚ ਉਸਨੇ ਬਹੁਤ ਸਾਰੀਆਂ ਨਿੱਕੀਆਂ ਕਵਿਤਾਵਾਂ, ਨਾਵਲ ਤੇ ਟ੍ਰੈਕਟ ਆਦਿ ਦੀ ਸ਼ਕਲ ਵਿਚ ਕਾਫੀ ਸਾਰਾ ਵੱਡਮੁੱਲਾ ਸਾਹਿਤ ਲਿਖਿਆ।

ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸ ਵਿਚ ਬਹੁਤ ਕੁਝ ਵਾਪਰਿਆ ਪਰ ਇੱਕ ਐਸੀ ਘਟਨਾ ਸੀ ਜਿਸਦੀ ਚਰਚਾ ਸਾਰੇ ਸੰਸਾਰ ਵਿਚ ਹੋਈ। ਉਹ ਸੀ 1919 ਦੀ ਵਿਸਾਖੀ ਜਿਸ ਦਿਨ ਹਰਿਮੰਦਰ ਸਾਹਿਬ ਦੇ ਲਾਗੇ ਹੀ ਜਲ੍ਹਿਆਂਵਾਲੇ ਬਾਗ ਵਿਚ ਇਕੱਠੀ ਹੋਈ ਨਿਹੱਥੀ ਭੀੜ 'ਤੇ ਗੋਲੀਆਂ ਮੀਂਹ ਵਾਂਗ ਵਰ੍ਹਾਈਆਂ ਗਈਆਂ। ਅੰਗਰੇਜ਼ ਹਕੂਮਤ ਦਾ ਭਿਆਨਕ ਕਾਰਨਾਮਾ ਜਿਸ ਨਾਲ ਹਰ ਦਿਲ ਨੂੰ ਕੰਬਣੀ ਛਿੜ ਗਈ। ਚੀਕਾਂ ਮਾਰਦੇ ਨਿਰਦੋਸ਼ ਬੱਚੇ, ਬੁੱਢੇ ਬੇਦਰਦੀ ਨਾਲ ਮਾਰੇ ਗਏ।

ਉਦੋਂ ਵੀਰ ਸਿੰਘ 44 ਸਾਲ ਦਾ ਸੀ। 'ਲਹਿਰਾਂ ਦੇ ਹਾਰ' ਦੀਆਂ ਨਿੱਕੀਆਂ ਕਵਿਤਾਵਾਂ ਵਿੱਚ ਰੁਝਿਆ ਹੋਇਆ। ਇਹ ਕਿਤਾਬ 1921 ਵਿਚ ਛਪੀ। ਪੁਰਾਣੀਆਂ ਕਿਤਾਬਾਂ ਵਿਚ ਇਹ ਵੀ ਪੜ੍ਹਿਆ ਸੀ ਕਿ ਅੰਗਰੇਜ਼ ਹਕੂਮਤ ਵਲੋਂ ਪੰਜਾਬੀ ਲੋਕਾਂ ਨੂੰ ਕੂਹਣੀਆਂ ਭਾਰ ਵੀ ਬਾਜ਼ਾਰਾਂ ਵਿਚ ਤੋਰਿਆ ਗਿਆ। ਸ਼ਾਇਦ ਇਹ ਜ਼ੁਲਮੀ ਜਲੂਸ ਨੌਜਵਾਨ ਵੀਰ ਸਿੰਘ ਦੀਆਂ ਤਾਕੀਆਂ ਕੋਲ਼ੋਂ ਵੀ ਲੰਘੇ ਹੋਣ।



ਭਾਈ ਵੀਰ ਸਿੰਘ

ਮਹਾਕਵੀ ਦੀ ਕਲਮ ਨੂੰ ਕੋਈ ਕੰਬਣੀ ਨਾ ਛਿੜੀ। ਜ਼ੁਲਮ ਜ਼ਬਰ ਵਿਰੁੱਧ ਉਹਦੀ ਸਾਰੀ ਲਿਖਤ ਵਿਚ ਕਿਸੇ ਸਤਰ ਦਾ ਦੀਦਾਰ ਨਹੀਂ ਹੁੰਦਾ।

ਕੋਈ ਸ਼ੱਕ ਨਹੀਂ ਭਾਈ ਵੀਰ ਸਿੰਘ ਡੂੰਘੀਆਂ ਧਾਰਮਿਕ ਰੁਚੀਆਂ ਦਾ ਮਨੁੱਖ ਸੀ। ਉਸਨੇ ਸਿੱਖ ਧਰਮ ਲਈ ਬਹੁਤ ਕੁਝ ਕੀਤਾ। ਪਰ ਸਿੱਖ ਧਰਮ ਦਾ ਪੈਰੋਕਾਰ ਤਾਂ ਗੁਰੂ ਨਾਨਕ ਸੀ ਜਿਸਨੇ ਕੋਠੇ ਚੜ੍ਹ ਕੇ ਬਾਬਰ ਦੇ ਜ਼ੁਲਮ ਵਿਰੁੱਧ ਹੋਕਾ ਦਿੱਤਾ ਸੀ। ਸਿੱਖ ਧਰਮ ਦਾ ਅਸਲੀ ਰੂਪ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਸਿਰਜਿਆ ਗਿਆ ਸੀ। ਉਸਨੇ ਸਮੇਂ ਦੇ ਹਾਕਮ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਵਰਗੀ ਲਿਖਤ ਭੇਜੀ।

' ਰਾਜੇ ਸ਼ੀਹ, ਮੁਕੱਦਮ ਕੁੱਤੇ' – ਨਾਨਕ ਬਾਣੀ

ਇੱਥੇ ਗੰਭੀਰ ਸਵਾਲ ਪੈਦਾ ਹੁੰਦਾ ਹੈ। ਸਾਹਿਤ ਵਿਚ ਸਮਾਜੀ ਅਤੇ ਸਿਆਸੀ ਚੇਤਨਾ ਦਾ ਕੀ ਕਰਮ ਹੈ? ਕੀ ਸਾਹਿਤਕਾਰ ਨੇ ਅੱਖਾਂ ਮੀਟਕੇ 'ਗੁਲਦਾਊਦੀਆਂ' ਦੇ ਗੀਤ ਲਿਖਣੇ ਹਨ? ਜਾਂ ਕੀ ਉਸਨੇ ਮਨੁੱਖਤਾ ਨੂੰ ਜਗਾਉਣਾ ਹੈ।


ਹੋਰ ਸੋਚੀਏ ਤਾਂ ਧਨੀ ਰਾਮ ਚਾਤ੍ਰਿਕ ਵੀ ਅੰਮ੍ਰਿਤਸਰ ਹੀ ਸੀ। ਨਾਨਕ ਸਿੰਘ ਵੀ ਨੇੜੇ ਤੇੜੇ ਵਸਦਾ ਸੀ। ਕੀ ਹੋ ਗਿਆ ਸੀ ਇਨ੍ਹਾਂ ਨੂੰ। ਕੀ ਉਦੋਂ ਸਾਹਿਤ ਦਾ ਮਨੋਰਥ ਕਾਰਮਿਆਂ ਹੀ ਨਹੀਂ ਸੀ ਗਿਆ? ਕੀ ਇਹ ਸਾਰੇ ਅਜੇ ਬਾਲ ਬੁੱਧ ਹੀ ਸਨ?

ਇਹਦੇ ਐਨ ਉਲਟ ਕਲਕੱਤਾ ਅੰਮ੍ਰਿਤਸਰ ਤੋਂ ਹਜ਼ਾਰਾਂ ਮੀਲ ਦੂਰ ਹੈ। ਉਥੇ ਟੈਗੋਰ ਵਸਦਾ ਸੀ। 'ਸ਼ਾਂਤੀ ਨਿਕੇਤਨ' ਦਾ ਜਨਮ ਦਾਤਾ। ਅਪਣੀ 'ਗੀਤਾਂਜਲੀ' ਦੀਆਂ ਰੱਬ ਨਾਲ ਗੱਲਾਂ ਕਰਕੇ ਸੰਸਾਰ ਦਾ ਸਭ ਤੋਂ ਵੱਡਾ ਇਨਾਮ 'ਨੋਬੇਲ' ਜਿੱਤਣ ਵਾਲਾ, ਇਕੋ ਇੱਕ ਭਾਰਤੀ। ਅੰਗਰੇਜ਼ ਹਕੂਮਤ ਵਲੋਂ 'ਸਰ'

ਰਾਬਿੰਦਰਨਾਥ ਟੈਗੋਰ ਵਲੋਂ 30 ਮਈ 1919 ਨੂੰ ਲਾਰਡ ਚੈਮਸਫੋਰਡ ਨੂੰ 'ਸਰ' ਦਾ ਖ਼ਿਤਾਬ ਮੋੜਨ ਲਈ ਲਿਖੇ ਗਏ ਖਤ ਦਾ ਪੰਜਾਬੀ ਉਤਾਰਾ।

ਮਹਾਮਾਨਯ

ਪੰਜਾਬ ਵਿਚ ਇਕ ਸਥਾਨਕ ਗੜਬੜ ਨੂੰ ਦਬਾਉਣ ਲਈ ਸਰਕਾਰ ਨੇ ਜਿਹੜੀ ਬਹੁਤ ਵੱਡੀ ਕਾਰਵਾਈ ਕੀਤੀ ਹੈ, ਉਹਦੇ ਨਾਲ ਸਾਡੇ ਮਨਾਂ ਨੂੰ ਜ਼ਬਰਦਸਤ ਧੱਕਾ ਵੱਜਿਆ ਹੈ ਅਤੇ ਸਾਨੂੰ ਅਹਿਸਾਸ ਹੋਇਆ ਹੈ ਕਿ ਭਾਰਤ ਵਿਚ ਬਰਤਾਨੀਆ ਅਧੀਨ ਰਹਿ ਰਹੇ ਲੋਕਾਂ ਦੇ ਤੌਰ 'ਤੇ ਅਸੀਂ ਕਿੰਨੇ ਬੇਵਸ ਹਾਂ। ਇਹਨਾਂ ਬਦਕਿਸਮਤ ਲੋਕਾਂ ਨੂੰ ਦਿੱਤੀਆਂ ਗਈਆਂ ਇਹਨਾਂ ਭਿਆਨਕ ਸਜ਼ਾਵਾਂ ਨੇ ਅਤੇ ਇਹ ਸਜ਼ਾਵਾਂ ਦੇਣ ਦੇ ਢੰਗਾਂ ਨੇ ਸਾਨੂੰ ਇਹ ਯਕੀਨ ਦੁਆ ਦਿੱਤਾ ਹੈ ਕਿ ਸੱਭਯ ਸਰਕਾਰਾਂ ਦੇ ਇਤਿਹਾਸ ਵਿਚ ਇਹਨਾਂ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ – ਕੁਝ ਨਵੀਨ ਅਤੇ ਪ੍ਰਾਚੀਨ ਬਦਨਾਮ ਘਟਨਾਵਾਂ ਨੂੰ ਛੱਡ ਕੇ। ਇਹ ਸੋਚ ਕੇ ਕਿ ਇਹ ਕੰਮ ਕੁਝ ਨਿਹੱਥੇ ਅਤੇ ਅਸਹਾਯ ਲੋਕਾਂ ਨਾਲ ਉਸ ਸਰਕਾਰ ਨੇ ਕੀਤਾ ਜਿਹਦੇ ਕੋਲ ਮਾਨਵੀ ਜ਼ਿੰਦਗੀਆਂ ਨੂੰ ਨਸ਼ਟ ਕਰਨ ਲਈ ਮਹਾਂ ਭਿਆਨਕ ਸ਼ਕਤੀ ਹੈ, ਸਾਨੂੰ ਇਹ ਗੱਲ ਪੁਰਜ਼ੋਰ ਢੰਗ ਨਾਲ ਕਹਿਣੀ ਪੈ ਰਹੀ ਹੈ ਕਿ ਸਰਕਾਰ ਕੋਲ ਇਹਨੂੰ ਸਹੀ ਸਾਬਤ ਕਰਨ ਲਈ ਕੋਈ ਸਿਆਸੀ ਬਹਾਨਾ ਵੀ ਨਹੀਂ, ਇਹਨੂੰ ਇਖ਼ਲਾਕੀ ਤੌਰ 'ਤੇ ਜਾਇਜ਼ ਠਹਿਰਾਉਣਾ ਤਾਂ ਦੂਰ ਦੀ ਗੱਲ ਹੈ। ਪੰਜਾਬ ਵਿਚ ਸਾਡੇ ਭਰਾਵਾਂ ਨਾਲ ਹੋਏ ਅਪਮਾਨ ਅਤੇ ਜ਼ੁਲਮ ਦੀ ਦਾਸਤਾਨ ਜ਼ਬਰਦਸਤੀ ਤਾਣੇ ਗਏ ਚੁੱਪ ਦੇ ਪਰਦੇ ਵਿਚੋਂ ਛਣ ਛਣ ਕੇ ਭਾਰਤ ਦੇ ਹਰ ਕੋਨੇ ਵਿਚ ਪਹੁੰਚ ਰਹੀ ਹੈ, ਅਤੇ ਸਾਡੇ ਸਭ ਲੋਕਾਂ ਦੇ ਮਨਾਂ ਵਿਚ ਉੱਠੀ ਹੂਕ ਅਤੇ ਰੋਹ ਨੂੰ ਹੁਕਮਰਾਨਾਂ ਨੇ ਅੱਖੋਂ ਉਹਲੇ ਕਰ ਛੱਡਿਆ ਹੈ, ਹੋ ਸਕਦਾ ਹੈ ਕਿ ਇਹਨੂੰ ਸਿਹਤਮੰਦ ਸਬਕ ਸਮਝ ਕੇ ਉਹ ਖ਼ੁਦ ਨੂੰ ਮੁਬਾਰਕਾਂ ਵੀ ਦੇ ਰਹੇ ਹੋਣ। ਜ਼ਿਆਦਾਤਰ ਭਾਰਤੀ ਅੰਗਰੇਜ਼ੀ ਅਖ਼ਬਾਰਾਂ ਨੇ ਇਸ ਬਰਬਰਤਾ ਦੀ ਪ੍ਰਸੰਸਾ ਕੀਤੀ ਹੈ, ਜਿਹਨਾਂ ਵਿਚੋਂ ਕੁਝ ਸਾਡੇ ਇਸ ਸੰਤਾਪ ਦਾ ਮਜ਼ਾਕ ਉਡਾਉਣ ਦੀ ਵਹਿਸ਼ੀਆਨਾ ਹਰਕਤ 'ਤੇ ਵੀ ਉਤਰ ਆਏ, ਅਤੇ ਉਸ ਸਰਕਾਰ ਨੇ ਇਹਨਾਂ 'ਤੇ ਰੋਕ ਲਾਉਣ ਦਾ ਕੋਈ ਇਸ਼ਾਰਾ ਵੀ ਨਹੀਂ ਦਿੱਤਾ ਜਿਹੜੀ ਸਰਕਾਰ ਮਜ਼ਲੂਮਾਂ ਦੇ ਦੁੱਖ ਬਾਰੇ ਵਿਚਾਰ ਪ੍ਰਗਟਾਉਣ ਵਾਲੇ ਹਰ ਪਰਚੇ ਵਲ ਬੜੀ ਬੇਦਰਦੀ ਨਾਲ ਧਿਆਨ ਦਿੰਦੀ ਹੈ। ਇਹ ਸੋਚ ਕੇ ਕਿ ਸਾਡੀਆਂ ਫ਼ਰਿਆਦਾਂ ਵਿਅਰਥ ਗਈਆਂ ਹਨ, ਅਤੇ ਬਦਲੇ ਦੀ ਅੱਗ ਸਾਡੀ ਉਸ ਸਰਕਾਰ ਦੀ ਰਾਜਨੀਤੀ ਦੇ ਨੇਕ ਦ੍ਰਿਸ਼ਟੀਕੋਣ ਦਾ ਆਧਾਰ ਬਣ ਰਹੀ ਹੈ, ਜਿਸ ਸਰਕਾਰ ਲਈ ਅਪਣੀ ਭੌਤਿਕ ਸ਼ਕਤੀ ਅਤੇ ਆਮ ਰਵਾਇਤ ਦੇ ਸਿਰ 'ਤੇ ਫ਼ਰਾਖ਼ਦਿਲ ਹੋਣਾ ਕੋਈ ਔਖਾ ਕੰਮ ਨਹੀਂ ਸੀ, ਮੈਂ ਆਪਣੇ ਦੇਸ਼ ਲਈ ਘੱਟੋ ਘੱਟ ਇੰਨਾ ਜ਼ਰੂਰ ਕਰ ਸਕਦਾ ਹਾਂ ਕਿ ਮੈਂ ਅਪਣੇ ਉਹਨਾਂ ਕਰੋੜਾਂ ਦੇਸ਼ਵਾਸੀਆਂ ਵਲੋਂ ਹਾਅ ਦਾ ਨਾਅਰਾ ਮਾਰਨ ਦੇ ਨਤੀਜੇ ਭੁਗਤਣ ਲਈ ਤਿਆਰ ਹੋ ਜਾਵਾਂ ਜਿਹਨਾਂ ਨੂੰ ਜ਼ੁਲਮ ਨੇ ਭੈਅ-ਭੀਤ ਕਰਕੇ ਚੁੱਪ ਕਰਵਾ ਦਿੱਤਾ ਹੈ। ਉਹ ਸਮਾਂ ਆ ਗਿਆ ਹੈ ਜਦ ਸਤਿਕਾਰ ਦੇ ਤਮਗ਼ੇ ਸਾਡੇ ਲਈ ਅਪਮਾਨ ਦੇ ਬੇਹੂਦਾ ਮਾਹੌਲ ਵਿਚ ਲਿਸ਼ਕਦੀ ਸ਼ਰਮ ਬਣ ਗਏ ਹਨ, ਅਤੇ ਖ਼ੁਦ ਮੈਂ ਇਹਨਾਂ ਸਤਿਕਾਰਾਂ ਨੂੰ ਲੱਤ ਮਾਰਕੇ ਅਪਣੇ ਉਹਨਾਂ ਦੇਸ਼ਵਾਸੀਆਂ ਨਾਲ ਜਾ ਖਲੋਵਾਂ ਜਿਹਨਾਂ ਨੂੰ ਉਹਨਾਂ ਦੀ ਅਖਾਉਤੀ ਮਹੱਤਵਹੀਣਤਾ ਕਰਕੇ ਅਮਾਨਵੀ ਅਪਮਾਨ ਸਹਿਣੇ ਪੈਂਦੇ ਹਨ। ਇਹ ਸਭ ਕਾਰਣ ਹਨ ਜਿਹਨਾਂ ਕਰਕੇ ਮੈਂ ਪੂਰੇ ਸਤਿਕਾਰ ਅਤੇ ਦੁੱਖ ਨਾਲ ਮਹਾਮਾਨਯ ਨੂੰ ਇਹ ਬੇਨਤੀ ਕਰਨ ਲਈ ਮਜਬੂਰ ਹੋਇਆ ਹਾਂ ਕਿ ਮੈਨੂੰ ਦਿੱਤੇ ਗਈ ਨਾਈਟਹੁਡ ਦੇ ਸਤਿਕਾਰ ਤੋਂ ਮੈਨੂੰ ਮੁਕਤ ਕੀਤਾ ਜਾਏ, ਜੋ ਸਤਿਕਾਰ ਮੈਨੂੰ ਸਮਰਾਟ ਤੋਂ ਤੁਹਾਡੇ ਪੂਰਵ-ਵਰਤੀ ਦੇ ਹੱਥੀਂ ਪ੍ਰਾਪਤ ਹੋਇਆ ਸੀ, ਜਿਹਨਾਂ ਦੀ ਨੇਕਦਿਲੀ ਦੀ ਮੈਂ ਹਾਲੇ ਵੀ ਬਹੁਤ ਪ੍ਰਸੰਸਾ ਕਰਦਾ ਹਾਂ।



ਆਪਦਾ ਵਿਸ਼ਵਾਸ ਪਾਤਰ

ਰਾਬਿੰਦਰਨਾਥ ਟੈਗੋਰ

ਕਲਕੱਤਾ, 6, ਦਵਾਰਕਾਨਾਥ ਟੈਗੋਰ ਲੇਨ ਮਈ 30 1919

ਲੰਦਨ 'ਚ ਗੈਰ ਕਾਨੂੰਨੀ ਢੰਗ ਨਾਲ ਆਏ ਭਾਰਤੀ ਹੋਏ ਮੰਦੀ ਦਾ ਸ਼ਿਕਾਰ

ਕੜਾਕੇ ਦੀ ਠੰਡ 'ਚ ਫੁਟਪਾਥ 'ਤੇ ਸੌਣ ਲਈ ਮਜਬੂਰ ਪੰਜਾਬੀ

ਲੰਦਨ – ਪੱਛਮੀ ਲੰਦਨ ਵਿਚ ਨਾਜਾਇਜ਼ ਰੂਪ ਨਾਲ ਰਹਿ ਰਹੇ ਸੈਂਕੜੇ ਭਾਰਤੀ ਕਈ ਮਹੀਨਿਆਂ ਤੋਂ ਕੜਾਕੇ ਦੀ ਠੰਡ ਵਿਚ ਸੌਣ ਲਈ ਮਜਬੂਰ ਹਨ। ਮੰਦੀ ਤੋਂ ਬਾਅਦ ਕੰਮ ਨਾ ਮਿਲਣ ਕਾਰਨ ਇਨ੍ਹਾਂ ਦੀ ਹਾਲਤ ਕਾਫੀ ਬਦਤਰ ਹੈ। ਇਨ੍ਹਾਂ ਬੇਘਰੇ ਭਾਰਤੀਆਂ ਵਿਚ ਜ਼ਿਆਦਾ ਪੰਜਾਬੀ ਹਨ। ਪੁਲਾਂ ਦੇ ਹੇਠਾਂ ਅਤੇ ਫੁਟਪਾਥਾਂ 'ਤੇ ਜਿਥੇ ਇਹ ਸੌਂਦੇ ਹਨ, ਉਥੇ ਨਹਾਉਣ ਅਤੇ ਹੋਰ ਜ਼ਰੂਰੀ ਸਹੂਲਤਾਂ ਨਾ ਹੋਣ ਕਾਰਨ ਚੂਹੇ ਮੰਡਰਾਉਣ ਲੱਗੇ ਹਨ, ਜਿਸ ਨਾਲ ਬਿਮਾਰੀ ਦਾ ਖ਼ਤਰਾ ਵਧ ਗਿਆ ਹੈ। ਇਸ ਤੋਂ ਇਲਾਵਾ ਇਥੇ ਡਰੱਗ ਡੀਲਰ ਵੀ ਆ ਰਹੇ ਹਨ।

- ਨਾ ਸੌਣ ਲਈ ਬਿਸਤਰ, ਨਾ ਗੁਜ਼ਾਰਾ ਕਰਨ ਲਈ ਕੋਈ ਕੰਮਕਾਜ।
- ਆਈਡੈਂਟਿਟੀ ਪਰੂਫ ਨਾ ਹੋਣ ਕਾਰਨ ਭਾਰਤ ਵੀ ਨਹੀਂ ਆ ਸਕਦੇ।

ਖੁਦ ਹੀ ਪਾਸਪੋਰਟ ਨਸ਼ਟ ਕਰ ਦਿੱਤੇ

ਇਹ ਸਾਰੇ ਨਾਜਾਇਜ਼ ਰੂਪ ਨਾਲ ਇਥੇ ਘੁੰਮ ਰਹੇ ਸਨ, ਇਸ ਲਈ ਇਨ੍ਹਾਂ ਨੇ ਬਾਰਡਰ ਪਾਰ ਕਰਨ ਲਈ ਆਪਣੇ ਪਾਸਪੋਰਟ ਨਸ਼ਟ ਕਰ ਦਿੱਤੇ। ਇਸ ਨਾਲ ਇਨ੍ਹਾਂ ਦੀ ਪਹਿਚਾਣ ਨਹੀਂ ਹੋ ਸਕਦੀ ਸੀ ਅਤੇ ਫੜੇ ਜਾਣ 'ਤੇ ਇਨ੍ਹਾਂ ਨੂੰ ਭਾਰਤ ਡਿਪੋਰਟ ਨਹੀਂ ਕੀਤਾ ਜਾਂਦਾ। ਪਰ ਮੰਦੀ ਨੇ ਸਾਰੀ ਖੇਡ ਹੀ ਵਿਗਾੜ ਦਿੱਤੀ। ਹੁਣ ਇਹ ਲੋਕ ਵਾਪਸ ਜਾਣਾ ਚਾਹੁੰਦੇ ਹਨ, ਪਰ ਭਾਰਤੀ ਅਧਿਕਾਰੀਆਂ ਦੇ ਸਾਹਮਣੇ ਇਹ ਆਪਣੀ ਪਹਿਚਾਣ ਲਈ ਕੋਈ ਸਬੂਤ ਨਹੀਂ ਦੇ ਪਾ ਰਹੇ ਹਨ। ਇਸ ਤਰ੍ਹਾਂ ਬ੍ਰਿਟੇਨ ਵਿਚ ਇਹ ਬੁਰੀ ਤਰ੍ਹਾਂ ਫਸ ਗਏ ਹਨ।

ਲੋਕਾਂ ਨੇ ਇਨ੍ਹਾਂ ਦਾ ਨਾਮ ਰੱਖਿਆ ਫੌਜੀ

ਸਕਾਈ ਨਿਊਜ਼ ਅਨੁਸਾਰ ਪੰਜਾਬੀ ਮੂਲ ਦੇ ਇਥੇ ਰਹਿਣ ਵਾਲੇ ਇਨ੍ਹਾਂ ਬੇਘਰੇ ਲੋਕਾਂ ਨੂੰ 'ਫੌਜੀ' ਕਹਿੰਦੇ ਹਨ। ਬਿਨਾਂ ਕਿਸੇ 'ਆਈਡੈਂਟਿਟੀ ਪਰੂਫ' ਦੇ ਇਥੇ ਰਹਿਣ ਵਾਲੇ ਇਨ੍ਹਾਂ ਲੋਕਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਬੇਹੱਦ ਮੁਸ਼ਕਿਲ ਹਾਲਾਤਾਂ ਵਿਚ ਰਹਿਣ ਕਾਰਨ ਇਹ ਨਾਮ ਦਿੱਤਾ ਗਿਆ ਹੈ।

LIQUOR STORE ON SALE

Located In a Very Busy Plaza
Close To Cineplex, Restaurants

ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।

ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।

Contact : ਪਾਲ ਬੜਵਾਲ
ਸੰਪਰਕ : 587-708-6866

ਭਾਰਤ ਜਾਣ ਸਮੇਂ ਰੱਖੋ ਸਿਹਤ ਦਾ ਧਿਆਨ

ਭਾਰਤ ਬਹੁਤ ਵਿਲੱਖਣ ਦੇਸ਼ ਹੈ। ਤੁਸੀਂ ਭਾਵੇਂ ਸੈਲਾਨੀ ਹੋ, ਕਾਮੇ, ਵਲੰਟੀਅਰ ਜਾਂ ਫੇਰ ਤੁਸੀਂ ਆਪਣੇ ਪਰਿਵਾਰ ਤੇ ਦੋਸਤਾਂ ਨੂੰ ਮਿਲਣ ਭਾਰਤ ਜਾਣਾ ਚਾਹੁੰਦੇ ਹੋ, ਤਾਂ ਇਸ ਦੇਸ਼ ਦੀ ਖੂਬਸੂਰਤੀ ਤੁਹਾਡੇ ਸਫ਼ਰ ਨੂੰ ਹੋਰ ਖੂਬਸੂਰਤ ਬਣਾ ਦੇਵੇਗੀ। ਭਾਰਤ ਦੇ ਖਾਣੇ, ਸਭਿਆਚਾਰ ਤੇ ਲੋਕਾਂ ਵਿਚ ਮੋਹ, ਪਿਆਰ, ਖਿੱਚ ਤੁਹਾਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। ਇਕ ਪੁਰਾਣੀ ਕਹਾਵਤ ਹੈ ਕਿ ਜੇਕਰ ਤੁਸੀਂ ਭਾਰਤ ਤੋਂ ਹੋ ਤਾਂ ਤੁਹਾਡੇ ਵਿਚ ਸਭ ਕੁਝ ਜਜ਼ਬ ਕਰ ਜਾਣ ਦਾ ਮਾਦਾ ਹੈ। ਇਥੋਂ ਦੀ ਆਬੋ ਹਵਾ ਤੁਹਾਨੂੰ ਤੰਦਰੁਸਤ ਰੱਖਦੀ ਹੈ। ਇਹ ਕੁਝ ਬਿਮਾਰੀਆਂ ਤਕ ਤਾਂ ਕਾਫੀ ਸਹੀ ਹੈ ਪਰ ਹਰੇਕ ਬਿਮਾਰੀ ਦੇ ਮਾਮਲੇ ਵਿਚ ਨਹੀਂ। ਇਹ ਜਾਣਨਾ ਕਾਫੀ ਅਹਿਮੀਅਤ ਰੱਖਦਾ ਹੈ ਕਿ ਲੋਕਾਂ ਦੀ ਪਾਚਣ ਪ੍ਰਣਾਲੀ ਖਾਸ ਬਿਮਾਰੀ ਨਾਲ ਲੜਨ ਵਿਚ ਸਹਾਈ ਹੋ ਸਕਦੀ ਹੈ। ਇਕ ਵਾਰ ਤੁਸੀਂ ਮੁਲਕ ਛੱਡ ਜਾਂਦੇ ਹੋ, ਜਿਥੇ ਕੁਝ ਬਿਮਾਰੀਆਂ ਦੇ ਅੰਸ਼ ਮੌਜੂਦ ਹਨ ਤੇ ਤੁਸੀਂ ਕਾਫੀ ਸਮੇਂ ਤੋਂ ਉਨ੍ਹਾਂ ਦੀ ਲਪੇਟ ਵਿਚ ਨਹੀਂ ਆਏ, ਤਾਂ ਤੁਸੀਂ ਬਿਨਾਂ ਟੀਕੇ ਜਾਂ ਦਵਾਈਆਂ ਦੇ ਆਪਣੇ ਆਪ ਨੂੰ ਬਚਾ ਨਹੀਂ ਸਕਦੇ। ਮੈਂ ਤੁਹਾਨੂੰ ਇਕ ਉਦਾਹਰਣ ਦਿੰਦਾ ਹਾਂ-ਜੇਕਰ ਤੁਹਾਡਾ ਜਨਮ ਭਾਰਤ ਵਿਚ ਹੋਇਆ ਹੈ ਤੇ ਭਾਰਤ ਵਿਚ ਤੁਸੀਂ 5 ਤੋਂ ਵਧੇਰੇ ਸਾਲ ਰਹੇ ਹੋ ਤਾਂ ਤੁਹਾਡੇ ਹੈਪੇਟਾਈਟਸ ਏ ਲਾਗ ਦੀ ਲਪੇਟ ਵਿਚ ਆਉਣ ਦੀਆਂ ਵੱਧ ਸੰਭਾਵਨਾਵਾਂ ਹੁੰਦੀਆਂ ਹਨ। ਇਹ ਬਿਮਾਰੀ ਭੋਜਨ ਤੇ ਪਾਣੀ ਵਿਚਲੇ ਵਾਇਰਸ ਕਾਰਨ ਜਿਗਰ ਵਿਚ ਹੁੰਦੀ ਹੈ। ਤੁਹਾਡਾ ਡਾਕਟਰ ਸਾਧਾਰਨ ਖੂਨ ਦੀ ਜਾਂਚ ਰਾਹੀਂ ਤੁਹਾਨੂੰ ਇਸ ਬਾਰੇ ਦੱਸ ਸਕਦਾ ਹੈ। ਇਹ ਬਿਮਾਰੀ ਲੰਬੇ ਸਮੇਂ ਤਕ ਰੱਖਿਆਤਮਕ ਐਂਟੀਬਾਡੀਜ਼ ਪੈਦਾ ਕਰੇਗੀ ਤਾਂ ਜੋ ਤੁਸੀਂ ਇਸ ਬਿਮਾਰੀ ਤੋਂ ਬਚਣ ਲਈ ਉਮਰ ਭਰ ਲੜਦੇ ਰਹੋ। ਇਸ ਤੋਂ ਬਚਾਅ ਰੱਖਣਾ ਲਾਜ਼ਮੀ ਹੁੰਦਾ ਹੈ। ਜੇਕਰ ਤੁਸੀਂ ਕਦੇ ਵੀ ਹੈਪੇਟਾਈਟਸ ਏ ਦੀ ਲਪੇਟ ਵਿਚ ਨਹੀਂ ਆਏ ਤਾਂ ਜ਼ਰੂਰੀ ਹੈ ਕਿ ਤੁਸੀਂ ਉਥੇ ਜਾਣ ਤੋਂ ਪਹਿਲਾਂ ਹੀ ਆਪਣੀ ਰੱਖਿਆ ਵਜੋਂ ਕੋਈ ਦਵਾਈ ਲੈ ਸਕਦੇ ਹੋ। ਦਰਅਸਲ, ਜਿਵੇਂ ਜਿਵੇਂ ਤੁਹਾਡੀ ਉਮਰ ਵੱਧਦੀ ਹੈ, ਤਾਂ ਤੁਹਾਡੇ ਹੈਪੇਟਾਈਟਸ ਏ ਦੀ ਲਪੇਟ ਵਿਚ ਆਉਣ ਦਾ ਖ਼ਤਰਾ ਵੀ ਵਧਦਾ ਹੈ। ਜੇਕਰ ਤੁਸੀਂ ਭਾਰਤ ਵਿਚ ਰਹਿੰਦਿਆਂ ਕਦੇ ਟਾਇਫਾਈਡ ਬੁਖ਼ਾਰ ਨਾਲ ਬਿਮਾਰ ਹੋਏ ਸੀ, ਤਾਂ ਵੀ ਇਸ ਦੀ ਲਾਗ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ ਭਾਵੇਂ ਤੁਸੀਂ ਹਮੇਸ਼ਾ ਲਈ ਰਹਿਣ ਜਾਂਦੇ ਹੋ ਜਾਂ ਤੁਸੀਂ ਘਰ ਵਾਪਸੀ ਕਰਦੇ ਹੋ। ਲੋਕਾਂ ਨੂੰ ਇਸ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇਸ ਲਈ ਬੇਹਤਰ ਇਹੀ ਹੁੰਦਾ ਹੈ ਕਿ ਤੁਸੀਂ ਉਥੇ ਜਾਣ ਤੋਂ ਪਹਿਲਾਂ ਇਸ ਦੇ ਬਚਾਅ ਲਈ ਟੀਕਾ ਲਗਵਾ ਲਵੋ। ਕੈਨੇਡਾ ਵਿਚ ਇਹ ਬਿਮਾਰੀ ਬਹੁਤ ਹੀ ਘੱਟ ਹੈ, ਇਸ ਲਈ ਭਾਰਤ ਜਾਣ ਤੋਂ ਪਹਿਲਾਂ ਇਸ ਦਾ ਟੀਕਾ ਲਗਵਾ ਲੈਣਾ ਚੰਗਾ ਹੁੰਦਾ ਹੈ। ਇਸ ਬੈਕਟੀਰਿਆ ਦੀ ਪਕੜ ਵਿਚ ਆਉਣ ਦਾ ਸਭ ਤੋਂ ਵੱਧ ਖ਼ਤਰਾ ਉਦੋਂ ਹੁੰਦਾ ਹੈ ਜਦੋਂ ਤੁਸੀਂ ਰੇਹੜੀ ਵਾਲਿਆਂ ਤੋਂ ਖਾਂਦੇ-ਪੀਂਦੇ ਹੋ, ਗੰਦਗੀ ਵਾਲੇ ਪੇਂਡੂ ਇਲਾਕਿਆਂ ਵਿਚ ਘੁੰਮਦੇ ਫਿਰਦੇ ਹੋ ਜਾਂ ਗੰਦਗੀ ਵਾਲੇ ਪਖ਼ਾਨਿਆਂ ਦੀ ਵਰਤੋਂ ਕਰਦੇ ਹੋ। ਛੋਟੀਆਂ-ਮੋਟੀਆਂ ਥਾਵਾਂ 'ਤੇ ਆਉਣ-ਜਾਣ, ਖੁੱਲ੍ਹੇ ਬਾਜ਼ਾਰਾਂ ਤੇ ਬਾਗ਼-ਬਗ਼ੀਚਿਆਂ ਤੋਂ ਪਾਣੀ ਪੀਣ ਤੇ ਖਾਣਾ ਖਾਣ ਤੇ ਦੋਸਤਾਂ-ਮਿੱਤਰਾਂ ਕੋਲ ਜਾਣ ਨਾਲ ਵੀ ਇਹ ਬਿਮਾਰੀ ਤੁਹਾਨੂੰ ਘੇਰ ਸਕਦੀ ਹੈ। ਵੱਡੇ ਹੋਟਲਾਂ ਤੇ ਰਿਜ਼ਾਰਟ ਵਿਚ ਇਸ ਦਾ ਖ਼ਤਰਾ ਘੱਟ ਹੁੰਦਾ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਪੂਰੀ ਤਰ੍ਹਾਂ ਸੁਰੱਖਿਅਤ ਹੈ। ਭਾਰਤ, ਪਾਕਿਸਤਾਨ, ਸ਼੍ਰੀਲੰਕਾ ਤੇ ਬੰਗਲਾਦੇਸ਼ ਵਰਗੇ ਮੁਲਕ ਸਭ ਤੋਂ ਵੱਧ ਟਾਇਫਾਈਡ ਦੀ ਜਕੜ ਵਿਚ ਹਨ। ਇਸ ਤੋਂ ਬਚਾਅ ਲਈ ਟੀਕੇ ਆਦਿ ਲਾਉਣੇ ਚਾਹੀਦੇ ਹਨ। ਟੀਕਾਕਰਨ ਨੂੰ ਸੌ ਫੀਸਦੀ ਸੁਰੱਖਿਅਤ ਨਹੀਂ ਮੰਨਿਆ ਜਾ ਸਕਦਾ, ਇਸ ਲਈ ਖਾਣ-ਪੀਣ ਵੱਲ ਉਚੇਚ ਧਿਆਨ ਦੇਣਾ ਪੈਂਦਾ ਹੈ।



ਖਾਣੇ ਅਤੇ ਪਾਣੀ ਸਬੰਧੀ ਸਾਵਧਾਨੀ ਵਰਤਣ ਲਈ ਆਪਣੇ ਹੱਥ ਵਾਰ ਵਾਰ ਧੋਵੋ, ਖਾਸ ਤੌਰ 'ਤੇ ਖਾਣ ਖਾਣ ਤੋਂ ਪਹਿਲਾਂ ਅਤੇ ਮਗਰੋਂ। ਜੇਕਰ ਤੁਹਾਡੇ ਕੋਲ ਪਾਣੀ ਜਾਂ ਸਾਬਣ ਉਪਲਬਧ ਨਹੀਂ ਹੈ ਤਾਂ ਸੈਨੇਟਾਈਜ਼ਰ ਦੀ ਵਰਤੋਂ ਕਰੋ। ਇਕ ਮੋਟੋ ਹੈ, 'ਪਕਾਓ, ਛਿਲੋ ਜਾਂ ਛੱਡ ਦਿਓ' ਜੋ ਤੁਹਾਨੂੰ ਬਿਮਾਰੀ ਤੋਂ ਬਚਾਉਂਦਾ ਹੈ। ਬੋਤਲਾਂ, ਕੈਨ ਵਿਚ ਬੰਦ ਜਾਂ ਉਬਲਿਆ ਜਾਂ ਕਾਰਬੋਨੇਟਡ ਜੂਸ ਆਦਿ ਹੀ ਲਓ। ਬਰਫ਼ ਉਦੋਂ ਤਕ ਨਾ ਲਓ ਜਦੋਂ ਤਕ ਤੁਹਾਨੂੰ ਯਕੀਨ ਨਹੀਂ ਹੁੰਦਾ ਕਿ ਇਹ ਕਲੋਰੀਨ ਵਾਲੇ ਪਾਣੀ ਨਾਲ ਜਮਾਈ ਗਈ ਹੈ। ਖੁੱਲ੍ਹੇ ਟੱਬ ਵਿਚ ਰੱਖੀ ਬਰਫ਼ ਦਾ ਇਸਤਮਾਲ ਨਾ ਕਰੋ। ਜੇਕਰ ਬਰਤਨ, ਕੱਪ ਤੇ ਹੋਰ ਭਾਂਡੇ ਧੋਤੇ ਹੋਏ ਤਾਂ ਹਨ ਪਰ ਸੁੱਕੇ ਨਹੀਂ ਤਾਂ ਉਨ੍ਹਾਂ ਨੂੰ ਵਰਤਣ ਤੋਂ ਪਹਿਲਾਂ ਪਾਣੀ ਨਾਲ ਚੰਗੀ ਤਰ੍ਹਾਂ ਦੁਬਾਰਾ ਧੋਵੋ, ਨਹੀਂ ਤਾਂ ਤੁਸੀਂ ਬਿਮਾਰ ਹੋ ਸਕਦੇ ਹੋ। ਹੁਣ ਕੁਝ ਖਾਸ ਗੱਲਾਂ ਹਨ ਜੋ ਤੁਸੀਂ ਭਾਰਤ ਜਾਂ ਕਿਸੇ ਵੀ ਵਿਕਾਸਸ਼ੀਲ ਮੁਲਕ ਦੇ ਸਫ਼ਰ 'ਤੇ ਜਾਣ ਤੋਂ ਪਹਿਲਾਂ ਧਿਆਨ ਵਿਚ ਰੱਖਣੀਆਂ ਹਨ।

ਸਫ਼ਰ 'ਤੇ ਜਾਣ ਵੇਲੇ ਸਿਹਤ ਸਬੰਧੀ ਇਨ੍ਹਾਂ ਗੱਲਾਂ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ। ਸਭ ਤੋਂ ਅਹਿਮ ਗੱਲ ਹੁੰਦੀ ਹੈ ਕਿ ਤੁਸੀਂ ਆਪਣੇ ਟੂਰ ਦੀ ਸਹੀ ਯੋਜਨਾ ਬਣਾਓ। ਬੱਚਿਆਂ ਤੇ ਬਜ਼ੁਰਗਾਂ ਦਾ ਖਾਸ ਖਿਆਲ ਰੱਖਣ ਦੀ ਲੋੜ ਹੁੰਦੀ ਹੈ, ਕਿਉਂਕਿ ਉਹ ਜਲਦੀ ਬਿਮਾਰੀ ਦੀ ਲਪੇਟ ਵਿਚ ਆਉਂਦੇ ਹਨ। ਭਾਰਤ ਦੇ ਦੋ ਹਫ਼ਤਿਆਂ ਦੇ ਟੂਰ 'ਤੇ ਜਾਣ ਸਮੇਂ ਡਾਇਰੀਆ ਵਰਗੀਆਂ ਬਿਮਾਰੀਆਂ ਦਾ 30-50 ਫੀਸਦੀ ਖ਼ਤਰਾ ਵੱਧ ਹੁੰਦਾ ਹੈ। ਇਸ ਲਈ ਜਾਣ ਤੋਂ ਪਹਿਲਾਂ ਦਵਾਈਆਂ ਜਾਂ ਐਂਟੀਬਾਇਟਿਕਸ ਤੁਹਾਡੀ ਮਦਦ ਕਰ ਸਕਦੇ ਹਨ। ਇਸ ਸਬੰਧੀ ਤੁਸੀਂ ਐਟਲਸ ਇਮੂਨਾਈਜ਼ੇਸ਼ਨ ਸਰਵਿਸਿਜ਼ 'ਤੇ ਟਰੈਵਲ ਹੈਲਥ ਨਰਸ ਸਪੈਸ਼ਲਿਸਟ ਦੇਖ ਸਕਦੇ ਹੋ।

ਐਟਲਸ ਇਮਯੂਨਾਈਜ਼ੇਸ਼ਨ ਦੇ ਧੰਨਵਾਦ ਸਹਿਤ

Elite Driving School

Learn to drive with experienced,
caring & friendly instructor
Lessons available in English, Hindi, Punjabi & Urdu


ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room
& 10 Hours in Car
Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

ਸ਼ਹਿਰ ’ਚ ਇਕੱਲੀ ਔਰਤ



ਮ੍ਰਿਣਾਲ ਪਾਂਡੇ

ਭੀੜ-ਭੜੱਕੇ ਨਾਲ ਭਰੇ ਸਾਡੇ ਮਹਾਂਨਗਰਾਂ ਵਿਚ ਆਮ ਲੋਕਾਂ ਲਈ ਦਿਨੋਂ-ਦਿਨ ਸਹਿਜ ਹੋ ਕੇ ਬੈਠਣ ਤੇ ਬੋਲਣ ਦੀਆਂ ਜਨਤਕ ਥਾਵਾਂ ਘਟ ਰਹੀਆਂ ਹਨ। ਸ਼ਹਿਰੀ ਜੀਵਨ ਵਿਚ ਖੁਲ੍ਹੇ ਫੁਰਸਤੀ ਮਾਹੌਲ ਅਤੇ ਜਨਤਕ ਆਨੰਦ ’ਤੇ ਕਾਫੀ ਕੁਝ ਲਿਖਿਆ ਵੀ ਜਾਂਦਾ ਰਿਹਾ ਹੈ ਪਰ ਧਿਆਨ ਨਾਲ ਦੇਖੀਏ ਤਾਂ ਲੱਗਣ ਲੱਗਦਾ ਹੈ ਕਿ ਜਦੋਂ ਇਸ ਦਿਸਾ ਵਿਚ ਸਾਡੀ ਸ਼ਹਿਰੀ ਵਿਵਸਥਾ ਨੂੰ ਬਣਾਉਣ ਅਤੇ ਉਸ ’ਤੇ ਕਾਨੂੰਨ ਵਿਵਸਥਾ ਲਾਗੂ ਕਰਨ ਵਾਲਿਆਂ ਦੀ ਕਲਪਨਾ ਧਾਰਾ ਵਧਦੀ ਵੀ ਹੈ, ਤਾਂ ਸ਼ਹਿਰੀ ਪੁਰਸ਼ ਨਸਲ ਦੇ ਹੀ ਸੰਦਰਭ ਵਿਚ। ਨਤੀਜੇ ਵਜੋਂ ਜਨਤਕ ਪਾਰਕਾਂ ਜਾਂ ਸਮੁੰਦਰ ਦੇ ਕੰਢੇ ਬੈਠਣ ਦੀਆਂ ਥਾਵਾਂ, ਪਖਾਨੇ ਜਾਂ ਚੜ੍ਹਣ-ਉਤਰਨ ਵਿਚ ਆਸਾਨ ਬੱਸਾਂ ਜਾਂ ਸ਼ੈਲਟਰਾਂ ਅਤੇ ਪੁਲਸੀਆ ਨਿਗਰਾਨੀ ਦੀਆਂ ਯੋਜਨਾਵਾਂ ਬਣਾਉਂਦੇ ਸਮੇਂ ਕਿਤੇ ਵੀ ਔਰਤਾਂ, ਬਜ਼ੁਰਗਾਂ, ਅਪਾਹਜਾਂ ਦੀ ਸਹੂਲਤ ਅਤੇ ਮਰਿਆਦਾ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ। ਨਾਜਾਇਜ਼ ਕਬਜ਼ੇ ਹਟਾ ਕੇ ਜਨਤਕ ਜ਼ਮੀਨ ਜਨਤਾ ਨੂੰ ਸਮੂਹਿਕ ਵਰਤੋਂ ਲਈ ਵਾਪਸ ਮੋੜਣ ਲਈ ਜਦੋਂ ਜਨਹਿਤ ਪਟੀਸ਼ਨ ਦਾਖ਼ਲ ਕੀਤੀ ਅਤੇ ਮਸ਼ਹੂਰ ਕੇਸ ਲੜੇ ਵੀ ਜਾਂਦੇ ਹਨ, ਉਸ ਸਮੇਂ ਵੀ ਸ਼ਾਇਦ ਹੀ ਕਦੇ ਗੰਭੀਰਤਾ ਨਾਲ ਸੋਚਿਆ ਜਾਂਦਾ ਹੋਵੇਗਾ ਕਿ ਜਦੋਂ ਉਹ ਜਨਤਕ ਥਾਂ ਜਨਤਾ ਨੂੰ ਦੁਬਾਰਾ ਵਾਪਸ ਮਿਲ ਜਾਵੇ ਤਾਂ ਇਸ ਵਾਰ ਉਨ੍ਹਾਂ ਦਾ ਸਹਿਜ ਸੁੱਖ ਲੈਣ ਵਿਚ ਔਰਤਾਂ ਨੂੰ ਵੀ ਪੁਰਸ਼ਾਂ ਦੀ ਤਰ੍ਹਾਂ ਹੀ ਬਰਾਬਰ ਦਾ ਹਿੱਸੇਦਾਰ ਕਿਵੇਂ ਬਣਾਇਆ ਜਾ ਸਕੇ? ਸਾਡੇ ਸ਼ਹਿਰਾਂ ਵਿਚ ਆਰਥਿਕ ਤੌਰ ’ਤੇ ਅਜਿਹੀ ਆਤਮ ਨਿਰਭਰ ਔਰਤਾਂ ਦੀ ਗਿਣਤੀ ਹਰ ਵਰਗ ਵਿਚ ਵਧ ਰਹੀ ਹੈ, ਜੋ ਸ਼ਾਦੀਸ਼ੁਦਾ ਨਹੀਂ ਜਾਂ ਕਿਸੇ ਕਾਰਨਾਂ ਕਰਕੇ ਪਤੀ-ਪਰਿਵਾਰ ਤੋਂ ਬਿਨਾਂ ਇਕੱਲੀ ਆਪਣੇ ਬੱਚਿਆਂ ਨੂੰ ਪਾਲ ਰਹੀ ਹੈ। ਹਫ਼ਤੇ ਭਰ ਘਰੇਲੂ ਅਤੇ ਦਫਤਰਾਂ ਵਿਚ ਕੰਮ ਕਰਨ ਵਾਲੀਆਂ ਅਤੇ ਕਿਸੇ ਛੋਟੀ ਜਿਹੀ ਕਿਰਾਏ ਵਾਲੀ ਥਾਂ ਵਿਚ ਰਹਿ ਰਹੀਆਂ ਇਨ੍ਹਾਂ ਲੜਕੀਆਂ ਨੂੰ ਵੀ ਆਪਣੇ ਜੀਵਨ ਵਿਚ ਕਈ ਵਾਰ ਸੁਰੱਖਿਅਤ ਇਕਾਂਤ ਦੀ ਤਲਬ ਹੁੰਦੀ ਹੈ। ਪਰ ਜਦੋਂ ਉਹ ਬਿਨਾਂ ਟੋਕਾਟਾਕੀ ਇਕੱਲੇ ਟਹਿਲਣਾ ਜਾਂ ਕਿਸੇ ਇਕਾਂਤ ਕੋਨੇ ਵਿਚ ਬੈਠਣਾ ਚਾਹੁੰਦੀਆਂ ਹੋਣ, ਤਾਂ ਪਾਰਕ, ਬੀਚ ਜਾਂ ਚਾਹ ਦੀਆਂ ਦੁਕਾਨਾਂ, ਜਨਤਕ ਸਥਾਨ ਉਨ੍ਹਾਂ ਲਈ ਅਕਸਰ ਸਹੀ ਸਾਬਿਤ ਨਹੀਂ ਹੁੰਦੇ। ਉਪਰੋਂ ਉਹ ਭਾਵੇਂ ਕੁਝ ਕਹਿਣ, ਖੁੱਲ੍ਹੇ ਆਸਮਾਨ ਥੱਲੇ ਕਿਸੇ ਪਾਰਕ ਜਾਂ ਮੈਦਾਨ ਵਿਚ ਇੱਧਰ-ਉਧਰ ਘੁੰਮਦੀ ਜਾਂ ਬੈਠੀ ਹੋਈ ਇਕੱਲੀ ਅਣਜਾਣ (ਭਾਵ ਮਾਤਾ, ਭਾਬੀ, ਭੈਣ ਦੀਆਂ ਕੈਟਾਗਿਰੀ ਤੋਂ ਬਾਹਰ ਦੀਆਂ) ਨੌਜਵਾਨ ਔਰਤਾਂ ਜ਼ਿਆਦਾਤਰ ਸ਼ਹਿਰੀ ਨਜ਼ਰਾਂ ਵਿਚ ਸ਼ੱਕੀ ‘ਮਾਲ’ ਹੈ।

ਪੁਲਿਸ, ਜਿਸ ਦਾ ਇਕ ਕੰਮ ਔਰਤਾਂ ਦੇ ਖੁੱਲ੍ਹੇ ਇਲਾਕੇ ਵਿਚ ਪੂਰੀ ਸੁਰੱਖਿਆ ਯਕੀਨੀ ਕਰਾਉਣਾ ਵੀ ਹੈ, ਉਸ ਦੀ ਮਦਦ ਤੋਂ ਪਹਿਲਾਂ ਹਰ ਇਕੱਲੀ ਔਰਤ ਤੋਂ ਕੜਵਾਹਟ ਨਾਲ ਪੁੱਛਦੀ ਹੈ ਕਿ ਉਹ ਇਕੱਲੀ ਇਥੇ ਕੀ ਕਰ ਰਹੀ ਹੈ? ਜੇਕਰ ਉਹ ਕੰਮਕਾਜੀ ਸ਼੍ਰੇਣੀ ਦੀ ਲੜਕੀ ਦਿਖਾਈ ਦਿੰਦੀ ਹੋਵੇ, ਤਦ ਤਾਂ ਉਸ ਨਾਲ ਦੋ-ਤਿੰਨ ਅਪਮਾਨਜਨਕ ਸੰਭਾਵਨਾਵਾਂ ਵੀ ਇਸ ਸਬੰਧੀ ਜ਼ਾਹਿਰ ਕਰ ਦਿੱਤੀਆਂ ਜਾਂਦੀਆਂ ਹਨ ਕਿ ਉਹ ਉਥੇ ਇਕੱਲੀ ਕੀ ਭਾਲਦੀ ਹੈ। ਬਹੁਤ ਦਿਨ ਨਹੀਂ ਹੋਏ, ਜਦੋਂ ਦੇਰ ਰਾਤ ਦੀ ਸ਼ਿਫਟ ਤੋਂ ਘਰ ਵਾਪਸ ਆਉਂਦੀ ਇਕ ਨੌਜਵਾਨ ਮਹਿਲਾ ਪੱਤਰਕਾਰ ਦੀ ਹੱਤਿਆ ਦੇ ਸਬੰਧ ਵਿਚ ਪੁਲਿਸ ਦੇ ਢਿੱਲਮੱਠ ਰਵੱਈਏ ’ਤੇ ਸਵਾਲ ਕਰਨ ਦੀ ਬਜਾਏ ਇਕ ਮਹਿਲਾ ਵੀ.ਆਈ.ਪੀ ਦੀ ਟਿਪਣੀ ਸੀ ਕਿ ਲੜਕੀਆਂ (ਭਾਵ ਚੰਗੇ ਘਰ ਦੀਆਂ) ਨੂੰ ਦੇਰ ਰਾਤ, ਇਕੱਲੇ ਸੜਕਾਂ ’ਤੇ ਆਉਣਾ-ਜਾਣਾ ਹੀ ਨਹੀਂ ਚਾਹੀਦਾ। ਸਾਡੇ ਸ਼ਹਿਰਾਂ ਵਿਚ ਵਧਦੇ ਅਪਰਾਧਾਂ ਦੇ ਸਬੰਧ ਵਿਚ ਮਾਹਿਰਾਂ ਵੱਲੋਂ ਔਰਤਾਂ ਦੁਆਰਾ ਸੜਕਾਂ, ਪਾਰਕਾਂ ਅਤੇ ਜਨਤਕ ਸਹੂਲਤਾਂ ਦੀ ਵਰਤੋਂ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ’ਤੇ ਖੋਜ ਕਰਨਾ ਜ਼ਰੂਰੀ ਹੈ। ਇਸ ਨਾਲ ਜਿਹੜੇ ਮਾਮਲੇ ਸ਼ਹਿਰ ਦਰ ਸ਼ਹਿਰ ਉਜਾਗਰ ਹੋਣਗੇ, ਉਹ ਰੋਚਕ ਤਾਂ ਹੋਣਗੇ ਹੀ, ਉਨ੍ਹਾਂ ਦੀ ਮਾਰਫਤ ਪੁਰਸ਼ਾਂ ਦੀ ਤੁਲਨਾ ਵਿਚ ਔਰਤਾਂ ਦੁਆਰਾ ਜਨਤਕ ਥਾਵਾਂ ਦੇ ਸਹਿਜ ਉਪਯੋਗ ਅਤੇ ਸ਼ਹਿਰ ਵਿਚ ਵਿਚਰਨ ਸਮਰਥਾ ਦੀ ਅਸਲੀਅਤ ਤੋਂ ਵੀ ਪਰਦਾ ਉਠੇਗਾ। ਨਾਲ ਹੀ, ਸਮਾਜ ਅਤੇ ਪੁਲਿਸ ਪ੍ਰਸ਼ਾਸਨ ਦੀ ਮਾਨਸਿਕਤਾ ਦੇ ਉਹ ਕਈ ਦਬੇ-ਛਿਪੇ ਕੋਣ ਵੀ ਉਜਾਗਰ ਹੋਣਗੇ, ਜੋ ਸਾਨੂੰ ਦਿਖਾਉਣਗੇ ਕਿ ‘ਲਾਡਲੀ’, ‘ਬੇਟੀ ਬਚਾਓ’ ਅਤੇ ‘ਨੰਨ੍ਹੀ ਛਾਂ’ ਆਦਿ ਯੋਜਨਾਵਾਂ ਸਿਰਜਨ ਵਾਲਾ ਸਾਡਾ ਰਾਜ-ਸਮਾਜ ਦਰਅਸਲ ਔਰਤਾਂ ਨੂੰ ਦਿਨ ਢਲਦੇ ਹੀ ਆਪਣੇ ਘਰਾਂ ਦੇ ਅੰਦਰ ਬੰਦ ਦੇਖਣਾ ਚਾਹੁੰਦਾ ਹੈ। ਹਨ੍ਹੇਰੇ ਵਿਚ ਇਕੱਲੀ ਘਰ ਤੋਂ ਬਾਹਰ ਨਿਕਲਣ ਵਾਲੀ ਔਰਤ ਦੀ ਸੁਰੱਖਿਆ ਦੀ ਕੋਈ ਗਾਰੰਟੀ ਉਹ ਨਹੀਂ ਲੈਂਦੇ।



‘ਟਿਸ’ (ਟਾਟਾ ਇੰਸਟੀਚਿਊਟ ਫਾਰ ਸੋਸ਼ਲ ਸਾਇੰਸਜ਼) ਵੱਲੋਂ ਮੁੰਬਈ ਦੀਆਂ ਔਰਤਾਂ ਅਤੇ ਉਸ ਮਹਾਂਨਗਰ ਦੇ ਬਚੇ-ਖੁਚੇ ਜਨਤਕ ਇਲਾਕਿਆਂ ਦੀਆਂ ਤਿੰਨ ਔਰਤਾਂ, ਇਕ ਪ੍ਰੋਫੈਸਰ, ਇਕ ਆਰਕੀਟੈਕਟ ਅਤੇ ਇਕ ਪੱਤਰਕਾਰ ਵੱਲੋਂ ਤਿਆਰ (ਪੇਂਗੁਈਨ ਪ੍ਰਕਾਸ਼ਨ ਤੋਂ ਆਈ) ਪੁਸਤਕ ‘ਵਾਏ ਲੋਈਟਰ? ਵੂਮੈਨ ਐਂਡ ਰਿਸਕ ਆਨ ਮੁੰਬਈ ਸਟ੍ਰੀਟਸ’ ਉਪਰੋਕਤ ਗੱਲਾਂ ਦੀ ਤਸਦੀਕ ਕਰਦੀ ਹੈ।

ਲੇਖਕਾਂ ਨੇ ਪਾਇਆ ਹੈ ਕਿ ਸੰਵਿਧਾਨ ਦੀ ਦਿੱਤੀ ਵਿਚਰਨ ਦੀ ਆਜ਼ਾਦੀ ਸ਼ਹਿਰੀ ਔਰਤਾਂ ਦੇ ਸੰਦਰਭ ਵਿਚ ਇਕ ਮਿਥ ਹੈ। ਸ਼ਹਿਰੀ ਸੱਭਿਆਚਾਰ ਅਤੇ ਉਸ ਦੇ ਤਹਿਤ ਵਿਕਸਿਤ ਜਨਤਕ ਨਿਰਮਾਣਾਂ ਦਾ ਢਾਂਚਾ ਸਭ ਲਗਾਤਾਰ ਮਹਿਲਾ ’ਤੇ ਦਬਾਅ ਪਾਉਂਦੇ ਹਨ ਕਿ ਉਹ ਜਦੋਂ ਮਨ ਕੀਤਾ, ਇਕੱਲੀ ਬਾਹਰ ਦਾ ਰੁਖ਼ ਨਾ ਕਰੇ। ਜੇਕਰ ਉਹ ਨਾ ਮੰਨੀ ਤਾਂ ਉਨ੍ਹਾਂ ਦੀ ਨੈਤਿਕਤਾ, ਉਨ੍ਹਾਂ ਦਾ ਚਰਿੱਤਰ ਪ੍ਰੋਫਾਈਲ ਅਤੇ ਪਰਿਵਾਰਕ ਪਿਛੋਕੜ ਸਭ ’ਤੇ ਸਵਾਲੀਆ ਨਿਸ਼ਾਨ ਲਗਾਏ ਜਾ ਸਕਦੇ ਹਨ ਅਤੇ ਜੇਕਰ ਉਨ੍ਹਾਂ ਨਾਲ ਬਦਸਲੂਕੀ ਹੋਈ ਤਾਂ ਬਹੁਤ ਘੱਟ ਲੋਕ ਉਨ੍ਹਾਂ ਦੇ ਪੱਖ ਵਿਚ ਖੜ੍ਹੇ ਹੋਣਗੇ। ਜਿਸ ਦੇਸ਼ ਦੇ ਜ਼ਿਆਦਾਤਰ ਸ਼ਹਿਰੀ ਪਾਰਕ ਹਿੰਸਾ ’ਤੇ ਉਤਾਰੂ, ਆਵਾਰਾਗਰਦੀ, ਨਸ਼ੇੜੀਆਂ ਦੇ ਅੱਡੇ, ਜਿਥੋਂ ਦੀਆਂ ਸ਼ਹਿਰੀ ਸੜਕਾਂ ਔਰਤਾਂ ਦੇ ਨਾਲ ਸਰੀਰਕ ਬਦਸਲੂਕੀ ਅਤੇ ਭੱਦੀ ਛੇੜਖਾਨੀ, ਜਿਸ ਦੇ ਥਾਣੇ ਮਹਿਲਾ ਕਾਂਸਟੇਬਲਾਂ ਦੀ ਹਾਜ਼ਰੀ ਦੇ ਬਾਵਜੂਦ ਅਕਸਰ ਹੈਵਾਨੀਅਤ ਦੇ ਕੇਂਦਰ ਸਾਬਿਤ ਹੁੰਦੇ ਰਹੇ ਹੋਣ, ਉਥੇ ਲੇਖਿਕਾਵਾਂ ਦੀ ਇਹ ਮੰਗ ਕਿ ਔਰਤਾਂ ਨੂੰ ਆਪਣੀ ਆਜ਼ਾਦੀ ਦਾ ਸਹੀ ਸਵਾਦ ਲੈ ਪਾਉਣ ਲਈ ਪਹਿਲਾਂ ਆਪਣੇ ਸ਼ਹਿਰ ਵਿਚ ਜਨਤਕ ਇਲਾਕਿਆਂ ਵਿਚ ਆਪਣੀ ਬਿਨਾਂ ਕਿਸੇ ਰੋਕ-ਟੋਕ ਦੀ ਆਵਾਜਾਈ ਦੇ ਹੱਕ ਦੀ ਬਹਾਲੀ ਤੈਅ ਕਰਾਉਣੀ ਹੋਵੇਗੀ, ਦਰਅਸਲ ਸਾਡੇ ਰਾਜ-ਸਮਾਜ ਵਿਚ ਇਕ ਬਹੁਤ ਵੱਡੇ ਬੁਨਿਆਦੀ ਬਦਲਾਅ ਦੀ ਮੰਗ ਹੈ। ਸੌ ਟਕੇ ਦਾ ਸਵਾਲ ਇਹ ਹੈ ਕਿ ਹਰ ਵਰਗ ਵਿਚ ਮੌਜੂਦ ਭੁਗਤਭੋਗੀ ਮਹਿਲਾਵਾਂ ਦੁਆਰਾ ਸ਼ਹਿਰੀ ਜਨਤਕ ਥਾਵਾਂ ਵਿਚ ਆਪਣੇ ਹੱਕ ਅਤੇ ਸੁਰੱਖਿਆ ਦੀ ਬਹਾਲੀ ਤੈਅ ਕਰਾਉਣ ਦੀ ਸਹੀ ਰਾਹ ਕੀ ਹੋਵੇ। ਕੁਝ ਸਮੇਂ ਪਹਿਲਾਂ ਸ਼ਹਿਰੀ ਸੜਕਾਂ ’ਤੇ ਛੇੜਛਾੜ ਦੇ ਵਿਰੋਧ ਵਿਚ ਪੱਛਮ ਤੋਂ ਪ੍ਰੇਰਣਾ ਲੈ ਕੇ ਜੋ ਬੇਸ਼ਰਮੀ ਮੋਰਚਾ ਆਯੋਜਿਤ ਕੀਤਾ ਗਿਆ ਸੀ, ਉਹ ਮੀਡੀਆ ਦੀ ਭਰਪੂਰ ਪਬਲੀਸਿਟੀ ਦੇ ਬਾਵਜੂਦ ਸਿਰੇ ਨਾ ਚੜ੍ਹ ਸਕਿਆ ਕਿਉਂਕਿ ਉਸ ਦਾ ਢਾਂਚਾ, ਵਿਰੋਧ ਦਾ ਤਰੀਕਾ ਅਤੇ ਹਿੱਸੇਦਾਰਾਂ ਦੀ ਵਰਗ ਚੇਤਨਾ ਦਾ ਰੋੜਾ ਜਨਤਕ ਹਿੱਸੇਦਾਰੀ ਦੇ ਅੱਗੇ ਆਉਂਦਾ ਸੀ। ਔਰਤਾਂ ਨੂੰ ਰਾਜ-ਸਮਾਜ ਨੂੰ ਇਹ ਭਰੋਸਾ ਦਿਵਾਉਣਾ ਹੋਵੇਗਾ ਕਿ ਜਦੋਂ ਉਹ ਸੜਕਾਂ, ਪਾਰਕਾਂ ਅਤੇ ਜਨਤਕ ਆਵਾਜਾਈ ਸਾਧਨਾਂ ਵਿਚ ਆਪਣੀ ਸੁਰੱਖਿਆ ਅਤੇ ਮੁਕਤ ਆਵਾਜਾਈ ਦੀ ਗੱਲ ਕਰ ਰਹੀਆਂ ਹਨ ਤਾਂ ਉਨ੍ਹਾਂ ਦਾ ਇਰਾਦਾ ਆਪਣੇ ਵਰਗ ਤੱਕ ਹੀ ਸੀਮਤ ਨਹੀਂ ਅਤੇ ਉਨ੍ਹਾਂ ਦੀ ਸੁਰੱਖਿਆ ਦੀ ਪੱਕੀ ਗਾਰੰਟੀ ਹਰ ਸ਼ਹਿਰ ਵਿਚ ਹੌਲੀ-ਹੌਲੀ ਪੂਰੇ ਰਾਜ-ਸਮਾਜ ਦੀ ਸੁਰੱਖਿਆ ਅਤੇ ਜੀਵਨ ਦੀ ਬਿਹਤਰੀ ਦੀ ਰਾਹ ਖੋਲ੍ਹੇਗੀ।ਜੇਕਰ ਔਰਤਾਂ ਕਾਇਦੇ ਨਾਲ ਲਾਮਬੰਦ ਹੋਣ ਅਤੇ ਇਸ ਅੰਦੋਲਨ ਨੂੰ ਸਿਰਫ ਆਪਣੀ ਨਿੱਜੀ ਮੰਗ ਦੀ ਬਜਾਏ ਪੂਰੇ ਸ਼ਹਿਰ ਦੇ ਸ਼ਾਂਤੀ ਪਸੰਦ ਨਾਗਰਿਕਾਂ, ਖਾਸ ਕਰਕੇ ਬਜ਼ੁਰਗਾਂ ਅਤੇ ਬੱਚਿਆਂ ਦੀਆਂ ਸਹਿਜ ਜ਼ਰੂਰਤਾਂ ਨਾਲ ਵੀ ਜੋੜ ਸਕਣ ਤਾਂ ਇਸ ਦਾ ਆਧਾਰ ਤਾਂ ਵਿਸਥਾਰ ਵਾਲਾ ਹੋਵੇਗਾ ਹੀ, ਇਸ ਨਾਲ ਦੇਸ਼ ਵਿਚ ਸ਼ਹਿਰੀ ਜ਼ਿੰਦਗੀ, ਸੜਕਾਂ ’ਤੇ ਚੱਲਣ ਵਾਲਿਆਂ ਦੀਆਂ ਭਾਵਨਾਵਾਂ ਅਤੇ ਪੁਲਿਸ ਦੀ ਹਾਜ਼ਰੀ ਦੇ ਸਵਾਲਾਂ ’ਤੇ ਵੀ ਰਚਨਾਤਮਕ ਢੰਗ ਨਾਲ ਮੁੜ ਵਿਚਾਰ ਹੋ ਸਕੇਗਾ।

Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



Cell: 780-909-5154



Laddi Padda

9222-51 Avenue, Edmonton, AB T6E 5L8

Phone: 780-439-9818, Fax: 780-439-1257

ਕਿਤਾਬ: ਮੇਰੇ ਲਈ ਨਾ ਰੁਕੋ (ਡਾ. ਰਵਿੰਦਰ)

ਪੰਨੇ: 88, ਮੁੱਲ : 130 ਰੁਪਏ

ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ।

'ਮੇਰੇ ਲਈ ਨਾ ਰੁਕੋ' ਦੇ ਪ੍ਰਕਾਸ਼ਨ ਨਾਲ ਡਾ. ਰਵਿੰਦਰ ਅੱਧੀ ਦਰਜਨ ਕਾਵਿ-ਪੁਸਤਕਾਂ ਦਾ ਸਿਰਜਕ ਬਣ ਗਿਆ ਹੈ। ਇਸ ਤੋਂ ਪਹਿਲਾਂ ਉਸ ਦੇ 'ਆਪਣੀ ਉਡੀਕ ਵਿਚ', 'ਨਦੀ ਪੌਣ ਖੁਸ਼ਬੋ', 'ਬੰਸਰੀ ਉਦਾਸ ਹੈ', 'ਇਕ ਜੰਗਲ ਮੇਰੇ ਅੰਦਰ', 'ਆਲ੍ਹਣੇ ਘਰ ਪਿੰਜਰੇ' ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਆਪਣੀ ਨਿਵੇਕਲੀ ਕਾਵਿ-ਸ਼ੈਲੀ ਤੇ ਨਿਰਉਚੇਚ ਕਾਵਿ-ਨੁਹਾਰ ਕਾਰਨ ਉਸ ਦੀ ਤਕਰੀਬਨ ਹਰ ਕਾਵਿ-ਪੁਸਤਕ ਨੇ ਨਵੀਂ ਪੰਜਾਬੀ ਕਵਿਤਾ ਦੇ ਪਾਠਕਾਂ ਦਾ ਧਿਆਨ ਆਕਰਸ਼ਤ ਕੀਤਾ ਹੈ। 'ਮੇਰੇ ਲਈ ਨਾ ਰੁਕੋ' ਦੀ ਕਵਿਤਾ ਪੜ੍ਹਕੇ ਵੀ ਪਾਠਕ ਦੀ ਸੁਭਾਵਕ ਤੇ ਸੰਭਾਵੀ ਪ੍ਰਤੀਕਿਰਿਆ ਇਹੋ ਹੋਵੇਗੀ ਕਿ ਕੁਝ ਵੀ ਹੋਵੇ ਇਕ ਸੰਗ੍ਰਹਿ ਵਿਚਲੀ ਕਵਿਤਾ ਲਈ ਜ਼ਰੂਰ ਰੁਕੋ। ਇਸ ਕਵਿਤਾ ਨੂੰ ਰੁਕ ਕੇ ਹੀ ਸਮਝਣਾ ਅਤੇ ਮਾਨਣਾ ਬਣਦਾ ਹੈ। ਉਸ ਦੀ 'ਮੈਂ' ਨੂੰ ਸਹੀ ਪਰਿਪੇਖ ਵਿਚ ਪਛਾਣਨ ਉਪਰ ਉਸਦੀ ਸ਼ਾਇਰੀ ਕਾਫੀ ਜ਼ੋਰ ਦਿੰਦੀ ਹੈ, ਜੋ ਮੇਰੇ ਲਈ ਨੁੱਕਰ

ਅਜੇ ਵੀ ਖ਼ਾਲੀ ਤੇਰੇ ਅੰਦਰ
ਉਥੇ ਲਾ ਲੈ ਮੇਰੇ ਨਾਂ ਦੀ ਤਖ਼ਤੀ
ਮੇਰੀ ਨੇਮ ਪਲੇਟ
ਇਹੋ ਮੇਰਾ ਪਤਾ ਟਿਕਾਣਾ
ਇਹੋ ਮੇਰੀ ਪਛਾਣ
ਇੱਟਾਂ ਕੰਧਾਂ ਵਾਲੇ ਘਰ ਵਿਚ
ਮੈਂ ਨਾ ਰਹਿੰਦਾ
ਜੋ ਰਹਿੰਦਾ
ਉਸ ਦਾ ਨਾਂ 'ਮੈਂ' ਨਹੀਂ (ਪੰਨਾ:19)

ਮਕਾਨਕੀ ਤਹਿਜ਼ੀਬ ਦਾ ਉਭਾਰ ਸਰੀਰ ਨੂੰ ਉਸ ਦੀ ਤ੍ਰਿਪਤੀ ਦੇ ਪ੍ਰਕ੍ਰਿਤਕ ਸਰੋਤਾਂ ਤੇ ਸਰੋਕਾਰਾਂ ਤੋਂ ਲਗਾਤਾਰ ਵਾਂਝਾ ਕਰਦਾ ਜਾ ਰਿਹਾ ਹੈ। ਮਨੁੱਖ ਖ਼ੁਦ ਵੀ ਹੁਣ ਇਤਿਹਾਸ ਘਾੜਾ ਨਾ ਰਹਿ ਕੇ, ਉਪਭੋਗ ਲਈ ਨਵੇਂ ਪੈਦਾ ਕਰਨ ਅਤੇ ਉਨ੍ਹਾਂ ਨੂੰ ਮੰਡੀ ਦੀਆਂ ਲੋੜਾਂ ਮੁਤਾਬਕ ਚਾਨਣ-ਤਰਾਸ਼ਣ ਦਾ ਵਸੀਲਾ ਮਾਤਰ ਬਣਦਾ ਜਾ ਰਿਹਾ ਹੈ, ਉਹ ਕਾਰਖਾਨੇ ਵਿਚ ਮਾਲ ਤਿਆਰ ਕਰਨ ਦੀਆਂ ਲੀਹਾਂ 'ਤੇ ਕੰਮ ਕਰ ਰਿਹਾ ਪ੍ਰਤੀਤ ਹੁੰਦਾ ਹੈ;

ਅਸੀਂ ਤਿਆਰ ਕਰਦੇ ਹਾਂ ਬੱਚੇ
ਆਗਿਕਾਰ ਸੁਸ਼ੀਲ ਮਿਹਨਤੀ
ਹਰ ਉਜਰਤ
ਖਿੜੇ ਮੱਥੇ ਕਬੂਲਣ ਵਾਲੇ
ਉਨ੍ਹਾਂ ਦਾ ਬਚਪਨ ਜਵਾਨੀ
ਸਾਂਭ ਸੰਵਾਰ ਕੀਤੇ
ਉਹ ਪੂਰੇ ਤਿਆਰ
ਤੁਹਾਡੇ ਨਿੱਜ ਬਦਲਣੇ
ਮਿਆਰਾਂ ਅਨੁਸਾਰ
ਆਓ ਖਰੀਦੋ
ਕਿਰਾਏ 'ਤੇ ਲਓ
ਜਿੰਨੀ ਦੇਰ ਲਈ ਚਾਹੀਦੇ
ਸਾਡੇ ਬੱਚੇ
ਉਹ ਆਪ ਤੁਹਾਡੇ ਪਏ
ਗਲਾਂ 'ਚ ਪਾਉਣ ਨੂੰ ਤਿਆਰ
ਬਹੁਤ ਨਿਗੂਣੇ ਲਾਲਚਾਂ ਲਈ।

ਮਨੁੱਖ ਸਭਿਆਚਾਰ ਕਦਰਾਂ-ਕੀਮਤਾਂ ਅਤੇ ਵਡਮੁੱਲੇ ਮਾਨਵੀ ਆਦਰਸ਼ਾਂ ਨੂੰ ਬੜੀ ਤੇਜ਼ੀ ਨਾਲ ਭੁੱਲਦਾ ਜਾ ਰਿਹਾ ਹੈ। ਉਸ ਲਈ ਵਰਤਮਾਨਾਂ ਸਮਾਜਕ ਪ੍ਰਬੰਧ ਅਧੀਨ ਜੋ ਜੀਣਾ ਨਿਸ਼ਚਿਤ ਹੋ ਗਿਆ ਹੈ, ਉਹ ਜੀਣਾ ਘੱਟ ਅਤੇ ਜੀਣ ਦਾ ਅਭਿਨੈ ਵਧੇਰੇ ਹੈ। ਇਹ ਵਰਤਾਰਾ ਕੇਵਲ ਸਮਕਾਲੀ ਮਨੁੱਖ ਦੇ ਵਿਅਕਤੀਤੱਵ ਦੀਆਂ ਤਰੇੜਾਂ ਤਕ ਸੀਮਤ ਨਹੀਂ, ਸਗੋਂ ਉਸ ਦੇ ਚਰਿੱਤਰ ਨੂੰ ਬੇਇਤਬਾਰਾ ਵੀ ਬਣਾ ਰਿਹਾ ਹੈ;

ਕਈ ਸਰਵਣ ਨੇ
ਘਰ ਦੇ ਇਸ ਰੰਗਮੰਚ ਦੇ ਉਤੇ
ਕੋਈ ਮਖੌਟਾ ਪਾਈ
ਕੋਈ ਨੰਗੇ ਚਿਹਰੇ
ਆਪਣਾ ਆਪਣਾ ਰੋਲ ਨਿਭਾਉਂਦੇ2ਹਿੰਗੀਆਂ ਵੀ ਬਹੁਤ
ਝੂਟੇ ਲੈਣ ਵਾਲੇ ਵੀ ਬੜੇ
ਇਕ ਪਲ ਇਕ ਸਰਵਣ ਦੇ ਮੋਢੇ
ਵਹਿੰਗੀ ਹੋਵੇ
ਦੂਜੇ ਪਲ ਕੋਈ ਸਰਵਣ ਖੁਦ ਛਾਬੇ ਵਿਚ ਬੈਠੇ।

ਇਲਕਟ੍ਰੋਨਿਕ ਮੀਡੀਆ ਦੀ ਭਰਮਾਰ, ਬਾਜ਼ਾਰ ਦੀ ਚੁਕਾਚੌਂਧ/ਸੂਚਨਾ ਕ੍ਰਾਂਤੀ ਦੀ ਓਵਰਡੋਜ਼ ਅਤੇ ਮਹਿਜ਼ ਪੈਸਾਪ੍ਰਸਤੀ ਨੇ ਸਮਕਾਲੀ ਮੱਧਵਰਗੀ ਮਨੁੱਖ ਨੂੰ ਅਰਥਹੀਣਤਾ ਦੀ ਚਰਮ ਸੀਮਾ 'ਤੇ ਪਹੁੰਚਾ ਦਿੱਤਾ ਹੈ। ਡਾ. ਰਵਿੰਦਰ ਦੀ ਅਜਿਹੇ ਬੰਦੇ ਬਾਰੇ ਨਸੀਹਤ ਹੈ;

ਅੱਜ ਕੱਲ੍ਹ ਉਹਦੇ ਤੋਂ
ਦੂਰ ਹੀ ਰਹੋ ਤਾਂ ਚੰਗਾ ਹੈ
ਉਹ ਜੋ ਵੀ ਬੋਲੇਗਾ
ਰੁੱਖਾ ਹੋਵੇਗਾ ਜਾਂ ਬੇਅਰਥ
ਉਹਨੂੰ ਤਾਂ
ਆਪਣੇ ਕੰਨਾਂ ਅੱਖਾਂ ਬੋਲਾਂ 'ਤੇ
ਵੀ
ਇਤਬਾਰ ਨਹੀਂ
ਉਹਦੇ ਲਈ
ਫੈਸਲੇ ਵੀ ਲੋਕ ਲੈਂਦੇ ਨੇ
ਉਹਦੇ ਲਈ
ਸੁਣਦੇ ਵੇਖਦੇ ਬੋਲਦੇ ਵੀ ਦੂਸਰੇ
ਨੇ
ਉਹ ਜਿਥੇ ਹੈ
ਜਿਵੇਂ ਹੈ
ਜਿਸ ਹਾਲ ਵਿਚ ਹੈ
ਉਥੇ ਉਵੇਂ ਹੀ
ਰਹਿਣ ਦਿਓ
ਉਹ ਹੁਣ ਵਰਤਣਯੋਗ ਨਹੀਂ ਹੈ
(ਪੰਨਾ 37-38)।

'ਮੇਰੇ ਲਈ ਨਾ ਰੁਕੋ' ਵਿਚਲੀਆਂ ਕਵਿਤਾਵਾਂ ਦੀ ਅੰਤਰਧਾਰਾ 'ਚੋਂ ਉਠਦੀ ਲੈਅ ਦੀ ਪ੍ਰਤੀਧੁਨੀ ਮੁਗਧ ਕਰਨ ਵਾਲੀ ਹੈ। ਕਵਿਤਾ ਵਿਚ ਕਿਤੇ-ਕਿਤੇ ਨਾਟਕੀ ਸਥਿਤੀਆਂ ਵੀ ਉਭਰਦੀਆਂ ਹਨ। ਖੁੱਲ੍ਹੀ ਕਵਿਤਾ ਦੀਆਂ ਖੁੱਲ੍ਹੀਆਂ ਸੰਭਾਵਨਾਵਾਂ ਨੂੰ ਡਾ. ਰਵਿੰਦਰ ਨੇ ਖੂਬ ਸਾਕਾਰ ਕੀਤਾ ਹੈ। 'ਮੇਰੇ ਲਈ ਨਾ ਰੁਕੋ' ਵਿਚ ਡਾ. ਰਵਿੰਦਰ ਰਿਸ਼ਤਿਆਂ ਨੂੰ ਮੁਖ਼ਾਤਬ ਹੈ। ਰਿਸ਼ਤੇ ਕਿਉਂਕਿ ਭਾਵਕੁਤਾ ਤੋਂ ਘੱਟ ਹੀ ਮੁਕਤ ਹੁੰਦੇ ਹਨ। ਇਸ ਲਈ ਰਿਸ਼ਤਿਆਂ ਨਾਲ ਜੁੜੀ ਤਰਲਤਾ ਕਵਿਤਾ ਨੂੰ ਅਲੰਕ੍ਰਿਤ ਕਰਨ ਤੋਂ ਇਲਾਵਾ ਪਾਠਕ ਨਾਲ ਵੀ ਇਕ ਅਪਣੱਤ ਭਰਿਆ ਨਾਤਾ ਗੰਢ ਲੈਂਦੀ ਹੈ। ਪਾਠਕ ਨੂੰ ਕਵਿਤਾ ਵਿਚੋਂ ਆਪਣਾ ਸੱਚ ਨਜ਼ਰ ਆਉਂਦਾ ਤਾਂ ਕਵਿਤਾ ਚਿਰੰਜੀਵੀ ਹੋ ਨਿਬੜਦੀ ਹੈ। ਡਾ. ਰਵਿੰਦਰ ਦੇ ਸ਼ਬਦਾਂ ਵਿਚ;

ਕੁਝ ਤਾਂ ਇਹਦੇ ਵਿਚ ਹੈ
ਜੋ ਕੱਲ੍ਹ ਵੀ ਉਹੋ ਰਹੇਗਾ
ਜਿਹੋ ਜਿਹਾ ਹੁਣ ਸਾਹਮਣੇ ਹੈ
ਕੁਝ ਤਾਂ ਇਹਦੇ ਵਿਚ ਹੈ
ਜੋ ਨੰਗੇ ਸੱਚ ਵਾਂਗ ਚਮਕਦਾ ਹੈ।
ਕੁਝ ਤਾਂ ਇਹਦੇ ਵਿਚ ਹੈ

ਰਮਨ

ਸਮਰਾ ਪਰਿਵਾਰ ਨੂੰ ਸਦਮਾ

ਲੰਘੀ 27 ਫ਼ਰਵਰੀ ਨੂੰ ਐਡਮਿੰਟਨ ਵਸਦੇ ਹਰਭਜਨ ਸਮਰਾ, ਹਰਦੀਪ ਸਮਰਾ, ਸੁਰਜੀਤ ਸਮਰਾ ਅਤੇ ਸਮੂਹ ਸਮਰਾ ਪਰਿਵਾਰ ਨੂੰ ਉਨ੍ਹਾਂ ਦੀ ਭੂਆ ਜੀ ਬੀਬੀ ਚਿੰਤੀ ਕੌਰ ਜੋ ਕਿ 1981 ਤੋਂ ਐਡਮਿੰਟਨ ਰਹਿ ਰਹੇ ਸਨ, ਦੀ ਮੌਤ ਨਾਲ ਬਹੁਤ ਘਾਟਾ ਪਿਆ । ਸਮਰਾ ਪਰਿਵਾਰ ਨੂੰ ਬੀਬੀ ਜੀ ਨੇ ਆਪਣੇ ਪਰਿਵਾਰ ਵਾਂਗ ਪਾਲਿਆ ਸੀ। ਸਾਰਿਆਂ ਨਾਲ ਬੇਹਦ ਸਨੇਹ ਕਰਨ ਵਾਲੀ ਬੀਬੀ ਚਿੰਤੀ ਕੌਰ ਦਾ ਪਿਛਲਾ ਪਿੰਡ ਭਤੀਜਾ (ਜਲੰਧਰ) ਸੀ। ਸਮਰਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 780 691 6518 , 780 951 2772 ਜਾਂ 780 479 4075 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਅਦਾਰਾ 'ਨਵੀਂ ਦੁਨੀਆ' ਸਮਰਾ ਪਰਿਵਾਰ ਅਤੇ ਸਮੂਹ ਸਬੰਧੀਆਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

ਨਦਬ

Sai Aastha Foundation &
Shri Sadguru Sai Baba Mandir of Edmonton
(Registered Charitable Society of Canada)
Invites All

FUN & FUND RAISE DINNER
For "Development of Multicultural Resource Centre"

Saturday, March 10, 2012 at 6:30 pm
Adults: $30 | Children 6 to 12: $15 | Under 6 years: FREE

Venue: Mirage Banquet Hall
#360, 8170-50 St. Edmonton, AB T6B 1E6

Live DJ Entertainment • Dance Performances by Jeevan Gopal Dance Academy and Sharara Dance and Fitness Studio • Singing performance by professional singers • Lucky draws and many more fun activities with dinner

For Ticket and More Information, Please Contact...
Prabhat Chaturvedi 780-953-8197
Pawan Sharma 780-222-3781
Ram Punjabi 780-994-9940
Srinivas Mindi 780-901-9407
Prabha Roy 780-757-8517
Sunita Rajak 780-902-8190
Supriya S. Nage 780-757-6682
Sunil Dave 780-729-1763
Purvi Chaturvedi 780-953-8196
Vandana Bansal 780-668-1679
Lata Pherwani 780-432-6614
Ananth Arul 780-432-5023
Raji Ram 780-469-3892
Madhava Reddy 780-937-8861
Savita Patel 780-440-3207
Navnit Gupta 780-437-8012
Sam Shah 780-297-0297
Vivek Ahuja 780-232-2573
Neelam Nanda 780-434-8844
Satguru Grocery & Movies, #17, 9261-34 Avenue, Edmonton AB T6E 5T5

Shri Shirdi Sai Baba Mandir, 3036-106 Street, Edmonton AB T6J 5M5
www.shirdisaibabaedmonton.com

Proud Sponsors
Alberta Printers Inc. 780.487.8777
Rohit Communities RohitCommunities.com
Red Ox Steak House
RE/MAX Excellence RE/MAX Commercial
Executive Lifestyle Lots
Bhalla Law Offices
Bell Connections www.fltconnections.com 1-888-338-1050
Sam Shah 780-297-0297
Best Compliments R.R. Electric Ltd. Rit Ram 780-710-5553
Vivek Ahuja Your Mortgage Specialist Cell# 780 232 2573


Best Truck Wash
Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ




We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

ਵੱਖ-ਵੱਖ ਬਿਮਾਰੀਆਂ 'ਚ ਵਿਟਾਮਿਨ 'ਡੀ'



ਡਾ. ਬਲਵਿੰਦਰ ਕੌਰ
Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

ਵਿਟਾਮਿਨ ਡੀ ਚਾਰ ਚਰਬੀ ਘੁਲਣਸ਼ੀਲ ਵਿਟਾਮਿਨਾਂ 'ਚੋਂ ਇਕ ਵਿਟਾਮਿਨ ਹੈ। ਇਹ ਉਹ ਵਿਟਾਮਿਨ ਹੈ ਜਿਸ ਨੂੰ ਸੂਰਜ ਦੀ ਗਰਮੀ ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਕਰਕੇ ਇਸ ਨੂੰ 'ਸਨਸ਼ਾਇਨ ਵਿਟਾਮਿਨ' ਵੀ ਕਿਹਾ ਜਾਂਦਾ ਹੈ।

ਖੁਰਾਕ 'ਚ ਵਿਟਾਮਿਨ ਡੀ ਦੀ ਘਾਟ ਨਾਲ ਓਸਥਿਓ ਮਾਲਸੀਆ(ਬੱਚਿਆਂ 'ਚ ਹੋਣ ਨਾਲ ਇਸ ਨੂੰ ਰਿਕੇਟ ਕਿਹਾ ਜਾਂਦਾ ਹੈ) ਹੋ ਸਕਦਾ ਹੈ ਜਿਸ ਦਾ ਮਤਲਬ ਹੱਡੀਆਂ ਦਾ ਕਮਜ਼ੋਰ ਜਾਂ ਨਰਮ ਹੋਣਾ ਹੈ।

ਵਿਟਾਮਿਨ ਡੀ ਤੇ ਹੱਡੀਆਂ 'ਚ ਮਜ਼ਬੂਤੀ

ਵਿਟਾਮਿਨ ਡੀ ਹੱਡੀਆਂ ਦੀ ਬਣਤਰ ਤੇ ਮਜ਼ਬੂਤੀ ਨੂੰ ਕਾਇਮ ਰੱਖਣ 'ਚ ਅਹਿਮ ਯੋਗਦਾਨ ਨਿਭਾਉਂਦਾ ਹੈ। ਕੈਲਸ਼ੀਅਮ ਦੀ ਵੱਧ ਮਾਤਰਾ, ਜੋ ਕਿ ਅੰਤੜੀਆਂ ਰਾਹੀਂ ਸੋਖੀ ਜਾਂਦੀ ਹੈ, ਹੱਡੀਆਂ ਦੀ ਬਣਤਰ ਦੇ ਵਾਧੇ ਨਾਲ, ਫਾਸਫੇਟ ਤੇ ਕੈਲਸ਼ੀਅਮ ਦੇ ਲੈਵਲ ਨੂੰ ਬਰਕਰਾਰ ਰੱਖਣ ਦੇ ਨਾਲ ਅਤੇ ਇਸ ਲੈਵਲ ਨੂੰ ਬਰਕਰਾਰ ਰੱਖਣ ਲਈ ਪਾਰਾਥਾਇਰਾਇਡ ਹਾਰਮੋਨ ਦੀ ਮਦਦ ਨਾਲ ਵਿਟਾਮਿਨ ਡੀ ਹੱਡੀਆਂ ਦੀ ਤਾਕਤ ਨੂੰ ਵਧਾਉਂਦਾ ਹੈ। ਜਿਹਨਾਂ ਲੋਕਾਂ ਵਿੱਚ ਵਿਟਾਮਿਨ ਡੀ ਦੀ ਘਾਟ ਹੁੰਦੀ ਹੈ ਉਹਨਾਂ 'ਚ ਹੱਡੀਆਂ ਕੰਮਜ਼ੋਰ ਹੋ ਜਾਂਦੀਆਂ ਹਨ, ਜਿਸ ਨੂੰ EsiQEporoiss ਕਿਹਾ ਜਾਂਦਾ ਹੈ, ਇਸ ਕਰਕੇ ਹੱਡੀਆਂ ਟੁੱਟਣ ਦਾ ਖ਼ਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ।

ਰੋਗ ਤੋਂ ਬਚਾਓ ਸੰਬੰਧੀ ਪ੍ਰਣਾਲੀ (ਇਮਿਊਨ ਸਿਸਟਮ) ਤੇ ਵਿਟਾਮਿਨ ਡੀ

ਵਿਟਾਮਿਨ ਡੀ ਰੋਗ ਤੋਂ ਬਚਾਓ ਸੰਬੰਧੀ ਪ੍ਰਣਾਲੀ(ਇਮਿਊਨ ਸਿਸਟਮ) 'ਤੇ ਵੀ ਅਸਰ ਪਾਉਂਦਾ ਹੈ।

ਵਿਟਾਮਿਨ ਡੀ ਤੇ ਅਸਥਮਾ ਦੀ ਰੋਕਥਾਮ

ਬੱਚਿਆਂ 'ਤੇ ਕੀਤੇ ਗਏ ਵੱਖ-ਵੱਖ ਅਧਿਐਨਾਂ ਮੁਤਾਬਕ, ਵਿਟਾਮਿਨ ਡੀ ਸੀਰਮ ਦੀ ਮਾਤਰਾ ਅਸਥਮਾ ਦੀ ਬਿਮਾਰੀ ਦੇ ਵੱਧਣ ਨਾਲ ਸੰਬੰਧਤ ਹੈ। ਇਕ ਅਧਿਐਨ 'ਚ ਪਾਇਆ ਗਿਆ ਹੈ ਕਿ ਜਿਨ੍ਹਾਂ ਬੱਚਿਆਂ 'ਚ ਵਿਟਾਮਿਨ ਡੀ ਸੀਰਮ ਦੀ ਮਾਤਰਾ 'ਚ ਕਮੀ ਹੁੰਦੀ ਹੈ ਉਹਨ੍ਹਾਂ 'ਤੇ ਅਸਥਮਾ ਦੇ ਰੋਗ ਲਈ ਹਸਪਤਾਲਾਂ 'ਚ ਜੇਰੇ ਇਲਾਜ ਰਹਿਣ ਦਾ ਵਧੇਰੇ ਖਦਸ਼ਾ ਰਹਿੰਦਾ ਹੈ।

ਹੋਰ ਲਾਭ

ਵਿਟਾਮਿਨ ਡੀ ਸਿਹਤਮੰਦ ਦਿਮਾਗ, ਸ਼ਰੀਰ ਦੇ ਭਾਰ ਨੂੰ ਸੰਤੁਲਿਤ ਰੱਖਣ ਤੇ ਲੋਅਰ ਰੇਡੀਏਸ਼ਨ ਦੇ ਪ੍ਰਭਾਵਾਂ ਤੋਂ ਬਚਾਓ ਵਰਗੇ ਕਿੰਨੇ ਹੀ ਲਾਭਾਂ ਲਈ ਲੋੜੀਂਦਾ ਹੈ। ਅਧਿਐਨਾਂ ਰਹੀਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਵਿਟਾਮਿਨ ਡੀ ਦੀ ਦਰਮਿਆਨਾ ਤੋਂ ਵੱਧ ਖੁਰਾਕ ਦਿਲ (ਕਾਰਡਿਓਵੈਸਕੂਲਰ) ਸੰਬੰਧੀ ਬਿਮਾਰੀਆਂ ਦੇ ਖ਼ਤਰਿਆਂ ਤੋਂ ਵੀ ਬਚਾਓ ਕਰਦੀ ਹੈ। ਵਿਟਾਮਿਨ ਡੀ ਦੀ ਘਾਟ ਦਾ ਕੁਝ ਕੈਂਸਰਾਂ ਨਾਲ ਵੀ ਸੰਬੰਧ ਜੋੜਿਆਂ ਜਾਂਦਾ ਹੈ।

ਵਿਟਾਮਿਨ ਡੀ ਦਾ ਸਾਡੀ ਰੋਗ ਤੋਂ ਬਚਾਓ ਸਬੰਧੀ ਪ੍ਰਣਾਲੀ 'ਤੇ ਵੀ ਅਸਰ ਹੁੰਦਾ ਹੈ। ਵਿਟਾਮਿਨ ਡੀ ਦੀ ਘਾਟ ਟੀਬੀ ਵਰਗੀਆਂ ਬਿਮਾਰੀਆਂ ਦੇ ਖਦਸ਼ਿਆਂ ਨੂੰ ਵਧਾ ਦਿੰਦੀ ਹੈ। ਐਚ.ਆਈ.ਵੀ.'ਚ ਵੀ ਵਿਟਾਮਿਨ ਡੀ ਅਹਿਮ ਭੂਮਿਕਾ ਨਿਭਾਉਂਦਾ ਹੈ। ਵਿਟਾਮਿਨ ਡੀ ਦੀ ਸਹੀ ਖੁਰਾਕ ਲੈਣ ਨਾਲ ਵਾਲ ਵੀ ਸਿਹਤਮੰਦ ਰਹਿੰਦੇ ਹਨ।

ਵਿਟਾਮਿਨ ਡੀ ਦੇ ਆਹਾਰ ਸਰੋਤ

ਚਰਬੀਯੁਕਤ ਮੱਛੀ ਦੀਆਂ ਕਿਸਮਾਂ ਜਿਵੇਂ-ਕੈਟਫੀਸ਼, ਸੈਲਮਨ, ਮੈਕੀਰਲ, ਸਾਰਡਾਇਨਸ, ਟੂਨਾ, ਈਲ, ਬੀਫ਼, ਆਂਡੇ, ਮੱਛੀਆਂ ਦਾ ਤੇਲ ਜਿਵੇਂ-ਕਾਡ ਲੀਵਰ ਆਇਲ, ਖੁੰਬਾਂ, ਖ਼ਮੀਰ, ਦੁੱਧ ਤੇ ਪਨੀਰ।

ਵਿਟਾਮਿਨ ਡੀ ਦੀਆਂ ਲੋੜਾਂ

ਪੈਦਾ ਹੋਣ ਤੋਂ 12 ਮਹੀਨਿਆਂ ਤੱਕ – 400 ਆਈ ਯੂ
1 – 13 ਸਾਲ ਤੱਕ – 600 ਆਈ ਯੂ
14-18 ਸਾਲ ਤੱਕ – 600 ਆਈ ਯੂ
19-70 ਸਾਲ ਤੱਕ – 600 ਆਈ ਯੂ
71 ਸਾਲ ਤੋਂ ਵੱਧ ਸਾਲ -800 ਆਈ ਯੂ
ਗਰਭਵਤੀ ਤੇ ਦੁੱਧ ਪਿਆਉਂਦੀਆਂ ਮਹਿਲਾਵਾਂ -600 ਆਈ ਯੂ

ਉਫ! ਮਾਰਚ ਦਾ ਇਹ ਮਹੀਨਾ



ਕੌਲੀਨ ਮਕਲੌ ਕਲਿਕ
ਮੁਖੀ ਅੰਗਰੇਜ਼ੀ ਵਿਭਾਗ
ਜੇ ਪ੍ਰਰਸੀ ਪੇਜ ਹਾਈ ਸਕੂਲ
ਐਡਮਿੰਟਨ, ਅਲਬਰਟਾ
780 462 3322
colleen.mccullough@epsb.ca

ਉਫ! ਮਾਰਚ ਦਾ ਇਹ ਮਹੀਨਾ ਜਿਸ ਵਿੱਚ ਹਮੇਸ਼ਾ ਸੂਰਜ ਦੀ ਮਿੱਠੀ ਮਿੱਠੀ ਧੁੱਪ, ਚਿੜੀਆਂ ਦਾ ਚਹਿਚਹਾਉਣਾ ਅਤੇ ਪਿਘਲਦੀ ਬਰਫ ਹੁੰਦੀ ਸੀ ਪਰ ਇਸ ਵਾਰ ਅਲਬਰਟਾ ਵਿੱਚ ਇਹ ਕੁਦਰਤੀ ਨਜ਼ਾਰਾ ਦਿਖਾਈ ਨਹੀਂ ਦੇ ਰਿਹਾ। ਸਕੂਲ ਜਾਣ ਵਾਲੇ ਬੱਚਿਆਂ ਨੂੰ ਦੂਹਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਕ ਤਾਂ ਬਰਫ ਪੈਣ ਤੋਂ ਰੁੱਕ ਨਹੀਂ ਰਹੀ ਅਤੇ ਦੂਜਾ ਬੱਚਿਆਂ ਨੂੰ ਸਰਦ ਮੌਸਮ ਵਿੱਚ ਹੀ ਸਕੂਲ ਜਾਣਾ ਪੈ ਰਿਹਾ ਹੈ। ਇਮਤਿਹਾਨ ਸ਼ੁਰੂ ਹੋਣ ਵਾਲੇ ਹਨ ਅਤੇ ਖੁਸ਼ੀਆਂ ਤੇ ਖੇੜਿਆਂ ਵਾਲਾ ਮਾਹੌਲ ਬੀਤ ਹੋ ਚੁੱਕਾ ਹੈ। ਇਹ ਮਹੀਨਾ ਸਕੂਲ ਵਿੱਚ ਲਗਾ ਕੇ ਬੱਚੇ ਨਵੀਆਂ ਜਮਾਤਾਂ ਵਿੱਚ ਚਲੇ ਜਾਣਗੇ।

ਕਈ ਚੀਜ਼ਾਂ ਨੂੰ ਬਦਲਣਾ ਬਹੁਤ ਔਖਾ ਹੁੰਦਾ ਹੈ। ਮੇਰੇ ਕੁੱਝ ਵਿਦਿਆਰਥੀ ਮੁੜ ਮਾੜੀਆਂ ਆਦਤਾਂ ਵਿੱਚ ਪੈ ਚੁੱਕੇ ਹਨ ਅਤੇ ਘਰ ਲਈ ਦਿੱਤਾ ਗਿਆ ਕੰਮ ਕਰ ਕੇ ਨਹੀਂ ਆਉਂਦੇ ਜਾਂ ਪੜ੍ਹਦੇ ਨਹੀਂ ਅਤੇ ਜਾਂ ਕਲਾਸ ਵਿੱਚ ਨਹੀਂ ਆਉਂਦੇ। ਮੇਰੇ ਨਾਲ ਚਾਰ ਹਫ਼ਤੇ ਪਹਿਲਾਂ ਕੀਤਾ ਵਾਅਦਾ ਉਹ ਭੁੱਲ ਚੁੱਕੇ ਹਨ। ਨਵਾਂ ਸਮੈਸਟਰ ਸ਼ੁਰੂ ਹੋਣ ਨਾਲ ਕਈ ਵਿਦਿਆਰਥੀ ਸੋਚਦੇ ਹਨ ਕਿ ਇਸ ਵਾਰ ਉਹ ਦਿਲ ਲਗਾ ਕੇ ਪੜ੍ਹਾਈ ਕਰਨਗੇ ਪਰ ਅਚਾਨਕ ਉਨ੍ਹਾਂ ਦਾ ਪੁਰਾਣਾ ਵਤੀਰਾ ਸਾਹਮਣੇ ਆ ਜਾਂਦਾ ਹੈ ਅਤੇ ਉਹ ਉਸੇ ਤਰ੍ਹਾਂ ਦੀਆਂ ਸ਼ਰਾਰਤਾਂ ਕਰਨ ਲੱਗ ਪੈਂਦੇ ਹਨ, ਜੋ ਪਹਿਲਾਂ ਕਰਦੇ ਸਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਉਣ। ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਸਭ ਕੁੱਝ ਪਤਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੁੰਦਾ। ਸਾਨੂੰ ਆਪਣੇ ਬੱਚਿਆਂ ਨਾਲ ਬੈਠ ਕੇ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਪੁੱਛਣਾ ਚਾਹੀਦਾ ਹੈ ਕਿ ਉਹ ਸਕੂਲ ਵਿੱਚ ਕੀ ਕਰ ਰਹੇ ਹਨ। ਸਾਨੂੰ ਨਾ ਸਿਰਫ਼ ਉਨ੍ਹਾਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ ਸਗੋਂ ਉਨ੍ਹਾਂ ਦੀਆਂ ਕਿਤਾਬਾਂ 'ਤੇ ਵੀ ਝਾਤ ਮਾਰਨੀ ਚਾਹੀਦੀ ਹੈ। ਸਕੂਲ ਦੀ ਵੈੱਬਸਾਈਟ 'ਤੇ ਜਾ ਕੇ, ਫੋਨ ਰਾਹੀਂ ਜਾਂ ਅਧਿਆਪਕਾਂ ਨੂੰ ਈਮੇਲ ਕਰ ਕੇ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਪਤਾ ਕਰਨਾ ਚਾਹੀਦਾ ਹੈ। ਸਾਡੀ ਵੈੱਬਸਾਈਟ 'ਤੇ ਸਾਰੇ ਅਧਿਆਪਕਾਂ ਦੇ ਨਾਮ ਅਤੇ ਈ-ਮੇਲ ਪਤੇ ਦਿੱਤੇ ਗਏ ਹਨ। ਸਾਡੇ ਸਕੂਲ ਦਾ ਫ਼ੋਨ ਨੰਬਰ 780-462-332 ਹੈ। ਕੀ ਤੁਸੀਂ ਆਪਣੇ ਬੱਚੇ ਵਾਸਤੇ ਲਾਇਬਰੇਰੀ ਕਾਰਡ ਖਰੀਦਿਆ ਹੈ? ਕੀ ਉਹ ਰੋਜ਼ਾਨਾ ਕਿਤਾਬਾਂ ਪੜ੍ਹਦੇ ਹਨ? ਉਹ ਆਪਣੀ ਪੜ੍ਹਾਈ 'ਤੇ ਕਿੰਨਾ ਸਮਾਂ ਲਗਾਉਂਦੇ ਹਨ? ਆਪਣੇ ਬੱਚਿਆਂ ਦੀ ਦੁਨੀਆ

ਵਿੱਚ ਸ਼ਾਮਲ ਹੋਵੋ। ਉਨ੍ਹਾਂ ਦੇ ਟੀਚੇ ਕੀ ਹਨ? ਇਨ੍ਹਾਂ ਨੂੰ ਹਾਸਲ ਕਰਨ ਵਿੱਚ ਤੁਸੀਂ ਉਨ੍ਹਾਂ ਦੀ ਕਿਵੇਂ ਮਦਦ ਕਰ ਰਹੇ ਹੋ? ਤੁਹਾਡੀ ਭੂਮਿਕਾ ਕੀ ਹੈ?

ਸਮੈਸਟਰ ਵਿਚ ਚਾਰ ਹਫਤੇ ਪਿੱਛੋਂ ਸਾਰੇ ਨੰਬਰ ਇਸ ਹਫਤੇ ਅਪਲੋਡ ਕਰ ਦਿੱਤੇ ਜਾਣਗੇ। ਚਾਰ ਹਫਤਿਆਂ ਦਾ ਕੰਮ ਇਸ ਗੱਲ ਦਾ ਬਿਹਤਰੀਨ ਸੰਕੇਤ ਹੈ ਕਿ ਤੁਹਾਡੇ ਬੱਚਿਆਂ ਨੇ ਕਿਸ ਤਰ੍ਹਾਂ ਦੀ ਪੜ੍ਹਾਈ ਕੀਤੀ। ਅਗਲਾ ਮਹੀਨੇ ਚੰਗਾ ਰਹੇ, ਇਸ ਵਾਸਤੇ ਇਸ ਗੱਲ ਦਾ ਹੁਣੇ ਪਤਾ ਲਗਾਇਆ ਜਾਵੇ ਕਿ ਉਨ੍ਹਾਂ ਨੂੰ ਕਿਹੜਾ ਵਿਸ਼ਾ ਔਖਾ ਲੱਗ ਰਿਹਾ ਹੈ, ਕਿਹੜੇ ਇਮਤਿਹਾਨ ਲਈ ਉਨ੍ਹਾਂ ਦੀ ਤਿਆਰੀ ਪੂਰੀ ਨਹੀਂ ਅਤੇ ਉਨ੍ਹਾਂ ਨੇ ਕਿਹੜੀਆਂ ਕਲਾਸਾਂ ਨਹੀਂ ਲਗਾਈਆਂ। ਅਸੀਂ ਸਕੂਲ ਵਿੱਚ ਛੁੱਟੀ ਤੋਂ ਬਾਅਦ ਹਰ ਰਾਤ ਹੋਮ-ਵਰਕ ਕਲੱਬ ਵਿੱਚ ਬੱਚਿਆਂ ਨੂੰ ਕੰਮ ਕਰਵਾਉਂਦੇ ਹਾਂ। ਸਾਡਾ ਅੰਗਰੇਜ਼ੀ ਵਿਭਾਗ ਹਰ ਬੁੱਧਵਾਰ ਟਿਊਸ਼ਨਾਂ ਦਿੰਦਾ ਹੈ ਜਿਸ ਵਿੱਚ ਸੁੰਦਰ ਲਿਖਾਈ ਅਤੇ ਪਾਠਕ੍ਰਮ ਦੀ ਤਿਆਰੀ ਵੱਲ ਧਿਆਨ ਦਿੱਤਾ ਜਾਂਦਾ ਹੈ। ਗਣਿਤ ਦੇ ਵਿਸ਼ੇ ਲਈ ਵੀ ਸਹਾਇਤਾ ਦਿੱਤੀ ਜਾਂਦੀ ਹੈ। ਇਥੇ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਹਨ ਜਿਨ੍ਹਾਂ ਵਿੱਚ ਤੁਹਾਡਾ ਬੱਚਾ ਸ਼ਾਮਲ ਹੋ ਸਕਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਜੇ ਤੁਹਾਡਾ ਬੱਚਾ 10ਵੀਂ ਦਾ ਵਿਦਿਆਰਥੀ ਹੈ ਤੇ ਲਗਾਤਾਰ ਸਕੂਲ ਜਾ ਰਿਹਾ ਹੈ, ਉਹ ਵੀ ਅਗਲੇ ਸਾਲ ਲਈ ਆਈ.ਬੀ. ਪ੍ਰੋਗਰਾਮ ਵਿੱਚ ਨਾਮ ਦਰਜ ਕਰਵਾ ਸਕਦਾ ਹੈ। ਇਕ ਅੰਤਮ ਗੱਲ, ਅਪ੍ਰੈਲ ਵਿੱਚ ਰਜਿਸਟ੍ਰੇਸ਼ਨ (ਨਵਾਂ ਦਾਖਲਾ) ਸ਼ੁਰੂ ਹੋ ਜਾਵੇਗੀ। ਤੁਹਾਡੇ ਬੱਚਿਆਂ ਦੇ ਨੰਬਰ ਕੀ ਦਰਸਾਉਂਦੇ ਹਨ, ਉਹ ਅਗਲੇ ਸਾਲ ਲਈ ਅਕਦਾਮਿਕ ਕਲਾਸਾਂ ਦੇ ਪੱਧਰ ਤਕ ਪੁੱਜ ਸਕਣਗੇ ਜਾਂ ਨਹੀਂ। ਰਜਿਸਟ੍ਰੇਸ਼ਨ ਮਾਰਚ ਦੇ ਅਖ਼ੀਰ ਵਿੱਚ ਅਪਲੋਡ ਕੀਤੇ ਨੰਬਰਾਂ ਦੇ ਅਧਾਰ 'ਤੇ ਹੋਵੇਗੀ। ਸਾਰੀਆਂ ਪੋਸਟ ਗਰੈਜੂਏਟ ਸੰਸਥਾਵਾਂ ਦੀ ਪੜਤਾਲ ਕਰੋ ਕਿ ਉਥੇ ਕੀ ਚੀਜ਼ ਲੋੜੀਂਦੀ ਹੈ, ਕੀ ਇੰਗਲਿਸ਼ 30-2 ਜਾਂ 30-1 ਹੈ? ਕਈ ਸੰਸਥਾਵਾਂ ਹਾਈ ਸਕੂਲ ਤੋਂ ਬਾਅਦ ਦੀ ਪੜ੍ਹਾਈ ਲਈ ਇੰਗਲਿਸ਼ 30- 2 ਦਾ ਬਦਲ ਅਪਨਾ ਰਹੀਆਂ ਹਨ। ਚੰਗਾ ਫਿਰ, ਆਸ ਹੈ ਕਿ ਮਾਰਚ ਵਿੱਚ ਜੰਮੀ ਹੋਈ ਬਰਫ ਪਿਘਲ ਜਾਵੇਗੀ!! ਨਿੱਘ ਮਾਣੋ।

ਭਾਰਤੀ ਕਾਲ ਸੈਂਟਰਾਂ ਤੋਂ ਫੋਨਾਂ ਰਾਹੀਂ ਅਮਰੀਕੀਆਂ ਨਾਲ ਕਰੋੜਾਂ ਡਾਲਰ ਦਾ ਫਰਜ਼ੀ ਕਰਜ਼ਾ ਵਸੂਲੀ ਘੁਟਾਲਾ



ਫੈਡਰਲ ਟਰੇਡ ਕਮਿਸ਼ਨ (ਐਫ.ਟੀ.ਸੀ) ਨੇ ਦੱਸਿਆ ਹੈ ਕਿ ਭਾਰਤ ਤੋਂ ਕੀਤੀਆਂ ਗਈਆਂ ਦੋ ਕਰੋੜ ਤੋਂ ਜ਼ਿਆਦਾ ਫੋਨ ਕਾਲਾਂ ਰਾਹੀਂ ਸਾਲ 2010 ਤੋਂ 2012 ਵਿਚਾਲੇ ਹੁਣ ਤੱਕ ਲਗਪਗ 80 ਲੱਖ ਅਮਰੀਕੀਆਂ ਤੋਂ ਕਰੀਬ 50 ਲੱਖ ਡਾਲਰ ਵਸੂਲੇ ਜਾ ਚੁੱਕੇ ਹਨ। ਇਕ ਹੋਰ ਅਨੁਮਾਨ ਅਨੁਸਾਰ ਪ੍ਰਤੀ ਕਾਲ 300 ਡਾਲਰ ਤੋਂ ਲੈ ਕੇ ਦੋ ਹਜ਼ਾਰ ਡਾਲਰ ਤੱਕ ਦੀ ਮੰਗ ਕੀਤੀ ਗਈ।

ਐਫ.ਟੀ.ਸੀ ਨੇ ਕਿਹਾ ਕਿ ਉਸ ਨੇ ਕੈਲੇਫੋਰਨੀਆ ਸਥਿਤ ਦੋ ਕੰਪਨੀਆਂ ਨੂੰ ਬੰਦ ਕਰ ਦਿੱਤਾ ਹੈ, ਜਿਨ੍ਹਾਂ ਨੇ ਇਕ ਭਾਰਤੀ ਕਾਲ ਸੈਂਟਰ ਰਾਹੀਂ ਪਿਛਲੇ ਦੋ ਸਾਲਾਂ ਵਿਚ ਅਮਰੀਕੀਆਂ ਨੂੰ 50 ਲੱਖ ਡਾਲਰ ਤੋਂ ਜ਼ਿਆਦਾ ਦਾ ਚੂਨਾ ਲਾਇਆ ਹੈ। ਐਫ.ਟੀ.ਸੀ ਦੇ ਕਹਿਣ 'ਤੇ ਸ਼ਿਕਾਗੋ ਦੀ ਇਕ ਅਦਾਲਤ ਨੇ ਵਰਾਂਗ ਕੇ ਠਾਕਰ ਨਾਮ ਦੇ ਵਿਅਕਤੀ ਅਤੇ ਅਮਰੀਕਨ ਕ੍ਰੈਡਿਟ ਕ੍ਰੰਚਰਸ, ਐਨ.ਐਲ.ਸੀ ਅਤੇ ਈਬੀਜ਼ ਐਲ.ਐਸ.ਸੀ, ਨਾਮ ਦੀਆਂ ਦੋ ਕੰਪਨੀਆਂ ਦੀਆਂ ਸੰਪਤੀਆਂ ਸੀਲ ਕਰ ਦਿੱਤੀਆਂ ਹਨ। ਹਾਲਾਂਕਿ ਇਸ ਮਾਮਲੇ ਵਿਚ ਹੁਣ ਤੱਕ ਦੋਸ਼ ਤੈਅ ਨਹੀਂ ਕੀਤੇ ਗਏ। ਲਾਸ ਏਂਜਲਸ ਟਾਈਮਜ਼ ਅਖ਼ਬਾਰ ਮੁਤਾਬਕ ਅਮਰੀਕਨ ਕ੍ਰੈਡਿਟ ਕ੍ਰੰਚਰਸ ਦੇ ਫੋਨ ਕੰਮ ਨਹੀਂ ਕਰ ਰਹੇ ਸਨ ਅਤੇ ਕੰਪਨੀ ਦੀ ਵੈਬਸਾਈਟ ਬੰਦ ਹੋ ਗਈ ਹੈ।

ਜਾਣਕਾਰੀਆਂ ਦੀ ਦੁਰਵਰਤੋਂ :

ਐਫ.ਟੀ.ਸੀ ਦਾ ਦੋਸ਼ ਹੈ ਕਿ ਇਹ ਕੰਪਨੀਆਂ ਭਾਰਤੀ ਕਾਲ ਸੈਂਟਰਾਂ ਦੀ ਸਹਾਇਤਾ ਨਾਲ ਅਮਰੀਕਾ ਵਿਚ ਲੋਕਾਂ ਨੂੰ ਫੋਨ ਕਰਦੀਆਂ ਸਨ, ਜਿਸ ਵਿਚ ਫੋਨ ਕਰਨ ਵਾਲਾ ਵਿਅਕਤੀ ਖੁਦ ਨੂੰ ਕਾਨੂੰਨੀ ਅਧਿਕਾਰੀ ਜਾਂ ਕੋਈ ਹੋਰ ਸਰਕਾਰੀ ਅਧਿਕਾਰੀ ਦੱਸਦਾ ਸੀ। ਫਿਰ ਉਹ ਵਿਅਕਤੀ ਲੋਕਾਂ ਨੂੰ ਹਿਰਾਸਤ ਵਿਚ ਲੈਣ ਜਾਂ ਨੌਕਰੀ ਤੋਂ ਹਟਾਉਣ ਜਾਂ ਫਿਰ ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦੀ ਧਮਕੀ ਦੇ ਕੇ ਉਨ੍ਹਾਂ ਨੂੰ ਕਰਜ਼ਾ ਭਰਨ ਲਈ ਕਹਿੰਦਾ ਸੀ ਪਰ ਇਨ੍ਹਾਂ ਕੰਪਨੀਆਂ ਨੇ ਨਾ ਤਾਂ ਕੋਈ ਕਰਜ਼ ਦਿੱਤੇ ਸਨ ਅਤੇ ਨਾ ਹੀ ਉਨ੍ਹਾਂ ਨੂੰ ਕਰਜ਼ ਵਸੂਲਣ ਦਾ ਅਧਿਕਾਰ ਸੀ।

ਐਫ.ਟੀ.ਸੀ ਅਧਿਕਾਰੀ ਸਟੀਵਨ ਬੇਕਰ ਦਾ ਕਹਿਣਾ ਸੀ, ''ਘੁਟਾਲੇ ਵਿਚ ਸ਼ਾਮਲ ਅਮਰੀਕੀਆਂ ਬਾਰੇ ਜਾਣਕਾਰੀ 'ਪੇ ਡੇ' ਲੋਨ ਵੈਬਸਾਈਟਾਂ ਤੋਂ ਮਿਲਦੀ ਸੀ। ਇਨ੍ਹਾਂ ਦਾ ਨਿਸ਼ਾਨਾ ਅਜਿਹੇ ਲੋਕ ਵੀ ਸਨ, ਜਿਨ੍ਹਾਂ ਨੂੰ ਕਰਜ਼ਾ ਚਾਹੀਦਾ ਸੀ ਅਤੇ ਉਸ ਲਈ ਉਨ੍ਹਾਂ ਨੇ ਇਨ੍ਹਾਂ 'ਪੇ ਡੇ' ਵੈਬਸਾਈਟਾਂ ਵਿਚ ਨਿਜੀ ਜਾਣਕਾਰੀ ਦਰਜ ਕੀਤੀ ਸੀ।''

ਪੇ ਡੇ ਕਰਜ਼ਾ ਆਮ ਤੌਰ 'ਤੇ ਘੱਟ ਰਾਸ਼ੀ ਦੇ, ਘੱਟ ਸਮੇਂ ਲਈ ਦਿੱਤਾ ਕਰਜ਼ਾ ਹੁੰਦਾ ਹੈ, ਜਿਸ ਦੀ ਵਿਆਜ ਦਰ ਬਹੁਤ ਜ਼ਿਆਦਾ ਹੁੰਦੀ ਹੈ। ਇਹ ਕਰਜ਼ਾ ਅਗਲੇ ਮਹੀਨੇ ਦੀ ਤਨਖਾਹ ਦੀ ਇਵਜ਼ ਵਿਚ ਦਿੱਤਾ ਜਾਂਦਾ ਹੈ। ਐਫ.ਟੀ.ਸੀ ਦਾ ਕਹਿਣਾ ਹੈ ਕਿ ਜਨਵਰੀ 2010 ਤੋਂ ਠਾਕਰ ਦੀਆਂ ਕੰਪਨੀਆਂ ਨੇ ਅਜਿਹੇ ਲੋਕਾਂ ਦੀਆਂ ਕਰਜ਼ਾ ਅਰਜ਼ੀਆਂ ਤੋਂ ਕਿਸੇ ਤਰ੍ਹਾਂ ਨਾਲ ਉਨ੍ਹਾਂ ਦੀ ਨਿੱਜੀ ਜਾਣਕਾਰੀ ਹਾਸਲ ਕਰ ਲਈ ਅਤੇ ਇਸ ਰਾਹੀਂ ਇਨ੍ਹਾਂ ਲੋਕਾਂ ਤੋਂ ਪੈਸਾ ਵਸੂਲਣ ਦੀ ਕੋਸ਼ਿਸ਼ ਕੀਤੀ।

ਨਿਰਦੋਸ਼ ਵੀ ਬਣੇ ਸ਼ਿਕਾਰ :

ਇਸ ਘੁਟਾਲੇ ਦਾ ਸ਼ਿਕਾਰ ਅਜਿਹੇ ਲੋਕ ਵੀ ਹੋਏ, ਜਿਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੇ ਕੋਈ ਕਰਜ਼ਾ ਨਹੀਂ ਲਿਆ ਸੀ ਜਾਂ ਫਿਰ ਉਨ੍ਹਾਂ ਦੇ ਕਰਜ਼ੇ ਦੀ ਅਰਜ਼ੀ ਖਾਰਜ ਕਰ ਦਿੱਤੀ ਗਈ ਸੀ, ਪਰ ਫਿਰ ਵੀ ਉਨ੍ਹਾਂ ਨੇ ਪੈਸਾ ਦਿੱਤਾ ਕਿਉਂਕਿ ਉਹ ਸੰਭਾਵੀ ਗ੍ਰਿਫ਼ਤਾਰੀ ਜਾਂ ਸ਼ਰਮਨਾਕ ਸਥਿਤੀ ਤੋਂ ਬਚਣਾ ਚਾਹੁੰਦੇ ਸਨ।

ਅਮਰੀਕੀ ਫੈਡਰਲ ਅਤੇ ਰਾਜ ਕਾਨੂੰਨਾਂ ਤਹਿਤ ਸਾਰੀਆਂ ਜਾਇਜ਼ ਕਰਜ਼ਾ ਵਸੂਲਣ ਵਾਲੀਆਂ ਕੰਪਨੀਆਂ ਲਈ ਲੋਕਾਂ ਨੂੰ ਲਿਖਤ ਨੋਟਿਸ ਦੇਣਾ ਲਾਜ਼ਮੀ ਹੁੰਦਾ ਹੈ, ਜਿਸ ਵਿਚ ਲੈਣਦਾਰਾਂ ਦੇ ਨਾਮ, ਕਰਜ਼ੇ ਦੀ ਰਾਸ਼ੀ, ਦੇਣਦਾਰ ਦੇ ਅਧਿਕਾਰਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

ਐਫ.ਟੀ.ਸੀ ਨੇ ਆਪਣੀ ਵੈਬਸਾਈਟ 'ਤੇ ਅਜਿਹੇ ਨਕਲੀ ਕਰਜ਼ ਵਸੂਲਣ ਵਾਲਿਆਂ ਬਾਰੇ ਚਿਤਾਵਨੀ ਦਿੱਤੀ ਹੈ। ਐਫ.ਟੀ.ਸੀ ਅਧਿਕਾਰੀ ਸਟੀਵਨ ਬੇਕਰ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਹੁਣ ਵੀ ਕਈ ਅਣਸੁਲਝੇ ਸਵਾਲ ਹਨ, ਭਾਵ ਫੋਨ ਕਰਨ ਵਾਲੇ ਲੋਕਾਂ ਨੂੰ ਪੇ ਡੇ ਕਰਜ਼ਿਆਂ ਬਾਰੇ ਇੰਨੀ ਜ਼ਿਆਦਾ ਜਾਣਕਾਰੀ ਕਿਵੇਂ ਮਿਲੀ।

ਉਨ੍ਹਾਂ ਦਾ ਕਹਿਣਾ ਸੀ ਕਿ ਮਾਮਲੇ ਨੂੰ ਸੁਲਝਾਉਣ ਲਈ ਅਮਰੀਕੀ ਸਰਕਾਰ ਨੂੰ ਭਾਰਤ ਦੀ ਮਦਦ ਕਰਨੀ ਚਾਹੀਦੀ ਹੈ ਕਿਉਂਕਿ ਮੰਨਿਆ ਜਾ ਰਿਹਾ ਹੈ ਕਿ ਇਹ ਝੂਠੀਆਂ ਫੋਨ ਕਾਲਾਂ ਭਾਰਤ ਦੇ ਕਾਲ ਸੈਂਟਰਾਂ ਤੋਂ ਕੀਤੀਆਂ ਜਾ ਰਹੀਆਂ ਸਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਠਾਕਰ ਨੇ ਆਪਣੀ ਕੰਪਨੀ ਦੇ ਖਾਤਿਆਂ 'ਚੋਂ ਘੁਟਾਲਿਆਂ ਦੇ ਸ਼ਿਕਾਰ ਲੋਕਾਂ ਤੋਂ ਲੁੱਟੇ ਗਏ ਹਜ਼ਾਰਾਂ ਡਾਲਰ ਕੱਢ ਲਏ ਸਨ।

ਭਾਰਤੀ ਹਾਕੀ ਟੀਮ ਲੰਡਨ ਓਲੰਪਿਕ 'ਚ



ਦਿੱਲੀ ਦੇ ਮੇਜਰ ਧਿਆਨ ਚੰਦ ਸਟੇਡੀਅਮ ਵਿਚ ਖੇਡੇ ਗਏ ਮੁਕਾਬਲੇ ਵਿਚ ਭਾਰਤ ਨੇ ਫਰਾਂਸ ਨੂੰ 8-1 ਨਾਲ ਮਾਤ ਦਿੰਦੇ ਹੋਏ ਲੰਡਨ ਦਾ ਟਿਕਟ ਹਾਸਿਲ ਕੀਤਾ। ਫਾਈਨਲ ਮੁਕਾਬਲੇ ਵਿਚ ਭਾਰਤ ਦੇ ਹੀਰੋ ਰਹੇ ਸੰਦੀਪ ਸਿੰਘ, ਜਿਨ੍ਹਾਂ ਨੇ ਪੰਜ ਗੋਲ ਕੀਤੇ।

ਮੁਕਾਬਲੇ ਦੇ ਸਤਾਰਵੇਂ ਮਿੰਟ ਵਿਚ ਬਿਰੇਂਦਰ ਲਾਕੜਾ ਨੇ ਗੋਲ ਕਰਕੇ ਭਾਰਤੀ ਟੀਮ ਦਾ ਖਾਤਾ ਖੋਲ੍ਹਿਆ। ਇਸ ਤੋਂ ਬਾਅਦ ਪੈਨਲਟੀ ਕਾਰਨਰ ਦੀ ਮਦਦ ਨਾਲ ਸੰਦੀਪ ਸਿੰਘ ਨੇ ਦੋ ਗੋਲ ਕੀਤੇ। ਇਸ ਤਰ੍ਹਾਂ ਭਾਰਤ ਪਹਿਲੇ ਹਾਫ ਤੱਕ 3-1 ਨਾਲ ਅੱਗੇ ਸੀ।

ਸੰਦੀਪ ਸਿੰਘ ਨੇ ਇਸ ਪੂਰੇ ਟੂਰਨਾਮੈਂਟ ਵਿਚ ਕੁੱਲ ਸੱਤ ਮੁਕਾਬਲਿਆਂ ਵਿਚ 16 ਗੋਲ ਕੀਤੇ ਅਤੇ ਉਹ ਸਭ ਤੋਂ ਜ਼ਿਆਦਾ ਗੋਲ ਕਰਨ ਵਾਲੇ ਖਿਡਾਰੀ ਰਹੇ। ਭਾਰਤੀ ਟੀਮ ਲਈ ਨੈਸ਼ਨਲ ਸਟੇਡੀਅਮ ਚ ਸਮਰਥਕਾਂ ਦੀ ਕੋਈ ਕਮੀ ਨਹੀਂ ਸੀ ਅਤੇ ਇਕ ਲੰਬੇ ਸਮੇਂ ਬਾਅਦ ਸਟੇਡੀਅਮ ਪੂਰਾ ਭਰਿਆ ਹੋਇਆ ਦਿਖਾਈ ਦੇ ਰਿਹਾ ਸੀ।

ਮੁਕਾਬਲੇ ਤੋਂ ਬਾਅਦ ਟੀਮ ਦੇ ਕਪਤਾਨ ਭਰਤ ਛੇਤਰੀ ਨੇ ਕਿਹਾ ਕਿ ਇਹ ਤਾਂ ਸ਼ੁਰੂਆਤ ਹੈ, ਲੰਡਨ ਓਲੰਪਿਕ ਵਿਚ ਖੇਡਣ ਲਈ ਇਹ ਜਿੱਤ ਜ਼ਰੂਰੀ ਸੀ, ਪਰ ਇਸ ਦਾ ਭਾਵ ਇਹ ਨਹੀਂ ਕਿ ਅਸੀਂ ਉਥੇ ਸਿਰਫ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਜਾ ਰਹੇ ਹਾਂ। ਸਾਡੀ ਕੋਸ਼ਿਸ਼ ਹੋਵੇਗੀ ਕਿ ਅਸੀਂ ਲੰਡਨ ਵਿਚ ਮੈਡਲ ਲੈ ਕੇ ਆਈਏ ਅਤੇ ਹੁਣ ਅਸੀਂ ਇਸ ਲਈ ਤਿਆਰੀ ਕਰਾਂਗੇ। ਸੰਦੀਪ ਸਿੰਘ ਦੀ ਸ਼ਲਾਘਾ ਕਰਦਿਆਂ ਭਰਤ ਛੇਤਰੀ ਨੇ ਕਿਹਾ ਕਿ ਸੰਦੀਪ ਸਿੰਘ ਦਾ ਫਲਿਕ ਵਿਸ਼ਵ ਦਾ ਸਭ ਤੋਂ ਬਿਹਤਰ ਫਲਿਕ ਹੈ। 'ਮੈਨ ਆਫ ਦਾ ਮੈਚ' ਰਹੇ ਸੰਦੀਪ ਸਿੰਘ ਨੇ ਕਿਹਾ ਕਿ ਪਿਛਲੀ ਵਾਰ ਅਸੀਂ ਜਦੋਂ ਬੀਜਿੰਗ ਲਈ ਕੁਆਲੀਫਾਈ ਨਹੀਂ ਕਰ ਸਕੇ ਸੀ ਤਾਂ ਉਹ ਸਾਡੇ ਲਈ ਕਾਲਾ ਦਿਨ ਸੀ। ਅੱਜ ਅਸੀਂ ਉਸ ਕਾਲੇ ਦਿਨ ਨੂੰ ਚਿੱਟਾ ਕਰ ਦਿੱਤਾ। ਹੁਣ ਸਾਡੀ ਕੋਸ਼ਿਸ਼ ਹੋਵੇਗੀ ਕਿ ਅਸੀਂ ਲੰਡਨ ਵਿਚ ਬਿਹਤਰ ਖੇਡੀਏ। ਇਸ ਤੋਂ ਇਲਾਵਾ ਸੰਦੀਪ ਸਿੰਘ ਨੇ ਆਖਿਆ ਕਿ ਇਹ ਜਿੱਤ ਭਾਰਤੀ ਹਾਕੀ ਦੇ ਜ਼ਖ਼ਮਾਂ 'ਤੇ ਮੱਲ੍ਹਮ ਹੈ।

ਇਸ ਜਿੱਤ ਤੋਂ ਬਾਅਦ ਹਾਕੀ ਇੰਡੀਆ ਨੇ ਭਾਰਤੀ ਟੀਮ ਦੇ ਹਰ ਖਿਡਾਰੀ ਨੂੰ ਇਕ-ਇਕ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ। ਨਾਲ ਹੀ ਟੀਮ ਦੇ ਸਪੋਰਟਸ ਸਟਾਫ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਦਿੱਤੇ ਜਾਣਗੇ।

ਜਿੱਤ ਦਾ ਸਫ਼ਰ –

ਭਾਰਤ ਨੇ ਫਾਈਨਲ ਵਿਚ ਪਹੁੰਚਣ ਤੋਂ ਪਹਿਲਾਂ ਪੰਜ ਲੀਗ ਮੁਕਾਬਲੇ ਖੇਡੇ ਅਤੇ ਪੰਜੇ ਮੁਕਾਬਲਿਆਂ ਵਿਚ ਭਾਰਤ ਨੇ ਜਿੱਤ ਦਰਜ ਕੀਤੀ। ਫਾਈਨਲ ਮੁਕਾਬਲੇ ਤੋਂ ਪਹਿਲਾਂ ਭਾਰਤ ਨੇ ਪੰਜ ਮੈਚਾਂ ਵਿਚ ਕੁੱਲ 36 ਗੋਲ ਕੀਤੇ। ਲੀਗ ਮੁਕਾਬਲਿਆਂ ਵਿਚ ਭਾਰਤ ਨੇ ਸਿੰਗਾਪੁਰ ਨੂੰ 15-1 ਨਾਲ ਹਰਾਇਆ ਸੀ, ਇਟਲੀ ਨੂੰ 8-1 ਨਾਲ, ਫਰਾਂਸ ਨੂੰ 6-2 ਨਾਲ, ਕੈਨੇਡਾ ਨੂੰ 3-2 ਨਾਲ ਅਤੇ ਪੋਲੈਂਡ ਨੂੰ 4-2 ਨਾਲ ਮਾਤ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਭਾਰਤੀ ਹਾਕੀ ਟੀਮ 2008 ਬੀਜਿੰਗ ਓਲੰਪਿਕ ਖੇਡਾਂ ਵਿਚ ਦਾਖ਼ਲਾ ਨਹੀਂ ਪਾ ਸਕੀ ਸੀ। ਇਸ ਤੋਂ ਪਹਿਲਾਂ ਭਾਰਤ ਨੇ ਓਲੰਪਿਕ ਖੇਡਾਂ ਵਿਚ ਅੱਠ ਸੋਨੇ, ਇਕ ਚਾਂਦੀ ਅਤੇ ਦੋ ਕਾਂਸੇ ਦੇ ਤਮਗੇ ਜਿੱਤੇ ਹਨ, ਪਰ ਪਿਛਲੇ ਕਾਫੀ ਸਮੇਂ ਤੋਂ ਭਾਰਤ ਵਿਚ ਹਾਕੀ ਦਾ ਪੱਧਰ ਹੇਠਾਂ ਵੱਲ ਆਇਆ ਹੈ। ਜਾਣਕਾਰ ਉਮੀਦ ਜ਼ਾਹਿਰ ਕਰ ਰਹੇ ਹਨ ਕਿ ਇਹ ਜਿੱਤ ਭਾਰਤੀ ਹਾਕੀ ਨੂੰ ਮੁੜ ਤੋਂ ਲੈਅ ਵਿਚ ਆਉਣ ਲਈ ਮਦਦ ਕਰੇਗੀ।

ਡਾਓ ਕੈਮੀਕਲਜ਼ ਨੂੰ ਓਲੰਪਿਕ ਖੇਡਾਂ ਦਾ ਸਪੌਂਸਰ ਬਣਾਏ ਜਾਣ 'ਤੇ ਭਾਰਤ ਦਾ ਵਿਰੋਧ



ਡਾਓ ਕੈਮੀਕਲਜ਼ ਨੂੰ ਲੰਡਨ ਓਲੰਪਿਕ ਖੇਡਾਂ ਦਾ ਸਪੌਂਸਰ ਬਣਾਏ ਜਾਣ ਦੇ ਵਿਰੋਧ ਵਿਚ ਕੇਂਦਰ ਸਰਕਾਰ ਨੇ ਪਹਿਲੀ ਵਾਰ ਕੌਮਾਂਤਰੀ ਓਲੰਪਿਕ ਕਮੇਟੀ ਭਾਵ ਆਈ.ਓ.ਸੀ ਨੂੰ ਚਿੱਠੀ ਲਿਖੀ ਹੈ। ਇਸ ਵਿਚ ਸਾਫ ਤੌਰ 'ਤੇ ਕਿਹਾ ਗਿਆ ਹੈ ਕਿ ਡਾਓ ਕੈਮੀਕਲਜ਼ ਨੂੰ ਓਲੰਪਿਕ ਖੇਡਾਂ ਦਾ ਸਪੌਂਸਰ ਨਾ ਬਣਾਇਆ ਜਾਵੇ। ਇਸ ਤੋਂ ਪਹਿਲਾਂ ਭਾਰਤੀ ਓਲੰਪਿਕ ਸੰਘ ਤਾਂ ਆਈ.ਓ.ਸੀ. ਨਾਲ ਆਪਣਾ ਵਿਰੋਧ ਕਈ ਵਾਰ ਜ਼ਾਹਿਰ ਕਰ ਚੁੱਕਾ ਹੈ, ਪਰ ਸਰਕਾਰ ਵੱਲੋਂ ਇਹ ਪਹਿਲੀ ਚਿੱਠੀ ਹੈ। ਚਿੱਠੀ ਵਿਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਕੌਮਾਂਤਰੀ ਓਲੰਪਿਕ ਸੰਘ ਤੋਂ ਡਾਓ ਕੈਮੀਕਲਜ਼ ਦੇ ਸਪੌਂਸਰ ਨੂੰ ਤੁਰੰਤ ਰੱਦ ਕਰਨ ਲਈ ਕਦਮ ਚੁੱਕਣ ਦੀ ਗੁਜਾਰਿਸ਼ ਕਰਦੀ ਹੈ। ਇਸ ਨਾਲ ਓਲੰਪਿਕ ਅੰਦੋਲਨ ਦੇ ਆਦਰਸ਼ਾਂ ਨੂੰ ਬਲ ਮਿਲੇਗਾ, ਨਾਲ ਹੀ ਲੱਖਾਂ ਲੋਕਾਂ ਨੂੰ ਸੰਤੋਸ਼ ਮਿਲੇਗਾ।

ਚਿੱਠੀ ਵਿਚ ਦੁੱਖ ਜ਼ਾਹਿਰ ਕੀਤਾ ਗਿਆ ਹੈ ਕਿ ਡਾਓ ਕੈਮੀਕਲਜ਼ ਨੂੰ ਸਪੌਂਸਰ ਤੋਂ ਨਾ ਹਟਾ ਕੇ ਕੌਮਾਂਤਰੀ ਓਲੰਪਿਕ ਸੰਘ ਨੇ ਸਾਬਕਾ ਓਲੰਪਿਕ ਖਿਡਾਰੀਆਂ ਸਮੇਤ ਕਈ ਧਿਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਜ਼ਿਕਰਯੋਗ ਹੈ ਕਿ ਕੌਮਾਂਤਰੀ ਓਲੰਪਿਕ ਸੰਘ ਨੇ 16 ਜੁਲਾਈ, 2010 ਨੂੰ ਡਾਓ ਨਾਲ ਇਕ ਸਮਝੌਤੇ ਉਤੇ ਦਸਤਖ਼ਤ ਕੀਤੇ ਸਨ, ਜਿਸ ਅਨੁਸਾਰ ਡਾਊ ਹੁਣ ਸਾਲ 2020 ਤੱਕ ਅਧਿਕਾਰਕ ਓਲੰਪਿਕ ਭਾਈਵਾਲ ਬਣ ਗਿਆ ਹੈ। ਭਾਰਤ ਵਿਚ ਜੁਲਾਈ 2010 ਤੋਂ ਬਾਅਦ ਤੋਂ ਹੀ ਇਸ ਫੈਸਲੇ ਖਿਲਾਫ਼ ਆਵਾਜ਼ਾਂ ਉਠਦੀਆਂ ਰਹੀਆਂ ਹਨ।

ਭਾਰਤ ਵਿਚ ਵਿਰੋਧ :

ਇਸ ਮੁੱਦੇ ਨੂੰ ਲੈ ਕੇ ਦਿੱਲੀ ਵਿਚ ਭੋਪਾਲ ਗੈਸ ਪੀੜ੍ਹਤਾਂ ਲਈ ਕੰਮ ਕਰ ਰਹੀਆਂ ਪੰਜ ਸੰਸਥਾਵਾਂ ਨੇ ਖੇਡ ਮੰਤਰਾਲੇ ਦੇ ਬਾਹਰ ਧਰਨਾ ਦਿੱਤਾ।

ਬਰਤਾਨਵੀ ਹਾਈ ਕਮਿਸ਼ਨ ਨੂੰ ਮੰਗ ਪੱਤਰ :

ਇਨ੍ਹਾਂ ਸੰਸਥਾਵਾਂ ਨੇ 21 ਹਜ਼ਾਰ ਲੋਕਾਂ ਦੇ ਦਸਤਖ਼ਤਾਂ ਵਾਲਾ ਇਕ ਮੰਗ ਪੱਤਰ ਦਿੱਲੀ ਸਥਿਤ ਬਰਤਾਨਵੀ ਹਾਈ ਕਮਿਸ਼ਨ ਨੂੰ ਦਿੱਤਾ ਹੈ। ਰਚਨਾ ਢੀਂਗਰਾ ਨੇ ਮੰਗ ਪੱਤਰ ਬਾਰੇ ਦੱਸਿਆ ਕਿ ਇਸ ਵਿਚ ਅਸੀਂ ਲਿਖਿਆ ਹੈ ਕਿ ਬਰਤਾਨਵੀ ਸਰਕਾਰ ਵੀ ਡਾਓ ਕੈਮੀਕਲਜ਼ ਦੇ ਸਟੈਂਡ ਨੂੰ ਹੀ ਦੁਹਰਾ ਰਹੀ ਹੈ ਅਤੇ ਤੱਥਾਂ ਦੀ ਗਲਤ ਬਿਆਨਬਾਜ਼ੀ ਕਰ ਰਹੀ ਹੈ। ਬਰਤਾਨਵੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੋਨਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਹੀ ਫੈਸਲਾ ਕਰੇ।

ਇਹ ਸੰਸਥਾਵਾਂ ਅੱਗੇ ਵੀ ਓਲੰਪਿਕ ਖੇਡਾਂ ਵਿਚ ਡਾਓ ਦੇ ਬਾਈਕਾਟ ਦੀ ਮੰਗ ਕਰਨ ਲਈ ਕਦਮ ਚੁੱਕਣ ਜਾ ਰਹੀਆਂ ਹਨ।

ਭਾਰਤੀ ਓਲੰਪਿਕ ਸੰਘ ਨੇ ਕਿਹਾ ਹੈ ਕਿ ਉਹ ਭੋਪਾਲ ਗੈਸ ਤ੍ਰਾਸਦੀ ਲਈ ਜ਼ਿੰਮੇਵਾਰ ਡਾਓ ਕੈਮੀਕਲਜ਼ ਨੂੰ ਲੰਡਨ ਓਲੰਪਿਕ ਦਾ ਸਪੌਂਸਰ ਬਣਾਏ ਜਾਣ ਦਾ ਸਖ਼ਤ ਵਿਰੋਧ ਕਰੇਗਾ, ਪਰ ਓਲੰਪਿਕ ਦਾ ਬਾਈਕਾਟ ਨਹੀਂ ਕਰੇਗਾ।

ਦੁਨੀਆ ਦੇ ਕਈ ਸੰਗਠਨਾਂ ਅਤੇ ਕਈ ਨਾਮੀ ਵਿਅਕਤੀਆਂ ਨੇ ਡਾਊ ਕੈਮੀਕਲਜ਼ ਨੂੰ ਲੰਡਨ ਓਲੰਪਿਕ ਦਾ ਸਪੌਂਸਰ ਬਣਾਏ ਜਾਣ ਦਾ ਵਿਰੋਧ ਕੀਤਾ ਹੈ। ਇਸ ਨੂੰ ਲੈ ਕੇ ਭਾਰਤੀ ਓਲੰਪਿਕ ਸੰਘ ਉਤੇ ਵੀ ਦਬਾਅ ਹੈ ਕਿ ਉਹ ਬਾਈਕਾਟ ਕਰੇ। ਸਾਲ 1984 ਵਿਚ ਭੋਪਾਲ ਸਥਿਤ ਯੂਨੀਅਨ ਕਾਰਬਾਈਡ ਪਲਾਂਟ ਵਿਚ ਜ਼ਹਿਰੀਲੀ ਗੈਸ ਦੇ ਲੀਕ ਹੋਣ ਨਾਲ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਲੱਖਾਂ ਲੋਕ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਸਨ।

ਡਾਓ ਕੈਮੀਕਲਜ਼ ਨੇ ਬਾਅਦ ਵਿਚ ਇਸ ਕੰਪਨੀ ਨੂੰ ਖਰੀਦ ਲਿਆ ਸੀ ਅਤੇ ਉਸ 'ਤੇ ਦੋਸ਼ ਹੈ ਕਿ ਉਹ ਇਸ ਤ੍ਰਾਸਦੀ ਦੇ ਪੀੜਆਂ ਨੂੰ ਲੋੜੀਂਦਾ ਮੁਆਵਜ਼ਾ ਵੀ ਨਹੀਂ ਦੇ ਰਿਹਾ ਹੈ।

ਲੰਡਨ ਓਲੰਪਿਕ ਸਮੇਂ ਹੜਤਾਲ ਦੀ ਚੇਤਵਾਨੀ

ਬ੍ਰਿਟੇਨ ਦੇ ਸਭ ਤੋਂ ਵੱਡੇ ਮਜ਼ਦੂਰ ਸੰਘ ਨੇ ਚੇਤਾਵਨੀ ਦਿੱਤੀ ਹੈ ਕਿ ਖਰਚੇ ਵਿਚ ਕਟੌਤੀ ਦੇ ਸਰਕਾਰ ਦੇ ਫੈਸਲੇ ਦੇ ਵਿਰੋਧ ਵਿਚ ਲੰਡਨ ਓਲੰਪਿਕ ਦੇ ਸਮੇਂ ਹੜਤਾਲ ਕੀਤੀ ਜਾ ਸਕਦੀ ਹੈ। ਯੂਨਾਈਟ ਯੂਨੀਅਨ ਦੇ ਲੇਨ ਮੈਕਲਸਕੇ ਨੇ ਬ੍ਰਿਟੇਨ ਦੇ 'ਦਾ ਗਾਰਡੀਅਨ' ਅਖ਼ਬਾਰ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਖਰਚ ਵਿਚ ਇੰਨੀ ਜ਼ਿਆਦਾ ਕਟੌਤੀ ਕਰ ਰਹੀ ਹੈ ਕਿ ਓਲੰਪਿਕ ਨੂੰ ਨਿਸ਼ਾਨਾ ਬਣਾਉਣਾ ਬਿਲਕੁਲ ਜਾਇਜ਼ ਹੈ।

ਸਰਕਾਰੀ ਖਰਚਿਆਂ ਵਿਚ ਕਟੌਤੀ ਵਿੱਤੀ ਸੰਕਟ ਨਾਲ ਨਜਿੱਠਣ ਲਈ ਮੌਜੂਦਾ ਸਰਕਾਰ ਰਾਹੀਂ ਚੁੱਕੇ ਜਾ ਰਹੇ ਕਦਮਾਂ ਦਾ ਇਕ ਹਿੱਸਾ ਹੈ। ਮੈਕਲਸਕੇ ਨੇ ਓਲੰਪਿਕ ਦੌਰਾਨ ਨਾ ਮਿਲਵਰਤਨ ਅੰਦੋਲਨ ਦਾ ਵੀ ਸੱਦਾ ਦਿੱਤਾ ਹੈ। ਕੰਜ਼ਰਵੇਟਿਵ ਪਾਰਟੀ ਅਤੇ ਲਿਬਰਲ ਡੈਮੋਕ੍ਰੇਟ ਪਾਰਟੀ ਨੇ ਮਜ਼ਦੂਰ ਸੰਘ ਦੇ ਇਸ ਬਿਆਨ ਦੀ ਆਲੋਚਨ ਕੀਤੀ ਹੈ।

ਲੰਡਨ ਓਲੰਪਿਕ ਖੇਡਾਂ 27 ਜੁਲਾਈ ਤੋਂ ਸ਼ੁਰੂ ਹੋਣਗੀਆਂ।

'ਡਾਓ ਓਲੰਪਿਕ ਦਾ ਸਪੌਂਸਰ ਬਣਿਆ ਰਹੇਗਾ'



ਲੰਡਨ ਓਲੰਪਿਕ 2012 ਦੇ ਆਯੋਜਕਾਂ ਦਾ ਕਹਿਣਾ ਹੈ ਕਿ ਸਸਟੇਨਬਿਲਿਟੀ ਕਮਿਸ਼ਨ ਦੀ ਇਕ ਮੈਂਬਰ ਦੇ ਅਸਤੀਫੇ ਦੇ ਬਾਵਜੂਦ ਡਾਓ ਕੈਮੀਕਲਜ਼ ਇਸ ਆਯੋਜਨ ਦਾ ਸਪੌਂਸਰ ਬਣਿਆ ਰਹੇਗਾ।

'ਕਮਿਸ਼ਨ ਫਾਰ ਸਸਟੇਨੇਬਲ ਲੰਡਨ 2012' ਦੀ ਇਕ ਮੈਂਬਰ ਮੈਰੀਡਿਥ ਅਲੈਕਜ਼ੈਂਡਰ ਨੇ ਆਪਣੇ ਅਹੁਦੇ ਤੋਂ ਇਹ ਕਹਿੰਦੇ ਹੋਏ ਅਸਤੀਫਾ ਦੇ ਦਿੱਤਾ ਸੀ ਕਿ ਉਹ ਭੋਪਾਲ ਗੈਸ ਕਾਂਡ ਲਈ ਜ਼ਿੰਮੇਵਾਰ ਕੰਪਨੀ ਯੂਨੀਅਨ ਕਾਰਬਾਈਡ ਅਤੇ ਡਾਓ ਕੈਮੀਕਲਜ਼ ਦੇ ਸਬੰਧਾਂ ਤੋਂ ਪ੍ਰੇਸ਼ਾਨ ਹੈ।

ਮੈਰੀਡਿਥ ਅਲੈਕਜ਼ੈਂਡਰ ਦੇ ਅਸਤੀਫੇ ਤੋਂ ਬਾਅਦ ਲੇਬਰ ਪਾਰਟੀ ਨਾਲ ਜੁੜੇ ਕੀਥ ਵਾਜ਼ ਅਤੇ ਟੇਟਸਾ ਜਾਵਲ ਨੇ ਵੀ ਇਸ ਬਾਰੇ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਕਿ ਆਖਿਰ ਡਾਓ ਕੈਮੀਕਲ ਨੂੰ ਇਸ ਆਯੋਜਨ ਦਾ ਸਪੌਂਸਰ ਕਿਵੇਂ ਬਣਾਇਆ ਗਿਆ ਹੈ?

GLOBAL

GLOBAL RESP CORPORATION
Approved Distributor of the Global Educational Trust Plan (Global Plan)

ਕੀ ਤੁਸੀਂ ਆਪਣੇ ਬੱਚੇ ਨੂੰ ਡਾਕਟਰ, ਟੀਚਰ ਜਾਂ ਇੰਜਨੀਅਰ ਬਣਾਉਣ ਦਾ ਸੁਪਨਾ ਦੇਖ ਰਹੇ ਹੋ?

ਕੀ ਤੁਸੀਂ ਆਪਣੇ ਬੱਚੇ ਦੇ ਐਜੁਕੇਸ਼ਨ ਸੇਵਿੰਗ ਪਲੈਨ ਦੀ ਚੋਣ ਕਰਨ ਲਈ ਉਲਝਣ ਵਿੱਚ ਹੋ?

- ਜੇ ਤੁਸੀਂ ਘੱਟ ਆਮਦਨ ਵਾਲੇ ਪਰਿਵਾਰ ਵਿੱਚ ਆਉਂਦੇ ਹੋ ਤਾਂ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਜੇਕਰ ਤੁਹਾਡਾ ਬੱਚਾ ਸਾਲ 2004 ਜਾਂ ਉਸ ਤੋਂ ਬਾਅਦ ਪੈਦਾ ਹੋਇਆ ਹੈ ਤਾਂ ਵੀ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਅਸੀਂ ਗਲੋਬਲ ਐਜੂਕੇਸਨ ਟਰੱਸਟ ਪਲੈਨ ਰਾਹੀਂ ਤੁਹਾਡੇ ਬੱਚੇ ਦੇ ਸੋਹਣੇ ਭਵਿੱਖ ਦੇ ਸੁਪਨੇ ਸਾਕਾਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।



- Families with low income may be eligible to receive more CESG yearly for each of their children
- Children born on or after January 1, 2004 can be eligible for the CLB when the family receives the National Child Benefit (NCB) Supplement.
- Children born to or adopted by an Alberta family on or after January 1, 2005 are eligible to receive ACES grant

ਕੀ ਤੁਸੀ ਜਾਣਦੇ ਹੋ ਕਿ 50% ਤੋਂ ਜਿਆਦਾ ਬੱਚੇ ਕਰਜੇ ਦੇ ਭਾਰ ਥੱਲੇ ਦੱਬ ਕੇ ਯੂਨੀਵਰਸਿਟੀ ਵਿੱਚੋਂ ਨਿਕਲਦੇ ਹਨ?

ਅਸੀਂ ਤੁਹਾਡੇ ਬੱਚੇ ਨੂੰ ਕਨੇਡਾ ਅਤੇ ਅਲਬਰਟਾ ਸਰਕਾਰ ਵਲੋਂ ਮਿਲਦੀਆਂ $10,000* ਤੱਕ ਦੀਆਂ ਗਰਾਂਟਾਂ ਲੈ ਕੇ ਦੇ ਸਕਦੇ ਹਾਂ।

ਆਪਣੇ ਬੱਚੇ ਦੇ ਉਜਲ ਭਵਿੱਖ ਲਈ ਗਲੋਬਲ ਐਜੁਕੇਸ਼ਨ ਪਲੈਨ ਕਰਵਾਉਣ ਲਈ ਅੱਜ ਹੀ ਫੋਨ ਕਰੋ:

Jasvir Deol
Branch Manager
780-465-6900

GLOBAL
RESP CORPORATION

*Canada Education Savings Grant up to $ 72,000, Canada Learning Bond up to $ 2,000 and Alberta Centennial Education Savings Plan Grant up to $ 800

Jessie Singh
Branch Manager
403-830-7007

Creative Doors & Mouldings Ltd.

"Your Complete Finishing Store"



* Interior * Prehung Units
* Locks & Hardware * French Doors
* Bi-Folds * Mouldings * Accessories
* Railing



Phone: 780 438 2224
Fax: 780 438 4422

9838-60 Avenue Edmonton, AB T6E 0C5

Lease Rates As Low As 0.9%

All Vehicles Certified & Carproof Verified

MILLWOODS SUZUKI .COM
PRE-OWNED SUPER CENTER

SHOP 24/7 @ www.millwoodssuzuki.com
Over 500 vehicles to choose from.

Vehicle	Details	Price
2011 SUZUKI GRAND VITARA JX 4X4	STK# 12006-0 LOADED	$20,995
2011 SUZUKI SX4 JA	STK# 12007-0 LOADED	$14,995
2008 SUZUKI XL7 JLX	STK# 12058-07 PASS., AWD, LOADED, LEATHER, PWR ROOF	$17,995
2006 DODGE DURANGO SLT 4X4	STK# 11T088-2 LOADED	$9,995
2010 VW PASSAT CC 2.0 T	STK# 11T120-1 4 DR COUPE, LOADED	$27,995
2007 NISSAN MURANO	STK# 12004-0 AWD, LOADED	$18,995
2010 SUZUKI GRAND VITARA JX 4X4	STK# 11921-0 LOADED	$18,995
2010 SUZUKI SX4 SPORT	STK# 12031 4 DR, LOADED	$14,995
2008 DODGE GRAND CARAVAN	STK# 12030-0 STOW 'N GO, DVD	$16,995
2008 MERCEDES C300 4MATIC	STK# 11914-0 LEATHER, SUN ROOF	$26,995
2010 GMC YUKON SLT	STK# 11T177-1 7 PASS., AWD	$38,995
CHEVROLET TRAVERSE LS	STK# 12033-0 4 DOOR, AWD	$28,995
2008 LEXUS RX350 AWD	STK# CN0002	$27,995
2006 ACURA MDX	STK# 12051-0 7 PASS, AWD	$26,995
2008 DODGE DAKOTA ST CREW CAB	STK# 11926-0 4X4	$17,995
2005 FORD F150 XL	STK# 11C043-2 3 DOORS	$10,995
2008 FORD ESCAPE XLT	STK# 12045-0 4X4, LEATHER	$17,995
2011 SUZUKI SX4 JX AWD	STK# 12025-0 FULLY LOADED	$19,995

DODGE GRAND CARAVAN SE
LOADED, STOW 'N GO
$14,995
Stk# CN0005

2006 FORD F350 CREW CAB LARIAT
DIESEL, 4X4
$25,995
Stk# C301169-1

2008 MERCEDES ML 350
NAV, B/U CAMERA, LOADED, AWD, POWER ROOF
$37,995
Stk# 11913-0

2011 KIA SORENTO
24000 KMS, LX
$21,999
Stk# 12T217-1

SUVS & TRUCKS

2011 SUZUKI GRAND VITARA 4X4 #11998-0
2011 SUZUKI GRAND VITARA JX 4X4 #11996-0
2011 SUZUKI GRAND VITARA JX 4X4 #11994-0
2011 SUZUKI GRAND VITARA JX 4X4 #11968-0
2011 SUZUKI GRAND VITARA JLX 4X4 #11989-0
2011 SUZUKI GRAND VITARA JX 4X4 #11T171-1
2010 SUZUKI GRAND VITARA JX #11974-0
2010 SUZUKI GRAND VITARA JLX-L 4X4 #11T119-1
2011 CHEV TRAVERSE LS #12033-0 Loaded, AWD
2010 FORD EXPLORER #12028-0 7-Passenger, EB, Loaded
2008 DODGE DAKOTA CREW 4X4 #11976-0
2008 FORD ESCAPE XLT #12045-0 Leather
2006 ACURA MDX #12051-0 Leather, 7 Passenger
2006 DODGE DURANGO SLT 4X4 #11T688-2
2008 LEXUS RX350 AWD #CN0002
2005 FORD F150 XL 3DR #11C043-2

CARS

2011 SUZUKI SX4 JA H/B #11959-0
2011 SUZUKI SX4 SDN #12005-0
2011 SUZUKI SX4 AWD #11999-0 Loaded
2011 SUZUKI SX4 SDM #11992-0
2011 SUZUKI SX4 H/B #12008-0
2011 SUZUKI SX4 H/B #11987-0
2011 SUZUKI SX4 SDM #11981-0
2011 SUZUKI SX4 SDM #11980-0
2011 SUZUKI SX4 H/B #11370-0
2011 SUZUKI SX4 JLX AWD #11944-0 Loaded
2011 SUZUKI SX4 JX AWD #C300147-0 Loaded
2011 SUZUKI SX4 JW AWD #12024-0
2011 TOYOTA CAMRY LE #12041-0
2010 CHRYSLER 300 TOURING #CN-0001
2010 FORD FOCUS SE #11C127-1 Loaded
2010 FORD FUSION SE #12020-0 Loaded
2010 NISSAN SENTRA #12047-0 4 Door, Loaded
2010 NISSAN VERSA #12003-0 5 Door, Hatchback
2010 TOYOTA COROLLA #12021-0 Loaded
2010 HYUNDAI ACCENT #11928-0 4 Door, GLS
2009 CHRYSLER PT CRUISER #120022-0
2008 MAZDA 3 #11977-0 GT, power roof
2008 MERCEDES B200 #11904-0 H/B, Loaded
2008 TOYOTA MATRIX XR #12037-1 Loaded
2007 SUZUKI SX4 H/B #11C023-1
2007 TOYOTA YARIS RS H/B #12023-1
2011 CHEV IMPALA LS #12001-0 Loaded
2007 TOYOTA CAMRY LE #11938-0 Power Roof
2006 ACURA RSX #11T104-1 Loaded
TOYOTA YARIS #11C178-2
2010 NISSAN ALTIMA 2.5S #12046-0
2008 PONTIAC GRAND PRIX 4 DR #12049-0
2007 NISSAN ALTIMA 2.5S #11965-0

OIL & FILTER CHANGE FREE WITH NITROGEN TIRE FILL $52.95 ($102.90 VALUE)

780-450-4500
34th AVE AUTO ROW | 3403-93 ST. SPECIAL TOLL FREE 1-866-8997-4570
All payments include taxes and fees on longest possible term available with $2000 down O.A.C.
BBB ACCREDITED BUSINESS


Jessy Parihar


Nand Bhasin


Vijay Soni

NEW WAY Stucco Ltd.



Quality work at reasonable rates.

We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

Moga Painting Company

Serving Since 1985

Experts in Interior & Exterior Paint



Residential & Commercial
> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT
Edmonton (780) 934-3535 Winnipeg (204) 979-7070


Sales Representative
Harinder Hundal
M.Sc. Eco, M.B.A

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

MLS MULTIPLE LISTING SERVICE · REALTOR

50 Sunny Vale Gate, Unit # 7,
Brampton, ON L6S 0C4

ਮੁਲਾਕਾਤ
Productions

ਟੀ. ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)

Charanjit Brar
Producer & Host
Ph: 647 300 8436
cbrar@rogers.com



ਨੌਜਵਾਨ ਗ਼ਜ਼ਲਗੋ ਰਜਿੰਦਰਜੀਤ ਐਡਮਿੰਟਨ 'ਚ 9 ਤੋਂ 12 ਮਾਰਚ ਤੱਕ



ਗ਼ਜ਼ਲਗੋ ਰਜਿੰਦਰਜੀਤ ਸਾਹਿਤਕ ਹਲਕਿਆਂ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। 2008 'ਚ ਛਪੀ ਗ਼ਜ਼ਲਾਂ ਦੀ ਕਿਤਾਬ 'ਸਾਵੇਂ ਅਕਸ' ਰਾਹੀਂ ਭਰਪੂਰ ਹਾਜ਼ਰੀ ਲਵਾ ਚੁੱਕੇ ਰਜਿੰਦਰਜੀਤ ਐਡਮਿੰਟਨ ਦੀ ਆਪਣੀ ਪਹਿਲੀ ਫੇਰੀ ਦੌਰਾਨ 9 ਤੋਂ 12 ਮਾਰਚ ਤੱਕ ਇਥੇ ਰਹਿਣਗੇ। ਫਿਰੋਜ਼ਪੁਰ ਕੈਂਟ 'ਚ ਜਨਮੇ ਪਿੰਡ ਜੀਵਨ ਵਾਲਾ (ਫਰੀਦਕੋਟ) ਨਾਲ ਸਬੰਧਿਤ ਰਜਿੰਦਰਜੀਤ ਨੇ ਵਿਦਿਆ ਕੋਟਕਪੂਰਾ ਤੋਂ ਹਾਸਿਲ ਕੀਤੀ। ਸਿਹਤ ਵਿਭਾਗ ਵਿਚ ਫਾਰਮਾਸਿਸਟ ਵਜੋਂ ਨੌਕਰੀ ਉਪਰੰਤ 2006 ਤੋਂ ਜੀਵਨ ਸਾਥਣ ਪਰਮਿੰਦਰ ਤੇ ਬੇਟੀ ਜਸਮੀਨ ਨਾਲ ਬਰਤਾਨੀਆ ਦੀ ਰਾਜਧਾਨੀ ਲੰਡਨ ਆ ਵਸਿਆ ਰਜਿੰਦਰਜੀਤ ਹੁਣ ਓਥੋਂ ਦੇ ਸਿਹਤ ਵਿਭਾਗ ਵਿਚ ਸੇਵਾਵਾਂ ਨਿਭਾ ਰਿਹਾ ਹੈ।

ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਨਾਲ ਸ਼ੁਰੂ ਤੋਂ ਜੁੜੇ ਹੋਏ ਰਜਿੰਦਰਜੀਤ ਨੇ ਤਰਕਸ਼ੀਲ ਸੋਸਾਇਟੀ ਬਰਗਾੜੀ ਦਾ ਜਨਰਲ ਸਕੱਤਰ ਤੇ ਪ੍ਰਧਾਨ ਹੁੰਦਿਆਂ ਪਾਖੰਡਵਾਦ ਦੇ ਖਿਲਾਫ ਅਤੇ ਮਾਨਸਿਕ ਤੌਰ ਤੇ ਬਿਮਾਰ ਲੋਕਾਂ ਦੇ ਇਲਾਜ ਵਿਚ ਭਰਵਾਂ ਯੋਗਦਾਨ ਪਾਇਆ। 'ਪੀਪਲਜ਼ ਫੋਰਮ ਬਰਗਾੜੀ' ਦਾ ਬਾਨੀ ਮੈਂਬਰ ਹੋਣ ਨਾਤੇ ਉਸਨੂੰ ਤਤਕਾਲੀਨ ਸੂਬਾ ਪ੍ਰਧਾਨ ਮਰਹੂਮ ਕ੍ਰਿਸ਼ਨ ਬਰਗਾੜੀ ਨਾਲ ਵੀ ਲੰਮਾ ਸਮਾਂ ਕੰਮ ਕਰਨ ਦਾ ਮੌਕਾ ਮਿਲਿਆ। ਤਰਕਸ਼ੀਲ ਸੋਚ ਦਾ ਧਾਰਨੀ ਹੋਣ ਕਰਕੇ ਪੰਜਾਬ ਦੇ ਪਹਿਲੇ 10 ਸਵੈ-ਇੱਛਕ ਸਰੀਰਦਾਨੀਆਂ ਵਿਚ ਰਜਿੰਦਰਜੀਤ ਦਾ ਨਾਮ ਸ਼ਾਮਿਲ ਹੈ।

ਬਾਬਾ ਫਰੀਦ ਮੇਲੇ ਵਿਚ ਕਵੀ ਦਰਬਾਰ ਕਰਵਾਉਣ ਦੀ ਪਿਰਤ ਪਾਉਣ ਵਾਲੀ ਸਾਹਿਤ ਸਭਾ ਕੋਟਕਪੂਰਾ ਦਾ ਲੰਮਾ ਸਮਾਂ ਜਨਰਲ ਸਕੱਤਰ ਰਹੇ ਰਜਿੰਦਰਜੀਤ ਨੂੰ ਲਿਟਰੇਰੀ ਫੋਰਮ ਫਰਦੀਕੋਟ ਨਾਲ ਜੁੜਕੇ ਲਗੀ ਪੰਜਾਬੀ ਸਾਹਿਤ ਪੜ੍ਹਨ ਦੀ ਚੇਟਕ ਨੇ ਗ਼ਜ਼ਲਗੋ ਬਣਾ ਦਿੱਤਾ। ਰਜਿੰਦਰਜੀਤ ਦੀ ਲੇਖਣੀ ਵਿਚ ਵਿੱਲਖਣਤਾ ਇਹ ਹੈ ਕਿ ਉਹ ਜੋ ਲਿਖਦਾ ਹੈ, ਹਰ ਇੱਕ ਨੂੰ ਆਪਣਾ ਹੀ ਪ੍ਰਤੀਤ ਹੁੰਦਾ ਹੈ। ਉਸਦੀ ਗ਼ਜ਼ਲ ਦੇ ਕੁਝ ਸ਼ੇਅਰ ਨੇ:

ਲਿਆ ਜ਼ਰਾ ਕਾਗਜ਼ ਹੁਣੇ ਆਪਣੀ ਵਸੀਅਤ ਲਿਖ਼ ਦਿਆਂ
ਤਪਦਿਆਂ ਲਈ ਆਪਣੇ ਹਿੱਸੇ ਦੀ ਰਾਹਤ ਲਿਖ਼ ਦਿਆਂ

ਏਸ ਨਗਰ ਦੇ ਲੋਕ ਹਮੇਸ਼ ਸੋਚਾਂ ਵਿਚ ਗਲਤਾਨ ਰਹੇ
ਨਜ਼ਰਾਂ ਦੇ ਵਿਚ ਬਾਗ ਬਗੀਚੇ ਖ਼ਾਬਾਂ ਵਿਚ ਸ਼ਮਸ਼ਾਨ ਰਹੇ

ਚਾਰੇ ਪਾਸੇ ਨੇ ਖ਼ੂਨ ਦੇ ਛੱਪੜ, ਫਿਰ ਵੀ ਦਿਖਦੇ ਸ਼ਾਂਤ ਬੜੇ
ਪੱਥਰ ਦੇ ਭਗਵਾਨ ਤੇ ਆਖਰ ਪੱਥਰ ਦੇ ਭਗਵਾਨ ਰਹੇ

ਰਜਿੰਦਰਜੀਤ ਦੀ ਐਡਮਿੰਟਨ ਫੇਰੀ ਬਾਰੇ ਹੋਰ ਜਾਣਕਾਰੀ ਲਈ ਗੁਰਤੇਜ ਬਰਾੜ ਨਾਲ 780 906 0371 ਜਾਂ brargogi@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਪ੍ਰੋਗਰੈਸਿਵ ਹੋਮ ਵਰੰਟੀ ਸਲਿਊਸ਼ਨ ਵੱਲੋ ਕਰਵਾਈ ਗਈ ਹਾਕੀ ਨਾਈਟ ਮੌਕੇ ਡੈਰਨ ਵੈਨ ਵਾਰਟ, ਮਾਈਕ ਗੈਰਇਟੀ, ਰੌਬਿਟ ਗੈਰਇਟੀ, ਐਨਾ ਵੈਸਕੂਜ਼, ਜੌਨ ਈਟਨ, ਜੌਸ਼ ਕਡਮੋਰ ਅਤੇ 'ਨਵੀਂ ਦੁਨੀਆ' ਦੇ ਸੰਪਾਦਕ ਨਵਤੇਜ।

ਨਰੇਸ਼, ਸੋਹੇਲ, ਮੈਟ ਵੱਲੋਂ ਸਾਂਝੇ ਰੂਪ 'ਚ 'ਫੰਡ ਰੇਜ਼ਿੰਗ ਡਿਨਰ' ਦਾ ਆਯੋਜਨ







ਐਡਮਿੰਟਨ, (ਨਦਬ)-ਹਲਕਾ ਅਲੈਰਸਰੀ ਤੋਂ ਵਿਧਾਇਕ ਤੇ ਰਾਜ ਸਿਹਤ ਮੰਤਰੀ ਨਰੇਸ਼ ਭਾਰਦਵਾਜ ਅਤੇ ਪੀ.ਸੀ. ਪਾਰਟੀ ਦੇ ਉਮੀਦਵਾਰਾਂ ਜਿਨ੍ਹਾਂ ਵਿਚ ਹਲਕਾ ਮਿਲਵੁਡਜ਼ ਤੋਂ ਸੁਹੇਲ ਕਾਦਰੀ, ਹਲਕਾ ਸਾਊਥ ਵੈਸਟ ਤੋਂ ਮੈਟ ਜੈਨੇਰੌਕਸਵੱਲੋਂ ਸਾਂਝੇ ਤੌਰ 'ਤੇ ਹੌਲੀਡੇ ਇੰਨ ਵਿੱਚ 'ਫੰਡ ਰੇਜਿੰਗ ਡਿਨਰ' ਦਾ ਆਯੋਜਨ ਕੀਤਾ ਗਿਆ। ਜਿਸ ਦਾ ਮਕਸਦ ਐਡਮਿੰਟਨ ਉਕਤ ਹਲਕਿਆਂ ਤੋਂ ਪੀ.ਸੀ. ਪਾਰਟੀ ਦੇ ਉਮੀਦਵਾਰਾਂ ਨੂੰ ਲੋਕਾਂ ਦੇ ਰੂ-ਬ-ਰੂ ਕਰਨਾ ਸੀ।ਸਮਾਗਮ 'ਚ ਵੱਖ-ਵੱਖ ਭਾਈਚਾਰੇ ਦੇ ਲੋਕਾਂ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਨਰੇਸ਼ ਭਾਰਦਵਾਜ ਵੱਲੋਂ ਸੁਹੇਲ ਕਾਦਰੀ,ਮੈਟ ਜੈਨੀਰੋਕਸ,ਆਕਾਸ਼ ਖੋਖਰ, ਜੀਨ ਜੈਡਵੈਸਕੀ ਬਾਰੇ ਵੱਖ-ਵੱਖ ਹਲਕਿਆਂ ਤੋਂ ਮੌਜੂਦ ਲੋਕਾਂ ਨੂੰ ਜਾਣਕਾਰੀ ਦਿੱਤੀ।ਨਰੇਸ਼ ਭਾਰਦਵਾਜਨੇ ਕਿਹਾ ਕਿ ਪਿਛਲੇ ਦਿਨੀਂ ਪ੍ਰੀਮੀਅਰ ਐਲੀਸ਼ਨ ਰੈਡਫੋਰਡ ਤੇ ਉਨਾਂ ਦੀ ਟੀਮ ਵੱਲੋਂ ਪੂਰੇ ਅਲਬਰਟਾ ਦਾ ਟੂਰ ਕੀਤਾ ਗਿਆ ਸੀ ਜਿਸ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਪੂਰਿਆਂ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕ ਜੀਨ ਜੈਡਵੈਸਕੀ ਨੇ ਕਿਹਾ ਕਿ ਪੀ.ਸੀ. ਪਾਰਟੀ ਦੀ ਮਜਬੂਤ ਲੀਡਰਸ਼ਿਪ ਹੀ ਸੂਬੇ ਨੂੰ ਬੁਲੰਦੀਆਂ ਵੱਲ ਲਿਜਾ ਸਕਦੀ ਹੈ। ਇਸ ਮੌਕੇ ਮਿਲਵੁਡਜ਼ ਤੋਂ ਪਾਰਟੀ ਦੇ ਉਮੀਦਵਾਰ ਸੁਹੇਲ ਕਾਦਰੀ ਨੇ ਮਿਲਵੁਡਜ਼ ਹਲਕਾ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਲਕਾ ਮਿਲਵੁਡਜ਼ ਵਾਸੀਆਂ ਦੇ ਰਿਣੀ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਨੋਮੀਨੇਸ਼ਨ ਜਿੱਤਣ ਵਿੱਚ ਮਦਦ ਕੀਤੀ। ਸੁਹੇਲ ਨੇ ਕਿਹਾ ਕਿ ਉਹ ਦਿਨ-ਰਾਤ ਮਿਲਵੁਡਜ਼ ਹਲਕਾ ਨਿਵਾਸੀਆਂ ਦੀ ਸੇਵਾ ਵਿਚ ਹਾਜ਼ਰ ਰਹਿਣਗੇ। ਸੁਹੇਲ ਨੇ ਸਮੂਹ ਅਲਬਰਟਾ ਵਾਸੀਆਂ ਨੂੰ ਅਪੀਲ ਕੀਤੀ ਕਿ ਅਲਬਰਟਾ ਸੂਬੇ ਦੀ ਬੇਹਤਰੀ, ਵਧੀਆ ਸਿਹਤ ਸੇਵਾਵਾਂ, ਸਿਖਿਆ ਅਤੇ ਬੱਚਿਆਂ ਦੇ ਉੱਜਲ ਭਵਿੱਖ ਲਈ ਪੀ.ਸੀ. ਪਾਰਟੀ ਨੂੰ ਵੱਧ ਤੋਂ ਵੱਧ ਸਹਿਯੋਗ ਦਿਉ। ਪੀ.ਸੀ. ਦੇਹਲਕਾ ਐਡਮਿੰਟਨ ਸੈਂਟਰ ਤੋਂ ਉਮੀਦਵਾਰਆਕਾਸ਼ ਖੋਖਰ, ਉਮੀਦਵਾਰ ਮੈਟ ਜੈਨੇਰੌਕਸ, ਸਿਟੀ ਕੌਂਸਲਰ ਅਮਰਜੀਤ ਸੋਹੀ, ਯੂਥ ਆਗੂ ਜਸਵਿੰਦਰ ਢਿਲੋਂ ਨੇ ਸ੍ਰੀ ਭਾਰਦਵਾਜ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਸਮਾਗਮ 'ਚ ਮਿਲਵੁਡਜ਼ ਸਜ਼ੂਕੀ ਤੋਂ ਜੈਸੀ ਪਰਿਹਾਰ, ਅਰਿਸਟਰੋਕੇਟਸ ਲੀਕਰਜ਼ ਤੋਂ ਮਨਜੀਤ ਧਾਲੀਵਾਲ, ਜੀ. ਡਰਾਇਵਿੰਗ ਤੋਂ ਗੁਰਚਰਨ ਗਰਚਾਆਦਿ ਵੀ ਹਾਜ਼ਰ ਸਨ।

ਨਿਰਵਾਣਾ ਵਲੋਂ 6ਵੀਂ ਐਨਵਰਸਰੀ ਮੌਕੇ ਮਨਾਇਆ ਜਾ ਰਿਹਾ ਹੈ ਹੋਲੀ ਅਤੇ ਵਿਸਾਖੀ ਸਪੈਸ਼ਲ ਮਹੀਨਾ

ਕੈਲਗਰੀ (ਨਦਬ): ਨਿਰਵਾਣਾ ਐਨਟਰਟੇਨਮੈਂਟ ਕੈਲਗਰੀ ਵੱਲੋਂ ਆਪਣੀ 6ਵੀਂ ਐਨਵਰਸਰੀ ਮੌਕੇ 1 ਮਾਰਚ ਤੋਂ 1 ਮਈ ਤੱਕ ਹੋਲੀ ਅਤੇ ਵਿਸਾਖੀ ਸਪੈਸ਼ਲ ਮਹੀਨਾ ਮਨਾਇਆ ਜਾ ਰਿਹਾ ਹੈ। ਇਸ ਸਪੈਸ਼ਲ ਮਹੀਨੇ ਵਿੱਚ ਸਭ ਤੋਂ ਸਸਤੇ ਰੇਟਾਂ 'ਚ ਸੱਤੇ ਦਿਨ 'ਬੱਫ਼ੇ', ਬੈਨਕਿਉਟ ਪਾਰਟੀ ਸਪੈਸ਼ਲ ਤੋਂ ਇਲਾਵਾ ਗਾਹਕਾਂ ਲਈ ਹੋਰ ਵੀ ਬਹੁਤ ਸ਼ਪੈਸ਼ਲ ਕੀਤਾ ਜਾ ਰਿਹਾ ਹੈ। ਨਿਰਵਾਣਾ ਐਨਟਰਟੇਨਮੈਂਟ ਕੈਲਗਰੀ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਉਹ ਆਪਣੇ ਗਾਹਕਾਂ ਦਾ ਵਿਸ਼ੇਸ਼ ਸਨਮਾਨ ਕਰਦੇ ਹਨ ਅਤੇ ਇਸ ਮਹੀਨੇ 'ਚ ਐਨਵਰਸਰੀ ਮੌਕੇ ਗਾਹਕਾਂ ਕਈ ਵਿਸ਼ੇਸ਼ ਅਵਸਰ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਗਾਹਕਾਂ ਨੂੰ ਇਸ ਵਿਸ਼ੇਸ਼ ਮੌਕੇ ਦਾ ਫ਼ਾਇਦਾ ਲੈਣਾ ਚਾਹੀਦਾ ਹੈ। ਹੋਰ ਜਾਣਜਾਰੀ ਲਈ 403-590-9797 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਆਫ਼ ਐਡਮਿੰਟਨ ਵੱਲੋਂ 'ਇੰਡੀਆ ਡੇ 2012' ਮਨਾਇਆ



ਐਡਮਿੰਟਨ (ਨਦਬ):-ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਆਫ਼ ਐਡਮਿੰਟਨ ਵੱਲੋਂ 'ਇੰਡੀਆ ਡੇ 2012' ਸਥਾਨਕ ਜੁਬਲੀ ਆਡੀਟੋਰੀਅਮ ਵਿੱਚ ਮਨਾਇਆ ਗਿਆ। ਸਮੇਂ ਸਿਰ ਤੇ ਤਰਤੀਬ ਨਾਲ ਸ਼ੁਰੂ ਹੋਏ ਇਸ ਸਮਾਗਮ ਦੀ ਸ਼ੁਰੂਆਤ ਭਾਰਤ ਦੇ ਰਾਸ਼ਟਰੀ ਗੀਤ ਜਨ-ਗਨ-ਮਨ ਤੇ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਨਾਲ ਕੀਤੀ ਗਈ। ਉਪਰੰਤ ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਦੇ ਪ੍ਰਧਾਨ ਰਜ਼ੇਸਵਰ ਸਿੰਘ ਨੇ ਮੁੱਖ ਮਹਿਮਾਨ, ਸਮਾਗਮ 'ਚ ਸ਼ਾਮਲ ਲੋਕਾਂ ਅਤੇ ਹੋਰ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਕੌਂਸਲੇਟ ਆਰ.ਨਰਾਇਨਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਉਨ੍ਹਾਂ ਸਮੂਹ ਭਾਰਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ 'ਸਾਡੇ ਪੁਰਖਾਂ ਵੱਲੋਂ ਅਜ਼ਾਦੀ ਹਾਸਲ ਕਰਨ ਲਈ ਜੋ ਘਾਲਣਾ ਕੀਤੀ ਗਈ ਹੈ ਉਸ ਨੂੰ ਯਾਦ ਰੱਖਣਾ ਚਾਹੀਦਾ ਹੈ।' ਉਨ੍ਹਾਂ ਕਨੇਡਾ 'ਚ ਵਸਦੇ ਸਮੂਹ ਭਾਰਤੀ ਮੂਲ ਦੇ ਲੋਕਾਂ ਨੂੰ ਚੰਗੇ ਨਾਗਰਿਕ ਹੋਣ ਦਾ ਸਬੂਤ ਦੇਣ ਦੀ ਗੱਲ ਵੀ ਕੀਤੀ। ਕਨੇਡਾ ਮਿਲਟਰੀ ਵੱਲੋਂ ਕਨੇਡਾ ਅਤੇ ਭਾਰਤ ਦੇ ਝੰਡਿਆਂ ਨਾਲ ਮਾਰਚ ਪਾਸ ਕੀਤਾ ਗਿਆ।'ਫਾਇਰ ਡਿਪਾਰਟਮੈਂਟ ਆਫ਼ ਐਡਮਿੰਟਨ' ਅਤੇ 'ਐਡਮਿੰਟਨ ਪੁਲਸ' ਦੇ ਅਧਿਕਾਰੀ ਨੇ ਵੀ ਗਣਤੰਤਰ ਦਿਵਸ ਦੀ ਵਧਾਈ ਦਿੱਤੀ। ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਰਾਜ ਮੰਤਰੀ ਨਰੇਸ਼ ਭਾਰਦਵਾਜ, ਮੇਅਰ ਸਟੀਫਨ ਮੰਡੇਲ, ਵਿਰੋਧੀ ਧਿਰ ਦੇ ਨੇਤਾ ਡਾ. ਰਾਜ ਸ਼ਰਮਨ, ਐਮ. ਐਲ. ਏ. ਜੀਨ ਜੈਡਵੈਸਕੀ, ਐਨ.ਡੀ.ਪੀ. ਲੀਡਰ ਬਰਾਇਨ ਮੇਸ਼ਨ ਆਦਿ ਨੇ ਵੀ ਵਧਾਈ ਦਿੱਤੀ।

ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਵੱਲੋਂ ਸਮਾਜ ਪ੍ਰਤੀ ਵਧੀਆ ਸੇਵਾਵਾਂ ਵਿਭਾਉਣ ਲਈ ਸੁਸ਼ੀਲ ਕਾਲੀਆ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਕਨੇਡੀਅਨ ਕੇਰਲਾ ਕਲਚਰਲ ਐਸੋ. ਵੱਲੋਂ 'ਓਨਮ' ਨਾਚ, ਅਲਬਰਟਾ ਹਿੰਦੀ ਪ੍ਰਸ਼ਿਦ ਵੱਲੋਂ 'ਵੇਧਾਂਨਤਾ', ਅਲਬਰਟਾ ਗੁਜਰਾਤੀ ਐਸੋ. ਵੱਲੋਂ 'ਰਾਸ ਗਰਬਾ',ਆਂਧਰਾ ਕਲਚਰਲ ਐਸੋ. ਵੱਲੋਂ 'ਲੋਕ ਨਾਚ', ਸ਼ਾਂਤੀ ਨਿਕੇਤਨ ਸੋਸਾਇਟੀ ਵੱਲੋਂ 'ਡੋਲਾ ਰੇ ਡੋਲਾ' ਨਾਚ, ਮੈਪਲ ਲੀਫ਼ ਰਾਟੀਰਜ਼ ਫ਼ਉਡੇਸ਼ਨ ਵੱਲੋਂ ਮਨਜੀਤ ਸਿੰਘ ਦੀ ਨਿਰਦੇਸ਼ਨ ਹੇਠ ਪੰਜਾਬ ਦਾ ਲੋਕ ਨਾਚ 'ਗਿੱਧਾ ਅਤੇ ਭੰਗੜਾ' ਪੇਸ਼ ਕੀਤਾ ਗਿਆ। ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਵੱਲੋਂ ਹਿੰਦੀ ਸਿਨੇਮਾਂ ਦੇ 100 ਸਾਲ ਪੂਰੇ ਹੋਣ 'ਤੇ ਕਨਕ ਚਮੇਰਟੀ ਦੀ ਨਿਰਦੇਸ਼ਨਾ ਹੇਠ ਤਿਆਰ 'ਸਾਗਾ ਆਫ਼ ਇੰਡੀਅਨ ਸਿਨੇਮਾਂ' ਨਾਮ ਦਾ ਪ੍ਰੋਗਰਾਮ ਜੋ ਕਿ ਪੁਰਾਤਨ ਅਤੇ ਨਵੀਨ ਗੀਤਾਂ ਦੇ ਸੁਮੇਲ ਸੀ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਇਸ ਸਮਾਗਮ ਵਿੱਚ ਡਰੈਗਨ ਵਾਇਸ ਚੋਉਰ ਕਲੱਬ ਵੱਲੋਂ ਮਹਿਮਾਨ ਕਲਾਕਾਰਾਂ ਵੱਜੋਂ ਆਪਣੀ ਹਾਜ਼ਰੀ ਲਵਾਉਦੇ ਹੋਏ ਲੋਕ ਨਾਚ ਪੇਸ਼ ਕੀਤਾ ਗਿਆ।

ਸਮਾਗਮ ਦੌਰਾਨ ਗਰੇਡ 1 ਤੋਂ ਲੈ ਕੇ ਗਰੇਡ 12 ਤੱਕ ਪੜ੍ਹਾਈ 'ਚ ਵਧੀਆ ਕਾਰਗੁਜਾਰੀ ਦਿਖਾਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿਧਾਰਥ ਪਾਠਕ ਨੂੰ 'ਐਨ.ਆਈ.ਸੀ.ਸੀ. ਸਿਟੀਜ਼ਨਸ਼ਿਪ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ 'ਚ ਕੌਂਸਲ ਆਫ਼ ਇੰਡੀਆ ਸੁਸਾਇਟੀਜ਼ ਆਫ਼ ਐਡਮਿੰਟਨ ਦੇ ਸਕੱਤਰ ਦਲਬੀਰ ਸਾਂਗਿਆਂਣ ਨੇ ਸਮਾਗਮ 'ਚ ਸ਼ਮੂਲੀਅਤ ਕਰਨ ਵਾਲਿਆਂ ਦਾ ਕੌਂਸਲ ਵੱਲੋਂ ਧੰਨਵਾਦ ਕੀਤਾ। ਸਟੇਜ਼ ਨੂੰ ਸਭਾਲਣ ਦੀ ਭੂਮਿਕਾ ਕਰੀਨਾ ਪਾਇਲੀਆ ਅਤੇ ਬਿਨਓਏ ਪ੍ਰਭੂ ਵੱਲੋਂ ਬੇਹਤਰੀਨ ਢੰਗ ਨਾਲ ਨਿਭਾਈ ਗਈ।

ADVANCE DRIVING SCHOOL & LIMOS

- > Lady Instuctor Available
- > Defensive Training Classes to Restore Demerits
- > Free Pick up & Drop



- > Airport Service Flat Rate
- > Wedding Ceremony
- > Any Other Function

780-660-4090

202-3456 91 St. Edmonton, AB



Home Renovations

AI

Our Services

- Basement Development
- General Carpentry
- Electrical & Plumbing
- Drywall - Mud & Tape, Texturing
- Kitchen & Bathroom Remodeling
- Flooring - Hardwood, Laminate, Tile, Carpet
- Painting - Interior, Exterior

We specialize in commercial and residential renovations.

Over 15 years in the industry, customer satisfaction is our #1 goal. We are licensed, insured, BBB members with WCB coverage.

Call us today for a free estimate!

780.484.8885

We'd Like...

to earn your business at Progressive Home Warranty, we are proud to offer the best products, protection, and people in the industry.

For more information please contact us:

Phone: 780-470-4663

Toll Free: 1-866-996-9776

sales@progressivewarranty.com

www.progressivewarranty.com

CARB
CANADIAN ALLIANCE OF RESIDENTIAL BUILDERS

progressive
home warranty solutions inc.

Building Solutions for Building Professionals

Progressive Home Warranty offers the best New Home Warranty and Insurance products available. Canada's Best New Home Warranty.

ਭਗਤ ਸਿੰਘ, ਭਾਰਤ, ਭਤੀਜ ਤੇ ਮੈਂ



ਮੇਜਰ ਮਾਂਗਟ
major.mangat@gmail.com
+1-616-727-2071

ਕੌਨਵੋਕੇਸ਼ਨ ਸੈਂਟਰ ਵਿੱਚ ਭੀੜ ਜੁੜ ਚੁੱਕੀ ਸੀ। ਮੈਂ ਵੀ ਇਸ ਭੀੜ ਦਾ ਹਿੱਸਾ ਸਾਂ। ਭਗਤ ਸਿੰਘ ਦੀ ਜਨਮ ਸ਼ਤਾਬਦੀ 'ਤੇ ਮਨਾਏ ਜਾ ਰਹੇ ਸਮਾਗਮ ਵਿੱਚ ਜ਼ਮੀਰ ਦਾ ਧੱਕਿਆ ਧਕਾਇਆ ਮੈਂ ਵੀ ਆ ਗਿਆ ਸਾਂ। ਅੱਜ ਕੱਲ੍ਹ ਜ਼ਮੀਰ ਬੜਾ ਓਪਰਾ ਜਿਹਾ ਸ਼ਬਦ ਲੱਗਦਾ ਹੈ।ਕਾਲਿਜ ਦੇ ਦਿਨਾਂ ਵਿੱਚ ਤਾਂ ਇਹ ਸ਼ਬਦ ਜਿਵੇਂ ਸਖਸ਼ੀਅਤ ਦਾ ਹਿੱਸਾ ਹੀ ਬਣ ਗਿਆ ਸੀ।ਉਦੋਂ ਤਾਂ ਭਗਤ ਸਿੰਘ ਦਾ ਨਾਂ ਵੀ ਜ਼ਿਹਨ ਵਿੱਚ ਗੂੰਜਦਾ ਰਹਿੰਦਾ ਸੀ ਤੇ ਸ਼ਾਇਦ ਇਹ ਹੀ ਕੋਈ ਪੁਰਾਣੀ ਸਾਂਝ ਏਥੇ ਖਿੱਚ ਲਿਆਈ ਹੋਵੇ।

ਚੜਦੀ ਜਵਾਨੀ ਤੇ ਭਗਤ ਸਿੰਘ ਦੀ ਵਿਚਾਰਧਾਰਾ... ਕਿਆ ਜੋੜ ਮੇਲ ਸੀ।ਉਦੋਂ ਹੀ ਭਗਤ ਸਿੰਘ ਦਾ ਇੱਕ ਪੋਸਟਰ ਮੈਂ ਵੀ ਆਪਣੇ ਕਮਰੇ ਵਿੱਚ ਲਿਆ ਚਿਪਕਾਇਆ ਸੀ ਅਤੇ ਮੇਲਿਆਂ ਵਿੱਚ ਵਿਕਦੇ ਉਸ ਬਾਰੇ ਗੀਤਾਂ ਦੇ ਕਿਤਾਬਚੇ ਵੀ ਪੜ੍ਹੇ ਸਨ। ਢਾਡੀਆਂ ਤੋਂ ਉਸ ਦੀਆਂ ਸ਼ਹੀਦੀ ਵਾਰਾਂ ਸੁਣ ਸੁਣ ਕੇ ਲਹੂ ਖੌਲਣ ਲੱਗ ਪੈਂਦਾ ਸੀ। ਕਿਵੇਂ ਉਹ ਮੌਤ ਲਾੜੀ ਨੂੰ ਵਿਆਹੁਣ ਤੁਰਿਆ ਸੀ।' ਮੁਲਕ 'ਚੋਂ ਗੋਰਿਆਂ ਨੂੰ ਕੱਢਣ ਤੇ ਭਾਰਤ ਨੂੰ ਆਜ਼ਾਦੀ ਦਵਾਉਣ ਵਿੱਚ ਉਸਦਾ ਬਹੁਤ ਵੱਡਾ ਯੋਗਦਾਨ ਸੀ'। ਇਹੋ ਗੱਲਾਂ ਦੱਸ ਦੱਸ ਕੇ ਹੀ ਸਟੂਡੈਂਟ ਯੂਨੀਅਨ ਵਾਲੇ ਕਾਲਜ ਦੇ ਦਿਨਾਂ ਵਿੱਚ ਸਾਡੀ ਜ਼ਮੀਰ ਨੂੰ ਹਲੂਣਾ ਦਿੰਦੇ।

ਜ਼ਮੀਰ ਲਫਜ਼ ਵੀ ਮੈਂ ਤਾਂ ਕਾਲਿਜ ਜਾਕੇ ਹੀ ਸੁਣਿਆ ਸੀ।



'ਅਸੀਂ ਉਨ੍ਹਾਂ ਬਿਦੇਸ਼ੀਆ ਤੋਂ ਮੁਕਤ ਤਾਂ ਹੋ ਗਏ ਸਾਂ,ਲੇਕਿਨ ਭਾਰਤ ਛੱਡ,ਕੈਨੇਡਾ ਆ ਮੁੜ ਫੇਰ ਇਹ ਗ਼ੁਲਾਮੀ ਕਿਉਂ ਪ੍ਰਵਾਨ ਕਰ ਲਈ'?ਕਈ ਵਾਰ ਏਸੇ ਕਰਕੇ ਜ਼ਮੀਰ ਮੈਨੂੰ ਲਾਹਣਤਾਂ ਪਾਂਉਦੀ।

ਕੁੱਝ ਦੇਰ ਬਾਅਦ ਹੀ ਮੇਰਾ ਮਨ ਸੋਚਣ ਲੱਗ ਪੈਂਦਾ 'ਜਦੋਂ ਆਪਣੇ ਮੁਲਕ ਨੇ ਨਹੀਂ ਝੱਲੇ ਤਾਂ ਹੀ ਤਾਂ ਕੈਨੇਡਾ ਆਏ। ਪੜ੍ਹ ਲਿਖ ਕੇ ਦਰ ਦਰ ਭਟਕਦੇ ਰਹੇ ਪਰ ਕਿਤੇ ਵੀ ਨੌਕਰੀ ਨਹੀਂ ਸੀ ਮਿਲੀ। ਜਿਵੇਂ ਕਹਿੰਦੇ ਨੇ ਮਰਦੀ ਨੇ ਅੱਕ ਚੱਬਿਆ....' ਪਰ ਫੇਰ ਮੈਂ ਮਨ ਨੂੰ ਸਮਝਾਂਉਂਦਾ ਕਿ ਕਿ ਸਾਰੀ ਧਰਤੀ ਹੀ ਆਪਣੀ ਹੈ।

ਜਿਸ ਦਿਨ ਮੈਂ ਭਾਰਤ ਦੀ ਨਾਗਰਿਕਤਾ ਤਿਆਗ,ਕੈਨੇਡਾ ਦਾ ਨਾਗਰਿਕ ਬਣ ਸਹੁੰ ਚੁੱਕੀ ਸੀ। ਮਨ ਤਾਂ ਉਸ ਦਿਨ ਵੀ ਬੜਾ ਕੁਰਲਾਇਆ ਸੀ, ਜਿਵੇਂ ਮਾਂ ਦੀ ਬੁੱਕਲ 'ਚੋਂ ਨਿੱਕਲ, ਮਤਰੇਈ ਦੀ ਗੋਦ 'ਚ ਬੈਠ, ਮੈਂ ਮਾਂ ਨੂੰ ਭੁਲਾ ਦਿੱਤਾ ਹੋਵੇ। ਪਰ ਫਿਰ ਮੈਂ ਸੋਚਦਾਂ ਇਨਸਾਨ ਤਾਂ ਸਾਰੇ ਇੱਕੋ ਨੇ ਲੁੱਟੇ ਜਾ ਰਹੇ ਅਤੇ ਲੁੱਟਣ ਵਾਲੇ। ਫੇਰ ਮਨੁੱਖਤਾ ਦਾ ਭਲਾ ਲੋਚਣ ਵਾਲੇ, ਸ਼ਹੀਦ ਭਗਤ ਸਿੰਘ ਦਾ ਅਕਸ ਮੇਰੇ ਮਨ ਵਿੱਚ ਹੋਰ ਗੂੜ੍ਹਾ ਹੋਣ ਲੱਗਦਾ।

ਪਤਾ ਨਹੀਂ ਫੇਰ ਵੀ ਕਿਉਂ ਮਨ ਕਦੇ ਕਦੇ ਆਪਣੇ ਆਪ ਨੂੰ ਭਗੌੜਾ ਸਮਝਣ ਲੱਗ ਪੈਂਦਾ। ਸ਼ਾਇਦ ਮਨ ਅੰਦਰਲੀ ਕੋਈ ਅਪਰਾਧਿਕ ਭਾਵਨਾ ਵੀ ਹੋ ਸਕਦੀ ਹੈ, ਕਿ ਜਦੋਂ ਵੀ ਕਿਸੇ ਨਾ ਕਿਸੇ ਸੰਸਥਾ ਵਲੋਂ ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ, ਮੈਂ ਉੱਥੇ ਹੀ ਜਾ ਪੁੱਜਦਾ। ਅੱਜ ਵੀ ਬੱਸ ਇਸੇ ਤਰ੍ਹਾਂ ਹੀ ਆ ਗਿਆ ਸੀ।

ਇਹ ਉਹ ਹੀ ਸੰਸਥਾ ਸਮਾਗਮ ਕਰਵਾ ਰਹੀ ਸੀ ਜਿਹੜੀ ਭਾਰਤ ਵਿੱਚ ਅਮਰੀਕੀ ਸਾਮਰਾਜ ਅਤੇ ਸਰਮਾਏ ਦਾਰੀ ਪ੍ਰਬੰਧ ਨੂੰ ਕੋਸਦੀ ਰਹਿੰਦੀ ਸੀ ਅਤੇ ਵੋਟਾਂ ਦੀ ਰਾਜਨੀਤੀ ਤੋਂ ਹਟਕੇ ਹਥਿਆਰਬੰਦ ਇਨਕਲਾਬ ਦੀ ਹਮਾਇਤ ਕਰਦੀ ਸੀ। ਪਰ ਹੁਣ ਸਰਮਾਏਦਾਰੀ ਛਤਰੀ ਦਾ ਆਨੰਦ ਮਾਣ ਰਹੀ ਸੀ।ਰੱਸੀ ਮੱਚ ਗਈ ਪਰ ਵੱਟ ਨਹੀਂ ਸੀ ਗਿਆ। ਹਥਿਆਰਬੰਦ ਇਨਕਾਲਬ ਦੇ ਕੀੜੇ ਅਜੇ ਵੀ ਅੰਦਰੋਂ ਪੂਰੀ ਤਰ੍ਹਾਂ ਨਹੀਂ ਸਨ ਮਰੇ। ਏਸੇ ਕਰਕੇ ਪ੍ਰਬੰਧਕਾਂ ਨੇ ਜੋ ਪੋਸਟਰ ਬਣਾਇਆ ਸੀ ਉਸ ਤੇ ਭਗਤ ਸਿੰਘ ਆਪਣੇ ਰਿਵਾਲਵਰ ਨਾਲ ਸਾਂਡਰਸ ਨੂੰ ਭੁੰਨ ਰਿਹਾ ਸੀ। ਜਿਸ ਨੂੰ ਵੇਖ ਕੇ ਇੱਕ ਵਾਰ ਮੇਰੇ ਬੇਟੇ ਨੇ ਪੁੱਛਿਆ ਸੀ "ਡੈਡ ਭਗਤ ਸਿੰਘ ਵਾਜ਼ ਏ ਟੈਰੋਰਿਸਟ?"

ਉਹ ਗੁਰਦੁਵਾਰਿਆਂ ਦੇ ਲੰਗਰ ਹਾਲਾਂ ਵਿੱਚ ਬੰਦੂਕਾਂ, ਮਸ਼ੀਨ ਗੰਨਾਂ ਤੇ ਹੋਰ ਹਥਿਆਰਬੰਦਾਂ ਦੀਆਂ ਫੋਟੋਆਂ ਵੇਖ ਕੇ ਵੀ ਅਕਸਰ ਏਹੋ ਜਿਹੇ ਸੁਆਲ ਕਰਦਾ ਸੀ ਕਿ "ਇਹ ਟੈਰੋਰਿਸਟਾਂ ਨੂੰ ਕਿਔਂ ਪ੍ਰਮੋਟ ਕਰ ਰਹੇ ਨੇ? ਗੁਰਦੁਵਾਰੇ ਤਾਂ ਅਸੀਂ ਮਨ ਦੀ ਸ਼ਾਂਤੀ ਲਈ ਆਂਉਂਦੇ ਹਾਂ" ਕਈ ਵਾਰ ਉਸਦੇ ਸਵਾਲਾਂ ਦਾ ਮੇਰੇ ਕੋਲ ਕੋਈ ਜਵਾਬ ਨਾ ਹੁੰਦਾ।

ਲਾਬੀ ਵਿੱਚ ਭੀੜ ਬਹੁਤ ਹੋਣ ਕਰਕੇ, ਪੈਰ ਧਰਨ ਨੂੰ ਵੀ ਥਾਂ ਨਹੀਂ ਸੀ। ਬਹੁਤ ਸਾਰੇ ਬੱਚਿਆਂ ਨੂੰ ਸੱਭਿਆਚਾਰ ਸਿਖਾਉਣ ਦੇ ਚਾਹਵਾਨ ਮੱਲੋਜੋਰੀ ਉਨ੍ਹਾਂ ਨੂੰ ਨਾਲ ਲੈ ਕੇ ਆਏ ਸਨ। ਕੰਧਾਂ ਤੇ ਭਗਤ ਸਿੰਘ ਦੇ ਬਹੁਤ ਸਾਰੇ ਪੋਸਟਰ ਸਜਾਏ ਗਏ ਸਨ, ਜਿਨਾਂ ਵਿੱਚ ਉਸਦੇ ਸਿਰ ਤੇ ਪਗੜੀ ਵੀ ਸੀ ਤੇ ਟੋਪੀ ਵੀ। ਪੱਗਾਂ ਵਾਲੇ ਭਗਤ ਸਿੰਘ ਦਾ ਪੱਗ ਵਾਲਾ ਪੋਸਟਰ ਖਰੀਦ ਰਹੇ ਸਨ ਤਾਂ ਕਿ ਬੱਚਿਆਂ ਨੂੰ ਉਸਦਾ ਸਿੱਖ ਹੋਣਾ ਸਮਝਾ ਸਕਣ।

ਪ੍ਰੋਗਰਾਮ ਦੇ ਇਸ਼ਤਿਹਾਰ ਤੇ ਵੀ ਪੱਗ ਅਤੇ ਟੋਪੀ ਵਾਲੇ ਪੋਸਟਰ ਦੀ ਚੋਣ ਦਾ ਵਾਵੇਲਾ ਖੜ੍ਹਾ ਹੋਇਆ ਸੀ, ਤੇ ਆਖਿਰ ਗੁਰਦੁਵਾਰਾ ਕਮੇਟੀਆਂ ਤੋਂ ਸਹਿਯੋਗ ਲੈਣ ਲਈ ਪੱਗ ਵਾਲਾ ਪੋਸਟਰ ਛਾਪਣ ਨੂੰ ਹੀ ਤਰਜੀਹ ਦਿੱਤੀ ਗਈ ਸੀ।

ਇੱਕ ਹੋਰ ਜਥੇਬੰਦੀ ਵੀ ਸੀ ਜੋ ਭਗਤ ਸਿੰਘ ਨੂੰ ਸਿੱਖ ਸਾਬਤ ਕਰਨ ਲਈ ਹਰ ਵਰ੍ਹੇ ਗੁਰਦੁਵਾਰਾ ਸਾਹਿਬ ਆਖੰਡ ਪਾਠ ਰੱਖਕੇ ਉਸਦਾ ਸ਼ਹੀਦੀ ਦਿਨ ਮਨਾਉਂਦੀ। ਅਜਿਹੇ ਮੌਕੇ ਭਗਤ ਸਿੰਘ ਦੀ ਮਾਂ ਵਿਦਿਆਵਤੀ ਨੂੰ ਕਵੀਸ਼ਰ ਗਿਆਨ ਕੌਰ ਕਹਿ ਕੇ ਇਤਿਹਾਸ ਨਾਲ ਧ੍ਰੋਹ ਵੀ ਕਰਦੇ। ਜਿਵੇਂ ਮਾਤਾ ਗੁਜ਼ਰੀ ਨੂੰ ਉਹ ਗੁਜ਼ਰ ਕੌਰ,ਮਾਤਾ ਸੁੰਦਰੀ ਨੂੰ ਸੁੰਦਰ ਕੌਰ ਕਹਿੰਦੇ ਸਨ। ਮੈਂ ਸੋਚ ਰਿਹਾ ਸੀ ਕਿ ਜੇ ਉਨਾਂ ਦਾ ਵਸ ਚੱਲੇ ਤਾਂ ਉਹ ਭਾਈ ਕਨ੍ਹਈਆ ਨੂੰ ਭਾਈ ਕਨ੍ਹਹੀਆਂ ਸਿੰਘ, ਭਾਈ ਨੰਦ ਲਾਲ ਨੂੰ ਭਾਈ ਨੰਦ ਸਿੰਘ ਤੇ ਕਿਸੇ ਦਿਨ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਨਾਨਕ ਸਿੰਘ ਹੀ ਨਾ ਬਣਾ ਦੇਣ। ਫਿਰਕਾਪ੍ਰਸਤੀ ਦੇ ਡੰਗੇ ਹੋਏ ਪ੍ਰਚਾਰਕ ਭਗਤ ਸਿੰਘ ਨੂੰ ਪੱਕਾ ਸਿੱਖ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ,ਜੋ ਮੈਨੂੰ ਕਦੇ ਚੰਗਾ ਨਾ ਲੱਗਦਾ। ਭਗਤ ਸਿੰਘ ਦਾ ਮਿਸ਼ਨ ਤਾਂ ਪੂਰੀ ਮਨੁੱਖਤਾ ਲਈ ਸੀ। ਖੁਸ਼ਬੂ ਨੂੰ ਡੱਬੀਆਂ ਵਿੱਚ ਬੰਦ ਨਹੀ ਕੀਤਾ ਜਾ ਸਕਦਾ।

ਇਹ ਹੀ ਕਾਰਨ ਸੀ ਕਿ ਭਗਤ ਸਿੰਘ ਦੀ ਪੁਸਤਕ 'ਮੈਂ ਨਾਸਤਿਕ ਕਿਉਂ ਹਾਂ' ਏਥੇ ਵੀ ਵੇਚੀ ਨਹੀਂ ਸੀ ਜਾ ਰਹੀ। ਤੇ ਕਦੀ ਉਸਦਾ ਜ਼ਿਕਰ ਕਰਨਾ ਵੀ ਮੁਨਾਸਬ ਨਹੀਂ ਸੀ ਸਮਝਿਆ ਜਾਂਦਾ। ਸਿੱਖ ਕੱਟੜਵਾਦੀ ਉਸ ਨੂੰ ਏਸੇ ਕਰਕੇ ਨਿੰਦਦੇ ਕਿ ਉਹ ਤਾਂ ਨਾਸਤਿਕ ਸੀ। ਉਨ੍ਹਾਂ ਦਾ ਇੱਕ ਲੀਡਰ ਤਾਂ ਸ਼ਰੇਆਮ ਭਗਤ ਸਿੰਘ ਨੂੰ ਅੱਤਵਾਦੀ ਕਹਿੰਦਾ। ਇਹ ਉਹ ਹੀ ਸੀ,ਜਿਸ ਨੇ ਸਾਰੀ ਉਮਰ ਖੁਦ ਅੱਤਵਾਦ ਜਾਂ ਵੱਖਵਾਦ ਦੇ ਮੁੱਦੇ ਤੇ ਲੀਡਰੀ ਚਮਕਾਈ ਸੀ ਤੇ ਉਮਰ ਭਰ ਦੀਆਂ ਰੋਟੀਆਂ ਸੇਕੀਆਂ ਸਨ।

ਪੁਸਤਕਾਂ ਵੇਚਣ ਲਈ ਟੇਬਲ ਤਾਂ ਅੱਜ ਵੀ ਲਗਵਾਏ ਗਏ ਸਨ, ਪਰ ਇਨਾਂ ਤੇ ਇੱਕ ਅਖ਼ਬਾਰ ਦਾ ਸੰਪਾਦਕ ਭਾਰਤ ਤੋਂ ਬਹੁਤ ਸਸਤੀਆਂ ਲਿਆਂਦੀਆਂ ਪੁਸਤਕਾਂ ਡਾਲਰਾਂ ਵਿੱਚ ਬਹੁਤ ਮਹਿੰਗੇ ਭਾਅ ਵੇਚਕੇ ਲਾਹਾ ਲੈ ਰਿਹਾ ਸੀ। ਪ੍ਰਬੰਧਕ ਕਮੇਟੀ ਨੇ ਆਪਣੀਆਂ ਫੋਟੋਆਂ ਅਤੇ ਚੰਗੀ ਕਵਰੇਜ਼ ਲਵਾਉਣ ਲਈ ਉਸ ਨੂੰ ਇਹ ਜਗ੍ਹਾ ਦਿੱਤੀ ਸੀ ਤਾਂ ਕਿ ਉਹ ਪੈਸੇ ਬਣਾ ਸਕੇ।

ਟੇਬਲ ਤੇ ਰਸੋਈ ਸਿੱਖਿਆ, ਕਾਮਯਾਬ ਹੋਣ ਦੇ ਤਰੀਕੇ, ਪੰਜਾਬੀ ਗੀਤ, ਨਾਵਲ, ਕਹਾਣੀਆਂ ਅਤੇ ਕੁੱਝ ਹੋਰ ਆਮ ਜਿਹੀਆਂ ਪੁਸਤਕਾਂ ਜਾਂ ਭਗਤ ਸਿੰਘ ਦੇ ਪੋਸਟਰ ਵੀ ਪਏ ਸਨ। ਅਜਿਹੇ ਸੁਨਹਿਰੀ ਮੌਕੇ ਕਈ ਵਾਰ ਭਾਰਤ ਤੋਂ ਇੱਕ ਪਬਲਿਸ਼ਰ ਵੀ ਪਹੁੰਚਦਾ। ਉਹ ਡਾਲਰ ਬਣਾਉਣ ਲਈ ਸ਼ਾਇਦ ਅੱਜ ਵੀ ਪਹੁੰਚਿਆ ਹੋਵੇ। ਅਖ਼ਬਾਰ ਦਾ ਸੰਪਾਦਕ ਤੇ ਉਹ ਦੋਨੋਂ ਮਿਲਕੇ ਹੀ ਕੰਮ ਕਰਦੇ। ਇਹ ਪਬਲਿਸ਼ਰ ਵੈਨਕੋਵਰ, ਕੈਲਗਰੀ, ਐਡਮਿੰਟਨ ਅਤੇ ਅਮਰੀਕਾ ਦੇ ਕਈ ਹੋਰ ਸ਼ਹਿਰਾਂ ਵਿੱਚ ਵੀ ਆਪਣਾ ਅਜਿਹਾ ਹੀ ਨੈੱਟਵਰਕ ਚਲਾਉਂਦਾ ਸੀ। ਇਹ ਉਹੀ ਪਬਲਿਸ਼ਰ ਸੀ ਜੋ ਕੁੱਝ ਹੀ ਵਰ੍ਹਿਆਂ ਵਿੱਚ ਇੱਕ ਸਧਾਰਨ ਆਦਮੀ ਤੋਂ ਕਰੋੜਪਤੀ ਬਣ ਗਿਆ, ਤੇ ਅਜਿਹੇ ਸਮਾਗਮ ਉਸ ਲਈ ਵਰਦਾਨ ਸਾਬਤ ਹੁੰਦੇ ਸਨ। ਮੇਰੀ ਸੋਚ ਦਾ ਮੱਕੜੀ ਜਾਲ ਹੋਰ ਗੂੜ੍ਹਾ ਹੋਈ ਜਾ ਰਿਹਾ ਸੀ।

'ਜੇ ਕਦੇ ਪੁਸਤਕਾਂ ਘੱਟ ਵਿਕਦੀਆਂ ਤਾਂ ਉਹ ਸਟੇਜ ਤੇ ਚੜ੍ਹਕੇ ਲੋਕਾਂ ਨੂੰ ਤਾਹਨਾ ਵੀ ਦੇ ਜਾਂਦਾ ', 'ਦਰਅਸਲ ਅਜੇ ਏਥੇ ਭਗਤ ਸਿੰਘ ਦੀ ਸੋਚ ਨੂੰ ਫੈਲਾਉਣ ਦੀ ਲੋੜ ਹੈ ਤਾਂ ਕਿ ਲੋਕ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ'। ਮੈਂ ਜਾਣਦਾ ਸੀ ਕਿ ਇਹ ਵਪਾਰੀ ਬੰਦਾ ਇਮੋਸ਼ਨਲ ਬਲੈਕ ਮੇਲਿੰਗ ਕਰ ਰਿਹਾ ਹੈ। ਜਿਸ ਤਰ੍ਹਾਂ ਹਰ ਵਰ੍ਹੇ ਭਗਤ ਸਿੰਘ ਯਾਦਗਾਰੀ ਕਮੇਟੀ ਫੰਡ ਇਕੱਠਾ ਕਰਨ ਖਾਤਰ ਕਰਦੀ ਹੈ। ਭਗਤ ਸਿੰਘ ਦਾ ਨਾਂ ਵੇਚਿਆ ਜਾ ਰਿਹਾ ਸੀ। ਮੈਂ ਇਨ੍ਹਾਂ ਵਪਾਰੀਆਂ ਤੋਂ ਅੱਖ ਬਚਾਉਂਦਾ ਹਾਲ ਦੇ ਅੰਦਰ ਵੜ੍ਹ ਗਿਆ। ਮੇਰੀ ਸੋਚ ਦੀਆਂ ਕੀੜੀਆਂ ਲਾਈਨ ਬਣਾ ਕੇ ਤੁਰਨ ਲੱਗੀਆਂ।

ਹਾਲ ਦੇ ਅੰਦਰ ਬੱਚਿਆਂ ਦਾ ਭੰਗੜਾ ਪੈ ਰਿਹਾ ਸੀ ਤੇ ਨਾਲ ਹੀ ਕੋਈ ਪੰਜਾਬੀ ਜੱਟਾਂ ਦੇ ਫੱਟੇ ਚੱਕਣ ਵਾਲਾ ਗੀਤ ਚੱਲ ਰਿਹਾ ਸੀ। ਇੱਕ ਮੁੰਡਾ ਭਗਤ ਸਿੰਘ ਦੇ ਭੇਸ ਵਿੱਚ ਪੰਜਾਬੀ ਜੱਟ ਬਣਕੇ ਡੱਡੂ ਟਪੂਸੀਆਂ ਮਾਰਦਾ ਭੰਗੜਾ ਪਾ ਰਿਹਾ ਸੀ। ਇਹ ਨੌਜਵਾਨ ਭੰਗੜੇ ਦੇ ਖੂੰਡਿਆਂ ਨੂੰ ਰਫਲਾਂ ਬਣਾ ਬਣਾ ਗੋਲੀਆਂ ਚਲਾਉਂਦੇ ਤੇ ਗੀਤ ਵਿੱਚ ਜੱਟਾਂ ਦੇ ਬਦਲਾ ਲੈਣ ਦੀ ਗੱਲ ਚੱਲਦੀ। ਜੋਸ਼ 'ਚ ਆਏ ਇਹ ਗਭਰੂ ਕਦੇ ਊਠਾਂ ਵਾਂਗ ਮੱਘੇ ਕੱਢਦੇ ਅਤੇ ਕਦੇ ਬੱਕਰੇ ਬੁਲਾਉਂਦੇ। ਜਿਨਾਂ ਨੂੰ ਦੇਖ ਦੇਖ ਮੈਨੂੰ ਘਿਣ ਆ ਰਹੀ ਸੀ। ਆਖਿਰ ਇਹ ਕਿਹੋ ਜਿਹਾ ਭਗਤ ਸਿੰਘ ਪੇਸ਼ ਕਰਨਾ ਚਾਹੁੰਦੇ ਸਨ?

ਫੇਰ ਇੱਕ ਅਨਾਊਸਮੈਂਟ ਹੋਈ ਕਿ ਹੁਣ ਭਾਰਤ ਤੋਂ ਆਈ ਡਰਾਮਾ ਟੀਮ 'ਭਾਰਤ ਮਾਂ' ਨਾਂ ਦਾ ਡਰਾਮਾ ਖੇਡੇਗੀ। ਜਿਸ ਵਿੱਚ ਮਾਂ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਉਣ ਦੀ ਗੱਲ ਸੀ। ਮੇਰੇ ਨਾਲ ਦੀ ਸੀਟ ਤੇ ਘੁਸਰ ਮੁਸਰ ਸ਼ੁਰੂ ਹੋ ਗਈ। ਕੋਈ ਦਰਸ਼ਕ ਕਹਿ ਰਿਹਾ ਸੀ ਭਾਰਤ ਤੋਂ ਪੂਰੀ ਟੀਮ ਨੂੰ ਵੀਜ਼ਾ ਮਿਲਿਆ ਸੀ ਪਰ ਉਨਾਂ 'ਚੋਂ ਤਿੰਨ ਟੁੱਬੀ ਮਾਰ ਗਏ। ਹੁਣ ਉਨ੍ਹਾਂ ਦੀ ਜਗ੍ਹਾ ਤਿੰਨ ਲੋਕਲ ਕਲਾਕਾਰ ਪਾਏ ਗਏ ਨੇ। ਇੱਕ ਹੋਰ ਬੋਲਿਆ 'ਸਾਰੀਆਂ ਸੰਸਥਾਵਾਂ ਹੀ ਕਬੂਤਰਬਾਜੀ ਕਰਦੀਆਂ ਨੇ। ਉਧਰੋਂ ਕੱਢਣ ਦੇ ਪੱਚੀ ਪੱਚੀ, ਤੀਹ ਤੀਹ ਲੱਖ ਲੈਂਦੀਆਂ ਨੇ। ਉੱਥੋਂ ਹੀ ਤਾਂ ਇਨ੍ਹਾਂ ਨੂੰ ਪੈਸਾ ਬਣਦੈ। ਆਹ ਪ੍ਰੋਗਰਾਮ ਤਾਂ ਐਵੇਂ ਡਰਾਮਾ ਨੇ'।

ਇੱਕ ਹੋਰ ਪੜ੍ਹਿਆ ਲਿਖਿਆਂ ਬੋਲਿਆ 'ਸੁਣਿਆ ਇਨ੍ਹਾਂ ਨੇ ਤਾਂ 'ਆਰਟ ਕੌਂਸਲ' ਵਾਲਿਆਂ ਤੋਂ ਵੀ ਪੈਂਤੀ ਹਜਾਰ ਡਾਲਰ ਦੀ ਸਹਾਇਤਾ ਲਈ ਆ। ਜਿਸ ਮਨਿਸਟਰ ਦੀ ਸਪੋਰਟ ਇਨ੍ਹਾਂ ਵੋਟਾਂ ਵੇਲੇ ਕੀਤੀ ਸੀ, ਕਹਿੰਦੇ ਉਸੇ ਨੇ ਮੱਦਦ ਦੁਆਈ ਆ। ਸੁਣਿਆ ਉਸੇ ਦੇ ਅਸਰ ਰਸੂਖ ਨਾਲ ਹੀ ਕਲਾਕਾਰਾਂ ਨੂੰ ਵੀਜ਼ੇ ਇਸ਼ੂ ਹੋਏ ਨੇ। ਜਿਵੇਂ ਟੂਰਨਾਮੈਂਟਾਂ ਵੇਲੇ ਹੁੰਦੇ ਨੇ। ਏਹੋ ਕੁੱਝ ਤਾਂ ਗੁਰਦੁਵਾਰਿਆਂ ਮੰਦਿਰਾਂ 'ਚ ਚੱਲਦੈ। ਸਭ ਇੱਕੋ ਥੈਲੀ ਦੇ ਚੱਟੇ ਵੱਟੇ ਨੇ...। ਭਗਤ ਸਿੰਘ ਨੂੰ ਤਾਂ ਵਿਚਾਰੇ ਨੂੰ ਐਵੇਂ ਵਿੱਚ ਘੜੀਸੀਂ ਫਿਰਦੇ ਆ " ਮੇਰਾ ਮਨ ਅਜਿਹੀਆਂ ਗੱਲਾਂ ਸੁਣ ਸੁਣ ਬੇਹੱਦ ਉਦਾਸ ਹੋ ਰਿਹਾ ਸੀ।

ਮੇਰੇ ਘਰ ਵਿੱਚ ਵੀ ਕੁੱਝ ਏਸੇ ਤਰ੍ਹਾਂ ਦੀ ਬੇਚੈਨੀ ਵਾਲਾ ਮਾਹੌਲ ਸੀ। ਮੇਰਾ ਭਾਰਤ ਰਹਿ ਰਿਹਾ ਭਤੀਜਾ ਰੂਬਨ ਭਾਰਤ ਮਾਂ ਨਾਲੋਂ ਨਾਤਾ ਨਾ ਤੁੜਵਾਉਣ ਕਾਰਨ ਮੇਰੇ ਤੋਂ ਨਿਰਾਸ਼ ਸੀ। ਮੇਰੇ ਭਰਾ ਨੇ ਮੈਨੂੰ ਫੋਨ ਤੇ ਘੁਰਕੀ ਦਿੱਤੀ ਸੀ "ਤੂੰ ਆਪ ਤਾਂ ਕਨੇਡਾ ਜਾ ਕੇ ਬਹਿ ਗਿਆ, ਪਰ ਸਾਡਾ ਕੁੱਝ ਨੀ ਸੋਚਿਆ। ਏਥੇ ਹਰ ਬੰਦਾ ਪੱਚੀ ਪੱਚੀ, ਤੀਹ ਤੀਹ ਲੱਖ ਦੇ ਕੇ ਬਾਹਰਲੇ ਮੁਲਕ ਨਿੱਕਲੀ ਜਾਂਦਾ ਏ, ਬੱਸ ਇੱਕ ਅਸੀਂ ਹੀ ਬੈਠੇ ਹਾਂ। ਜੇ ਤੂੰ ਕੱਚੇ ਪੱਕੇ ਵਿਆਹ ਦਾ ਜੁਗਾੜ ਵੀ ਨਹੀਂ ਕਰ ਸਕਦਾ ਤਾਂ ਕਿਸੇ ਕਬੱਡੀ ਦੀ ਟੀਮ ਵਿੱਚ, ਰਾਗੀਆਂ ਢਾਡੀਆਂ ਨਾਲ ਜਾਂ ਕਿਸੇ ਗਾਉਣ ਵਾਲੇ ਨਾਲ ਢੋਲਕੀ ਛੈਣੇ ਵਜਾਉਣ ਵਾਲਿਆਂ ਵਿੱਚ ਹੀ ਕੱਢ ਦੇ। ਕੁੱਝ ਤਾਂ ਕਰ..."


ਇਸ ਖਿਆਲ ਨੇ ਮੇਰੇ ਜਿਸਮ ਵਿੱਚ ਝੁਣਝਣੀ ਛੇੜ ਦਿੱਤੀ ਸੀ। ਮੈਨੂੰ ਆਪਣੇ ਭਤੀਜੇ ਰੂਬਨ ਦੀ ਯਾਦ ਆਈ। ਜਿਸ ਨੇ ਮੈਨੂੰ ਚਿੱਠੀ ਲਿਖੀ ਸੀ 'ਚਾਚਾ ਜੀ ਮੈਂ ਕਨੇਡਾ ਆਉਣਾ ਚਾਹੁੰਦਾ ਹਾਂ ਪਰ ਏਜੰਟ ਪੱਚੀ ਲੱਖ ਰੁਪਏ ਮੰਗਦਾ ਹੈ, ਜੇ ਤੁਸੀਂ ਮੱਦਦ ਕਰ ਦੇਵੋਂ ਤਾਂ...। ਉਹ ਕਹਿੰਦਾ ਹੈ ਮੈਂ ਤੈਨੂੰ ਕਬੱਡੀ ਦੀ ਟੀਮ ਵਿੱਚ ਭੇਜ ਦਵਾਂਗਾ। ਜੋ ਤੁਹਾਡੇ ਟੋਰਾਂਟੋ ਹੀ ਆ ਰਹੀ ਆ। ਤੁਸੀਂ ਅੱਜ ਹੀ ਵੈਸਟਰਨ ਯੂਨੀਅਨ ਰਾਹੀਂ ਪੈਸੇ ਭੇਜ ਦੇਵੋ'। ਮੇਰੇ ਤੋਂ ਸੁਭਾਵਕ ਹੀ ਕਿਹਾ ਗਿਆ ਸੀ 'ਏਥੇ ਕਿਤੇ ਪੈਸੇ ਦਰਖਤਾਂ ਨੂੰ ਲੱਗਦੇ ਆ? ਨਾਲੇ ਐਨੇ ਪੈਸੇ ਤੇ ਉਹ ਵੀ ਐਨੀ ਛੇਤੀ...?'

ਮੈਂ ਤਾਂ ਵੀਹ ਸਾਲਾਂ ਤੋਂ ਚੱਜ ਦੀ ਪੈਂਟ ਸ਼ਰਟ ਖਰੀਦਣ ਲੱਗਿਆ ਵੀ ਵੀਹ ਵਾਰੀ ਸੋਚਦਾ ਹਾਂ। ਮਸ਼ੀਨਾ ਨਾਲ ਮਸ਼ੀਨ ਹੋਕੇ ਪੈਸੇ ਕਮਾਈ ਦੇ ਨੇ। ਫਿਰ ਵੀ ਖਰਚੇ ਈ ਮਸਾਂ ਪੂਰੇ ਹੁੰਦੇ ਆ। ਨਾਲੇ ਟਰੈਵਲ ਏਜੰਟਾਂ ਦੀਆਂ ਠੱਗੀਆਂ ਤਾਂ ਰੋਜ਼ ਪੜ੍ਹਨ ਸੁਨਣ ਨੂੰ ਮਿਲਦੀਆਂ ਨੇ। ਕੋਈ ਪੱਕਾ ਕੰਮ ਹੋਵੇ ਤਾਂ ਔਖਾ ਸੌਖਾ ਹੋ ਕੇ ਬੰਦਾ ਮੱਦਦ ਵੀ ਕਰ ਦਿੰਦਾ ਹੈ। ਪਰ ਉਸ ਨੇ ਤਾਂ ਇੱਕੋ ਜ਼ਿੱਦ ਫੜੀ ਹੋਈ ਸੀ। ਉੱਤੋਂ ਵੱਡਾ ਭਰਾ ਅੱਡ ਪਿੱਛੇ ਬੋਲੀ ਜਾ ਰਿਹਾ ਸੀ । ਖੈਰ ਮੈਂ ਕੋਈ ਹੋਰ ਤਰੀਕਾ ਲੱਭਣ ਦਾ ਝਾਂਸਾ ਦੇ ਕੇ ਮਸਾਂ ਖਹਿੜਾ ਛੁਡਾਇਆ ਸੀ।

ਹੁਣ ਫੇਰ ਉਹ ਮਗਰ ਪਿਆ ਹੋਇਆ ਹੈ ਕਿ ਕੋਈ ਪੇਪਰ ਮੈਰਿਜ ਵਾਲੀ ਕੁੜੀ ਲੱਭ ਕੇ ਮੈਰਿਜ ਕਰਵਾ ਦਿਉ। ਜਿਸ ਦਾ ਰੇਟ ਏਧਰ ਵੀਹ ਕੁ ਲੱਖ ਰੁਪਿਆ ਚੱਲਦਾ ਹੈ। ਉਸ ਨੇ ਇਹ ਵੀ ਕਿਹਾ ਸੀ ਕਿ ਪਾਪਾ ਜੀ ਕਹਿੰਦੇ ਨੇ ਜਦੋਂ ਮੈਂ ਵਾਪਿਸ ਅਸਲੀ ਵਿਆਹ ਕਰਵਾਉਣ ਆਊਂ, ਉਦੋਂ ਆਪਾਂ ਨੂੰ ਵੀ ਤਾਂ ਤੀਹ ਪੈਂਤੀ ਲੱਖ ਮਿਲੂਗਾ ਹੀ...। ਏਕਣ ਪੈਸਾ ਡੁੱਬਣ ਦਾ ਵੀ ਡਰ ਨਹੀਂ'।

ਸੁਣਕੇ ਮੇਰੀਆਂ ਲੱਤਾਂ ਕੰਬਣ ਲੱਗ ਪਈਆਂ ਸਨ। ਮੇਰਾ ਭਤੀਜਾ ਵੀ ਪੰਜਾਬ ਦੇ ਬਹੁਤੇ ਲੋਕਾਂ ਵਾਂਗ ਵਿਉਪਾਰੀ ਬਣ ਗਿਆ ਸੀ। ਕੀ ਹੋ ਗਿਆ ਸੀ ਲੋਕਾਂ ਦੀ ਸੋਚ ਨੂੰ? ਕਿਹੜੇ ਸੁਆਰਥ ਦਾ ਸੱਪ ਡੰਗ ਗਿਆ ਸੀ ਭਗਤ ਸਿੰਘ ਦੇ ਵਾਰਿਸਾਂ ਨੂੰ...? ਮੈਂ ਚਿੰਤਾ ਵਿੱਚ ਡੁੱਬ ਗਿਆ।


ਕਿਵੇਂ ਲੋਕ ਆਪਣੀਆਂ ਕੰਜ ਕੁਆਰੀਆਂ ਕੁੜੀਆਂ ਨੂੰ ਕੈਨੇਡਾ ਦੇ ਚੁਬਾਰੇ ਚੜ੍ਹਨ ਲਈ ਫੌਡੇ ਬਣਾ ਕੇ ਵਰਤ ਰਹੇ ਸਨ। ਮੇਰੇ ਭਰਾ ਨੂੰ ਦੁੱਖ ਸੀ ਕਿ ਮੈਂ ਅਜੇ ਤੱਕ ਅਜਿਹਾ ਫੌਡਾ ਕਿਉਂ ਨਹੀਂ ਬਣਿਆ। ਉਨੇ ਤਾਂ ਮੈਨੂੰ ਇਹ ਵੀ ਸਲਾਹ ਦਿੱਤੀ ਕਿ 'ਤੂੰ ਵੀ ਹੁਣ ਸਮਾਰਟ ਬਣ, ਘਰ ਵਾਲੀ ਨੂੰ ਪੇਪਰਾਂ 'ਚ ਤਲਾਕ ਦੇ ਕੇ ਏਧਰੋਂ ਅਠਾਰਾਂ ਉੱਨੀ ਵਰ੍ਹਿਆਂ ਦੀ ਕੁੜੀ ਲੈ ਜਾ ਨਾਲੇ ਚਾਲੀ



ਪੰਜਾਹ ਲੱਖ ਵੱਟ ਤੇ ਪਿਆ। ਫੇਰ ਉਸੇ ਕੁੜੀ ਨੂੰ ਦੇ ਲੈ ਕੇ ਰੂਬਨ ਦੇ ਪੇਪਰ ਭਰਾ ਦਵਾਂਗੇ'। ਜਦੋਂ ਮੈਂ ਇਸ ਨੂੰ ਗਲਤ ਕਿਹਾ, ਤਾਂ ਭਰਾ ਕੜਕਿਆ ਸੀ 'ਬਹਾਨੇ ਨਾਂ ਬਣਾ ਅਸਲ 'ਚ ਤੂੰ ਚਾਹੁੰਦਾ ਹੀ ਨਹੀਂ ਕਿ ਅਸੀ ਵੀ ਤੇਰੇ ਬਰਾਬਰ ਹੋਈਏ'।

ਬਾਕੀ ਸਫ਼ਾ 41 'ਤੇ

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary
Vancouver
Contact
780-951-7260

e-mail: dhaliwalsd@hotmail.com, www.acitylimousine.com

ਮੈਂ ਦੇਖਿਆ ਇੱਕ ਲੀਡਰ ਸਟੇਜ ਤੇ ਪਾਣੀ ਵਿੱਚ ਮਧਾਣੀ ਪਾਈ ਖੜ੍ਹਾ ਸੀ। ਜਿਸ ਨੂੰ ਨਾ ਤਾਂ ਕੁੱਝ ਭਗਤ ਸਿੰਘ ਬਾਰੇ ਪਤਾ ਸੀ ਤੇ ਨਾ ਹੀ ਉਸਦੀ ਵਿਚਾਰਧਾਰਾ ਬਾਰੇ।

ਮੈਂ ਬੈਠਾ ਸੋਚ ਰਿਹਾ ਸੀ ਕਿ ਕਿੱਥੇ ਮਾਂ ਭੂਮੀ ਦੀ ਅਣਖ ਲਈ ਮਰ ਜਾਣ ਵਾਲਾ ਭਗਤ ਸਿਉਂ ਤੇ ਕਿੱਥੇ ਧੀਆਂ ਭੈਣਾਂ ਦਾ ਵਿਉਪਾਰ ਕਰਨ ਵਾਲੇ ਇਹ ਲੋਕ। ਜਿਨ੍ਹਾਂ ਅਣਖ ਇੱਜ਼ਤ ਨੂੰ ਛਿੱਕੇ ਟੰਗ ਦਿੱਤਾ ਸੀ। ਮੈਂ ਸੋਚਾਂ ਦੀ ਗਹਿਰੀ ਦਲਦਲ ਵਿੱਚ ਧਸਣ ਲੱਗਿਆ।

'ਕਈ ਗੀਤਕਾਰ ਅਜੇ ਵੀ ਅਸਲੀਅਤ ਤੋਂ ਅੱਖਾਂ ਮੀਟ,ਹਰ ਪੰਜਾਬੀਆਂ ਨੂੰ ਅਣਖੀ ਸੂਰਮੇਂ ਸਿੱਧ ਕਰ ਰਹੇ ਸਨ। ਮੇਰੇ ਭਰਾ ਨੇ ਤਾਂ ਏਥੋਂ ਤੱਕ ਵੀ ਆਖ ਦਿੱਤਾ ਸੀ ਕਿ "ਜੇ ਹੋਰ ਕੁੱਝ ਨਹੀਂ ਬਣਦਾ ਤੂੰ ਆਪਣੀ ਧੀ ਬਬਲੀ ਨਾਲ ਹੀ ਪੇਪਰ ਭਰ ਦੇ...। ਪੇਪਰ ਹੀ ਨੇ ਕਿਹੜਾ ਅਸਲੀ ਵਿਆਹ ਹੈ। ਲੋਕ ਤਾਂ ਆਪਣੀਆਂ ਸਕੀਆਂ ਭੈਣਾਂ ਨਾਲ ਵਿਆਹ ਦੇ ਪੇਪਰ ਭਰਕੇ ਨਿੱਕਲੀ ਜਾਂਦੇ ਨੇ। ਆਪਣੇ ਕੋਲ ਪੈਲਿਸ ਵਿੱਚ ਅਜਿਹੇ ਵਿਆਹ ਰੋਜ਼ ਹੁੰਦੇ ਨੇ ਨਾਲੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ..."। ਕਈ ਵਾਰ ਭਰਾ ਦੀਆਂ ਗੱਲਾਂ ਸੁਣਕੇ ਜੀ ਕਰਦਾ ਕਿ ਹੁਣ ਕੀ ਰੱਖਿਆ ਹੈ ਜੀਣ ਵਿੱਚ, ਖੁਦਕਸ਼ੀ ਹੀ ਕਰ ਲਵਾਂ। ਫੇਰ ਕੋਈ ਅੰਦਰ ਬਲਦਾ ਦੀਵਾ ਰੋਸ਼ਨੀ ਦੇਣ ਲੱਗਦਾ। ਅੱਜ ਮੈਂ ਉਸੇ ਦੀਵੇ ਨੂੰ ਸਲਾਮ ਕਰਨ ਆਇਆ ਸੀ।

ਭਾਰਤ ਬੈਠੇ ਸਕੇ ਸਬੰਧੀ ਬਾਹਰਲੇ ਮੁਲਕ ਰਹਿੰਦਿਆਂ ਨੂੰ ਸੁਆਰਥੀ ਦੱਸ ਰਹੇ ਸਨ। ਹਾਲਾਂਕਿ ਹੱਦ ਦਰਜੇ ਦੇ ਸੁਆਰਥੀ ਉਹ ਆਪ ਸਨ। ਜੋ ਉਨ੍ਹਾਂ ਦੇ ਜਾਣ ਪਿੱਛੋਂ ਉਨ੍ਹਾਂ ਨੂੰ ਉਜੜ ਗਏ ਸਮਝ ਉਨਾਂ ਦੀਆਂ ਜ਼ਮੀਨਾਂ ਜਾਇਦਾਦਾਂ ਤੇ ਕਾਬਜ਼ ਹੋ ਗਏ ਸਨ। ਜ਼ਮੀਨਾਂ ਦਾ ਠੇਕਾ ਦੇਣਾ ਤਾਂ ਇੱਕ ਪਾਸੇ ਰਿਹਾ ਉਹ ਤਾਂ ਘਰੋਂ ਹਿੱਸੇ ਦੀ ਇੱਕ ਫੁੱਟੀ ਕੌਡੀ ਵੀ ਦੇਣ ਨੂੰ ਵੀ ਤਿਆਰ ਨਹੀਂ ਸਨ। ਮੈਂ ਜਦੋਂ ਵੀ ਗਿਆ ਮੇਰੇ ਨਾਲ ਏਹੋ ਕੁੱਝ ਹੁੰਦਾ ਰਿਹਾ। ਮੈਨੂੰ ਜਾ ਕੇ ਮੇਰਾ ਆਪਣਾ ਘਰ, ਆਪਣਾ ਲੱਗਦਾ ਹੀ ਨਹੀਂ ਸੀ। ਭਰਾ ਤੇ ਭਰਜਾਈ ਇਹੋ ਅਹਿਸਾਸ ਕਰਵਾਉਂਦੇ ਰਹਿੰਦੇ ਕਿ ਹੁਣ ਮੈਂ ਤਾਂ ਕਨੇਡਾ ਐਸ਼ਾਂ ਕਰਦਾ ਹਾਂ ਤੇ ਇੰਡੀਆ ਵਾਲਾ ਸਾਰਾ ਕੁੱਝ ਉਨ੍ਹਾਂ ਦਾ ਹੀ ਹੈ। ਉਹ ਤਾਂ ਛੁੱਟੀ ਦੌਰਾਨ ਸੌਦੇ ਪੱਤੇ, ਕਾਰਾਂ ਦਾ ਤੇਲ ਖਾਣ ਪੀਣ ਤੇ ਹੋਰ ਸਾਰਾ ਕੁੱਝ ਵੀ ਮੇਰੇ ਤੋਂ ਹੀ ਭਾਲਦੇ।

ਹੁਣ ਚਿੱਠੀ ਲਿਖਣ ਦੀ ਤਾਂ ਉਨ੍ਹਾਂ ਕੋਲ ਵਿਹਲ ਨਹੀਂ ਸੀ, ਸਗੋਂ ਫੋਨ ਵੀ ਮੇਰੇ ਤੋਂ ਹੀ ਕਰਵਾਉਂਦੇ। ਤੇ ਹਰ ਵਾਰ ਉਨ੍ਹਾਂ ਦੀਆਂ ਮੰਗਾਂ ਦੀ ਲਿਸਟ ਹਨੂਮਾਨ ਦੀ ਪੂਛ ਵਾਂਗ ਵਧਦੀ ਹੀ ਜਾਂਦੀ। ਘਰੇ ਹਰਾ ਪੱਠਾ ਲਿਆਉਣ, ਡੰਗਰ ਵੱਛਾ ਸਾਂਭਣ ਤੇ ਧਾਰਾਂ ਕੱਢਣ ਜਾਂ ਸੰਨ੍ਹੀਆਂ ਰਲਾਉਣ ਲਈ ਦੋ ਭਈਏ ਰੱਖੇ ਹੋਏ ਸਨ। ਕੱਪੜੇ ਧੋਣ,ਸਫਾਈ ਕਰਨ ਅਤੇ ਰੋਟੀਆਂ ਬਣਾਉਣ ਲਈ ਹੋਰ ਔਰਤਾਂ ਆਉਂਦੀਆ। ਹੋਰ ਤਾਂ ਹੋਰ ਉਨ੍ਹਾਂ ਦੇ ਕੱਪੜੇ ਵੀ ਕੋਈ ਹੋਰ ਪ੍ਰੈਸ ਕਰਕੇ ਜਾਂਦਾ। ਅਜੇ ਵੀ ਉਨ੍ਹਾਂ ਦਾ ਸਰਦਾ ਨਹੀਂ ਸੀ। ਜਦ ਮੈਂ ਕਹਿੰਦਾ ਕਿ ਇਹ ਨੌਕਰ ਚਾਕਰ ਹਟਾ ਦਉ, ਤਾਂ ਕਹਿੰਦੇ 'ਅਜੇ ਸਾਨੂੰ ਹੋਰ ਕਿੰਨਾ ਕੁ ਥੱਲੇ ਲਾਉਣੈ'। ਏਹੋ ਜਿਹੇ ਵਿਹਲੜ ਸਮਾਜ ਵਿੱਚ ਕੀ ਕਰ ਲਵੇਗੀ ਭਗਤ ਸਿੰਘ ਦੀ ਸੋਚ? ਮੈਂ ਪ੍ਰੇਸ਼ਾਨ ਸਾਂ ਤੇ ਦਿਮਾਗ ਬਿਲਕੁੱਲ ਫੰਕਸ਼ਨ ਵਿੱਚ ਨਹੀਂ ਸੀ ਲੱਗ ਰਿਹਾ। ਪਤਾ ਨਹੀਂ ਸਟੇਜ ਤੇ ਕੀ ਕੀ ਬੋਲਿਆ ਜਾ ਰਿਹਾ ਸੀ?

ਕਦੇ ਟ੍ਰੈਕਟਰ ਦੀ ਕਿਸ਼ਤ ਟੁੱਟ ਗਈ, ਕਦੇ ਨਾਲ ਲੱਗਦੀ ਜ਼ਮੀਨ ਦਾ ਸੌਦਾ, ਕਦੇ ਮੋਟਰਸਾਈਕਲ ਦੀ ਮੰਗ ਤੇ ਕਦੇ ਬਾਥਰੂਮ ਬਣਾਉਣੇ ਨੇ ਜਾਂ ਕਮਰੇ ਪੇਂਟ ਕਰਵਾਉਣੇ ਨੇ। ਉਨ੍ਹਾਂ ਨੂੰ ਭੋਰ ਭੋਰ ਕੇ ਖਾਂਦਿਆਂ ਨੂੰ ਰਤਾ ਵੀ ਸ਼ਰਮ ਨਹੀਂ ਸੀ ਆਉਂਦੀ। ਮੁੰਡਾ ਆਏ ਦਿਨ ਗਲ 'ਚ ਕੈਮਰਾ ਪਾ, ਕਦੇ ਸ਼ਿਮਲੇ ਤੇ ਕਦੇ ਕੁੱਲੂ ਮਨਾਲੀ ਤੁਰਿਆ ਰਹਿੰਦਾ। ਤੇ ਹੁਣ ਉਸ ਲਈ ਬਾਹਰਲੀ ਕੁੜੀ ਚਾਹੀਦੀ ਸੀ। ਮੈਨੂੰ ਗੁੱਸਾ ਆ ਰਿਹਾ ਸੀ।

ਫੇਰ ਲੱਗਣ ਲੱਗਿਆ ਜਿਵੇਂ ਸਾਰੇ ਪੰਜਾਬ ਦੀ ਹੀ ਮੱਤ ਮਾਰੀ ਗਈ ਹੋਵੇ। ਜਿਵੇਂ ਹਰ ਬੰਦਾ ਹੀ ਬਾਹਰਲੇ ਮੁਲਕ ਭੱਜਣ ਲਈ ਅਟੈਚੀ ਬੰਨੀ ਬੈਠਾ ਹੋਵੇ। ਕਦੇ ਮੈਂ ਸੋਚਦਾ ਉਨ੍ਹਾਂ ਦਾ ਰਹਿਣ ਸਹਿਣ ਤਾਂ ਬਾਹਰਲਿਆਂ ਤੋਂ ਵੀ ਵੱਧ ਆ।ਹ ਰ ਬੰਦਾ ਮੋਬਾਈਲ ਫੋਨ ਬਿਨਾਂ ਡਿੰਘ ਵੀ ਨੀ ਪੁੱਟਦਾ। ਹੇਠਾਂ ਵਧੀਆਂ ਕਾਰ ਵੀ ਚਾਹੁੰਦਾ ਹੈ। ਸ਼ਾਮ ਨੂੰ ਮਹਿੰਗੀ ਵਿਸਕੀ ਅਤੇ ਕੁੱਕੜ ਨਾਲ ਰੋਟੀ ਭਾਲਦਾ ਹੈ। ਸ਼ਾਇਦ ਉਹ ਸੋਚਦੇ ਹੋਣਗੇ ਕਿ ਉਨ੍ਹਾਂ ਦਾ ਇਹ ਸਟੈਂਡਰਡ ਦੇਖ ਕੇ ਹੀ ਕੋਈ ਬਾਹਰਲਾ ਰਿਸ਼ਤਾ ਫਸ ਜਾਵੇ। ਹਰ ਟਾਈਮ ਕੋਈ ਨਾ ਕੋਈ ਜੁਗਾੜ ਫਿੱਟ ਕਰਨ ਵਾਲਿਆਂ ਦੇ ਦਿਮਾਗ ਵਿੱਚ ਭਗਤ ਸਿੰਘ ਨੂੰ ਸਮਝਣ ਦੀ ਵਿਹਲ ਹੈ ਹੀ ਕਿੱਥੇ ਸੀ?

ਮੇਰੀ ਸੋਚ ਭਾਰਤ ਵਿੱਚੋਂ ਨਿਕਲਣ ਦਾ ਨਾਂ ਹੀ ਨਹੀਂ ਸੀ ਲੈ ਰਹੀ। ਉੱਥੇ ਕੁੱਝ ਨਾ ਕਰਨ ਵਾਲੇ ਵੀ ਸਭ ਤੋਂ ਵੱਧ ਬਿਜ਼ੀ ਸਨ। ਲੱਗਦਾ ਸੀ ਜਿਵੇਂ ਭਾਰਤ ਭਗੌੜਿਆਂ ਦਾ ਦੇਸ਼ ਬਣ ਰਿਹਾ ਹੋਵੇ? ਕੰਮ ਤੋਂ, ਕਲਚਰ ਤੋਂ, ਫਲਸਫੇ ਤੋਂ ਦੇਸ਼ ਤੋਂ ਜ਼ਿੰਮੇਵਾਰੀਆਂ ਤੋਂ ਹਰ ਕਾਸੇ ਤੋਂ ਬੰਦਾ ਭੱਜ ਰਿਹਾ ਸੀ।ਇਨ੍ਹਾਂ ਭਗੌੜਿਆਂ ਵਿੱਚ ਸ਼ਾਇਦ ਮੈਂ ਵੀ ਸ਼ਾਮਲ ਹੋਵਾਂ।

ਮੇਰੇ ਸਾਹਮਣੇ ਵੀ ਇੱਕ ਡਰਾਮਾ ਹੋ ਰਿਹਾ ਸੀ ਤੇ ਆਲੇ ਦੁਆਲੇ ਵੀ। ਪ੍ਰਬੰਧਕਾਂ ਨੂੰ ਭਗਤ ਸਿੰਘ ਦੀ ਸੋਚ ਨਾਲੋਂ ਸਮਾਗਮ ਤੇ ਪਹੁੰਚਣ ਵਾਲੇ ਲੀਡਰ ਜ਼ਿਆਦਾ ਮਹੱਤਵਪੂਰਨ ਜਾਪ ਰਹੇ ਸਨ। ਖਾਸ ਕਰਕੇ 'ਆਰਟ ਕੌਂਸਲ' ਤੋਂ ਗਰਾਂਟ ਦਵਾਉਣ ਵਾਲੇ ਲੀਡਰ ਨੂੰ ਤਾਂ ਹੱਥੀ ਛਾਵਾਂ ਕੀਤੀਆਂ ਜਾ ਰਹੀਆਂ ਸਨ। ਪੈਸਾ ਬਣਾਉਣ ਵਾਲੇ ਲੋਕਾਂ ਨੂੰ ਕਿੰਨੀ ਮੁਹਾਰਤ ਸੀ, ਲੋਕ ਜਜ਼ਬੇ ਕੈਸ਼ ਕਰਨ ਦੀ। ਧਰਮ, ਅਰਥ, ਕਾਮ, ਮੋਕਸ਼ ਧੜਾ ਧੜ ਵੇਚੇ ਜਾ ਰਹੇ ਸਨ। ਅਗਰ ਦੇਸ਼ ਭਗਤੀ ਵੀ ਵਿਕ ਸਕਦੀ ਹੈ ਤਾਂ ਇਹ ਲੋਕ ਕਿਵੇਂ ਪਿੱਛੇ ਰਹਿ ਸਕਦੇ ਸਨ? ਇਹ ਤਾਂ ਆਪਣੀ ਜ਼ਮੀਰ ਵੇਚਣ ਲਈ ਵੀ ਸੈਕਿੰਡ ਨਹੀਂ ਲਾਉਂਦੇ। ਏਹੋ ਕੰਮ ਸੀ ਜੋ ਮੇਰੇ ਤੋਂ ਨਹੀਂ ਸੀ ਹੋ ਸਕਿਆ। ਜਿਸ ਕਰਕੇ ਮੈਂ ਹਰ ਖੇਤਰ ਵਿੱਚ ਹੀ ਨਾਕਾਮਯਾਬ ਵਿਅਕਤੀ ਸਿੱਧ ਹੋਇਆ ਸਾਂ।

ਮੈਨੂੰ ਆਪਣੇ ਆਪ ਤੇ ਖਿਝ ਚੜ੍ਹਨ ਲੱਗੀ। ਜੇ ਮੈਂ ਚਾਹੁੰਦਾ ਤਾਂ ਲੀਡਰ ਬਣ ਸਕਦਾ ਸੀ। ਕੋਈ ਅਖ਼ਬਾਰ ਕੱਢ ਮੰਤਰੀਆਂ ਨਾਲ ਲਿੰਕ ਬਣਾਕੇ, ਕਈ ਹੋਰ ਕੰਮ ਕਢਾ ਸਕਦਾ ਸੀ। ਕੋਈ ਰੇਡੀਉ ਪ੍ਰੋਗਰਾਮ ਹੀ ਚਲਾ ਸਕਦਾ ਸੀ। ਕਿਸੇ ਬੱਚੇ ਨੂੰ ਭਾਰਤ ਲਿਜਾ ਪੱਚੀ ਤੀਹ ਲੱਖ ਦਾ ਸੌਦਾ ਕਰ ਸਕਦਾ ਸੀ। ਕਬੂਤਰਬਾਜੀ ਦੇ ਹੋਰ ਬਥੇਰੇ ਤਰੀਕੇ ਸਨ...। ਵੋਟਾਂ 'ਚ ਕਿਸੇ ਲੀਡਰ ਦੀ ਦੱਬ ਕੇ ਮੱਦਦ ਕਰਨ ਨੂੰ ਜ਼ਮੀਰ ਨਹੀਂ ਸੀ ਮੰਨੀ। ਇਸੇ ਕਰਕੇ ਤਾਂ ਹੁਣ ਤੱਕ ਫੈਕਟਰੀਆਂ ਵਿੱਚ ਮਸ਼ੀਨਾਂ ਨਾਲ ਮਸ਼ੀਨ ਬਣਿਆ ਧੱਕੇ ਖਾਂਦਾ ਸਾਂ। ਮੈਨੂੰ ਤਾਂ ਕੋਈ ਇਨਸ਼ੋਰੈਂਸ ਡਕਾਰਨ ਦਾ ਵੀ ਵਲ ਨਹੀਂ ਸੀ ਆਇਆ। ਕੋਈ ਸੰਸਥਾ ਬਣਾ ਸਮਾਗਮ ਕਰਵਾ, ਮੈਂ ਕਿਵੇਂ ਸਿੱਧ ਕਰਦਾ ਕਿ ਮੈਂ ਵੀ ਭਗਤ ਸਿੰਘ ਦਾ ਵਾਰਿਸ ਹਾਂ! ਪਰ ਏਥੇ ਤਾਂ ਗਧੇ ਨੂੰ ਘੋੜਾ ਅਤੇ ਘੋੜੇ ਨੂੰ ਗਧਾ ਸਾਬਤ ਕਰਨ ਲਈ ਪੂਰੀ ਟਿੱਲ ਲਾਈ ਜਾ ਰਹੀ ਸੀ। ਸੋਚਾਂ ਦੇ ਲਿਜਲਿਜੇ ਗੰਡੋਏ ਮੇਰੇ ਜ਼ਿਹਨ 'ਚ ਰੀਂਗ ਰਹੇ ਸਨ।

ਖਿਆਲ ਆਇਆ ਕਿ ਸ਼ਾਇਦ ਅਜਿਹੇ ਹੀ ਕਾਰਨ ਹੋਣਗੇ ਕਿ ਨੌਜਵਾਨ ਪੀੜ੍ਹੀ ਭਗਤ ਸਿੰਘ ਨਾਲ ਨਹੀਂ ਸੀ ਜੁੜ ਸਕੀ। ਵਕਤੀ ਲੀਡਰ ਇੱਕ ਦਿਨ ਧੂੰਆਂ ਧਾਰ ਭਾਸ਼ਨ ਦੇ ਕੇ ਫੇਰ ਸਾਲ ਭਰ ਲਈ ਡੂੰਘੀਆਂ ਖੁੱਡਾਂ ਵਿੱਚ ਜਾ ਵੜਦੇ। ਸੋਚ ਤੇ ਪਹਿਰਾ ਦੇਣ ਦੀ ਗੱਲ ਤਾਂ ਬਹੁਤ ਦੂਰ ਦੀ ਗੱਲ ਸੀ। ਫੇਰ ਸਾਲ ਭਰ ਭਗਤ ਸਿੰਘ ਕਿਸੇ ਨੂੰ ਵੀ ਯਾਦ ਨਾ ਆਉਂਦਾ। ਹੁਣ ਗੋਰਿਆਂ ਦੀ ਥਾਂ ਭੂਰੇ ਉਸੇ ਭਾਰਤ ਨੂੰ ਲੁੱਟ ਰਹੇ ਸਨ। ਉਹੋ ਪਾਲਿਸੀਆਂ ਤੇ ਉਹੋ ਜ਼ੁਲਮ। ਭਗਤ ਸਿੰਘ ਦੀ ਕੁਰਬਾਨੀ ਤਾਂ ਲੀਡਰਾਂ ਲਈ ਛਣਕਣਾ ਬਣਕੇ ਰਹਿ ਗਈ ਸੀ, ਜੋ ਹਰ ਸਾਲ ਛਣਕਾ ਛੱਡਦੇ।

ਜਦੋਂ ਮੈਂ ਭਾਰਤ ਜਾਂਦਾ ਗਰੀਬੀ ਤੇ ਭ੍ਰਿਸ਼ਟਾਚਾਰੀ ਹੋਰ ਵੀ ਵਧੇ ਹੁੰਦੇ। ਰੂਹ ਦੀ ਗਰੀਬੀ ਤਾਂ ਕਿਸੇ ਨੂੰ ਨਜ਼ਰ ਹੀ ਨਹੀਂ ਸੀ ਆਉਂਦੀ। ਮੁਨਾਫਾਖੋਰਾਂ ਦੀਆਂ ਗੋਗੜਾਂ ਤੇ ਕੋਠੀਆਂ ਹੋਰ ਪਸਰ ਰਹੀਆਂ ਸਨ। ਬਾਹਰਲੇ ਮੁਲਕਾਂ ਵਾਲੇ ਝੁੱਗੀਆਂ ਝੌਂਪੜੀਆਂ ਵਿੱਚ ਵਸਣ ਵਾਲਿਆਂ ਨੂੰ 'ਸਲੱਮ ਡੌਗ' ਆਖ ਕੇ ਮਜ਼ਾਕ ਉਡਾ ਰਹੇ ਸਨ। ਪਰ ਲੀਡਰਾਂ ਨੂੰ ਤਾਂ ਅਜਿਹਾ ਕੁੱਝ ਵੀ ਨਜ਼ਰ ਨਹੀਂ ਸੀ ਆਉਂਦਾ।

ਮੰਦਹਾਲੀ, ਭੁੱਖਮਰੀ, ਅਨਪੜ੍ਹਤਾ ਅਤੇ ਗੰਦਗੀ ਦਿਖਾ ਬਾਹਰਲੇ ਚੈਨਲ ਇਹ ਸਿੱਧ ਕਰਦੇ ਕਿ ਹੁਣ ਆਜ਼ਾਦ ਭਾਰਤ ਨੇ ਕਿਹੜੀ ਮੱਲ ਮਾਰ ਲਈ ਆ! ਦੇਸ਼ ਦੇ ਲੀਡਰ ਤਾਂ ਕੁੱਤਿਆਂ ਵਾਂਗ ਆਜ਼ਾਦੀ ਦੀ ਹੱਡੀ ਚੂੰਡਣ ਵਿੱਚ ਲੱਗੇ ਹੋਏ ਸਨ। ਨੌਜਵਾਨ, ਡਿਗਰੀਆਂ ਬੋਝੇ 'ਚ ਪਾ ਬੇਰੁਜ਼ਗਾਰੀ ਦੀ ਹਵਾ ਖਾਅ ਰਹੇ ਸਨ। ਉਨਾਂ ਦੇ ਮਨਾ ਵਿੱਚ ਭਰੇ ਸੁਪਨੇ ਸਾਕਾਰ ਕਿਸ ਨੇ ਕਰਨੇ ਸਨ? ਸ਼ਾਇਦ ਇਹ ਨਿਰਾਸ਼ਤਾ ਹੀ ਉਨਾਂ ਨੂੰ ਦੇਸ਼ 'ਚੋਂ ਬਾਹਰ ਧੱਕ ਰਹੀ ਹੋਵੇ। ਸ਼ਾਇਦ ਰੁਬਨ ਵੀ ਉਨ੍ਹਾਂ 'ਚੋਂ ਹੀ ਇੱਕ ਹੋਵੇ? ਮੈਂ ਬੇਚੈਨ ਹੋਣ ਲੱਗਿਆ।

ਸੋਚ ਦੀ ਇੱਕ ਹੋਰ ਭੂਰੀ ਕੀੜੀ ਲੜਨ ਲੱਗੀ, 'ਮੈਨੂੰ ਪਤਾ ਹੈ ਜੇ ਰੂਬਨ ਦਾ ਸੁਪਨਾ ਸਾਕਾਰ ਨਾ ਹੋਇਆ ਤਾਂ ਉਹ ਵੀ ਨਸ਼ਿਆਂ ਵਿੱਚ ਗਰਕ ਹੋ ਜਾਵੇਗਾ। ਇਸੇ ਤਰੀਕੇ ਮਾਰਨ ਲਈ ਤਾਂ ਸਰਕਾਰ ਨੇ ਪਿੰਡ ਪਿੰਡ ਠੇਕੇ ਤੇ ਨਸ਼ੀਲੀਆਂ ਦਵਾਈਆਂ ਵੇਚਣ ਦੀਆਂ ਦੁਕਾਨਾਂ ਖੋਹਲ ਦਿੱਤੀਆਂ ਨੇ, ਤਾਂ ਕਿ ਤਾਕਤਵਰ ਜਵਾਨੀ ਕੋਈ ਨਵਾਂ ਸੰਘਰਸ ਨਾਂ ਵਿੱਢ ਲਵੇ। ਉੱਤੋਂ ਸਰਕਾਰੀ ਛਤਰ ਛਾਇਆ ਹੇਠ ਅਫੀਮ, ਭੁੱਕੀ ਤੇ ਸਮੈਕ ਵੇਚਣ ਵਾਲੇ ਹਰਲ ਹਰਲ ਕਰਦੇ ਫਿਰ ਰਹੇ ਸਨ। ਕਿਸਾਨ ਐਨੇ ਕਰਜ਼ਦਾਰ ਹੋ ਗਏ ਸਨ ਕਿ ਖੁਦਕਸ਼ੀਆਂ ਕਰ ਰਹੇ ਸਨ। ਖੁੰਭਾਂ ਵਾਂਗੂੰ ਉਗੇ ਡੇਰਿਆਂ ਵਾਲੇ ਬਾਬੇ ਇਸ ਮੰਦਹਾਲੀ ਨੂੰ ਰੱਬ ਦੀ ਕਰਨੀ ਜਾਂ ਪਿਛਲੇ ਕਰਮਾਂ ਦਾ ਫਲ ਦੱਸ ਲੋਕਾਂ ਨੂੰ ਹੋਰ ਵੀ ਗੁਮਰਾਹ ਕਰ ਰਹੇ ਸਨ। ਭਗਤ ਸਿੰਘ ਦਾ ਸੰਘਰਸ਼ ਮਈ ਫਲਸਫ਼ਾ ਤਾਂ ਪਤਾ ਨਹੀਂ ਕਿੱਥੇ ਅਲੋਪ ਹੋ ਗਿਆ ਸੀ। ਮੈਂ ਗੁੱਸੇ ਵਿੱਚ ਬੁੱਲ ਚਿੱਥੇ।

ਲਹਿਰਾਂ ਲੋਕਾਂ ਵਲੋਂ ਨਹੀਂ ਹੁਣ ਲੀਡਰਾਂ ਵਲੋਂ ਉਠਾਈਆਂ ਜਾ ਰਹੀਆਂ ਸਨ। ਲੀਡਰ ਉਹੀ ਸਨ ਜੋ ਕਦੇ ਸਮਗਲਰ ਜਾਂ ਕਾਤਲ ਹੋਇਆ ਕਰਦੇ ਸਨ। ਅਸਲ ਵਿੱਚ ਰਾਜਨੀਤੀ ਸਿਰਫ ਗੁੰਡਿਆਂ ਦਾ ਹੀ ਖੇਲ ਸੀ। ਲੀਡਰਾਂ ਦੇ ਕਾਕੇ ਬਲਾਤਕਾਰੀ ਹੁੰਦੇ ਹੋਏ ਵੀ ਪਾਰਟੀਆਂ ਦੇ ਲੀਡਰ ਬਣ ਜਾਂਦੇ ਤੇ ਆਪਣੇ ਆਪ ਨੂੰ ਸੇਵਾਦਾਰ ਅਖਵਾਉਂਦੇ। ਉਨ੍ਹਾਂ ਲੀਡਰਾਂ ਨੂੰ ਭਗਤ ਸਿੰਘ ਵੀ ਇੱਕ ਅੱਤਵਾਦੀ ਹੀ ਲੱਗਦਾ। ਏਹੋ ਜਿਹੇ ਲੀਡਰ ਜਦੋਂ ਅਮਰੀਕਾ ਕਨੇਡਾ ਆਉਂਦੇ ਤਾਂ ਜਨਤਾ ਉਨ੍ਹਾਂ ਨੂੰ ਸਿਰ ਤੇ ਬਿਠਾ ਲੈਂਦੀ ਤੇ ਡਾਲਰਾਂ ਨਾਲ ਮਾਲਾ ਮਾਲ ਕਰਕੇ ਤੋਰਦੀ।

ਜਨਤਾ ਨੂੰ ਚੁਸਤ ਲੋਕ ਭੇਡਾਂ ਵਾਂਗੂੰ ਮਗਰ ਲਾ ਲੈਂਦੇ। ਫੰਡ ਇਕੱਠਾ ਕਰਨ ਲਈ ਹੀ ਉਨ੍ਹਾਂ ਲੋਕਾਂ ਨੂੰ ਭਾਵੁਕ ਕਰਕੇ ਭੀੜਾਂ ਇਕੱਠੀਆਂ ਕੀਤੀਆਂ ਜਾਂਦੀਆਂ। 'ਭੀੜ ਦਾ ਤਾਂ ਕੋਈ ਕਿਰਦਾਰ ਹੀ ਨਹੀਂ ਹੁੰਦਾ' ਮੈਨੂੰ ਕਿਸੇ ਕਿਤਾਬ ਵਿੱਚ ਪੜ੍ਹੀ ਸਤਰ ਯਾਦ ਆਈ। ਅੱਜ ਏਥੇ ਵੀ ਤਾਂ ਇੱਕ ਅਜਿਹੀ ਹੀ ਭੀੜ ਜੁੜੀ ਹੋਈ ਸੀ। ਮੈਂ ਇਸ ਜੁੜੀ ਭੀੜ ਤੇ ਨਜ਼ਰ ਘੁਮਾਈ।

ਲੀਡਰਾਂ ਨੂੰ ਅਖ਼ਬਾਰਾਂ ਵਿੱਚ ਲੁਆਉਣ ਲਈ ਫੋਟੋਆਂ ਚਾਹੀਦੀਆਂ ਸਨ, ਭਾਵੇਂ ਉਹ ਕਿਸੇ ਏਅਰ ਪੋਰਟ ਤੇ ਉਤਰਦੇ ਪੁਲੀਸ ਅਫਸਰ ਨਾਲ ਹੋਣ , ਰਾਜਨੀਤਕ ਨੇਤਾ ਨਾਲ ਜਾਂ ਭਗਤ ਸਿੰਘ ਦੇ ਸਮਾਗਮ ਤੇ ਕੀ ਫਰਕ ਪੈਂਦਾ ਹੈ? ਬੱਸ ਖ਼ਬਰਾਂ ਵਿੱਚ ਉਨ੍ਹਾਂ ਦਾ ਨਾਂ ਆਉਣਾ ਚਾਹੀਦਾ ਸੀ। ਹੁਣ ਵੀ ਪ੍ਰਬੰਧਕਾਂ ਨੂੰ ਫੋਟੋਆਂ ਖਿਚਵਾਉਣ ਦਾ ਫਿਕਰ ਸੀ। ਕਈ ਫ਼ੋਟੋਗ੍ਰਾਫਰ ਪੁੱਠੇ ਸਿੱਧੇ ਹੋ ਕੇ ਇਹ ਡਿਊਟੀ ਨਿਭਾ ਰਹੇ ਸਨ। ਸ਼ਹਿਰ ਦਾ ਮੀਡੀਆ ਏਸੇ ਕਰਕੇ ਮੂਹਰਲੀਆਂ ਕਤਾਰਾਂ ਵਿੱਚ ਬਿਠਾਇਆ ਗਿਆ ਸੀ। ਜਿਨ੍ਹਾਂ ਦਾ ਵਾਰ ਵਾਰ ਨਾਂ ਲੈ ਕੇ ਧੰਨਵਾਦ ਕੀਤਾ ਜਾ ਰਿਹਾ ਸੀ। ਪਰ ਇਨ੍ਹਾਂ ਦੇ ਅਖ਼ਬਾਰਾਂ ਦਾ 'ਮੈਟਰ' ਤਾਂ ਭਗਤ ਸਿੰਘ ਦੀ ਸੋਚ ਨਾਲ ਕਦੇ ਵੀ ਮੇਲ ਨਹੀਂ ਸੀ ਖਾਂਦਾ। ਪਰ ਏਥੇ ਜ਼ੋਰ (ਲੀਡਰ) ਅਤੇ ਸ਼ੋਰ (ਮੀਡੀਆ) ਵਾਲਿਆ ਨੂੰ ਸਲਾਮ ਸੀ।

ਮੇਰਾ ਮਨ ਇਸ ਸਮਾਗਮ ਵਿੱਚ ਬਿਲਕੁੱਲ ਨਹੀਂ ਸੀ ਲੱਗ ਰਿਹਾ। ਹੁਣ ਮੈਨੂੰ ਸਮਝ ਆ ਰਹੀ ਸੀ ਕਿ ਭਗਤ ਸਿੰਘ ਨੂੰ ਨੌਜਵਾਨ ਪੀੜ੍ਹੀ ਨੇ ਕਿਉਂ ਵਿਸਾਰ ਦਿੱਤਾ ਹੈ। ਏਹੋ ਜਿਹੇ ਝੂਠੇ ਡਰਾਮੇ ਦੇਖਕੇ ਬੱਚੇ ਕੀ ਸੋਚਦੇ ਹੋਣਗੇ? ਮੇਰੀ ਪਤਨੀ ਅਤੇ ਬੱਚੇ ਏਹੋ ਜਿਹੇ ਪ੍ਰੋਗਰਾਮਾਂ ਤੋਂ ਹਮੇਸ਼ਾਂ ਦੂਰ ਹੀ ਭੱਜਦੇ। ਪਰ ਮੇਰੀ ਸਹਿਕਦੀ ਜ਼ਮੀਰ ਹੀ ਮੈਨੂੰ ਫੇਰ ਖਿੱਚ ਕੇ ਲੈ ਜਾਂਦੀ।

ਸਾਹਮਣੇ ਹੋ ਰਹੇ ਡਰਾਮੇ ਦਾ ਸੀਨ ਬਦਲਿਆ। ਭਗਤ ਸਿੰਘ ਸਾਂਡਰਸ ਨੂੰ ਗੋਲੀ ਮਾਰ ਨੱਚ ਰਿਹਾ ਸੀ ਤੇ ਬਦਲਾ ਲੈਣ ਦਾ ਗੀਤ ਚੱਲ ਰਿਹਾ ਸੀ। ਉਸਦੀ ਦਿੱਖ ਫਿਲਮ ਵਿਚ ਬਣੇ ਭਗਤ ਸਿੰਘ ਬੌਬੀ ਦਿਓਲ ਵਰਗੀ ਬਣਾਈ ਗਈ ਸੀ। ਪਿੱਛੇ ਬੈਠੇ ਨਿਆਣੇ ਮਾਪਿਆਂ ਨੂੰ ਪੁੱਛ ਰਹੇ ਸਨ ਕਿ 'ਇਹ ਅਜੇ ਦੇਵਗਣ ਵਾਲਾ ਭਗਤ ਸਿੰਘ ਹੈ ਜਾਂ ਬੌਬੀ ਦਿਓਲ ਵਾਲਾ...?'

ਏਹੋ ਜਿਹੀ ਪੱਗ ਅਤੇ ਕੰਨ ਤੇ ਟੰਗੇ ਮੋਟੇ ਲੜ੍ਹ ਵਾਲੀਆਂ ਫ਼ੋਟੋਆਂ ਕਈ ਲੋਕ ਗੱਡੀਆਂ ਪਿੱਛੇ ਵੀ ਲੁਆਈ ਫਿਰਦੇ। ਪਿਛਲੀ ਵਾਰ ਜਦੋਂ ਮੈਂ ਇੰਡੀਆ ਗਿਆ ਸੀ ਤਾਂ ਉੱਥੇ ਵੀ ਹਰ ਤੀਜੀ ਚੌਥੀ ਕਾਰ ਤੇ ਅਜਿਹੀ ਫੋਟੋ ਦੇਖ ਕੇ ਮਨ ਖੁਸ਼ ਹੋਇਆ ਸੀ ਕਿ ਲੋਕ ਭਗਤ ਸਿੰਘ ਨੂੰ ਕਿੰਨਾ ਪਿਆਰ ਕਰਦੇ ਹਨ। ਪਰ ਬਾਅਦ 'ਚ ਪਤਾ ਲੱਗਿਆ ਸੀ ਕਿ ਇਹ ਤਾਂ ਫਿਲਮ ਆਈ ਹੋਣ ਕਰਕੇ ਫੈਸ਼ਨ ਹੈ। ਜਦੋਂ ਮੈਂ ਕੁੱਝ ਨੌਜਵਾਨਾਂ, ਖਾਸ ਕਰਕੇ ਆਪਣੇ ਭਤੀਜੇ ਨਾਲ ਭਗਤ ਸਿੰਘ ਬਾਰੇ ਗੱਲ ਕੀਤੀ ਤਾਂ ਮੇਰਾ ਭਰਮ ਟੁੱਟ ਗਿਆ। ਮੁੰਡੇ ਆਪਣੇ ਆਪ ਨੂੰ ਭਗਤ ਸਿੰਘ ਵਰਗਾ ਬਹਾਦਰ ਤਾਂ ਦਿਖਾਉਣਾ ਚਾਹੁੰਦੇ ਸਨ ਪਰ ਉਸ ਵਰਗਾ ਬਣਨਾ ਨਹੀਂ ਸੀ ਚਾਹੁੰਦੇ। ਆਮ ਲੋਕ ਵੀ ਸੋਚਦੇ ਸਨ ਕਿ 'ਭਗਤ ਸਿੰਘ ਚੰਗਾ ਤਾਂ ਲੱਗਦਾ ਹੈ ਪਰ ਕਿਸੇ ਹੋਰ ਦੇ ਘਰ ਜੰਮੇ'।

ਪੰਜਾਬ ਦੇ ਨੌਜਵਾਨਾਂ ਨੂੰ ਵਿਰਸਾ ਤਾਂ ਕੀ ਰਿਸ਼ਤੇ ਨਾਤੇ ਵੀ ਭੁੱਲਦੇ ਜਾ ਰਹੇ ਸਨ। ਜਦੋਂ ਵੀ ਮੈਂ ਭਾਰਤ ਜਾਂਦਾ ਤਾਂ ਮੇਰੇ ਆਪਣੇ ਹੀ ਭੈਣ ਭਰਾਵਾਂ ਦੇ ਬੱਚੇ ਮੈਨੂੰ ਪਛਾਨਣੋ ਇਨਕਾਰੀ ਹੁੰਦੇ ਤੇ ਹਰ ਵਾਰ ਉਨ੍ਹਾਂ ਦੇ ਮਾਪੇ ਦੱਸਦੇ ਕਿ ਇਹ ਥੋਡਾ ਕੈਨੇਡਾ ਵਾਲਾ ਅੰਕਲ ਹੈ। ਰੂਬਨ ਨਾਲ ਵੀ ਪਹਿਲਾਂ ਪਹਿਲਾਂ ਏਦਾਂ ਹੀ ਹੁੰਦਾ ਸੀ। ਪਰ ਜਦ ਤੋਂ ਉਸ ਨੂੰ ਕੈਨੇਡਾ ਦੀ ਲਿਲਕ ਲੱਗੀ ਹੈ, ਹੁਣ ਤਾਂ ਉਹ ਮੇਰੇ ਬਾਰੇ ਸਾਰਾ ਕੁੱਝ ਜਾਣਦਾ ਹੈ।

ਪਹਿਲਾਂ ਪਹਿਲ ਮੇਰੇ ਤੋਂ ਚੋਰੀ ਉਹ ਦੋ ਚਾਰ ਪੈਗ ਲਾ ਕੇ ਘਰ ਆਉਂਦਾ ਸੀ ਤੇ ਫੇਰ ਮੇਰੇ ਨਾਲ ਵੀ ਕਦੀਂ ਕਦਾਈ ਲਾ ਲੈਂਦਾ। ਮੇਰੇ ਭਰਾ ਨੇ ਉਸ ਨੂੰ ਨਵੀਂ ਕਾਰ ਵੀ ਕਢਾ ਦਿੱਤੀ ਸੀ। ਪਰ ਉਹ ਮੈਨੂੰ ਕਹਿੰਦਾ ਸੀ ਕਿ ਮੈਂ ਤੇਰੇ ਕਰਕੇ ਕਢਵਾਈ ਹੈ ਕਿ ਜਦੋਂ ਤੁਸੀਂ ਕੈਨੇਡਾ ਤੋਂ ਘੁੰਮਣ ਆਉਂਦੇ ਹੋ ਤਾਂ ਕੋਈ ਮੁਸ਼ਕਲ ਨਾ ਆਵੇ। ਪਰ ਮੈਂ ਜਾਣਦਾ ਸੀ ਕਿ ਅਜਿਹਾ ਉਹ ਕਾਰ ਦੀ ਕੀਮਤ ਅਤੇ ਤੇਲ ਪਾਣੀ ਦਾ ਖਰਚਾ ਬਟੋਰਨ ਲਈ ਕਹਿ ਰਿਹਾ ਹੈ। ਇਸ ਕਾਰ ਦੇ ਪਿੱਛੇ ਵੀ ਉਸ ਨੇ ਭਗਤ ਸਿੰਘ ਵਾਲਾ ਪੋਸਟਰ ਲਗਾਇਆ ਹੋਇਆ ਸੀ। ਜਿੱਥੇ ਉਹ ਮੁੱਛ ਨੂੰ ਤਾਅ ਦੇ ਰਿਹਾ ਸੀ ਤੇ ਥੱਲੇ ਕਰਕੇ ਲਿਖਿਆਂ ਹੋਇਆ ਸੀ 'ਸੂਰਮੇ ਜੱਟ ਪੰਜਾਬੀ'। ਜਦੋਂ ਮੈਂ ਅਣਜਾਣ ਬਣਦੇ ਨੇ ਪੁੱਛਿਆ ਸੀ "ਰੂਬਨ ਇਹ ਕਿਸਦਾ ਪੋਸਟਰ ਹੈ?" ਤਾਂ ਉਹ ਮੇਰੇ ਅਗਿਆਨ ਤੇ ਹੱਸਦਾ ਬੋਲਿਆ ਸੀ "ਚਾਚਾ ਜੀ ਬੌਬੀ ਦਿਓਲ ਦਾ...। ਥੋਨੂੰ ਨਹੀਂ ਪਤਾ"

ਮੈਂ ਫੇਰ ਮਨ ਹੀ ਮਨ ਭਾਰਤ ਵਿੱਚ ਚਲਾ ਗਿਆ। ਮੇਰਾ ਧਿਆਨ ਹੁਣ ਫੇਰ ਸਮਾਗਮ ਵਿੱਚ ਨਹੀਂ ਸੀ। ਮਨ ਵਿੱਚ ਭਾਰਤ ਦੀ ਇੱਕ ਹੋਰ ਤਸਵੀਰ ਉੱਭਰਨ ਲੱਗੀ। ਸ਼ਰਾਬ ਪੀ ਕੇ ਮੁਸਾਫਰਾਂ ਨਾਲ ਤੂੜੀਆਂ ਗੱਡੀਆਂ ਚਲਾਉਂਦੇ ਲੋਕ। ਰੇਲਾਂ, ਬੱਸਾਂ, ਟੈਂਪੂਆਂ ਟਰਾਲੀਆਂ ਤੇ ਚਮਗਿੱਦੜਾਂ ਵਾਂਗੂੰ ਲਟਕੇ ਹੋਏ ਲੋਕ। ਜਦੋਂ ਮੈਂ ਭਰਾ ਨਾਲ ਗੱਲ ਕੀਤੀ ਕਿ 'ਡਰਿੰਕ ਐਂਡ ਡਰਾਈਵ' ਤਾਂ ਕਰਾਈਮ ਹੈ...ਏਥੇ ਸੇਫਟੀ ਦਾ ਕੋਈ ਵੀ ਧਿਆਨ ਨਹੀਂ ਰੱਖਦਾ?' ਤਾਂ ਉਹ ਪੈਗ ਪਾਉਂਦਾ ਹੱਸਿਆ 'ਇਹ ਤੇਰਾ ਕਨੇਡਾ ਨਹੀਂ ਭਾਰਤ ਹੈ। ਹੁਣ ਤੂੰ ਪੰਜਾਬ 'ਚ ਬੈਠਾ ਏਂ। ਏਥੇ ਨੀ ਲੋਕ ਐਹੋ ਜਈਆਂ ਗੱਲਾਂ ਦੀ ਪਰਵਾਹ ਕਰਦੇ। ਟ੍ਰੈਫਿਕ ਤੇ ਰਾਜਨੀਤੀ ਤਾਂ ਏਥੇ ਰੱਬ ਆਸਰੇ ਈ ਚੱਲਦੀ ਆ।' ਉਹ ਉੱਚੀ ਉੱਚੀ ਹੱਸਿਆ। 'ਤਾਂ ਹੀ ਤਾਂ ਤੈਨੂੰ ਕਹਿਨਾ ਰੂਬਨ ਨੂੰ ਬਾਹਰ ਲੈ ਜਾ। ਪਰ ਤੂੰ ਕਰਦਾ ਈ ਕੁੱਝ ਨੀ। ਹੋਰ ਨੀ ਤਾਂ ਉੱਥੇ ਜਾ ਕੇ ਟਰੱਕ ਈ ਚਲਾਉਣ ਲੱਗ ਜੂ। ਜਿਵੇਂ ਆਪਾਂ ਦੋ ਸੌ ਰੁਪਏ ਦੇਕੇ ਉਹਨੂੰ ਕਾਰ ਦਾ ਲਸੰਸ ਲੈ ਤਾ ਓਕਣੇ ਪੰਜ ਸੌ ਦੇ ਕੇ ਟਰੱਕ ਦਾ ਹੈਵੀ ਡਿਊਟੀ ਵੀ ਲੈ ਦਾਂਗੇ, ਨਾਲੇ ਅਗਲਾ ਆਪੇ ਆਕੇ ਘਰ ਫੜਾ ਕੇ ਜਾਊ।' ਮੈਂ ਸੋਚ ਰਿਹਾ ਸੀ ਇਹ ਮੁਲਕ ਚੱਲਦਾ ਕਿਵੇਂ ਹੈ?

ਭਗਤ ਸਿੰਘ ਦਾ ਮੁਲਕ ਜਿਸ ਲਈ ਉਹ ਫਾਂਸੀ ਚੜ੍ਹ ਗਿਆ ਕਿ ਲੋਕਾਂ ਨੂੰ ਚੰਗਾ ਜੀਵਨ ਮਿਲੇ, ਹੁਣ ਉਸ ਨੂੰ ਭੁੱਲ ਗਿਆ ਸੀ। ਪਰ ਏਥੇ ਇਹ ਡਰਾਮੇ ਕੈਨੇਡਾ ਕਿਉਂ ਦਿਖਾਏ ਜਾ ਰਹੇ ਨੇ? ਜਿੱਥੇ ਸਾਰਾ ਕੁੱਝ ਸਿਸਟਮ ਵਿੱਚ ਬੱਝਾ ਹੋਇਆ ਹੈ? ਮੈਂ ਪਰੇਸ਼ਾਨ ਸੀ।

ਬੈਠੇ ਬੈਠੇ ਨੂੰ ਇੰਡੀਆ ਦੀ ਇੱਕ ਹੋਰ ਯਾਦ ਆ ਗਈ। ਘਰ ਦਾ ਵੱਡਾ ਗੇਟ ਲੰਘਣ ਸਾਰ ਕਿਵੇਂ ਰੂਬਨ ਗੱਡੀ ਤੋਂ ਧੂੜਾਂ ਪੁਟਵਾ ਦਿੰਦਾ ਸੀ। ਫੇਰ ਕਦੇ ਹੱਥ ਹਾਰਨ ਤੇ ਅਤੇ ਕਦੀ ਡਿੱਪਰ ਤੇ। ਉਹ ਕਿਸੇ ਨੂੰ ਵੀ ਆਪਣੇ ਤੋਂ ਅੱਗੇ ਨਾ ਨਿੱਕਲਣ ਦਿੰਦਾ। ਭਰਾ ਆਪਣੇ ਜਵਾਨ ਪੁੱਤ ਦਾ ਨਖਰਾ ਦੇਖ ਦੇਖ ਨਿਹਾਲ ਹੁੰਦਾ। ਪਿਛਲੇ ਸ਼ੀਸ਼ੇ ਤੇ ਬਣੀ ਭਗਤ ਸਿੰਘ ਦੀ ਫੋਟੋ ਨਾਲ ਉਸਦਾ ਚੇਹਰਾ ਮੇਚਦਾ ਤੇ ਫੇਰ ਆਖਦਾ "ਮੋਖਣਾਂ ਹਰ ਲੱਲੀ ਛੱਲੀ ਕਨੇਡਾ ਨੂੰ ਤੁਰੀ ਜਾਂਦੀ ਆ ਆਪਣਾ ਪੁੱਤ ਤਾਂ ਸੈਂਕੜੇ ਨਹੀਂ ਹਜ਼ਾਰਾਂ 'ਚੋਂ ਇੱਕ ਆ...ਏਹਦੇ ਭਾਗ ਕਿਉਂ ਨਹੀਂ ਜਾਗਦੇ? ਸਾਨੂੰ ਤਾਂ ਭਲਾਂ ਬਾਪੂ ਨੇ ਦਸਵੀਂ 'ਚੋਂ

ਬਾਕੀ ਸਫ਼ਾ 42 'ਤੇ

'ਭਗਤ ਸਿੰਘ ਭਾਰਤ ਭਤੀਜ ਤੇ ਮੈਂ' ਕਹਾਣੀ ਕਿਉਂ ਲਿਖੀ: ਮੇਜਰ ਮਾਂਗਟ

ਦੋਸਤੋ ਹਰ ਲੇਖਕ ਹੀ ਘਟਨਾਵਾਂ ਦਾ ਅਸਰ ਕਬੂਲਦਾ ਹੈ।ਤੇ ਕਈ ਵਾਰ ਉਸਦਾ ਹਿਰਦਾ ਏਨਾਂ ਵਲੂੰਦਰਿਆ ਜਾਂਦਾ ਹੈ ਕਿ ਇਹ ਪੀੜ ਉਸਦੇ ਅੰਦਰ ਟਿਕਦੀ ਨਹੀਂ। ਮੇਰੇ ਅੰਦਰ ਵੀ ਇਹ ਘਟਨਾਵਾਂ ਪਿਛਲੇ ਪੱਚੀ ਤੀਹ ਵਰਿਆਂ ਤੋਂ ਖੌਰੂ ਪਾ ਰਹੀਆਂ ਸਨ। ਜਿਨਾਂ ਦਾ ਕਥਾਰਸਿਸ ਇਸ ਕਹਾਣੀ ਦੇ ਰੂਪ ਵਿੱਚ ਹੋਇਆ ਹੈ। ਭਗਤ ਸਿੰਘ ਦੇ ਵਿਚਾਰਾਂ ਤੋਂ ਅਤੇ ਸੰਘਰਸ਼ ਮਈ ਜੀਵਨ ਤੋਂ ਮੈਂ ਬਹੁਤ ਪ੍ਰਭਾਵਿਤ ਰਿਹਾ ਹਾਂ। ਉਸਦੇ ਸੁਪਨਿਆ ਦਾ ਸੰਸਾਰ ਸਿਰਜਣ ਤੇ ਦੇਖਣ ਦਾ ਸੁਪਨਾ ਮੇਰਾ ਵੀ ਰਿਹਾ ਹੈ।ਜੋ ਭਗਤ ਸਿੰਘ ਦੇ ਵਿਚਾਰਾਂ ਦਾ ਸਤਿਕਾਰ ਕਰਨ ਵਾਲੇ ਅਨੇਕਾਂ ਲੋਕਾਂ ਵਾਂਗੂੰ ਤਿੜਕਦਾ ਭੁਰਦਾ ਅਤੇ ਟੋਟੇ ਟੋਟੇ ਹੋ ਕੇ ਬਿਖਰਦਾ ਵੀ ਰਿਹਾ ਹੈ। ਰਾਜਨੀਤਕ ਲੀਡਰਾਂ ਤੋਂ ਤਾਂ ਮੈਨੂੰ ਕੋਈ ਆਸ ਨਹੀਂ ਸੀ, ਜੋ ਹਰ ਵਰੇ ਜਾਨਵਰਾਂ ਦੀਆਂ ਬਿੱਠਾਂ ਅਤੇ ਮਿੱਟੀ ਸਾਫ ਕਰਵਾਕੇ 23 ਮਾਰਚ ਨੂੰ ਉਸ ਦਾ ਬੁੱਤ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੰਦੇ ਤੇ ਆਪਣਾ ਫਰਜ਼ ਪੂਰਾ ਹੋ ਗਿਆ ਸਮਝਦੇ। ਪਰ ਜਦੋਂ ਏਹੋ ਕੁੱਝ ਭਗਤ ਸਿੰਘ ਦੇ ਨਾਮ ਤੇ ਕੁੱਝ ਮੌਕਾਪ੍ਰਸਤ ਅਗਾਂਹਵਧੂ ਅਖਵਾਉਣ ਵਾਲੀਆਂ ਜਥੇਬੰਦੀਆਂ ਵੀ ਕਰਨ ਲੱਗ ਪਈਆਂ ਤਾਂ ਉਨ੍ਹਾਂ ਦੇ ਦੋਗਲੇ ਕਿਰਦਾਰਾਂ ਨੂੰ ਨੰਗਿਆਂ ਕਰਨਾ ਲੇਖਕ ਦੇ ਤੌਰ ਤੇ ਮੇਰੇ ਲਈ ਜ਼ਰੂਰੀ ਹੋ ਗਿਆ ਸੀ।

ਹੁਣ 23 ਮਾਰਚ ਫੇਰ ਆ ਰਿਹਾ ਹੈ। ਤੁਸੀਂ ਇਹ ਕਹਾਣੀ ਉਦੋਂ ਤੱਕ ਜ਼ਰੂਰ ਪੜ੍ਹ ਲਵੋ। ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾਉਣ ਲਈ ਸਾਲ ਭਰ ਸੁੱਤੀਆਂ ਰਹਿਣ ਵਾਲੀਆਂ ਸੰਸਥਾਵਾਂ ਨੂੰ ਫੇਰ ਜਾਗ ਆਵੇਗੀ। ਭਗਤ ਸਿੰਘ ਦੇ ਮੜੀ ਪੂਜਕ ਆਪਣੇ ਸੌੜੇ ਹਿਤਾਂ ਖਾਤਰ ਫੇਰ ਇਹ ਡਰਾਮਾ ਖੇਡਣਗੇ। ਮਨਿਸਟਰ ਬੁਲਾਏ ਜਾਣਗੇ, ਆਰਟ ਕੌਂਸਲ ਵਾਲਿਆਂ ਤੋਂ ਪੈਸੇ ਬਟੋਰੇ ਜਾਣਗੇ, ਕਲਾਕਾਰਾਂ ਬਹਾਨੇ ਕਬੂਤਰ ਮੰਗਵਾਏ ਜਾਣਗੇ। ਸੱਭਿਆਚਾਰ ਦੇ ਨਾਂ ਤੇ ਹਿੰਸਾ ਤੇ ਅਸ਼ਲੀਲਤਾ ਦਾ ਮਿਲਗੋਭਾ ਭੰਗੜੇ ਤੇ ਗਿੱਧੇ ਦੇ ਰੂਪ ਵਿੱਚ ਪਰੋਸਿਆ ਜਾਵੇਗਾ।ਤੇ ਮੈਂ ਨਾਸਤਿਕ ਕਿਉਂ ਹਾਂ ਬਾਰੇ ਫੇਰ ਚੁੱਪ ਧਾਰੀ ਜਾਵੇਗੀ। ਭਗਤ ਸਿੰਘ ਨੂੰ ਸਿੱਖ ਜਾਂ ਹਿੰਦੂ ਬਣਾ ਕੇ ਪੇਸ਼ ਕੀਤਾ ਜਾਵੇਗਾ।

ਨਿਆਣੇ ਬੌਬੀ ਦਿਓਲ ਜਾਂ ਅਜੇ ਦੇਵਗਣ ਵਾਲੇ ਭਗਤ ਸਿੰਘ ਵਿੱਚ ਹੀ ਉਲਝੇ ਰਹਿਣਗੇ। ਉਸ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਮਹਿੰਗਾਈ ਦੇ ਡੰਝੇ ਨਸ਼ਿਆ ਵਿੱਚ ਜਾਂ ਬਿਦੇਸ਼ਾਂ ਦੇ ਚੱਕਰਾਂ 'ਚ ਫਸੇ ਰਹਿਣਗੇ ਤੇ ਖੁਦਕਸ਼ੀਆਂ ਦੀ ਤਦਾਦ ਵਧਦੀ ਜਾਵੇਗੀ। ਦੋਗਲੇ ਕਿਰਦਾਰ ਭਗਤ ਸਿੰਘ ਦੇ ਵਿਚਾਰਾਂ ਨੂੰ ਪੁੱਠਾ ਗੇੜਾ ਦੇ ਕੇ ਅਪਣੇ ਮਕਸਦ ਹੱਲ ਕਰਦੇ ਰਹਿਣਗੇ। ਉਹ ਅਖ਼ਬਾਰਾਂ ਵਿੱਚ ਫੋਟੋਆਂ ਤਾਂ ਲਗਵਾਉਣਗੇ ਪਰ ਇਹ ਕਦੀ ਨਹੀਂ ਚਾਹੁਣਗੇ ਕਿ ਉਨ੍ਹਾਂ ਦਾ ਕੋਈ ਪੁੱਤ ਭਗਤ ਸਿੰਘ ਰਸਤੇ ਤੇ ਤੁਰ ਪਵੇ। ਏਹੋ ਕੁੱਝ ਤਾਂ ਲਗਾਤਾਰ ਮੈਂ ਵੇਖਦਾ ਆ ਰਿਹਾ ਹਾਂ ਜੋ ਆਖਿਰ ਇਸ ਕਹਾਣੀ ਦੇ ਰੂਪ ਵਿੱਚ ਵਹਿ ਤੁਰਿਆ।

ਭਗਤ ਸਿੰਘ, ਭਾਰਤ... ਦੀ ਬਾਕੀ

ਹਟਾ ਕੇ ਖੇਤੀ ਨੂੰ ਜੋਤ ਲਿਆ ਸੀ। ਹੁਣ ਏਹਦੇ ਬਹਾਨੇ ਅਸੀ ਵੀ ਬਾਹਰਲਾ ਮੁਲਕ ਦੇਖ ਲਮਾਂਗੇ। ਜੇ ਇਹ ਕੰਮ ਕਰਵਾ ਦੇਂ ਤਾਂ ਅਹਿਸਾਨ ਨਹੀ ਭੁਲਾਉਂਦੇ।" ਪਰ ਮੇਰੇ ਮੂੰਹ ਨੂੰ ਲੱਗਿਆ ਚੁੱਪ ਦਾ ਜੰਦਰਾ ਵੇਖ ਉਹ ਨਿਰਾਸ਼ ਹੋ ਗਿਆ ਸੀ।

ਉਸੇ ਰਾਤ ਦਾਰੂ ਦੇ ਪੈਗ ਚੜਾ ਉਸ ਨੇ ਮੇਰੀ ਚੁੱਪ ਨੂੰ ਲਲਕਾਰਿਆ ਸੀ "ਮੇਰੀ ਕੀਤੀ ਕਮਾਈ ਨਾਲ ਈ ਕਨੇਡਾ ਗਿਆ ਏਂ। ਤੀਵੀਂ ਪਿੱਛੇ ਲੱਗ ਹੁਣ ਸੈਲਫਿਸ਼ ਨਾ ਬਣ, ਤੈਨੂੰ ਮੈ ਦੱਸਾਂ" ਪਰ ਮੈਂ ਲੜਾਈ ਮੁੱਲ ਲੈਣੀ ਨਹੀ ਸਾਂ ਚਾਹੁੰਦਾ। ਮੈਂ ਜਦੋਂ ਉਸ ਨੂੰ ਪੁੱਛਿਆ ਕਿ ਆਪਣਾ ਰੂਬਨ ਹੁਣ ਕਿਹੜੀ ਜਮਾਤ ਵਿੱਚ ਆ, ਤਾਂ ਉਸ ਨੂੰ ਪਤਾ ਨਹੀ ਸੀ ਤੇ ਨਾਂ ਹੀ ਇਹ ਪਤਾ ਸੀ ਕਿ ਉਹ ਕਿਹੜੇ ਸਬਜੈਕਟ ਪੜ੍ਹ ਰਿਹਾ ਹੈ। ਪਰ ਉਸ ਲਈ ਤਾਂ ਕੈਨੇਡਾ ਹੀ ਸਭ ਕੁੱਝ ਸੀ। ਰੂਬਨ ਸ਼ੀਸ਼ੇ ਮੂਹਰੇ ਖੜਾ ਘੰਟਾ ਘੰਟਾ ਵਾਲ ਸੁਆਰਦਾ ਰਹਿੰਦਾ। ਪੰਜਾਬ ਦੇ ਬਾਕੀ ਗਭਰੂਆਂ ਵਾਂਗ ਉਸ ਨੇ ਵੀ ਪਗੜੀ ਕਦੋਂ ਦੀ ਉਤਾਰ ਦਿੱਤੀ ਸੀ। ਘਰਦਿਆਂ ਨੂੰ ਬੱਸ ਏਨਾਂ ਹੀ ਪਤਾ ਸੀ ਕਿ ਉਹ ਕਾਲਜ ਜਾਂਦਾ ਹੈ, ਕਿਹੜੀ ਡਿਵਿਜਨ ਆਉਂਦੀ ਹੈ ਜਾਂ ਕੀ ਪੜ੍ਹਦਾ ਹੈ ਇਸ ਦਾ ਉਨ੍ਹਾਂ ਨੂੰ ਕੁੱਝ ਵੀ ਨਹੀ ਸੀ ਪਤਾ। ਭਗਤ ਸਿੰਘ ਦੇ ਵਾਰਿਸਾਂ ਦਾ ਭਾਰਤ ਵਿੱਚ ਅੱਜ ਕੱਲ ਇਹ ਹੀ ਹਾਲ ਸੀ।

ਮੈਂ ਤੱਕਿਆ ਸਟੇਜ ਤੇ ਇੱਕ ਪੁਰਾਣਾ ਕਾਮਰੇਡ ਧੂੰਆਂਧਾਰ ਭਾਸ਼ਨ ਦੇ ਰਿਹਾ ਸੀ ਕਿ ਨੌਜਵਾਨਾਂ ਨੂੰ ਭਗਤ ਸਿੰਘ ਦੇ ਰਾਹ ਤੇ ਤੋਰਨ ਲਈ ਅਜਿਹੇ ਪ੍ਰੋਗਰਾਮ ਕਰਨੇ ਬਹੁਤ ਜਰੂਰੀ ਨੇ। ਪਰ ਮੈਂ ਜਾਣਦਾ ਸੀ ਕਿ ਉਹ ਪਿਛਲੇ ਪੱਚੀਆਂ ਸਾਲਾਂ ਤੋਂ ਅਜਿਹੇ ਹੀ ਭਾਸ਼ਨ ਹਰ ਥਾਂ ਕਰਦਾ ਆ ਰਿਹਾ ਹੈ। ਉਹ ਵੀ ਬਾਕੀ ਕਾਮਰੇਡਾਂ ਵਾਂਗ ਭਾਸ਼ਨਾ ਤੱਕ ਹੀ ਸੀਮਿਤ ਰਹਿ ਗਿਆ ਸੀ। ਅਗਲੇ ਸਾਲ ਤੱਕ ਉਹ ਫੇਰ ਚੁੱਪ ਰਹੇਗਾ ਤੇ ਸਾਲ ਬਾਅਦ ਫੇਰ ਇੱਕ ਅਜਿਹਾ ਹੀ ਭਾਸ਼ਨ ਦਵੇਗਾ।

ਮੀਡੀਆਂ ਹਰ ਵਾਰੀ, ਅੱਜ ਦੀ ਤਰ੍ਹਾਂ ਹੀ ਮੂਹਰਲੀਆਂ ਕਤਾਰਾਂ ਤੇ ਉਤੇ ਸਜਦਾ ਹੈ। ਉਝ ਇਹ ਲੋਕ ਐਡਾਂ ਲੈਣ ਲਈ ਲੁੱਟਣ ਵਾਲਿਆਂ ਦੇ ਪੈਰ ਚੁੰਮਣ ਤੱਕ ਜਾਂਦੇ ਤੇ ਉਨ੍ਹਾਂ ਦੇ ਕੂੜ ਕਬਾੜ ਦੀ ਵੀ ਹੀਰਿਆਂ ਮੋਤੀਆਂ ਨਾਲ ਤੁਲਨਾ ਕਰਦੇ ਨੇ। ਸਲਾਮ ਸਰਮਾਏਦਾਰੀ ਨੂੰ ਕਰਦੇ ਨੇ ਪਰ ਤਾਜ ਪ੍ਰਗਤੀਵਾਦ ਦਾ ਪਹਿਨਣਾ ਚਾਹੁੰਦੇ। ਹੋਰ ਤਾਂ ਹੋਰ ਉਹ ਤਾਂ ਅਜਿਹੇ ਸਮਾਗਮ ਲਈ ਇੱਕ ਦਸ ਡਾਲਰ ਦੀ ਟਿਕਟ ਵੀ ਨਾ ਖਰੀਦ ਸਕਦੇ। ਬਲਕਿ ਪ੍ਰੋਗਰਾਮ ਬਾਰੇ ਦੱਸਣ ਲਈ ਵੀਹ ਵੀਹ ਟਿਕਟਾਂ ਮੁਫਤ ਮੰਗਦੇ। ਵਪਾਰੀ ਸੱਜਣ ਜੋ ਸਮਾਗਮ ਲਈ ਪੈਸਾ ਦਿੰਦੇ ਪ੍ਰਬੰਧਕ ਗੁਣਗਾਨ ਵੀ ਉਨ੍ਹਾਂ ਦਾ ਹੀ ਕਰਦੇ। ਉਝ ਤਾਂ ਹਰ ਸਮਾਗਮ ਵਿੱਚ ਹੀ ਵਿਉਪਾਰੀਆਂ ਦੇ ਏਸੇ ਤਰਾਂ ਹੀ ਬੂਟ ਚੱਟੇ ਜਾਂਦੇ ਸਨ।

ਕਿਰਤੀ ਦੋ ਵਕਤ ਦੀ ਰੋਟੀ ਲਈ ਜੂਝ ਰਹੇ ਸਨ। ਅਮੀਰ ਹੋਰ ਅਮੀਰ ਹੋਈ ਜਾ ਰਿਹਾ ਸੀ। ਭਾਰਤ ਪ੍ਰਮਾਣੂ ਕਰਾਰ ਨੂੰ ਲੈ ਕੇ ਅਮਰੀਕਾ ਦੀ ਝੋਲੀ ਵਿੱਚ ਜਾ ਡਿੱਗਿਆ ਸੀ। ਪੂੰਜੀਪਤੀਆਂ ਦੀ ਲੁੱਟ ਕਾਰਨ ਪੂਰਾ ਵਿਸ਼ਵ ਆਰਥਿਕ ਮੰਦਵਾੜੇ ਦਾ ਸ਼ਿਕਾਰ ਸੀ। ਮਿਹਨਤਕਸ਼ ਨੂੰ ਤਾਂ ਕੋਈ ਨੇੜੇ ਹੀ ਲੱਗਣ ਨਹੀਂ ਸੀ ਦੇ ਰਿਹਾ। ਨੌਜਵਾਨ ਨਸ਼ਿਆਂ ਵਿੱਚ ਗੁਲਤਾਨ ਹੋ ਰਹੇ ਸਨ। ਆਮ ਲੋਕਾਂ ਕੋਲ ਤਾਂ ਡਾਲਰ ਖਰਚ ਕੇ ਅਜਿਹੇ ਸਮਾਗਮ ਦੇਖਣ ਆਉਣ ਦੀ ਵੀ ਪਹੁੰਚ ਨਹੀ ਸੀ। ਬਾਹਰਲੇ ਸੰਸਾਰ ਨੂੰ ਭੁਲਾ ਕੇ ਪ੍ਰਬੰਧਕਾਂ ਨੇ ਅੰਦਰਲਾ ਮਹੌਲ ਇਸ ਤਰ੍ਹਾਂ ਸਿਰਜਿਆ ਹੋਇਆ ਸੀ ਕਿ ਬੱਸ ਇਨਕਲਾਬ ਹੁਣੇ ਆਇਆ।

ਮੈਂ ਸੋਚ ਰਿਹਾ ਸੀ ਕੀ ਬਣੇਗਾ ਰੂਬਨ ਵਰਗੇ ਨੌਜਵਾਨਾਂ ਦਾ ਜਿਨ੍ਹਾਂ ਨੂੰ ਅਜ਼ਾਦੀ ਦੇ ਐਨੇ ਵਰ੍ਹੇ ਬੀਤ ਜਾਣ ਬਾਅਦ ਵੀ ਆਪਣਾ ਭਵਿੱਖ ਸੁਰੱਖਿਤ ਨਹੀ ਜਾਪਦਾ, ਤੇ ਹਰ ਨੌਜਵਾਨ ਅਮਰੀਕਾ ਜਾਂ ਕੈਨੇਡਾ ਭੱਜ ਜਾਣਾ ਚਾਹੁੰਦਾ ਹੈ। ਇਸੇ ਦੌੜ ਵਿੱਚ ਪੰਜਾਬ ਵਾਸੀਆਂ ਨੇ ਆਪਣੇ ਇੱਜਤ ਅਸੂਲ ਸਭ ਛਿੱਕੇ ਤੇ ਟੰਗੇ ਹੋਏ ਨੇ। ਉਹ ਆਪਣੀਆਂ ਧੀਆਂ ਨੂੰ ਪੌੜੀਆਂ ਬਣਾ ਕੇ ਵਰਤ ਰਹੇ ਨੇ ਜਾਂ ਬਘਿਆੜਾਂ ਅੱਗੇ ਪਰੋਸ ਰਹੇ ਨੇ। ਭੈਣ ਭਰਾ, ਪਿਉ ਧੀ, ਪਤੀ ਪਤਨੀ ਰਿਸ਼ਤਿਆਂ ਦਾ ਡਰਾਮਾ ਖੇਡ ਰਹੇ ਨੇ। ਮੇਰਾ ਭਰਾ ਅਜਿਹਾ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਸੀ। ਬੱਸ ਮੇਰੀ ਹਾਂ ਚਾਹੁੰਦਾ ਸੀ।

ਮੈਂ ਬੈਠਾ ਬੈਠਾ ਸੋਚ ਰਿਹਾ ਸੀ, ਕਿ ਜਦੋਂ ਮੇਰਾ ਬਾਬਾ ਜੀਂਦਾ ਸੀ ਤਾਂ ਸਾਡੇ ਘਰ ਕੁੜੀਆਂ ਤੇ ਏਨੀ ਸਖਤੀ ਸੀ ਕਿ ਸਿਰੋਂ ਚੁੰਨੀ ਤੱਕ ਵੀ ਲਹਿਣ ਨਹੀ ਸੀ ਦਿੱਤੀ ਜਾਂਦੀ। ਹੁਣ ਉਸੇ ਘਰ 'ਚ ਟੀ ਵੀ ਤੇ ਨੰਗ ਧੜੰਗੀਆਂ ਕੁੜੀਆਂ ਨੱਚਦੀਆਂ, ਸਾਰੇ ਬਹਿ ਕੇ ਬੈੱਡ ਸੀਨ ਇਨਜੁਆਏ ਕਰਦੇ। ਚੁੰਮਣ ਚੱਟਣ ਤਾਂ ਇੱਕ ਪਾਸੇ ਹਰ ਉਹ ਕੁੱਝ ਵੀ, ਇਕੱਠੇ ਬਹਿ ਕੇ ਦੇਖ ਸਕਦੇ ਸਨ। ਜਿਵੇਂ ਸ਼ਰਮ ਨਾ ਦੀ ਕੋਈ ਚੀਜ ਹੀ ਨਾ ਰਹੀ ਹੋਵੇ। ਜਦੋਂ ਮੈਂ ਇਤਰਾਜ ਕੀਤਾ ਤਾਂ ਭਾਬੀ ਬੋਲੀ "ਭਾਈ ਤੁਸੀ ਬਾਹਰਲੇ ਮੁਲਕਾਂ 'ਚ ਜਾਕੇ ਵੀ ਐਨੇ ਪਛੜੇ ਹੋਏ ਓ? ਏਥੇ ਨੀ ਅਜਿਹੀਆਂ ਗੱਲਾਂ ਨੂੰ ਕੋਈ ਪੁੱਛਦਾ"। ਉਨ੍ਹਾਂ ਲਈ ਖੁੱਲੇ ਸੈਕਸ ਸਬੰਧ ਅੱਧ ਕੱਜਿਆ ਜਿਸਮ ਹੀ ਸ਼ਾਇਦ ਆਧੁਨਿਕਤਾ ਅਤੇ ਤਰੱਕੀ ਦੀ ਨਿਸ਼ਾਨੀ ਹੋਵੇ?

ਫੇਰ ਇੱਕ ਪਿੰਡੋਂ ਆਇਆ ਖਤ ਮੇਰੇ ਜ਼ਿਹਨ 'ਚ ਸੱਪ ਬਣਕੇ ਮੇਹਲਣ ਲੱਗਿਆ। ਭਤੀਜੇ ਨੇ ਲਿਖਿਆ ਸੀ ਕਿ ਉਸ ਨੂੰ ਆਪਣੀ ਜਨਮ ਭੋਇੰ ਚੰਗੀ ਨਹੀ ਲੱਗਦੀ। ਜਦੋਂ ਮੈਂ ਫੋਨ ਤੇ ਪੁੱਛਦਾ ਅਜਿਹਾ ਕਿਉਂ? ਤਾਂ ਉਹ ਅੱਗੋਂ ਆਖਦਾ 'ਤੁਸੀ ਕਿਉਂ ਛੱਡ ਕੇ ਗਏ ਸੀ? ਹੁਣ ਸਾਡੇ ਛੱਡਣ ਨਾਲ ਕੀ ਫਰਕ ਪੈ ਜੂ'।

ਪਰ ਮੇਰੀ ਘਰ ਵਾਲੀ ਨੂੰ ਮੇਰਾ ਭਤੀਜਾ ਅਤੇ ਭਰਾ ਬਿਲਕੁੱਲ ਚੰਗੇ ਨਹੀ ਸੀ ਲੱਗਦੇ। ਜਦ ਕਿ ਮੈਨੂੰ ਦੋਹਾਂ ਪਾਸੇ ਦੀ ਰੱਖਣੀ ਪੈ ਰਹੀ ਸੀ। ਮੇਰੀ ਪਤਨੀ ਦਲਜੀਤ ਨੂੰ ਇਤਰਾਜ ਸੀ ਕਿ "ਉਹ ਸਾਨੂੰ ਜ਼ਮੀਨ ਦਾ ਠੇਕਾ ਵੀ ਨਹੀਂ ਦਿੰਦੇ, ਸਾਡਾ ਘਰ ਵੀ ਸਾਂਭੀ ਬੈਠੇ ਨੇ, ਕਦੀ ਮੋਟਰ ਸਾਈਕਲ ਲਈ, ਕਦੇ ਟਰੈਕਟਰ ਲਈ, ਕਦੇ ਬੋਰ ਕਰਵਾਉਣ ਲਈ ਪੈਸੇ ਵੀ ਮੰਗਵਾਉਂਦੇ ਰਹਿੰਦੇ ਨੇ ਤੇ ਉੱਤੋਂ ਹੁਣ ਆ ਔਡ ਨੱਕ 'ਚ ਦਮ ਕਰਿਆ ਪਿਐ"। ਅੱਜ ਤਾਂ ਉਹ ਮੈਨੂੰ ਟੁੱਟ ਕੇ ਹੀ ਪੈ ਗਈ ਸੀ ਕਿ 'ਤੁਸੀ ਇਕੱਲੇ ਨੀ ਕਮਾਂਉਂਦੇ...ਇਹ ਕਮਾਈ ਮੇਰੀ ਵੀ ਹੈ। ਜੇ ਹੁਣ ਕਿਸੇ ਗੱਲ ਲਈ ਪੈਨੀ ਵੀ ਭੇਜੀ ਆ ਤਾਂ ਆਪਣੇ ਰਸਤੇ ਅਲੱਗ ਅਲੱਗ ਹੋਣਗੇ'। ਮੇਰੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ ਸੀ। ਜੀ ਤਾਂ ਕਰਦਾ ਸੀ ਵੱਟ ਕੇ ਚੁਪੇੜ ਮਾਰਾਂ, ਪਰ ਮੇਰੀ ਜ਼ਮੀਰ ਉਠ ਖਲੋਤੀ ਸੀ ਕਿ ਹੁਣ ਤੂੰ ਤੀਵੀਂ ਤੇ ਹੱਥ ਚੁੱਕੇਂਗਾ? ਉਧਰ ਮੰਚ ਤੋਂ ਭਗਤ ਸਿੰਘ ਦੀ ਸੋਚ ਅਪਨਾਉਣ ਦੀਆਂ ਗੱਲਾਂ ਹੋ ਰਹੀਆਂ ਸਨ।

ਹੁਣ ਮੈਂ ਸੋਚ ਰਿਹਾ ਸੀ,ਭਗਤ ਸਿੰਘ ਦੇ ਦੇਸ਼ ਵਿੱਚ ਤਾਂ ਲੋਕਾਂ ਦਾ ਮੁੱਖ ਮਕਸਦ ਪੈਸਾ ਬਣ ਚੁੱਕਿਆ ਹੈ। ਪੈਸੇ ਲਈ ਪਿਉ ਦਾ, ਮਾਂ, ਭੈਣ ਭਰਾ ਕਿਸੇ ਦਾ ਵੀ ਕਤਲ ਕੀਤਾ ਜਾ ਸਕਦਾ ਹੈ। ਪੈਸੇ ਲਈ ਲੋਕਾਂ ਦੀਆਂ ਕਾਲਜ ਪੜ੍ਹਦੀਆਂ



ਕੁੜੀਆਂ ਅਮੀਰਾਂ ਦੇ ਮਨੋਰੰਜਨ ਲਈ ਹੋਟਲਾਂ 'ਚ ਹੁਣ ਆਮ ਹੀ ਜਾਣ ਲੱਗ ਪਈਆਂ ਸਨ। ਅਜਿਹਾ ਵੀ ਮੈਂ ਸੁਣਿਆ ਸੀ ਕਿ ਜਿਸਮ ਫਰੋਸ਼ੀ ਦਾ ਧੰਦਾ ਵੀ ਹਰ ਸ਼ਹਿਰ ਵਿੱਚ ਵੱਡੀ ਪੱਧਰ ਤੇ ਚੱਲਦਾ ਹੈ। ਰਿਸ਼ਤੇ ਗਰਕ ਹੋ ਰਹੇ ਸਨ। ਪਿਉ ਵਲੋਂ ਧੀ ਦਾ ਬਲਾਤਕਾਰ, ਭਤੀਜੇ ਵਲੋਂ ਚਾਚੀ ਨਾਲ ਜਬਰਦਸਤੀ ਜਾਂ ਪਤਨੀ ਵਲੋਂ ਪ੍ਰੇਮੀ ਨਾਲ ਰਲਕੇ ਪਤੀ ਦਾ ਕਤਲ। ਅਜਿਹੀਆਂ ਖਬਰਾਂ ਵੀ ਆਮ ਹੀ ਛਪਦੀਆਂ।

ਸਮਾਜ ਅਤੇ ਸਾਹਿਤ ਵਿੱਚ ਵੀ ਤਿਕੜਮਬਾਜੀਆਂ ਚੱਲ ਰਹੀਆਂ ਸਨ। ਮਿਹਨਤਕਸ਼ ਕਿਸਾਨ ਮਜ਼ਬੂਰ ਹੋ ਖੁਦਕਸ਼ੀਆਂ ਕਰ ਰਹੇ ਸਨ। ਵਿਆਹ ਸ਼ਾਦੀਆਂ ਵੇਲੇ ਸੱਭਿਆਚਾਰਕ ਪ੍ਰੋਗਰਾਮਾਂ ਦੇ ਨਾਂ ਹੇਠ ਕੰਜਰਖਾਨਾ ਆਮ ਜਿਹੀ ਗੱਲ ਹੋ ਗਈ ਸੀ। ਨੱਚਣ ਵਾਲੀਆਂ ਕੁੜੀਆਂ ਸ਼ਰਾਬ ਨਾਲ ਰੱਜ ਕੇ ਮਹਿਮਾਨਾਂ ਦਾ ਹਰ ਤਰ੍ਹਾਂ ਮਨੋਰੰਜਨ ਕਰਦੀਆਂ। ਮੁੱਖ ਮਕਸਦ ਸਿਰਫ ਪੈਸਾ ਸੀ। ਪੰਜਾਬ ਦਾ ਇਹ ਸੱਭਿਆਚਾਰ ਰਾਤੋ ਰਾਤ ਕਿਸ ਨੇ ਬਦਲ ਦਿੱਤਾ ਸੀ? ਉਥੇ ਅਜਿਹੇ ਇਨਕਲਾਬੀਆਂ ਦੇ ਹੁੰਦਿਆਂ ਭਗਤ ਸਿੰਘ ਦੀ ਸੋਚ ਕਿੱਥੇ ਦਫਨ ਹੋ ਗਈ ਸੀ। ਮੈਨੂੰ ਕੁੱਝ ਵੀ ਸਮਝ ਨਹੀ ਸੀ ਆ ਰਿਹਾ।

ਸ਼ਾਦੀ ਅਸਲ ਵਿੱਚ ਸੌਦਾ ਬਣ ਗਈ ਸੀ। ਵੱਟੇ ਸੱਟੇ ਦੇ ਰਿਸ਼ਤੇ ਹੋ ਰਹੇ ਸਨ। ਜਿੱਥੇ ਮਾਨਸਿਕ ਸਾਂਝ ਤਾਂ ਬਣਦੀ ਹੀ ਨਹੀ ਸੀ। ਤੂੰ ਮੇਰੀ ਭੈਣ ਕੱਢ ਮੈਂ ਤੇਰੀ ਭੈਣ ਕੱਢਦਾ ਹਾਂ ਵਾਲੀ ਨੀਤੀ ਅਪਣਾਈ ਜਾ ਰਹੀ ਸੀ। ਕੁੜੀਆਂ ਪੈਸੇ ਲੈ ਕੇ ਮੁੰਡੇ ਕੱਢਦੀਆਂ ਤੇ ਮੁੰਡੇ ਕੁੜੀਆਂ ਨੂੰ। ਸੌਦਾ ਤਕਰੀਬਨ ਪੰਜਾਹ ਲੱਖ ਤੱਕ ਜਾ ਪਹੁੰਚਿਆ ਸੀ। ਪੇਪਰ ਮੈਰਿਜਾਂ ਦਾ ਧੰਦਾ ਵੀ ਜੋਰਾਂ ਤੇ ਸੀ। ਅਜਿਹੀਆਂ ਨਕਲੀ ਸ਼ਾਦੀਆਂ ਦੀ ਮੈਰਿਜ ਪੈਲਿਸਾਂ ਵਿੱਚ ਭਰਮਾਰ ਸੀ। ਇਹ ਪੈਲਿਸਾਂ ਵਾਲਿਆ ਨੂੰ ਮੁੰਡਾ ਕੁੜੀ ਹੀ ਚਾਹੀਦੇ ਸਨ। ਬਾਕੀ ਬੁੱਤਾ ਸਾਰਨ ਲਈ ਨਕਲੀ ਮਾਂ ਪਿਉ, ਭੈਣ ਭਰਾ, ਬਰਾਤੀ ਸਭ ਦਾ ਪ੍ਰਬੰਧ ਉਹ ਖੁਦ ਕਰ ਦਿੰਦੇ। ਮੇਰਾ ਭਤੀਜਾ ਵੀ ਕੋਈ ਅਜਿਹਾ ਹੀ ਜੁਗਾੜ ਫਿੱਟ ਕਰਨਾ ਚਾਹੁੰਦਾ ਸੀ। ਪਰ ਇਸ ਡਰਾਮੇ ਲਈ ਉਹ ਪੈਸੇ ਮੇਰੇ ਤੋਂ ਖਰਚਾਉਣੇ ਚਾਹੁੰਦਾ ਸੀ। ਜਿਸ ਲਈ ਮੇਰੀ ਘਰ ਵਾਲੀ ਕਤਈ ਤਿਆਰ ਨਹੀ ਸੀ। ਇਸ ਬਿਖੇੜੇ ਵਿੱਚ ਮੇਰਾ ਪਰਿਵਾਰ ਵੀ ਟੁੱਟ ਸਕਦਾ ਸੀ। ਤਲਾਕ ਹੋ ਸਕਦਾ ਸੀ। ਬੱਚੇ ਰੁਲ ਸਕਦੇ ਸਨ। ਪਰ ਇੰਡੀਆ ਵਾਲਿਆਂ ਨੂੰ ਇਸਦੀ ਕੋਈ ਪਰਵਾਹ ਨਹੀ ਸੀ, ਉਨ੍ਹਾਂ ਦਾ ਤਾਂ ਮੁੰਡਾ ਬਾਹਰ ਨਿੱਕਲਣਾ ਚਾਹੀਦਾ ਸੀ ਬਾਕੀ ਪੈਣ ਢੱਠੇ ਖੂਹ ਵਿੱਚ...।

ਹੁਣ ਮੰਚ ਤੇ ਪੰਜਾਬੀ ਸੂਰਬੀਰਾਂ ਦੀ ਵਾਰ ਗਾਈ ਜਾ ਰਹੀ ਸੀ। ਗਾਉਣ ਵਾਲਾ ਸਮੂਹ ਪੰਜਾਬੀਆਂ ਨੂੰ ਭਗਤ ਸਿੰਘ ਵਰਗੇ ਦੱਸਦਾ ਮੰਚ ਤੇ ਬਾਂਦਰ ਟਪੂਸੀਆਂ ਮਾਰ ਮਾਰ ਗਾਅ ਰਿਹਾ ਸੀ। ਅੱਜ ਕੱਲ ਇਹ ਗਾਉਣ ਵਾਲੇ ਕਿਸੇ ਦੀ ਮੌਤ ਤੇ ਸ਼ਰਧਾਜਲੀ ਪੇਸ਼ ਕਰਨ ਵੇਲੇ ਵੀ ਅਜਿਹੀਆਂ ਟਪੂਸੀਆਂ ਮਾਰ ਮਾਰ ਹੀ ਗਾਂਉਂਦੇ ਨੇ। ਗੱਲ ਉਹ ਪੰਜਾਬੀਆਂ ਦੀ ਹੋ ਰਹੀ ਸੀ ਜਿਨਾਂ ਨੇ ਕੁੜੀਆਂ ਨੂੰ ਹੁਣ ਚਿੜੀਆਂ ਤੋਂ ਕੈਨੇਡਾ ਦੇ ਚੁਬਾਰੇ ਚੜ੍ਹਨ ਲਈ ਪੌੜੀਆਂ ਬਣਾ ਲਿਆ ਸੀ। ਕਈ ਤਾਂ ਇਸ ਤੋਂ ਵੀ ਅਗਾਂਹ ਲੰਘ ਗਏ ਸਨ ਕਿ ਜੇ ਕੁੜੀ ਜੰਮੀ ਤਾਂ ਪੰਜਾਹ ਲੱਖ ਕਿਸੇ ਨੂੰ ਦੇਣਾ ਪਊ ਜੇ ਮੁੰਡਾ ਜੰਮਿਆ ਤਾਂ ਪੰਜਾਹ ਲੱਖ ਝੋਲੀ ਪਊ। ਘਾਟੇ ਵਾਲਾ ਸੌਦਾ ਕਰਨ ਨਾਲੋਂ ਅਜਿਹੇ ਵਪਾਰੀ ਲਿੰਗ ਪਰਖ ਕਰਵਾ ਕੇ ਜੰਮਣੋਂ ਪਹਿਲਾਂ ਹੀ ਕੁੜੀਆਂ ਮਾਰ ਦਿੰਦੇ। ਪੰਜਾਬ ਹੁਣ ਕੁੜੀ ਮਾਰਾਂ ਦਾ ਸੂਬਾ ਕਰਕੇ ਜਾਣਿਆ ਜਾਣ ਲੱਗ ਪਿਆ ਸੀ।

ਜੋ ਭਗਤ ਸਿੰਘ ਦੇ ਸਮੇਂ ਜੰਮਣ ਸਾਰ ਮਾਰੀਆਂ ਜਾਂਦੀਆਂ ਸਨ ਹੁਣ ਜੰਮਣ ਤੋਂ ਪਹਿਲਾਂ ਹੀ ਮਾਰੀਆਂ ਜਾਣ ਲੱਗੀਆਂ ਸਨ। ਮੈਂ ਸੋਚਣ ਲੱਗਾ ਜੇ ਏਦਾਂ ਹੀ ਰਿਹਾ ਤਾਂ ਘੋੜੀਆਂ ਗਾਉਣ ਵਾਲੀਆਂ ਕਿੱਥੋ ਬਚਣੀਆਂ ਨੇ? ਸ਼ਾਇਦ ਏਸੇ ਕਰਕੇ ਭਗਤ ਸਿੰਘ ਦੀ ਘੋੜੀ ਗਾਉਣ ਵਾਲਾ ਐਨਾ ਜੋਰ ਲਾ ਲਾ ਗਾ ਰਿਹਾ ਸੀ। ਪਤਾ ਨਹੀ ਕਿਸ ਸਦੀ ਦੇ ਪੰਜਾਬੀਆਂ ਦੀ ਗੱਲ ਹੋ ਰਹੀ ਸੀ।ਲਓ ਜੀ ਹੁਣ ਗਿੱਧਾ ਆ ਗਿਆ, ਪੰਜਾਬੀ ਹੀਰਾਂ ਦਾ ਗਿੱਧਾ। ਮੈਂ ਸੋਚ ਰਿਹਾ ਸੀ ਕਿਹੜੀਆਂ ਹੀਰਾਂ, ਉਹ ਜੋ ਭਾਰਤ ਤੋਂ ਆਪਣੇ ਰਾਂਝੇ ਨਾਲ ਸਾਈ-ਵਧਾਈ ਲਾ ਕੇ ਆਉਂਦੀਆਂ ਨੇ? ਤੇ ਫੇਰ ਕਨੇਡਾ ਵਾਲੇ ਸੈਦੇ ਦੇ ਘਰ ਜਾਣ ਦੀ ਬਜਾਏ ਏਅਰਪੋਰਟ ਤੋਂ ਹੀ ਗਾਇਬ ਹੋ ਜਾਂਦੀਆਂ ਨੇ। ਮੈਨੂੰ ਲੱਗਿਆ ਕਿ ਸਾਰਾ ਆਵਾ ਹੀ ਊਤਿਆ ਪਿਆ ਹੋਵੇ। ਲੋਕ ਕਬੂਤਰ ਵਾਂਗ ਅੱਖਾਂ ਮੀਟੀ ਬੈਠੇ, ਆਪਣੀਆਂ ਝੂਠੀਆਂ ਸਿਫਤਾਂ ਸੁਣ ਸੁਣ ਖੁਸ਼ ਹੋ ਰਹੇ ਸਨ।

ਦਿਖਾਵੇ ਲਈ ਪੰਜਾਬ ਦੇ ਕਿਸਾਨ ਜ਼ਮੀਨਾਂ ਵੇਚ ਵੇਚ ਕਾਰਾਂ ਲੈ ਰਹੇ ਸਨ ਤੇ ਵੱਡੀਆਂ ਵੱਡੀਆਂ ਕੋਠੀਆਂ ਪਾ ਰਹੇ ਸਨ ਤਾਂ ਕੇ ਟੌਹਰ ਵੇਖ ਕੇ ਹੀ ਸ਼ਾਇਦ ਕੋਈ ਬਾਹਰਲਾ ਰਿਸ਼ਤਾ ਫਸ ਜਾਵੇ। ਪੰਜਾਬ ਦੇ ਪਿੰਡਾਂ ਵਿੱਚ ਹੁਣ ਡਾਕਟਰ ਇੰਜੀਨੀਅਰ ਤਾਂ ਪੈਦਾ ਨਹੀਂ ਸੀ ਹੋ ਰਹੇ ਬੱਸ ਕੋਠੀਆਂ ਹੀ ਕੋਠੀਆਂ ਉਸਰ ਰਹੀਆਂ ਸਨ ਤੇ ਇਹ ਦਿਖਾਵੇ ਦੀਆਂ ਕੁੰਡੀਆਂ ਹੀ ਰਿਸ਼ਤੇ ਫਸਾਉਣ ਲਈ ਕੰਮ ਦਿੰਦੀਆਂ ਸਨ। ਮੇਰਾ ਭਰਾ ਵੀ ਤਾਂ ਇੱਕ ਅਜਿਹੀ ਹੀ ਕੁੰਡੀ ਲਾਈ ਬੈਠਾ ਸੀ। ਪਰ ਮੱਛੀ ਕੋਈ ਫਸ ਨਹੀ ਸੀ ਰਹੀ।

ਮੈਂ ਮਹਿਸੂਸ ਕਰਨ ਲੱਗਿਆ, ਇਹ ਪ੍ਰਬੰਧਕ ਵੀ ਉਸੇ ਤਰਾਂ ਦੇ ਲੋਕ ਹਨ ਜੋ ਹੜ ਪੀੜਤਾਂ, ਭੂਚਾਲ ਪੀੜਤਾਂ, ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਲਈ ਮਾਇਆ ਇਕੱਤਰ ਕਰਦੇ ਨੇ। ਅਜਿਹੇ ਮੌਕੇ ਫੰਡ ਰੇਜਿੰਗ ਡਿੱਨਰ ਕਰਵਾਏ ਜਾਂਦੇ, ਲੀਡਰ ਸੱਦੇ ਜਾਂਦੇ ,ਖਾਣੇ ਨਾਲ ਸ਼ਰਾਬ ਪਿਆਈ ਜਾਂਦੀ ਅਤੇ ਭੰਗੜੇ ਪਾਏ ਜਾਂਦੇ। ਵਿੱਦਿਆ ਕਾਜ ਸਿਰੇ ਚੜੇ ਜਾਂ ਨਾ ਚੜੇ ਪਰ ਇਨ੍ਹਾ ਦੇ ਬਿਜ਼ਨਸ ਜਰੂਰ ਚਮਕ ਪੈਂਦੇ। ਇਨ੍ਹਾਂ ਕੋਲ ਮਹਿੰਗੀਆਂ ਕਾਰਾਂ ਅਤੇ ਕੀਮਤੀ ਘਰ ਆ ਜਾਂਦੇ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਸਨ ਕਿ ਇਕੱਲੀ ਕਬੂਤਰਬਾਜੀ ਹੀ ਨਹੀ, ਨਾਲ ਇਹ ਡਰੱਗ ਦਾ ਧੰਦਾ ਵੀ ਕਰਦੇ ਨੇ। ਪੈਸੇ ਦੇ ਜ਼ੋਰ ਨਾਲ ਇਨ੍ਹਾਂ ਵਿੱਚੋਂ ਕਈ ਮੀਡੀਏ ਤੇ ਵੀ ਕਾਬਜ਼ ਹੋ ਗਏ ਨੇ। ਅਜਿਹਾ ਸਭ ਕੁੱਝ ਚੱਲਦਾ ਸੀ

ਪਰ ਮੈਨੂੰ ਦੋਹਰਾ ਕਿਰਦਾਰ ਜੀਣਾ ਨਹੀ ਸੀ ਆਇਆ। ਨਾਂ ਮੈਂ ਘਰ ਵਾਲੀ ਨੂੰ ਝੂਠ ਬੋਲ ਸਕਦਾ ਤੇ ਨਾ ਭਰਾ ਨੂੰ ਝੂਠੇ ਲਾਰੇ ਲਾ ਸਕਦਾ ਸਾਂ। ਤੇ ਦੋਹਾਂ ਪਾਸਿਆਂ ਤੋਂ ਛਿੱਤਰ ਖਾਅ ਰਿਹਾ ਸੀ। ਭਰਾ ਵਲੋਂ ਮੈਨੂੰ ਘਰਵਾਲੀ ਦੇ ਮਗਰ ਲੱਗਿਆ ਸਮਝਿਆ ਜਾਂਦਾ ਸੀ। ਭਗਤ ਸਿੰਘ ਕਮੇਟੀ ਵਾਲੇ ਮੇਰੇ ਵਰਗੇ ਨੂੰ ਉਝ ਹੀ ਨੇੜੇ ਨਾ ਫਟਕਣ ਦਿੰਦੇ ਕਿ ਐਵੇਂ ਖਾਮਖਾਹ ਕੋਈ ਪੰਗਾ ਪਾਊ। ਅੱਜ ਵੀ ਮੈਂ ਔਖੀ ਦੇਖ ਕੇ ਸੌਖੀ ਨਿਗਲਣ ਤੇ ਮਜ਼ਬੂਰ ਸੀ। ਜੇ ਕੋਈ ਕਿੰਤੂ ਪਰੰਤੂ ਕਰਦਾ ਤਾਂ ਅਗਲਿਆਂ ਸਿਕਿਉਰਟੀ ਵਾਲਿਆਂ ਤੋਂ ਚੁੱਕਵਾ ਬਾਹਰ ਕਢਵਾ ਕਹਿਣਾ ਸੀ ਕਿ ਇਹ ਸਾਡਾ ਸਮਾਗਮ ਖਰਾਬ ਕਰਨ ਆਇਆ ਹੈ।

ਹੁਣ ਇੱਕ ਨੌਜਵਾਨ ਲੜਕੀ ਅਸ਼ਲੀਲ ਹਰਕਤਾਂ ਭਰਪੂਰ 'ਚੋਲੀ ਕੇ ਪੀਛੇ ਕਿਆ ਹੈ' ਵਾਲਾ ਗੀਤ ਗਾ ਰਹੀ ਸੀ। ਜਿਸ ਨੂੰ ਮੰਚ ਸਕੱਤਰ ਨੇ ਵਧਾਈ ਦਿੰਦਿਆਂ ਆਖਿਆਂ ਸੀ ਕਿ ਸਾਡੀ ਨਵੀ, ਏਧਰ ਜੰਮੀ ਪੀੜ੍ਹੀ ਵੀ ਹੁਣ ਸੱਭਿਆਚਾਰ ਨਾਲ ਜੁੜ ਰਹੀ ਹੈ। ਸੱਸ ਕੁੱਟਣੀ ਵਰਗੀਆਂ ਬੋਲੀਆਂ ਸੁਣ ਸੁਣ ਲੱਗਦਾ ਸੀ ਕਿ ਪਤਾ ਨਹੀ ਸਾਡਾ ਸੱਭਿਆਚਾਰ ਕਿੱਥੇ ਦਫਨ ਹੋ ਗਿਆ ਹੈ।

ਸ਼ੋਹਰਤ ਦੇ ਸੱਪ ਦਾ ਡੰਗਿਆ ਅਤੇ ਹੰਕਾਰ ਦੇ ਜ਼ਹਿਰ ਦਾ ਭਰਿਆ ਇੱਕ ਲੇਖਕ ਜੋ ਸਿਰਫ ਪ੍ਰਧਾਨਗੀਆਂ ਕਰਨ ਹੀ ਸਮਾਗਮਾਂ ਤੇ ਪੁੱਜਦਾ ਹੈ, ਏਥੇ ਵੀ ਪ੍ਰਧਾਨਗੀ ਮੰਡਲ ਵਿੱਚ ਬੈਠਾ ਸਭ ਕੁੱਝ ਬੇਸ਼ਰਮੀ ਨਾਲ ਵੇਖ ਰਿਹਾ ਸੀ। ਵੈਸੇ ਵੀ ਸ਼ਹਿਰ ਵਿੱਚ ਪੰਜਾਬ ਦੇ ਡੇਰਿਆਂ ਵਾਂਗੂੰ ਉਗੀਆਂ ਸਹਿਤਕ ਸੰਸਥਾਵਾਂ ਵੀ ਹੁਣ ਕੁੱਕੜੀ ਖਿਲਾਰਾ ਪਾਉਣ ਜੋਗੀਆਂ ਹੀ ਰਹਿ ਗਈਆਂ ਸਨ। ਉਨ੍ਹਾਂ ਦਾ ਵੀ ਕੋਈ ਸਮਾਜਿਕ ਯੋਗਦਾਨ ਨਹੀ ਸੀ ਰਹਿ ਗਿਆ। ਤਾਂ ਹੀ ਤਾਂ ਸ਼ਹਿਰ ਵਿੱਚ ਅਜਿਹਾ ਕੁੱਝ ਵਾਪਰ ਰਿਹਾ ਸੀ।

ਤਦੇ ਮੇਰੀ ਜੇਬ ਵਿੱਚ ਪਾਇਆ ਸੈੱਲ ਫੋਨ ਘੁਰਰ ਘੁਰਰ ਕਰਨ ਲੱਗਿਆ। ਜਿਵੇਂ ਕੋਈ ਕਾਲਾ ਵਿਸ਼ੀਅਰ ਫਣ ਚੁੱਕ ਖਲੋਤਾ ਹੋਵੇ। ਉਧਰੋਂ ਅੱਜ ਦੇ ਮੁੱਖ ਮਹਿਮਾਨ ਦਾ ਭਾਸ਼ਨ ਸ਼ੁਰੂ ਹੋ ਗਿਆ। ਭਗਤ ਸਿੰਘ ਨੂੰ ਚੋਟੀ ਦਾ ਸਿੱਖ ਸਾਬਤ ਕਰਦਾ ਹੋਇਆ ਉਹ ਬਾਹਰਲੇ ਮੁਲਕਾਂ ਵਿੱਚ ਸਿੱਖਾਂ ਦੀ ਬੱਲੇ ਬੱਲੇ ਕਰਵਾਉਣ ਲਈ ਵੋਟਾਂ ਦੀ ਭੀਖ ਮੰਗਣ ਲੱਗਿਆ। ਫੇਰ ਇਸ ਲੀਡਰ ਨੇ ਕਲਾਕਾਰਾਂ ਨੂੰ ਇਨਾਮ ਵੰਡਣੇ ਸ਼ੁਰੂ ਕਰ ਦਿੱਤੇ। ਹੁਣ ਸਾਰਿਆਂ ਦਾ ਫੋਟੋਆਂ ਖਿਚਵਾਉਣ ਵਲ ਧਿਆਨ ਸੀ।

ਫੋਨ ਦੀ ਘੁਰਰ ਘੁਰਰ ਨੇ ਮੈਨੂੰ ਹਾਲ ਤੋਂ ਬਾਹਰ ਨਿਕਲਣ ਲਈ ਮਜ਼ਬੂਰ ਕਰ ਦਿੱਤਾ। ਘਰੋਂ ਫੋਨ ਸੀ ਤੇ ਪਤਨੀ ਬੋਲ ਰਹੀ ਸੀ, "ਇੰਡੀਆ ਤੋਂ ਵਾਰ ਵਾਰ ਰੂਬਨ ਦਾ ਫੋਨ ਆ ਰਿਹਾ ਹੈ। ਉਹ ਲੁਧਿਆਣੇ ਕਿਸੇ ਟਰੈਵਲ ਏਜੰਟ ਦੇ ਦਫਤਰ 'ਚ ਬੈਠਾ ਹੈ ਤੇ ਤੁਹਾਡੇ ਨਾਲ ਗੱਲ ਕਰਨੀ ਮੰਗਦਾ ਸੀ। ਅਖੇ ਚਾਚਾ ਜੀ ਮੈਨੂੰ ਸਾਫ ਸਾਫ ਦੱਸਣ ਕਿ ਕੁੱਝ ਕਰ ਸਕਦੇ ਨੇ ਕਿ ਨਹੀ? ਫੇਰ ਹੀ ਏਜੰਟ ਨਾਲ ਗੱਲ ਤੋਰੀਏ...। ਉਹ ਇਹ ਵੀ ਕਹਿੰਦਾ ਸੀ ਕਿ ਏਜੰਟ ਅਠਾਰਾਂ ਲੱਖ ਮੰਗਦਾ ਹੈ। ਡੈਡ ਕਹਿੰਦਾ ਤੁਸੀ ਭੇਜੋਗੇ ਕਿ ਜ਼ਮੀਨ ਗਹਿਣੇ ਕਰ ਕੇ ਦੇ ਦਈਏ? ਉਹ ਤਾਂ ਇਹ ਵੀ ਆਖਦਾ ਸੀ ਕਿ ਹੁਣੇ ਵੈਸਟਰਨ ਯੂਨੀਅਨ ਰਾਹੀ ਪੈਸੇ ਭੇਜ ਦਉ। ਤੇ ਪੈਸੇ ਧਰਕੇ ਫੋਨ ਕਰੋ।

ਪਤਨੀ ਰੋਣ ਹਾਕੀ ਹੋਈ ਪਈ ਸੀ ਕਿ 'ਪੈਸੇ ਏਥੇ ਝਾੜਾਂ ਨੂੰ ਲੱਗਦੇ ਨੇ। ਮੈਂ ਪਿਛਲੇ ਦੋ ਸਾਲਾ ਤੋਂ ਆਪਣੇ ਲਈ ਗਰਮ ਕੋਟ ਅਤੇ ਸਨੋਅ ਸ਼ੂਅ ਨਹੀਂ ਲੈ ਸਕੀ। ਤੁਸੀ ਪਿਛਲੇ ਚਾਰ ਸਾਲਾਂ ਤੋਂ ਉਹੀ ਤਿੰਨ ਚਾਰ ਪੈਂਟਾ ਪਾਉਂਦੇ ਆ ਰਹੇ ਹੋ। ਆਪਣੇ ਨਿਆਣਿਆਂ ਦਾ ਤਾਂ ਖਰਚਾਂ ਮਸਾਂ ਪੂਰਾ ਹੁੰਦਾ ਏ। ਉਨ੍ਹਾਂ ਨੂੰ ਪੈਸੇ ਕਿੱਥੋਂ ਭੇਜ ਦਈਏ? ਤੁਸੀ ਤੋੜਕੇ ਜਵਾਬ ਕਿਉਂ ਨੀ ਦਿੰਦੇ। ਇਹ ਲੋਲੋ ਪੋਪੋ ਜਿਹੀ ਨੇ ਸਾਰੇ ਟੱਬਰ ਦੀ ਜਾਨ ਸੂਲੀ ਤੇ ਟੰਗੀ ਪਈ ਆ। ਭੈਣ ਭਰਾ ਹੋਣਗੇ ਰਾਹ ਰਾਹ ਸਿਰ ਦੇ...। ਨਹੀਂ ਕੁੱਝ ਕਹਿ ਸਕਦੇ ਤਾਂ ਮੈਨੂੰ ਦੱਸੋ ਜੇ ਮੁੜਕੇ ਫੋਨ ਕਰਗੇ ਤਾਂ ਕਹਿ ਦਿਉ। ਹੁਣ ਸਮਾਗਮ ਸਮੁਗਮ ਨੂੰ ਛੱਡੋ ਤੇ ਘਰ ਆ ਕੇ ਉਸ ਨੂੰ ਫੋਨ ਕਰਕੇ ਦੋ ਟੁੱਕ ਜਵਾਬ ਦਿਉ" ਮੈਨੂੰ ਲੱਗਿਆ ਜਿਵੇਂ ਫਾਂਸੀ ਦਾ ਫੰਦਾ ਭਗਤ ਸਿੰਘ ਦੇ ਗਲੋਂ ਲਹਿਕੇ ਮੇਰੇ ਗਲ ਵਿੱਚ ਪੈ ਗਿਆ ਹੋਵੇ।

ਭਗਤ ਸਿੰਘ ਦਾ ਮੁੱਛਾਂ ਚਾੜਦਾ ਪੋਸਟਰ ਮੇਰੇ ਵਰਗੇ ਕਮਜ਼ੋਰ ਬੰਦੇ ਤੇ ਜਿਵੇਂ ਹੱਸ ਰਿਹਾ ਹੋਵੇ। ਭਾਰਤ ਸ਼ਬਦ ਤੋਂ ਹੀ ਮੈਨੂੰ ਡਰ ਆਉਣ ਲੱਗਾ। ਮੈਂ ਛਿੱਥਾ ਜਿਹਾ ਪੈਂਦਿਆਂ ਆਲੇ ਦੁਆਲੇ ਨਜ਼ਰ ਘੁਮਾਈ। ਲੋਕ ਫਰੀ ਦੇ ਸਮੋਸਿਆਂ ਨੂੰ ਟੁੱਟ ਕੇ ਪਏ ਹੋਏ ਸਨ। ਫੰਡ ਕੱਟਣ ਵਾਲੇ ਫੰਡ ਕੱਟੀ ਜਾ ਰਹੇ ਸਨ। ਕਿਤਾਬਾਂ ਵੀ ਵਿਕ ਰਹੀਆਂ ਸਨ।ਇੱਕ ਜ਼ਮੀਰ ਹੀ ਸੀ ਜਿਹੜੀ ਵਿਕਣ ਦਾ ਨਾਂ ਨਹੀਂ ਸੀ ਲੈ ਰਹੀ। ਅੰਦਰੋਂ ਲੀਡਰ ਦੇ ਭਾਸ਼ਨ ਦੀ ਆਵਾਜ਼ ਬਾਹਰ ਸੁਣ ਰਹੀ ਸੀ। ਜੋ ਮੇਰੀ ਆਤਮਾਂ ਦੀ ਆਵਾਜ ਨਾਲੋਂ ਕਿਤੇ ਉਚੀ ਸੀ। ਤਾਰੋ ਤਾਰ ਹੋਈ ਮਾਨਸਿਕਤਾ ਲੈ ਕੇ ਮੈਂ ਪਾਰਕਿੰਗ ਲੌਟ ਵਲ ਦੌੜ ਪਿਆ।

ਪਾਰਕਿੰਗ ਲੌਟ ਵਿੱਚ ਕੁੱਝ ਨੌਜਵਾਨ ਕਾਰ ਵਿੱਚ ਬੈਠੇ ਸ਼ਰਾਬ ਤੇ ਸਿਗਰਟਾਂ ਪੀ ਰਹੇ ਸਨ। ਇੱਕ ਦੋ ਹੋਰ ਕਾਰਾਂ ਵਿੱਚ ਮੁੰਡੇ ਕੁੜੀਆਂ ਚਿਤਰਚੋਲਤ ਪਾ ਰਹੇ ਸਨ। ਭਗਤ ਸਿੰਘ ਦਾ ਰੋਲ ਕਰਨ ਵਾਲਾ ਆਪਣੀ ਗਰਲ ਫਰੈਂਡ ਨੂੰ ਚੁੰਮ ਰਿਹਾ ਸੀ। ਮੈਂ ਪਿੱਛੇ ਮੁੜ ਕੇ ਦੇਖਿਆ ਲੋਕਾਂ ਦੀ ਅਥਾਹ ਭੀੜ ਭੇਡਾਂ ਵਾਂਗੂੰ ਮਿਆਂਕਦੀ ਗੇਟਾਂ ਤੋਂ ਬਾਹਰ ਨਿੱਕਲ ਰਹੀ ਸੀ। ਭੇਡਾਂ ਜਿਨ੍ਹਾਂ ਨੇ ਵੱਢੀਆਂ ਹੀ ਜਾਣਾ ਸੀ ਚਾਹੇ ਕੋਈ ਵੱਢ ਲਵੇ। ਮੈਨੂੰ ਲੱਗਿਆ ਜਿਵੇਂ ਮੇਰੇ ਵੀ ਜਿਸਮ ਤੇ ਉਨ ਉੱਗ ਆਈ ਹੋਵੇ। ਮੈਂ ਕਾਰ ਵਲ ਨੂੰ ਦੌੜ ਪਿਆ... (ਸਮਾਪਤ)

ਇੰਡੋ-ਕੈਨੇਡੀਅਨ ਔਰਤਾਂ

(ਸਫਾ 15 ਦੀ ਬਾਕੀ)

ਵਿਆਹੀ ਪਤਨੀ ਨੂੰ ਮਾਰ ਦਿੱਤਾ ਅਤੇ ਉਸ ਉੱਪਰ ਵੀ ਹਮਲਾ ਕੀਤਾ। ਪਰ ਚੀਮਾ ਦੇ ਲੱਗੀਆਂ ਸੱਟਾਂ ਏਨੀਆਂ ਮਾਮੂਲੀ ਸਨ ਕਿ ਉਸ ਨੂੰ ਥੋੜ੍ਹੀ ਦੇਰ ਬਾਅਦ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ। 14 ਜੁਲਾਈ ਨੂੰ ਪੁਲੀਸ ਨੇ ਪਾਲ ਚੀਮਾ ਨੂੰ ਗ੍ਰਿਫਤਾਰ ਕੀਤਾ ਪਰ ਬਿਨਾਂ ਦੋਸ਼ ਲਾਇਆਂ ਛੱਡ ਦਿੱਤਾ। ਇਸ ਸਮੇਂ ਪੁਲੀਸ ਨੇ ਕਿਹਾ ਕਿ ਚੀਮਾ ਇਸ ਕਤਲ ਲਈ "ਮੁੱਖ ਅਤੇ ਇਕੋ ਇਕ ਸ਼ੱਕੀ ਵਿਅਕਤੀ ਹੈ"। ਪਰ ਪਾਲ ਚੀਮਾ ਦੇ ਪਰਿਵਾਰ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਚੀਮਾ ਸ਼ਮੀਨਾ ਦਾ ਕਤਲ ਨਹੀਂ ਕਰ ਸਕਦਾ। 27 ਅਗਸਤ 2007 ਨੂੰ ਪਾਲ ਚੀਮਾ ਨੇ ਆਪਣੇ ਮਾਪਿਆਂ ਦੇ ਘਰ ਦੀ ਬੇਸਮੈਂਟ ਵਿੱਚ ਆਤਮ ਹੱਤਿਆ ਕਰ ਲਈ।

24 ਜਨਵਰੀ 2006

ਪੰਜਾਬ: ਕੈਨੇਡਾ ਦੇ ਸ਼ਹਿਰ ਵਿਨੀਪੈੱਗ ਦੀ ਰਹਿਣ ਵਾਲੀ ਰਾਣੀ ਸੰਧੂ ਦੀ ਪੰਜਾਬ ਫੇਰੀ ਦੌਰਾਨ ਮੌਤ ਹੋ ਗਈ। ਰਾਣੀ ਦੇ ਮਾਪਿਆਂ ਨੇ ਸ਼ੱਕ ਜ਼ਾਹਿਰ ਕੀਤਾ ਕਿ ਪੰਜਾਬ ਵਿੱਚ ਰਾਣੀ ਦੀ ਜ਼ਹਿਰ ਦੇ ਕੇ ਹੱਤਿਆ ਕੀਤੀ ਗਈ ਹੈ। ਰਾਣੀ ਦੇ ਮਾਪਿਆਂ ਨੇ ਇਸ ਸੰਬੰਧ ਵਿੱਚ ਵਿਨੀਪੈੱਗ ਪੁਲੀਸ ਕੋਲ ਰਿਪੋਰਟ ਕੀਤੀ ਅਤੇ ਉਸ ਸਮੇਂ ਕੈਨੇਡਾ ਦੇ ਡਿਪਾਰਟਮੈਂਟ ਆਫ ਫੌਰਨ ਅਫੇਅਰਜ਼ ਨੇ ਰਾਣੀ ਦੇ ਮਾਪਿਆਂ ਦੇ ਦਾਅਵੇ ਦੀ ਜਾਂਚ ਕਰਨ ਲਈ ਇਕ ਕੇਸ ਵਰਕਰ ਨਿਯੁਕਤ ਕੀਤਾ ਸੀ ਅਤੇ ਫੈਡਰਲ ਅਧਿਕਾਰੀਆਂ ਨੇ ਉਹਨਾਂ ਨੂੰ ਦੱਸਿਆ ਸੀ ਕਿ ਉਹ ਪੰਜਾਬ ਦੇ ਅਧਿਕਾਰੀਆਂ ਦੇ ਸੰਪਰਕ ਵਿੱਚ ਹਨ। ਰਾਣੀ ਆਪਣੇ ਪਤੀ ਅਮਨਦੀਪ ਸੰਧੂ ਅਤੇ ਆਪਣੀ 10-ਮਹੀਨਿਆਂ ਦੀ ਬੇਟੀ ਸਿਮਰਨ ਨਾਲ 21 ਜਨਵਰੀ, 2006 ਨੂੰ ਪੰਜਾਬ ਗਈ ਸੀ ਅਤੇ 24 ਜਨਵਰੀ ਨੂੰ ਉਸ ਦੀ ਮੌਤ ਹੋ ਗਈ।

ਜਨਵਰੀ 2005

ਪੰਜਾਬ: ਕੈਨੇਡਾ ਦੇ ਸ਼ਹਿਰ ਐਡਮੰਟਨ ਦੀ ਰਹਿਣ ਵਾਲੀ 34 ਸਾਲਾ ਜਗਜੀਤ ਕੌਰ ਆਪਣੇ ਪਤੀ ਨਾਲ ਇਕ ਵਿਆਹ ਵਿੱਚ ਸ਼ਾਮਲ ਹੋਣ ਲਈ ਜਨਵਰੀ ਵਿੱਚ ਪੰਜਾਬ ਗਈ। ਪੰਜਾਬ ਪਹੁੰਚਣ ਤੋਂ 10 ਦਿਨ ਬਾਅਦ ਉਸ ਦੀ ਭੇਤ ਭਰੀ ਹਾਲਤ ਵਿੱਚ ਮੌਤ ਗਈ। ਉਸ ਦੇ ਪੋਸਟ ਮਾਰਟਮ ਤੋਂ ਪਤਾ ਲੱਗਾ ਕਿ ਉਸ ਨੂੰ ਜ਼ਹਿਰ ਦਿੱਤੀ ਗਈ ਸੀ। ਜਗਜੀਤ ਦੇ ਵੱਡੇ ਭਰਾ ਗੁਰਸੇਵਕ ਸੇਖੋਂ ਦਾ ਕਹਿਣਾ ਸੀ ਕਿ ਅਜਿਹਾ ਨਹੀਂ ਹੋ ਸਕਦਾ ਕਿ ਉਸ ਦੀ ਭੈਣ ਨੇ ਆਪ ਜ਼ਹਿਰ ਖਾਧੀ ਹੋਵੇ। ਸੇਖੋਂ ਨੇ ਮੀਡੀਆ ਨੂੰ ਅਗਾਂਹ ਦੱਸਿਆ ਕਿ ਪੰਜਾਬ ਵਿੱਚ ਪੁਲੀਸ ਨੇ ਜਗਜੀਤ ਦੇ ਪਤੀ ਅਤੇ ਉਸ ਦੇ ਪਰਿਵਾਰ ਵਾਲਿਆਂ ਤੋਂ ਪੁੱਛ-ਗਿੱਛ ਕੀਤੀ ਸੀ, ਪਰ ਕਿਸੇ 'ਤੇ ਕੋਈ ਚਾਰਜ ਨਹੀਂ ਲਾਇਆ ਸੀ।

3 ਫਰਵਰੀ 1991

ਮੇਰਟ, ਬੀ ਸੀ ਨੇੜੇ:- 25 ਸਾਲਾ ਸਵਰਨਜੀਤ ਕੌਰ ਥਾਂਦੀ ਦੀ ਲਾਸ਼ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਮੇਰਟ ਨੇੜੇ ਇਕ ਸੜਕ ਦੇ ਕਿਨਾਰੇ ਮਿਲੀ। ਸਵਰਨਜੀਤ ਦੇ ਕਤਲ ਦੇ ਸੰਬੰਧ ਵਿੱਚ ਕਿਸੇ ਨੂੰ ਚਾਰਜ ਨਹੀਂ ਕੀਤਾ ਗਿਆ ਪਰ ਉਸ ਦੀ ਮੌਤ ਬਾਰੇ ਕੌਰਨਰ ਵਲੋਂ ਕੀਤੀ ਇਕ ਜਾਂਚ ਵਿੱਚ ਪੇਸ਼ ਗਵਾਹੀਆਂ ਅਨੁਸਾਰ ਸਵਰਨਜੀਤ ਸਤੰਬਰ1985 ਵਿੱਚ ਜਗਤਾਰ ਪਾਲ ਢਿੱਲੋਂ ਨਾਲ ਵਿਆਹ ਕਰਵਾ ਕੇ ਅਲਡਰਗਰੋਵ ਕੈਨੇਡਾ ਵਿਖੇ ਆਈ ਸੀ। ਇਥੇ ਆਉਣ ਤੋਂ ਬਾਅਦ ਛੇਤੀ ਹੀ ਉਸ ਨੇ ਪਾਲ ਢਿੱਲੋਂ ਤੋਂ ਤਲਾਕ ਲੈ ਲਿਆ ਕਿਉਂਕਿ ਉਸ ਦੇ ਅਤੇ ਢਿੱਲੋਂ ਪਰਿਵਾਰ ਵਿਚਕਾਰ ਸਮਝੌਤਾ ਸੀ ਕਿ ਸਵਰਨਜੀਤ ਦਾ ਇੰਡਿਆ ਵਿੱਚ ਰਹਿ ਰਹੇ ਪਾਲ ਦੇ ਵੱਡੇ ਭਰਾ ਨਿਰਮਲ ਢਿੱਲੋਂ ਨਾਲ ਵਿਆਹ ਕੀਤਾ ਜਾਵੇਗਾ। ਇਸ ਲਈ ਤਲਾਕ ਲੈਣ ਤੋਂ ਬਾਅਦ ਵੀ ਸਵਰਨਜੀਤ ਆਪਣੇ ਸਾਬਕਾ ਪਤੀ ਦੇ ਹੀ ਘਰ ਰਹੀ।

ਜਾਂਚ ਵਿੱਚ ਭੁਗਤੀਆਂ ਗਵਾਹੀਆਂ ਵਿੱਚ ਇਹ ਵੀ ਕਿਹਾ ਗਿਆ ਕਿ ਉਸ ਘਰ ਵਿੱਚ ਸਵਰਨਜੀਤ ਨਾਲ ਬਦਸਲੂਕੀ ਕੀਤੀ ਜਾਂਦੀ ਸੀ, ਉਸ ਨੂੰ ਬੇਸਮੈਂਟ ਵਿੱਚ ਫਰਸ਼ 'ਤੇ ਸੁਲਾਇਆ ਜਾਂਦਾ ਸੀ ਅਤੇ ਖਾਣ ਲਈ ਰੋਟੀ ਦੇ ਬਚੇ ਖੁਚੇ ਟੁੱਕੜੇ ਦਿੱਤੇ ਜਾਂਦੇ ਸਨ ਅਤੇ ਉਸ ਨਾਲ ਕੁੱਟ ਮਾਰ ਕੀਤੀ ਜਾਂਦੀ ਸੀ। ਓਸ਼ੀਅਨ ਪਾਰਕ ਪੀਜ਼ਾ, ਜਿੱਥੇ ਸਵਰਨਜੀਤ ਕੰਮ ਕਰਦੀ ਸੀ, ਦੇ ਮੈਨੇਜਰ ਅਤੇ ਕੁੱਕ ਨੇ ਗਵਾਹੀ ਦਿੰਦਿਆਂ ਕਿਹਾ ਕਿ ਕਈ ਵਾਰ ਸਵਰਨਜੀਤ ਦੀਆਂ ਬਾਹਾਂ 'ਤੇ ਨੀਲ ਪਏ ਹੁੰਦੇ ਸਨ। ਇਸ ਤੋਂ ਇਲਾਵਾ ਉਸ ਘਰ ਵਿੱਚ ਸਵਰਨਜੀਤ ਦਾ ਲਿੰਗਕ ਸੋਸ਼ਣ ਵੀ ਕੀਤਾ ਜਾਂਦਾ ਸੀ। ਸਵਰਨਜੀਤ ਤੋਂ ਗੁਲਾਮਾਂ ਵਾਂਗ ਕੰਮ ਕਰਵਾਇਆ ਜਾਂਦਾ ਸੀ। ਪਰ ਇਸ ਜਾਂਚ ਵਿੱਚ ਢਿੱਲੋਂ ਪਰਿਵਾਰ ਦੇ ਮੈਂਬਰਾਂ ਨੇ ਗਵਾਹੀ ਦਿੰਦਿਆਂ ਇਹਨਾਂ ਸਾਰੇ ਇਲਜ਼ਾਮਾਂ ਦਾ ਖੰਡਨ ਕੀਤਾ ਸੀ।

ਔਰਤਾਂ ਉੱਤੇ ਕੀਤੇ ਗਏ ਹਮਲੇ ਜਿਹਨਾਂ ਲਈ ਪਰਿਵਾਰ ਦੇ ਮੈਂਬਰਾਂ ਨੂੰ ਦੋਸ਼ੀ ਪਾਇਆ ਗਿਆ ਜਾਂ ਉਹਨਾਂ ਨੂੰ ਚਾਰਜ ਕੀਤਾ ਗਿਆ ਹੈ।

19 ਅਕਤੂਬਰ 2006

ਪੋਰਟ ਕੁਕਿਟਲਮ, ਬ੍ਰਿਟਿਸ਼ ਕੋਲੰਬੀਆ:- ਪਰਮਜੀਤ ਘੁੰਮਣ ਨੇ ਆਪਣੀ ਪਤਨੀ ਗੁਰਜੀਤ ਘੁੰਮਣ ਨੂੰ ਗੋਲੀ ਮਾਰ ਦਿੱਤੀ। ਗੋਲੀ ਲੱਗਣ ਕਾਰਨ ਗੁਰਜੀਤ ਛੇ ਹਫਤੇ ਬੇਹੋਸ਼ੀ (ਕੋਮੇ) ਵਿੱਚ ਰਹੀ। ਬੇਸ਼ੱਕ ਛੇ ਹਫਤਿਆਂ ਬਾਅਦ ਉਸ ਨੂੰ ਹੋਸ਼ ਆ ਗਈ ਪਰ ਇਸ ਹਮਲੇ ਕਾਰਨ ਉਸਦੀ ਨਿਗ੍ਹਾ ਚਲੀ ਗਈ। ਗੁਰਜੀਤ ਨੂੰ ਗੋਲੀ ਮਾਰਨ ਬਾਅਦ ਉਸ ਦੇ ਪਤੀ ਨੇ ਆਪਣੇ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਪਰਮਜੀਤ ਅਤੇ ਗੁਰਜੀਤ ਘੁੰਮਣ 18 ਸਾਲ ਤੋਂ ਵਿਆਹੇ ਹੋਏ ਸਨ, ਪਰ ਉਹਨਾਂ ਦਾ ਵਿਆਹੁਤਾ ਜੀਵਨ ਸਮੱਸਿਆਵਾਂ ਭਰਪੂਰ ਸੀ। ਸੰਨ 2006 ਦੀਆਂ ਗਰਮੀਆਂ ਵਿੱਚ ਜਦੋਂ ਗੁਰਜੀਤ ਨੇ ਆਪਣੇ ਪਤੀ ਤੋਂ ਤਲਾਕ ਲੈਣ ਦੀ ਗੱਲ ਕੀਤੀ ਤਾਂ ਸਥਿਤੀ ਵਿਗੜਨੀ ਸ਼ੁਰੂ ਹੋ ਗਈ।

23 ਨਵੰਬਰ 2004

ਪੋਰਟ ਕੁਕਿਟਲਮ, ਬ੍ਰਿਟਿਸ਼ ਕੋਲੰਬੀਆ:- ਸੁਰਿੰਦਰ ਕੌਰ ਤੂਰ ਆਪਣੀ ਨੂੰਹ ਰੀਨਾ ਤੂਰ ਨੂੰ ਬੱਸ ਸਟਾਪ ਉੱਤੇ ਮਿਲੀ ਅਤੇ ਉਸ ਨੂੰ ਨੇੜੇ ਹੀ ਪਾਰਕ ਕੀਤੀ ਕਾਰ ਵਿੱਚ ਲੈ ਗਈ। ਉਸ ਕਾਰ ਵਿੱਚ ਪਹਿਲਾਂ ਹੀ ਪਰਵਿੰਦਰ ਤੂਰ (ਸੁਰਿੰਦਰ ਕੌਰ ਤੂਰ ਦੀ ਬੇਟੀ) ਅਤੇ ਰਾਜਵੰਸ਼ ਨਿੱਜਰ (ਸੁਰਿੰਦਰ ਕੌਰ ਦੀ ਭਤੀਜੀ ਜਾਂ ਭਾਣਜੀ) ਬੈਠੀਆਂ ਹੋਈਆਂ ਸਨ। ਕਾਰ ਵਿੱਚ ਸੁਰਿੰਦਰ ਕੌਰ, ਰਾਜਵੰਸ਼ ਅਤੇ ਪਰਵਿੰਦਰ ਨੇ ਰੀਨਾ ਨੂੰ ਕੁੱਟਿਆ ਅਤੇ ਇਕ ਛੋਟੇ ਚਾਕੂ ਨਾਲ ਉਸ ਉੱਪਰ ਵਾਰ ਕੀਤਾ।

ਸਤੰਬਰ 2007 ਵਿੱਚ ਜੱਜ ਨੇ ਇਹਨਾਂ ਤਿੰਨਾਂ ਨੂੰ ਇਸ ਜੁਰਮ ਲਈ ਦੋਸ਼ੀ ਕਰਾਰ ਦਿੱਤਾ ਅਤੇ ਸੁਰਿੰਦਰ ਕੋਰ ਨੂੰ 14 ਮਹੀਨਿਆਂ, ਪਰਵਿੰਦਰ ਕੌਰ ਤੂਰ ਅਤੇ ਰਾਜਵੰਸ਼ ਕੌਰ ਨਿੱਜਰ ਨੂੰ 10-10 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ। ਮੁਕੱਦਮੇ ਦੌਰਾਨ ਗਵਾਹੀ ਦਿੰਦਿਆਂ ਰੀਨਾ ਤੂਰ ਨੇ ਦੱਸਿਆ ਕਿ ਉਸ ਦੇ ਸਹੁਰੇ ਪਰਿਵਾਰ ਦੇ ਮੈਂਬਰਾਂ ਨੇ ਉਹਨਾਂ ਦੇ ਬਿਸਤਰੇ ਦੇ ਉਸ ਪਾਸੇ ਟੁੱਟੇ ਸੀਸ਼ੇ ਰੱਖੇ ਸਨ ਜਿਸ ਪਾਸੇ ਉਹ ਸੌਂਦੀ ਸੀ, ਉਸ ਦੀਆਂ ਦਵਾਈਆਂ ਬਦਲੀਆਂ ਸਨ ਅਤੇ ਉਸ ਦੇ ਖਾਣੇ ਵਿੱਚ ਜ਼ਹਿਰ ਪਾਇਆ ਸੀ।

18 ਜਨਵਰੀ 2001

ਸਰੀ:- ਘਰੇਲੂ ਲੜਾਈ ਦੌਰਾਨ, ਸੁਖਜਿੰਦਰ ਸਿੰਘ ਢਿੱਲੋਂ ਨੇ ਆਪਣੀ ਪਤਨੀ ਰਣਜੀਤ ਕੌਰ ਢਿੱਲੋਂ ਨੂੰ ਕੁੱਟਿਆ। ਨਤੀਜੇ ਵਜੋਂ ਅਗਸਤ 2001 ਵਿੱਚ ਸੁਖਜਿੰਦਰ ਸਿੰਘ ਢਿੱਲੋਂ ਨੂੰ ਅਦਾਲਤ ਨੇ ਇਕ ਸਾਲ ਦੀ ਸ਼ਰਤੀਆ ਸਜ਼ਾ ਸੁਣਾਈ। ਮੁਕੱਦਮੇ ਦੌਰਾਨ ਰਣਜੀਤ ਕੌਰ ਢਿੱਲੋਂ ਨੇ ਇਲਜ਼ਾਮ ਲਾਇਆ ਸੀ ਕਿ ਉਸ ਨੂੰ ਇਸ ਕਰਕੇ ਕੁੱਟਿਆ ਗਿਆ ਕਿਉਂਕਿ ਉਸ ਨੇ ਦੋ ਕੁੜੀਆਂ ਨੂੰ ਜਨਮ ਦਿੱਤਾ ਸੀ ਅਤੇ ਉਸ ਦੇ ਕੋਈ ਪੁੱਤਰ ਨਹੀਂ ਸੀ ਹੋਇਆ। ਸੁਖਜਿੰਦਰ ਸਿੰਘ ਢਿੱਲੋਂ ਨੇ ਮੰਨਿਆ ਕਿ ਉਸ ਨੇ ਰਣਜੀਤ ਦੇ ਮੁੱਕਾ ਮਾਰਿਆ ਸੀ, ਪਰ ਉਸ ਦਾ ਕਹਿਣਾ ਸੀ ਕਿ ਉਸ ਨੇ ਅਜਿਹਾ ਇਸ ਕਰਕੇ ਨਹੀਂ ਕੀਤਾ ਕਿ ਰਣਜੀਤ ਕੌਰ ਦੇ ਕੋਈ ਪੁੱਤਰ ਨਹੀਂ ਸੀ ਹੋਇਆ, ਸਗੋਂ ਲੜਾਈ ਤਿੰਨ ਔਰਤਾਂ (ਰਣਜੀਤ ਕੌਰ, ਉਸ ਦੀ ਸੱਸ ਬਲਵੀਰ ਢਿੱਲੋਂ ਅਤੇ ਉਸ ਦੀ ਨਨਾਣ ਦਵਿੰਦਰ ਢਿੱਲੋਂ) ਵਿਚਕਾਰ ਸ਼ੁਰੂ ਹੋਈ ਸੀ।

ਮਈ 17, 2000

ਟਰਾਂਟੋ, ਉਨਟੇਰੀਓ:- 67 ਸਾਲਾ ਪਿਆਰਾ ਸਿੰਘ ਰਾਇ ਨੇ ਆਪਣੀ ਬੇਟੀ ਅਮਰਪ੍ਰਦੀਪ ਕੌਰ ਰਾਇ ਉੱਪਰ ਚਾਕੂ ਨਾਲ ਹਮਲਾ ਕਰਕੇ ਗੰਭੀਰ ਜ਼ਖਮੀ ਕਰ ਦਿੱਤਾ ਕਿਉਂਕਿ ਅਮਰਪ੍ਰਦੀਪ ਨੇ ਮਾਪਿਆਂ ਵਲੋਂ ਕੀਤੇ ਵਿਆਹ ਵਿੱਚੋਂ ਨਿਕਲ ਕੇ ਆਪਣੇ ਮਨਪਸੰਦ ਮੁੰਡੇ ਨਾਲ ਵਿਆਹ ਕਰ ਲਿਆ ਸੀ। ਸੰਨ 1999 ਵਿੱਚ ਅਮਰਪ੍ਰਦੀਪ ਕੌਰ ਆਪਣੇ ਭਰਾਵਾਂ ਨੂੰ ਮਿਲਣ ਭਾਰਤ ਗਈ ਸੀ, ਜਿੱਥੇ ਉਸ ਦਾ ਵਿਆਹ ਉਸ ਦੇ ਕਜ਼ਨ ਨਾਲ ਕਰ ਦਿੱਤਾ ਗਿਆ ਤਾਂ ਕਿ ਉਸ ਦਾ ਕਜ਼ਨ ਕੈਨੇਡਾ ਆ ਸਕੇ।

ਇਸ ਵਿਆਹ ਵਿੱਚ ਅਮਰਪ੍ਰਦੀਪ ਅਤੇ ਉਸ ਦੇ ਕਜ਼ਨ ਵਿਚਕਾਰ ਪਤੀ/ਪਤਨੀ ਵਾਲੇ ਸੰਬੰਧ ਨਹੀਂ ਬਣੇ ਸਨ। ਮਾਰਚ 2000 ਵਿੱਚ ਅਮਰਪ੍ਰਦੀਪ ਦੁਬਾਰਾ ਭਾਰਤ ਗਈ ਅਤੇ ਉਸ ਨੇ ਆਪਣੀ ਪਸੰਦ ਦੇ ਮੁੰਡੇ ਨਾਲ ਚੋਰੀ ਵਿਆਹ ਕਰਵਾ ਲਿਆ। ਅਮਰਪ੍ਰਦੀਪ ਦੇ ਵਾਪਸ ਕੈਨੇਡਾ ਆਉਣ ਤੇ ਜਦੋਂ ਉਸ ਦੇ ਪਿਤਾ ਪਿਆਰਾ ਸਿੰਘ ਰਾਇ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਗੁੱਸੇ ਵਿੱਚ ਆ ਕੇ ਅਮਰਪ੍ਰਦੀਪ ਉੱਤੇ ਹਮਲਾ ਕਰ ਦਿੱਤਾ ਅਤੇ ਜਿਸਦੇ ਨਤੀਜੇ ਵਜੋਂ ਅਮਰਪ੍ਰਦੀਪ ਦੀ ਗਰਦਨ ਉੱਪਰ ਡੂੰਘੇ ਜ਼ਖਮ ਹੋਏ। ਇਸ ਹਮਲੇ ਦੇ ਨਤੀਜੇ ਵਲੋਂ ਅਦਾਲਤ ਨੇ ਜੂਨ 2001 ਵਿੱਚ ਪਿਆਰਾ ਸਿੰਘ ਰਾਇ ਨੂੰ ਕਤਲ ਕਰਨ ਦੇ ਇਰਾਦੇ ਦੇ ਦੋਸ਼ ਵਿੱਚ ਦੋਸ਼ੀ ਕਰਾਰ ਦਿੱਤਾ ਅਤੇ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ। ਅਦਾਲਤ ਵਿੱਚ ਆਪਣੇ ਪਿਤਾ ਵਿਰੁੱਧ ਗਵਾਹੀ ਦਿੰਦਿਆਂ ਅਮਰਪ੍ਰਦੀਪ ਰਾਇ ਨੇ ਕਿਹਾ, "ਮੈਂ ਉਸ ਵੱਲ ਦੇਖਣਾ ਵੀ ਨਹੀਂ ਚਾਹੁੰਦੀ ਕਿਉਂਕਿ ਉਸ ਨੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ।"

ਜੂਨ 1999

ਐਡਮੰਟਨ, ਅਲਬਰਟਾ: ਜਦੋਂ ਪੁਲੀਸ ਸਵੇਰ ਦੇ 4:30 ਵਜੇ ਮਿੱਲਵੁੱਡ ਵਿੱਚ ਰਹਿਣ ਵਾਲੀ 30 ਸਾਲਾ ਪਰਵੀਨ ਬਾਸੀ ਦੇ ਘਰ ਪਹੁੰਚੀ ਤਾਂ ਪਰਵੀਨ ਉਹਨਾਂ ਨੂੰ ਇਕ ਰਜਾਈ ਵਿੱਚ ਲਿਪਟੀ ਘਰ ਤੋਂ ਬਾਹਰ ਮਿਲੀ। ਉਸ ਦੀ ਛਾਤੀ, ਪੇਟ ਅਤੇ ਪੁੜਿਆਂ ਵਿੱਚ ਲੱਗੀਆਂ ਗੋਲੀਆਂ ਨਾਲ ਹੋਏ ਜ਼ਖਮਾਂ ਵਿੱਚੋਂ ਖੂਨ ਵਗ ਰਿਹਾ ਸੀ। ਇਸ ਹਮਲੇ ਦੇ ਸੰਬੰਧ ਵਿੱਚ ਪੁਲੀਸ ਨੇ ਪਰਵੀਨ ਦੇ ਪਤੀ 38 ਸਾਲਾ ਗੁਰਦੀਪ ਸਿੰਘ ਬਾਸੀ ਉੱਪਰ ਇਰਾਦਾ ਕਤਲ ਅਤੇ ਸੰਗੀਨ ਹਮਲੇ ਦੇ ਦੋਸ਼ ਲਾਏ।

ਫਰਵਰੀ 1999

ਸਰੀ, ਬੀ ਸੀ:- ਬੀ ਸੀ ਦੀ ਇਕ ਅਦਾਲਤ ਵਿੱਚ ਇਕ ਜੱਜ ਅਤੇ ਜਿਊਰੀ ਦੇ 12 ਮੈਂਬਰਾਂ ਸਾਹਮਣੇ ਇਕ 26 ਸਾਲਾ ਪੰਜਾਬੀ ਔਰਤ ਨੇ ਚਾਰ ਦਿਨ ਆਪਣੇ ਪਤੀ ਵਿਰੁੱਧ ਗਵਾਹੀ ਦਿੱਤੀ। ਉਸ ਦੇ ਪਤੀ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ ਅਤੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਦੀ ਗਵਾਹੀ ਦੇ ਨਤੀਜੇ ਵਜੋਂ ਜਿਊਰੀ ਨੇ ਉਸ ਦੇ ਪਤੀ ਨੂੰ ਇਰਾਦਾ ਕਤਲ, ਸੰਗੀਨ ਹਮਲੇ, ਧਮਕੀਆਂ ਦੇਣ ਅਤੇ ਲਿੰਗਕ ਹਮਲੇ ਲਈ ਦੋਸ਼ੀ ਕਰਾਰ ਦਿੱਤਾ। ਇਸ ਹਮਲੇ ਵਿੱਚ ਪਤੀ ਨੇ ਇਸ ਔਰਤ 'ਤੇ ਇਕ ਹਥੌੜੇ ਜਾਂ ਸੱਬਲ ਨਾਲ ਹਮਲਾ ਕੀਤਾ ਸੀ। ਇਸ ਔਰਤ ਦਾ 1995 ਵਿੱਚ ਪੰਜਾਬ ਵਿੱਚ ਵਿਆਹ ਹੋਇਆ ਸੀ ਅਤੇ ਉਹ 10 ਜਨਵਰੀ 1998 ਨੂੰ ਕੈਨੇਡਾ ਆਈ ਸੀ। ਉਸ ਦਾ ਪਤੀ ਉਸ ਦੇ ਕੈਨੇਡਾ ਆਉਣ 'ਤੇ ਖੁਸ਼ ਨਹੀਂ ਸੀ ਅਤੇ ਉਸ ਨੇ ਦੋ ਵਾਰ ਆਪਣੀ ਪਤਨੀ ਦੀ ਅਰਜ਼ੀ ਕੈਂਸਲ ਕਰਵਾਈ ਸੀ। ਕਿਉਂਕਿ ਇਸ ਮਾਮਲੇ ਵਿੱਚ ਪਤੀ ਉੱਪਰ ਇਕ ਦੋਸ਼ ਲਿੰਗਕ ਹਮਲੇ ਦਾ ਸੀ ਇਸ ਲਈ ਅਦਾਲਤ ਨੇ ਇਸ ਔਰਤ ਦਾ ਨਾਂ ਛਾਪਣ 'ਤੇ ਪਾਬੰਦੀ ਲਾ ਦਿੱਤੀ ਸੀ। ਔਰਤ ਦੀ ਪਛਾਣ ਹੋਣ ਤੋਂ ਬਚਣ ਲਈ ਪ੍ਰਕਾਸ਼ਿਤ ਖਬਰਾਂ ਵਿੱਚ ਉਸ ਦੇ ਪਤੀ ਦਾ ਨਾਂ ਵੀ ਨਹੀਂ ਛਾਪਿਆ ਗਿਆ ਸੀ।

30 ਅਗਸਤ 1998

ਸਰੀ, ਬੀ ਸੀ:- 40 ਸਾਲਾ ਬਲਬੀਰ ਸਿੰਘ ਗੋਸਲ ਨੇ ਆਪਣੀ ਪਤਨੀ ਜਸਬੀਰ ਗੋਸਲ 'ਤੇ ਇਕ ਹਥੌੜੇ ਨਾਲ ਹਮਲਾ ਕਰ ਦਿੱਤਾ। ਗੋਸਲ ਆਪਣੀ ਪਤਨੀ ਮਗਰ ਹਥੌੜਾ ਲੈ ਕੇ ਆਇਆ ਅਤੇ ਉਸ ਨੂੰ ਕਹਿਣ ਲੱਗਾ ਕਿ ਉਹ ਉਸ ਨੂੰ ਅਤੇ ਉਹਨਾਂ ਦੇ ਦੋ ਬੱਚਿਆਂ ਨੂੰ ਕਤਲ ਕਰਨ ਲੱਗਾ ਹੈ। ਫਿਰ ਉਸ ਨੇ ਜਸਬੀਰ 'ਤੇ ਹਥੌੜੇ ਨਾਲ ਵਾਰ ਕੀਤਾ। ਜਸਬੀਰ ਨੇ ਆਪਣੇ ਪਤੀ ਤੋਂ ਛੁੱਟ ਕੇ ਪੁਲੀਸ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਫੋਨ ਲਾਈਨ ਕੱਟੀ ਹੋਈ ਸੀ। ਕਿਸੇ ਗਵਾਂਢੀ ਵਲੋਂ ਫੋਨ ਕਰਨ 'ਤੇ ਪੁਲੀਸ ਉੱਥੇ ਪਹੁੰਚੀ ਅਤੇ ਉਹਨਾਂ ਨੇ ਜਸਬੀਰ ਨੂੰ ਬਲਵੀਰ ਸਿੰਘ ਕੋਲੋਂ ਛੁਡਵਾਇਆ। ਉਸ ਸਮੇਂ ਤੱਕ ਬਲਵੀਰ ਸਿੰਘ ਆਪਣੀ ਪਤਨੀ 'ਤੇ ਹਥੌੜੇ ਨਾਲ ਕਈ ਵਾਰ ਕਰ ਚੁੱਕਿਆ ਸੀ ਅਤੇ ਜਸਬੀਰ ਦਾ ਗਲਾ ਘੁੱਟ ਰਿਹਾ ਸੀ। ਬਾਅਦ ਵਿੱਚ ਬਲਬੀਰ ਸਿੰਘ ਗੋਸਲ ਨੇ ਅਦਾਲਤ ਸਾਹਮਣੇ ਆਪਣਾ ਕਸੂਰ ਮੰਨ ਲਿਆ, ਜਿਸ ਦੇ ਨਤੀਜੇ ਵਜੋਂ ਉਸ ਨੂੰ 13 ਜੁਲਾਈ 2000 ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਵਾਈ ਗਈ।

ਜੁਲਾਈ 1998

ਕੈਲਗਰੀ, ਅਲਬਰਟਾ:- ਗੁਰਦੀਪ ਗਰੇਵਾਲ ਨੂੰ ਪੁਲੀਸ ਨੇ ਉਸ ਵੇਲੇ ਗੋਲੀ ਮਾਰ ਕੇ ਮਾਰ ਦਿੱਤਾ ਜਿਸ ਸਮੇਂ ਉਸ ਨੇ ਆਪਣੀ ਸੱਸ ਬਲਵਿੰਦਰ ਤੂਰ ਉੱਤੇ ਚਾਕੂ ਨਾਲ ਹਮਲਾ ਕੀਤਾ। ਗੁਰਦੀਪ ਗਰੇਵਾਲ ਦੀ ਵੱਖ ਹੋਈ ਪਤਨੀ ਸਤਵਿੰਦਰ ਆਪਣੀ ਮਾਂ ਨਾਲ ਰਹਿ ਰਹੀ ਸੀ। ਉੱਥੇ ਆਕੇ ਗੁਰਦੀਪ ਗਰੇਵਾਲ ਦੀ ਸਤਵਿੰਦਰ ਨਾਲ ਲੜਾਈ ਹੋਈ। ਇਸ ਦੌਰਾਨ ਸਤਵਿੰਦਰ ਗੁਰਦੀਪ ਤੋਂ ਛੁੱਟ ਕੇ ਗਵਾਂਢੀਆਂ ਦੇ ਚਲੀ ਗਈ ਜਿੱਥੋਂ ਜਾ ਕੇ ਉਸ ਨੇ ਪੁਲੀਸ ਨੂੰ ਫੋਨ ਕੀਤਾ। ਪੁਲੀਸ ਦੋ ਮਿੰਟਾਂ ਵਿੱਚ ਉੱਥੇ ਪਹੁੰਚ ਗਈ। ਆਉਣ ਬਾਅਦ ਪੁਲੀਸ ਨੇ ਗੁਰਦੀਪ ਨਾਲ ਗੱਲ ਕੀਤੀ ਪਰ ਜਦੋਂ ਗੁਰਦੀਪ ਨੇ ਆਪਣੀ ਸੱਸ 'ਤੇ ਚਾਕੂ ਨਾਲ ਵਾਰ ਕੀਤਾ ਤਾਂ ਪੁਲੀਸ ਨੇ ਪਹਿਲਾਂ ਇਕ ਗੋਲੀ ਚਲਾਈ ਅਤੇ ਫਿਰ ਪੰਜ ਹੋਰ ਗੋਲੀਆਂ ਚਲਾਈਆਂ। ਨਤੀਜੇ ਵਜੋਂ ਗੁਰਦੀਪ ਗਰੇਵਾਲ ਦੀ ਮੌਤ ਹੋ ਗਈ।

ਦਸੰਬਰ 1994/ ਫਰਵਰੀ 1995

ਵਿਨੀਪੈੱਗ, ਮੈਨੀਟੋਬਾ:- ਦਸੰਬਰ 1994 ਵਿੱਚ ਪਾਲ ਚੀਮਾ ਵਿਨੀਪੈੱਗ ਦੀ ਇਕ ਔਰਤ ਪਰਮਜੀਤ ਸਿੰਘ ਦੇ ਕੰਮ 'ਤੇ ਗਿਆ ਅਤੇ ਉਸ ਨੂੰ ਅਗਵਾ ਕਰ ਲਿਆ ਅਤੇ 10 ਘੰਟਿਆਂ ਲਈ ਉਸ ਨੂੰ ਚਾਕੂ ਦੀ ਨੋਕ 'ਤੇ ਆਪਣੇ ਕਬਜ਼ੇ ਵਿੱਚ ਰੱਖਿਆ। ਚੀਮਾ ਨੇ ਅਜਿਹਾ ਉਦੋਂ ਕੀਤਾ ਜਦੋਂ ਪਰਮਜੀਤ ਨੇ ਪਾਲ ਚੀਮਾ ਅਤੇ ਉਸ ਵਿਚਕਾਰ ਚੱਲ ਰਹੀ ਵਿਆਹ ਦੀ ਗੱਲਬਾਤ ਨੂੰ ਤੋੜ ਦਿੱਤਾ ਸੀ। ਇਸ ਲਈ ਚੀਮਾ ਉੱਤੇ ਚਾਰਜ ਲਾਏ ਗਏ। ਜਮਾਨਤ 'ਤੇ ਹੁੰਦਾ ਹੋਇਆ ਚੀਮਾ ਫਰਵਰੀ 1995 ਵਿੱਚ ਇਕ ਵਾਰ ਫਿਰ ਪਰਮਜੀਤ ਦੇ ਘਰ ਗਿਆ ਅਤੇ ਉਸ ਨੂੰ ਇਕ ਵਾਰ ਫਿਰ ਫੜਨ ਦੀ ਕੋਸ਼ਿਸ਼ ਕੀਤੀ। ਉਸ ਦੇ ਹੱਥ ਵਿੱਚ ਆਟੋਮੈਟਕ ਗੰਨ ਸੀ। ਉਸ ਨੇ ਗੰਨ ਪਰਮਜੀਤ ਦੀ ਮਾਤਾ ਵੱਲ ਕੀਤੀ ਅਤੇ ਤਿੰਨ ਜਾਂ ਚਾਰ ਵਾਰ ਘੋੜਾ ਦੱਬਿਆ ਪਰ ਗੰਨ ਨਹੀਂ ਚੱਲੀ। ਜੂਨ 1995 ਵਿੱਚ ਪਾਲ ਚੀਮਾ ਨੂੰ ਪਰਮਜੀਤ ਨੂੰ ਅਗਵਾ ਕਰਨ ਦੀ ਕੋਸ਼ਿਸ਼ ਲਈ ਦੋਸ਼ੀ ਕਰਾਰ ਦਿੱਤਾ ਗਿਆ ਅਤੇ 3 ਸਾਲ ਦੀ ਸਜ਼ਾ ਸੁਣਾਈ ਗਈ।

ਜੁਲਾਈ 2007 ਵਿੱਚ ਪੁਲੀਸ ਵਲੋਂ ਪਾਲ ਚੀਮਾ ਨੂੰ ਆਪਣੀ ਪਤਨੀ ਸ਼ਮੀਨਾ ਹਿਰਜੀ ਦੀ ਹੱਤਿਆ ਲਈ ਸ਼ੱਕੀ ਸਮਝਿਆ ਜਾ ਰਿਹਾ ਸੀ। ਪਰ 27 ਅਗਸਤ 2007 ਨੂੰ ਪਾਲ ਚੀਮਾ ਨੇ ਆਪਣੇ ਮਾਪਿਆਂ ਦੇ ਘਰ ਦੀ ਬੇਸਮੈਂਟ ਵਿੱਚ ਆਤਮਹੱਤਿਆ ਕਰ ਲਈ।

ਜੁਲਾਈ 1994

ਸਰੀ, ਬੀ ਸੀ:- 52 ਸਾਲਾ ਕੁੰਦਨ ਸਿੰਘ ਸੰਘਾ ਨੇ ਆਪਣੀ 20 ਸਾਲਾ ਧੀ ਸੁਖਜੀਤ ਸੰਘਾ ਉੱਪਰ ਕਾਰ ਚਾੜ੍ਹ ਦਿੱਤੀ ਕਿਉਂਕਿ ਉਹ ਘਰ ਛੱਡ ਕੇ ਚਲੇ ਗਈ ਸੀ। ਕੁੰਦਨ ਸਿੰਘ ਸੰਘਾ ਦਾ ਵਿਚਾਰ ਸੀ ਕਿ ਸੁਖਜੀਤ ਦੇ ਘਰ ਛੱਡ ਕੇ ਜਾਣ ਕਾਰਨ ਪਰਿਵਾਰ ਦੀ ਬੇਇਜ਼ਤੀ ਹੋਈ ਸੀ। ਸੰਘਾ ਵਲੋਂ ਸੁਖਜੀਤ ਉੱਤੇ ਕਾਰ ਚਾੜ੍ਹਨ ਕਾਰਨ ਸੁਖਜੀਤ ਦੀ ਲੱਤ ਟੁੱਟ ਗਈ। ਬਾਅਦ ਵਿੱਚ 23 ਅਗਸਤ 1994 ਨੂੰ ਕੁੰਦਨ ਸੰਘਾ ਨੇ ਅਦਾਲਤ ਸਾਹਮਣੇ ਆਪਣਾ ਕਸੂਰ ਮੰਨ ਲਿਆ ਸੀ ਜਿਸ ਦੇ ਨਤੀਜੇ ਵਜੋਂ ਸਤੰਬਰ 1994 ਵਿੱਚ ਉਸ ਨੂੰ 15 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ।

ਦਸੰਬਰ 1991

ਬਰਨਬੀ, ਬੀ ਸੀ:- ਬਰਨਬੀ ਦੀ ਪ੍ਰੋਵਿੰਸ਼ਿਅਲ ਅਦਾਲਤ ਨੇ ਰਾਜੇਸ਼ ਸੈਮੀ ਨੂੰ ਆਪਣੀ 35 ਸਾਲਾ ਪਤਨੀ ਕ੍ਰਿਸਟੀਨਾ ਸੈਮੀ 'ਤੇ ਸੰਗੀਨ ਹਮਲਾ ਕਰਨ ਲਈ ਦੋਸ਼ੀ ਕਰਾਰ ਦਿੱਤਾ। ਅਗਸਤ 1991 ਵਿੱਚ ਰਾਜੇਸ਼ ਨੇ ਆਪਣੀ ਪਤਨੀ ਨੂੰ ਪਹਿਲਾਂ ਕੁੱਟਿਆ ਅਤੇ ਫਿਰ ਅੱਗ ਲਾ ਦਿੱਤੀ। ਅੱਗ ਲੱਗਣ ਕਾਰਨ ਕ੍ਰਿਸਟੀਨਾ ਦੇ ਹੱਥਾਂ, ਬਾਹਾਂ ਅਤੇ ਚਿਹਰੇ 'ਤੇ ਜਲਣ ਕਾਰਨ ਸੈਕਿੰਡ ਡਿਗਰੀ ਦੇ ਜ਼ਖਮ ਹੋਏ। ਰਾਜੇਸ਼ ਨੇ ਅਜਿਹਾ ਇਸ ਕਰ ਕੇ ਕੀਤਾ ਕਿਉਂਕਿ ਕ੍ਰਿਸਟੀਨਾ ਨੇ ਰਾਜੇਸ਼ ਅਤੇ ਉਸ ਦੇ ਕਜ਼ਨ ਨਾਲ ਹਮਬਿਸਤਰ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਦਸੰਬਰ 1987

ਕੈਲਗਰੀ, ਅਲਬਰਟਾ:- 42 ਸਾਲਾ ਮੱਖਣ ਸਿੰਘ ਬਰਾੜ ਨੂੰ ਅਦਾਲਤ ਨੇ 14 ਸਾਲ ਦੀ ਸਜ਼ਾ ਸੁਣਾਈ ਕਿਉਂਕਿ ਬਰਾੜ ਨੇ ਆਪਣੀ ਪਤਨੀ ਨੂੰ ਮਾਰਨ ਦੀ ਸਾਜਸ਼ ਰਚੀ ਸੀ ਤਾਂ ਕਿ ਬਰਾੜ ਆਪਣੀ ਪਤਨੀ ਦੀ 2.1 ਮਿਲੀਅਨ ਡਾਲਰ ਦੀ ਲਾਇਫ ਇੰਸ਼ੋਰੈਂਸ ਲੈ ਸਕੇ। ਇਕ ਵੇਲੇ ਬਰਾੜ ਕੈਲਗਰੀ ਵਿੱਚ ਇਕ ਥਿਏਟਰ, ਟ੍ਰੈਵਲ ਏਜੰਸੀ ਅਤੇ ਕੰਨਸਟਰਕਸ਼ਨ ਦੀ ਕੰਪਨੀ ਦਾ ਮਾਲਕ ਸੀ। ਸਜ਼ਾ ਸੁਣਾਉਂਦੇ ਵਕਤ ਜੱਜ ਨੇ ਅਦਾਲਤ ਵਿੱਚ ਦੱਸਿਆ ਕਿ ਬਰਾੜ ਨੇ ਵੈਨਕੂਵਰ ਵਿੱਚ ਇਕ ਭਾੜੇ ਦੇ ਕਾਤਲ ਰਾਹੀਂ ਆਪਣੀ ਪਤਨੀ ਬੇਅੰਤ ਬਰਾੜ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਸੀ। ਇਹ ਕਤਲ ਉਦੋਂ ਹੋਣਾ ਸੀ ਜਦੋਂ ਮੱਖਣ ਬਰਾੜ ਨੇ ਭਾਰਤ ਦੇ ਦੌਰੇ ਤੇ ਗਿਆ ਹੋਣਾ ਸੀ। ਬਰਾੜ ਦੀ ਇਹ ਯੋਜਨਾ ਉਸ ਸਮੇਂ ਫੇਲ੍ਹ ਹੋ ਗਈ ਜਦੋਂ ਇਕ ਅੰਡਰਕਵਰ ਪੁਲੀਸ ਅਫਸਰ ਨੂੰ ਇਸ ਦਾ ਪਤਾ ਲੱਗ ਗਿਆ।

ਮਾਰਚ 1985

ਟਰਾਂਟੋ, ਓਨਟੇਰੀਓ:- 31 ਸਾਲਾ ਸਈਦ ਅਸਲਮ ਨੇ ਆਪਣੇ 4 ਮਹੀਨਿਆਂ ਦੇ ਬੇਟੇ ਨੂੰ 17 ਮੰਜ਼ਿਲ ਦੀ ਬਾਲਕੋਨੀ ਤੋਂ ਹੇਠਾਂ ਲਮਕਾਇਆ ਅਤੇ ਆਪਣੀ ਪਤਨੀ ਪਰਵੀਨ ਨੂੰ ਧਮਕੀ ਦਿੱਤੀ ਕਿ ਜੇ ਉਸ ਨੇ ਆਪਣੀ ਕਾਰ ਸਈਦ ਅਸਲਮ ਦੇ ਨਾਂ ਨਾ ਕੀਤੀ ਤਾਂ ਉਹ ਬੱਚੇ ਨੂੰ ਹੇਠਾਂ ਸੁੱਟ ਦੇਵੇਗਾ। ਇਸ ਵਾਰਦਾਤ ਦੇ ਸੰਬੰਧ ਵਿੱਚ ਅਦਾਲਤ ਨੇ 17 ਦਸੰਬਰ ਨੂੰ ਸਈਦ ਅਸਲਮ ਨੂੰ ਆਪਣੇ ਬੱਚੇ 'ਤੇ ਹਮਲਾ ਕਰਨ ਦੇ 2 ਦੋਸ਼ਾਂ ਆਪਣੀ ਪਤਨੀ ਨੂੰ ਜਿਸਮਾਨੀ ਨੁਕਸਾਨ ਪਹੁੰਚਾਉਣ ਦੇ 1 ਦੋਸ਼ ਅਤੇ ਧੱਕੇ ਨਾਲ ਜਾਇਦਾਦ ਖੋਹਣ ਦੇ 1 ਦੋਸ਼ ਲਈ ਦੋਸ਼ੀ ਕਰਾਰ ਦਿੱਤਾ ਅਤੇ ਫਿਰ 30 ਜਨਵਰੀ 1985 ਨੂੰ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ। ਸਜ਼ਾ ਸੁਣਾਉਂਦੇ ਵਕਤ ਜੱਜ ਨੇ ਇਸ ਵਾਰਦਾਤ ਦੀ "ਘਰੇਲੂ ਦਹਿਸ਼ਤਵਾਦ" ਨਾਲ ਤੁਲਨਾ ਦਿੱਤੀ।

ਅੰਤਿਕਾ

ਉਪਰਲੇ ਤੱਥਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇੰਡੋ-ਕੈਨੇਡੀਅਨ ਸਮਾਜ ਵਿੱਚ ਔਰਤਾਂ ਵਿਰੁੱਧ ਹਿੰਸਾ ਦਾ ਇਕ ਲੰਮਾ ਇਤਿਹਾਸ ਹੈ। ਭਾਈਚਾਰੇ ਵਿੱਚ ਔਰਤਾਂ ਵਿਰੁੱਧ ਵਾਪਰਦੇ ਇਸ ਜੁਲਮ ਨੂੰ ਖਤਮ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਇਸ ਨਮੋਸ਼ੀ ਭਰੇ ਇਤਿਹਾਸ ਨੂੰ ਸਵੀਕਾਰ ਕਰੀਏ ਅਤੇ ਇਸ ਤੋਂ ਸ਼ਰਮ ਮਹਿਸੂਸ ਕਰੀਏ। ਇਸ ਇਤਿਹਾਸ ਨੂੰ ਸਵੀਕਾਰ ਕਰਕੇ ਅਸੀਂ ਸਮਝ ਸਕਾਂਗੇ ਕਿ ਇਹ ਸਮੱਸਿਆ ਸਾਡੇ ਸਮਾਜ ਵਿੱਚ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ ਅਤੇ ਇਸ ਨੂੰ ਖਤਮ ਕਰਨ ਲਈ ਸਾਨੂੰ ਲੰਮੇ ਸਮੇਂ ਤੱਕ ਲੜਾਈ ਲੜਨ ਦੀ ਲੋੜ ਹੈ।

ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ ਅਸਥਾਨ ਕਿਹੜਾ ਹੈ?
2 ਚੰਦਰ ਸ਼ੇਖਰ ਆਜ਼ਾਦ ਨੇ ਅਦਾਲਤ ਵਿਚ ਆਪਣਾ ਕੀ ਨਾਂ ਦੱਸਿਆ ਸੀ?
3 ਖਾਲਸੇ ਦੀ ਸਿਰਜਣਾ ਕਦੋਂ ਅਤੇ ਕਿਹੜੇ ਅਸਥਾਨ 'ਤੇ ਹੋਈ ਸੀ?
4 ਪੰਜਾਬੀ ਵਰਣਮਾਲਾ ਦੇ ਪੈਰਾਂ ਹੇਠ ਬਿੰਦੀ ਵਾਲੇ ਅੱਖਰ ਕਿਹੜੇ-ਕਿਹੜੇ ਹਨ?
5 ਓਲੰਪਿਕ ਕੁਆਲੀਫਾਈ ਹਾਕੀ

ਸਾਡਾ ਪਤਾ-
Nawi Dunia
2nd Floor 3448 - 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ______________________________
ਪਤਾ ________________________________
ਫੋਨ ਨੰਬਰ __________
ਸਕੂਲ ਦਾ ਨਾਮ __________________
ਗ੍ਰੇਡ ________________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ

ਮਿਤੀ______ ______________

ਜੇਤੂਆਂ ਦੇ ਨਾਮ - ਸਿੰਮੀ ਸਿੰਘ, ਨਿਵੇਦਿਤਾ ਅਤੇ ਕਰਨਬੀਰ

Matrimonial

ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields. E-mail: rnnahal@gmail.com

ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਕੰਨਿਆ ਦੀ ਲੋੜ

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਨਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Classified Plus

Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

HOUSE FOR RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.



City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304



ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਖੈਰ ਵਾਪਿਸ ਮੁੜਦਾ ਹਾਂ ਉਸੇ ਮਹੂਰਤ ਵਾਲੇ ਦਿਨ ਵੱਲ।

ਖੈਰ ਵਾਪਿਸ ਮੁੜਦਾ ਹਾਂ ਉਸੇ ਮਹੂਰਤ ਵਾਲੇ ਦਿਨ ਵੱਲ।ਸ਼ਾਮ ਨੂੰ ਬੰਬਈ ਦੇ ਉਸੇ ਹੀ ਫਾਈਵ ਸਟਾਰ ਹੋਟਲ 'ਸੀ ਰੌਕ' ਵਿਚ ਜਿੱਥੇ, ਮੈਂ ਕੁਝ ਮਹੀਨੇ ਪਹਿਲਾਂ ਬੀਵੀ ਬੱਚਿਆਂ ਨਾਲ ਆ ਕੇ ਠਹਿਰਿਆ ਸਾਂ ਇਕ ਬਹੁਤ ਵੱਡੀ ਪਾਰਟੀ ਰੱਖੀ ਗਈ ਸੀ, ਜਿਸ ਵਿਚ ਮਸ਼ਹੂਰ ਪ੍ਰੋਡਿਊਸਰ ਡਾਇਰੈਕਟਰ ਸਾਵਨ ਕੁਮਾਰ, ਜੈਕੀ ਸ਼ਰਾਫ, ਨੀਲਮ, ਜਯਾ ਪ੍ਰਦਾ, ਅਮਰੀਸ਼ ਪੁਰੀ, ਅਨੁਪਮ ਖੇਰ, ਕਲਿਆਣਜੀ ਆਨੰਦ ਜੀ ਤੇ ਕਈ ਹੋਰ ਫ਼ਿਲਮੀ ਹਸਤੀਆਂ ਆਈਆਂ ਹੋਈਆਂ ਸਨ।

ਇਹਨਾਂ ਤੋਂ ਇਲਾਵਾ ਪ੍ਰੈਸ ਵਾਲੇ ਤੇ ਕਈ ਮੁਫਤ ਦਾ ਦਾਰੂ ਤੇ ਖਾਣਾ ਛਕਣ ਵਾਲੇ 'ਮੁਫਤ ਖੋਰੇ' ਇਕ ਹੱਥ ਵਿਚ ਵਿਸਕੀ ਦਾ ਗਲਾਸ ਦੇ ਦੂਸਰੇ ਵਿਚ ਮੁਰਗੇ ਦੀ ਟੰਗ ਲੈ ਕੇ ਵਾਹਵਾ ਵਾਹਵਾ ਕਰ ਰਹੇ ਸਨ।

ਇਹੋ ਜਿਹੀਆਂ ਪਾਰਟੀਆਂ ਦਾ ਇੰਤਜ਼ਾਮ ਤੁਹਾਡਾ ਪਬਲਿਸਟੀ ਏਜੰਟ ਹੀ ਅਰੇਂਜ ਕਰਦਾ ਹੈ ਤਾਂ ਕਿ ਵੱਧ ਤੋਂ ਵੱਧ ਫ਼ਿਲਮ ਦਾ ਨਾਂ ਮੀਡੀਆ ਵਿਚ ਆ ਸਕੇ ਤੇ ਡਿਸਟਰੀਬਿਊਟਰ ਤੇ ਹੋਰ ਸਬੰਧਤ ਲੋਕ ਜਾਣ ਸਕਣ।

ਮੈਂ ਅਪਣੀ ਸਪੀਚ ਤਿਆਰ ਕਰਕੇ ਲਿਆਇਆ ਸਾਂ, ਗਲਾਸ ਨਾਲ ਗਲਾਸ ਟਕਰਾ ਰਹੇ ਸਨ ਤੇ ਮੇਰੇ ਹਰ ਲਫਜ਼ 'ਤੇ ਤਾੜੀਆਂ ਵੱਜ ਰਹੀਆਂ ਸਨ। ਕੈਮਰਿਆਂ ਦੀਆਂ ਲਾਈਟਾਂ ਨਾਲ ਮੈਂ ਚਮਕ ਰਿਹਾ ਸਾਂ। ਸਭ ਨੇ ਮੈਨੂੰ ਵਧਾਈਆਂ ਦਿੱਤੀਆਂ, ਆਪੋ ਅਪਣੇ ਵਿਜ਼ਟਿੰਗ ਕਾਰਡ ਦਿੱਤੇ ਤੇ ਰਾਤ ਦੇ ਤਕਰੀਬਨ ਇਕ ਵਜੇ ਮੇਲਾ ਵਿਛੜ ਗਿਆ।

ਸਭ ਦੇ ਜਾਣ ਤੋਂ ਬਾਅਦ ਪ੍ਰੋਡਕਸ਼ਨ ਵਾਲੇ ਨੇ ਮੈਨੂੰ ਤਕਰੀਬਨ ਚਾਲੀ ਹਜ਼ਾਰ ਰੁਪਏ ਦਾ ਬਿੱਲ ਭੁਗਤਾਨ ਕਰਨ ਲਈ ਕਿਹਾ, ਜਿਹੜਾ ਦੇ ਕੇ ਜਦ ਮੈਂ ਵਾਪਿਸ ਟੈਕਸੀ ਵਿਚ ਬੈਠ ਕੇ ਅਪਣੇ ਦੂਸਰੇ ਹੋਟਲ ਜਾ ਰਿਹਾ ਸਾਂ ਤਾਂ ਸੁਨੀਲ ਘੋਸ਼ ਡਾਇਰੈਕਟਰ ਕਹਿਣ ਲੱਗਾ,

''ਸੱਗੂ ਸਾਹਿਬ ਮਜ਼ਾ ਆ ਗਿਆ।''

ਅੰਮ੍ਰਿਤਪਾਲ ਤੇ ਉਸਦੀ ਪ੍ਰੇਮਿਕਾ ਪ੍ਰਭਾ ਵੀ ਟੁੰਨ ਸੀ। ਦੋਵੇਂ ਮੇਰਾ ਹੱਥ ਫੜ ਕੇ ਕਹਿਣ ਲੱਗੇ, ''ਅੱਜ ਤੁਸੀਂ ਬੰਬਈ ਵਿਚ ਫ਼ਿਲਮ ਪ੍ਰੋਡਿਊਸਰ ਬਣ ਗਏ ਹੋ ਸੱਗੂ ਸਾਹਿਬ, ਖੁਸ਼ੀਆਂ ਮਨਾਓ, ਭੰਗੜੇ ਪਾਓ, ਪਰ ਮੈਂ ਚੁੱਪ ਸਾਂ।

ਸੋਚ ਰਿਹਾ ਸਾਂ... ਏਨਾ ਬਿੱਲ?

ਦੋ-ਤਿੰਨ ਦਿਨ ਬਾਅਦ ਸਕਰੀਨ ਪੇਪਰ ਦੇ ਪਹਿਲੇ ਸਫੇ 'ਤੇ ਮੇਰੀ ਜੈਕੀ ਸ਼ਰਾਫ ਨਾਲ ਫੋਟੋ ਸੀ। ਮੈਂ ਬੜੇ ਚਾਅ ਨਾਲ ਲੰਡਨ ਰਾਣੀ ਨੂੰ ਟੈਲੀਫੋਨ ਕਰ ਰਿਹਾ ਸਾਂ, ''ਸਕਰੀਨ ਪੇਪਰ ਲੈ ਕੇ ਆਵੀਂ, ਅਪਣੀ ਫ਼ਿਲਮ ਦੇ ਮਹੂਰਤ ਦੀ ਖਬਰ ਹੈ ਤੇ ਨਾਲ ਮੇਰੀ ਫੋਟੋ ਵੀ ਹੈ ਪਰ ਰਾਣੀ ਵਲੋਂ ਬੱਸ ਹੂੰ ਹਾਂ ਹੀ ਹੋ ਰਹੀ ਸੀ, ਸ਼ਾਇਦ ਉਹ ਕੁਝ ਬੋਲ ਕੇ ਮੇਰਾ ਮੂਡ ਖਰਾਬ ਨਹੀਂ ਸੀ ਕਰਨਾ ਚਾਹੁੰਦੀ... ਆਪਣੀ ਟੰਗ ਨਹੀਂ ਸੀ ਅੜਾਉਣਾ ਚਾਹੁੰਦੀ।

ਮੈਂ ਵਾਪਿਸ ਲੰਡਨ ਤਾਂ ਆ ਗਿਆ ਪਰ ਦਿਲ ਦਿਮਾਗ ਹਰ ਵੇਲੇ ਬੰਬਈ, ਟੈਲੀਫੂਨ ਕਰਦਾ,

'ਸ਼ੂਟਿੰਗ ਕਿੱਥੇ ਹੋ ਰਹੀ ਆ?'

'ਮਿਊਜ਼ਿਕ ਦਾ ਕੀ ਬਣਿਆ?'

'ਗਾਣੇ ਕੌਣ ਲਿਖ ਰਿਹਾ ਹੈ?'

ਫ਼ਿਲਮ ਵਿਕਣੀ ਸ਼ੁਰੂ ਹੋਈ ਹੈ ਕਿ ਨਹੀਂ?'

ਮੇਰੀਆਂ ਗੱਲਾਂ ਦਾ ਜਵਾਬ ਇਹ ਹੀ ਹੁੰਦਾ ਕਿ ਮੈਂ ਨਵਾਂ ਪ੍ਰੋਡਿਊਸਰ ਹਾਂ। ਡਿਸਟਰੀਬਿਊਟਰ ਫ਼ਿਲਮ ਦਾ ਪ੍ਰੋਗਰੈਸ ਵੇਖਦੇ ਨੇ। ਜਦ ਤਿੰਨ ਚਾਰ ਰੀਲਾਂ ਤਿਆਰ ਹੋ ਜਾਣਗੀਆਂ, ਇਕ ਦੋ ਗਾਣੇ ਰਿਕਾਰਡ ਹੋ ਜਾਣਗੇ, ਫਿਰ ਹੀ ਡਿਸਟਰੀਬਿਊਟਰਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਫ਼ਿਲਮ ਸੱਚਮੁੱਚ ਹੀ ਅੱਗੇ ਵਧ ਰਹੀ ਹੈ।

ਤੇ ਇਹ ਹੈ ਵੀ ਸੱਚ। ਸਿਰਫ ਬੰਬਈ ਵਿਚ ਹੀ ਇਕ ਸਾਲ ਅੰਦਰ ਦੋ ਤਿੰਨ ਸੌ ਫ਼ਿਲਮਾਂ ਦਾ ਮਹੂਰਤ ਹੁੰਦਾ ਹੈ, ਰਿਲੀਜ਼ ਕਿੰਨੀਆਂ ਹੁੰਦੀਆਂ ਹਨ ਸਿਰਫ ਪੰਜਾਹ ਸੱਠ। ਕਈ ਮਹੂਰਤ ਤੋਂ ਬਾਅਦ ਅੱਗੇ ਨਹੀਂ ਵਧਦੀਆਂ, ਕਈਆਂ ਦੀਆਂ ਇਕ ਦੋ ਰੀਲਾਂ ਬਣਦੀਆਂ ਹਨ, ਕਿਸੇ ਦੀਆਂ ਪੰਜ ਛੇ ਤੇ ਕਈ ਪੂਰੀਆਂ ਹੋ ਕੇ ਵੀ ਡੱਬਿਆਂ ਵਿਚ ਬੰਦ ਹੋ ਜਾਂਦੀਆਂ ਹਨ।

ਇਹਨਾਂ 'ਚੋਂ ਕਈ ਪੈਸੇ ਦੀ ਥੁੜ੍ਹ ਕਾਰਨ ਬੰਦ ਹੁੰਦੀਆਂ ਹਨ ਤੇ ਕਈ ਹੀਰੋ ਜਾਂ ਹੀਰੋਇਨ ਦੀ ਪ੍ਰੋਬਲਮ ਕਰਕੇ। ਕੋਈ ਕਿਸੇ ਕਾਰਨ ਬੰਦ ਹੋ ਜਾਂਦੀ ਹੈ ਤੇ ਕੋਈ ਕਿਸੇ ਕਾਰਨ। ਅਜੀਬ ਦੁਨੀਆ ਹੈ ਇਹ... ਇਹ ਫ਼ਿਲਮੀ ਦੁਨੀਆ।

ਕੁਝ ਪੁਰਾਣੇ ਜੰਮੇ ਹੋਏ ਫ਼ਿਲਮੀ ਪ੍ਰੋਡਿਊਸਰਾਂ, ਡਾਇਰੈਕਟਰਾਂ ਪਿੱਛੇ ਤਾਂ ਹਰ ਕੋਈ ਵੱਡਾ ਵੱਡਾ ਸਟਾਰ ਭੱਜਦਾ ਹੈ, ਪੈਸੇ ਦੀ ਗੱਲ ਹੀ ਨਹੀਂ ਕਰਦਾ, ਉਹਨਾਂ ਨੂੰ ਤਾਂ ਇਕ ਐਸਟੈਬਲਿਸ਼ਟ, ਕਾਮਯਾਬ, ਹਿੱਟ ਫ਼ਿਲਮਾਂ ਦੇਣ ਵਾਲਾ ਪ੍ਰੋਡਿਊਸਰ ਡਾਇਰੈਕਟਰ ਹੀ ਚਾਹੀਦਾ ਹੁੰਦਾ ਹੈ। ਇੱਥੇ ਇਹ ਵੀ ਦੱਸਦਿਆਂ ਕਿ ਨਗਰੀ ਵਿਚ ਤੁਹਾਡੀ ਪਿਛਲੀ ਰਿਲੀਜ਼ ਹੋਈ ਫ਼ਿਲਮ ਹੀ ਸਭ ਕੁਝ ਹੁੰਦੀ ਹੈ। ਪਹਿਲੇ ਭਾਵੇਂ ਤੁਸੀਂ ਕਿੰਨੀਆਂ ਵੀ ਹਿੱਟ ਫ਼ਿਲਮਾਂ ਦਿੱਤੀਆਂ ਹੋਣ ਪਰ ਜੇ ਤੁਹਾਡੀ ਪਿਛਲੀ ਫ਼ਿਲਮ ਫਲਾਪ ਹੋ ਗਈ ਹੈ ਤਾਂ ਫਿਰ ਤੁਸੀਂ ਵੀ ਫਲਾਪ ਹੋਏ ਸਮਝੋ, ਤੁਹਾਡੀ ਕੀਮਤ ਘਟ ਜਾਂਦੀ ਹੈ, ਫ਼ਿਲਮੀ ਪਰਚਿਆਂ ਵਿਚ, ਟਰੇਡ ਵਿਚ, ਫਲਾਪ ਹੀਰੋ, ਫਲਾਪ ਪ੍ਰੋਡਿਊਸਰ ਡਾਇਰੈਕਟਰ, ਫਲਾਪ ਸੰਗੀਤਕਾਰ ਬਣ ਜਾਂਦੇ ਹੋ, ਪਰ ਇਸਦੇ ਉਲਟ ਭਾਵੇਂ ਤੁਸੀਂ ਪਿਛਲੀਆਂ ਪੰਜ ਛੇ ਫ਼ਿਲਮਾਂ ਫਲਾਪ ਦਿੱਤੀਆਂ ਹੋਣ ਤੇ ਪਿਛਲੀ ਰਿਲੀਜ਼ ਹੋਈ ਫ਼ਿਲਮ ਸਿਲਵਰ ਜੁਬਲੀ ਮਨਾ ਗਈ ਹੋਵੇ ਤਾਂ ਫਿਰ ਸਭ ਦੁਨੀਆ ਤੁਹਾਡੇ ਦੁਆਲੇ ਹੋ ਜਾਂਦੀ ਹੈ।

ਉਹ ਹੀ ਲੋਕ ਜਿਹੜੇ ਤੁਹਾਡੀਆਂ ਲੱਤਾਂ ਖਿੱਚਦੇ ਆਏ ਸਨ, ਫਿਰ ਕਹਿਣ ਲੱਗਦੇ ਹਨ, ''ਇਹ ਤਾਂ ਸਾਨੂੰ ਪਤਾ ਸੀ ਕਿ ਇਹ ਮੁੰਡਾ ਲੰਬੀ ਰੇਸ ਦਾ ਘੋੜਾ ਹੈ, ਇਕ ਦਿਨ ਤਾਂ ਇਸਦਾ ਆਉਣਾ ਹੀ ਸੀ।''

ਇਸ ਦੀ ਇਕ ਮਿਸਾਲ ਅਮਿਤਾਭ ਬਚਨ ਦੀ ਵੀ ਹੈ। ਇਸ ਦੀਆਂ ਪਹਿਲੀਆਂ ਦੋ ਫ਼ਿਲਮਾਂ 'ਆਨੰਦ' ਤੇ 'ਬੰਬੇ ਟੂ ਗੋਆ' ਸਨ, ਬਹੁਤ ਹੀ ਛੋਟੇ ਛੋਟੇ ਰੋਲ ਸਨ, ਅਮਿਤਾਭ ਦੇ ਇਨ੍ਹਾਂ ਦੋਹਾਂ ਫ਼ਿਲਮਾਂ ਵਿਚ, ਬਸ ਨਾ ਮਾਤਰ ਹੀ ਪਰ ਉਸਦੀ ਆਵਾਜ਼ ਵਿਚ ਜ਼ਬਰਦਸਤ ਧਮਾਕਾ ਸੀ। ਰੇਸ਼ਮਾ ਔਰ ਸ਼ੇਰਾ ਵੀ ਇਨ੍ਹਾਂ ਪਹਿਲੀਆਂ ਫ਼ਿਲਮਾਂ ਵਿਚ ਸ਼ਾਮਲ ਸੀ।

ਅਮਿਤਾਭ ਦਾ ਬਾਪ ਹਰੀਵੰਸ਼ ਬਚਨ ਹਿੰਦੀ ਦਾ ਬੜਾ ਮਸ਼ਹੂਰ ਕਵੀ ਤੇ ਮਾਂ ਤੇਜ਼ੀ ਬਚਨ ਨਹਿਰੂ ਪਰਿਵਾਰ ਦੇ ਬਹੁਤ ਹੀ ਨਜ਼ਦੀਕੀ ਦੋਸਤਾਂ ਵਿਚੋਂ ਸਨ, ਇਸੇ ਲਈ ਜਦ ਅਮਿਤਾਭ ਦਿੱਲੀ ਤੋਂ ਬੰਬਈ ਪਹਿਲੀ ਵਾਰ ਆਇਆ ਤਾਂ ਇੰਦਰਾ ਗਾਂਧੀ ਦਾ ਖਤ ਕਈ ਪ੍ਰੋਡਿਊਸਰਾਂ ਡਾਇਰੈਕਟਰਾਂ ਕੋਲ ਲੈ ਕੇ ਆਇਆ, ਫਿਰ ਵੀ ਕੋਈ ਉਸ ਨੂੰ ਲਾਗੇ ਨਹੀਂ ਸੀ ਲੱਗਣ ਦਿੰਦਾ। ਇਕ ਨੇ ਤਾਂ ਇਹ ਖਤ ਪੜ੍ਹ ਕੇ ਕਹਿ ਦਿੱਤਾ ਸੀ, ''ਸਿਫਾਰਸ਼ ਤਾਂ ਠੀਕ ਹੈ ਪਰ ਸਾਨੂੰ ਫ਼ਿਲਮ ਲਈ ਹੀਰੋ ਚਾਹੀਦਾ ਹੈ, ਉਠ ਨਹੀਂ। ਸਾਢੇ ਛੇ ਫੁੱਟ ਲੰਬਾ ਕੱਦ ਤੇ ਸੁੱਕਿਆ ਸਰੀਰ, ਉਹ ਸੱਚਮੁੱਚ ਹੀ ਉਸ ਸਮੇਂ ਦੇ ਸੁਪਰ ਸਟਾਰ ਰਾਜੇਸ਼ ਖੰਨਾ ਦੇ ਬਰਾਬਰ ਕਿਧਰੇ ਵੀ ਫਿੱਟ ਨਹੀਂ ਸੀ ਹੋ ਸਕਦਾ।

ਸੰਜੀਦਾ ਫ਼ਿਲਮਾਂ ਬਣਾਉਣ ਵਾਲੇ ਇਕ ਬਹੁਤ ਹੀ ਮਸ਼ਹੂਰ ਪ੍ਰੋਡਿਊਸਰ ਡਾਇਰੈਕਟਰ ਖਵਾਜ਼ਾ ਅਹਿਮਦ ਅਬਾਸ ਦੇ ਵੀ ਇੰਦਰਾ ਗਾਂਧੀ ਨਾਲ ਬਹੁਤ ਗੂੜ੍ਹੇ ਰਿਸ਼ਤੇ ਸਨ ਤੇ ਇਨ੍ਹਾਂ ਰਿਸ਼ਤਿਆਂ ਦੇ ਹੀ ਆਧਾਰ 'ਤੇ ਹੀ ਅਬਾਸ ਸਾਹਿਬ ਨੇ ਅਮਿਤਾਭ ਨੂੰ ਇਹ ਦੋ ਛੋਟੇ ਛੋਟੇ ਰੋਲ ਦੇ ਦਿੱਤੇ ਸਨ। ਕਹਿੰਦੇ ਨੇ ਕਿ ਉਹ ਵੀ ਇੰਦਰਾ ਗਾਂਧੀ ਵੱਲੋਂ ਅਬਾਸ ਸਾਹਿਬ ਨੂੰ ਪ੍ਰਸਨਲ ਟੈਲੀਫੋਨ ਕਰਨ 'ਤੇ।

ਅਮਿਤਾਭ ਨੂੰ ਤਾਂ ਬੱਸ ਇਕ ਚਾਨਸ ਚਾਹੀਦਾ ਸੀ, ਇਕ ਬਰੇਕ ਫ਼ਿਲਮ ਵਿਚ, ਰੋਲ ਭਾਵੇਂ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ ਤੇ ਉਸਦੀ ਆਵਾਜ਼ 'ਤੇ ਛੋਟੇ ਰੋਲ ਨੂੰ ਵੀ ਕੁਝ ਪ੍ਰੋਡਿਊਸਰਾਂ ਨੇ ਨੋਟਿਸ ਕਰ ਲਿਆ। ਇਸ ਤੋਂ ਅੱਗੇ ਅਮਿਤਾਭ ਦੀਆਂ ਦੋ ਅਗਲੀਆਂ ਫ਼ਿਲਮਾਂ ਹੀਰੋ ਦੇ ਤੌਰ 'ਤੇ ਆਈਆਂ। ਇਹਨਾਂ ਦੋਹਾਂ ਵਿਚੋਂ ਇਕ ਵੀ ਬਾਕਿਸ ਆਫਿਸ 'ਤੇ ਚੱਲ ਨਾ ਸਕੀ, ਦੋਵੇਂ ਹੀ ਸੁਪਰ ਫਲਾਪ ਫ਼ਿਲਮਾਂ। ਫ਼ਿਲਮ ਪ੍ਰੋਡਿਊਸਰਾਂ, ਡਾਇਰੈਕਟਰਾਂ ਤੇ ਲੋਕਾਂ ਨੇ ਅਮਿਤਾਭ ਨੂੰ ਟੋਟਲ ਰੀਜੈਕਟ ਕਰ ਦਿੱਤਾ। ਕਹਿਣ ਲੱਗੇ, ''ਹੀਰੋ ਤਾਂ ਉਹ ਲੱਗਦਾ ਹੀ ਨਹੀਂ, ਹੀਰੋ ਤਾਂ ਜਚਦਾ ਹੈ-ਸੋਹਣਾ ਜਿਹਾ, ਚਿਕਨਾ ਜਿਹਾ-ਇਸ ਲੰਬੂ ਨੂੰ ਹੀਰੋ ਕਿਸ ਬਣਾ ਦਿੱਤਾ... ਪ੍ਰੋਡਿਊਸਰ ਪਾਗਲ ਹੈ... ਡਾਇਰੈਕਟਰ ਦਾ ਦਿਮਾਗ ਖਰਾਬ ਲੱਗਦਾ ਹੈ।

ਪਰ ਕਿਸੇ ਫ਼ਿਲਮ ਦੀ ਸਟੋਰੀ ਲਾਈਨ ਨੂੰ ਸਮਝ ਕੇ, ਉਸਦੇ ਕਿਰਦਾਰਾਂ ਨੂੰ ਸਕਰੀਨ 'ਤੇ ਲਿਆਉਣ ਵਾਲਾ, ਉਸੇ ਟਾਈਪ ਦੀ ਦਿੱਖ ਵਾਲਾ ਐਕਟਰ ਵੀ ਤਾਂ ਚਾਹੀਦਾ ਹੁੰਦਾ ਹੈ ਤਾਂ ਹੀ ਉਹ ਫ਼ਿਲਮ ਦੇ ਕਰੈਕਟਰ ਨੂੰ ਅਪਣੇ ਵਿਚ ਖਪਤ ਕਰਕੇ ਉਸ ਕਿਰਦਾਰ ਨੂੰ ਨਿਭਾ ਸਕਦਾ ਹੈ। ਇਨ੍ਹਾਂ ਪਹਿਲੀਆਂ ਦੋ ਫ਼ਿਲਮਾਂ ਵਿਚ, ਅਮਿਤਾਭ ਦੇ ਕੱਦ ਕਾਠ ਨੂੰ ਅਣਗੌਲਿਆਂ ਕਰਕੇ ਉਸ ਨੂੰ 'ਲਵਰ ਬੁਆਏ' ਵਿਖਾ ਦਿੱਤਾ ਗਿਆ ਸੀ, ਬਿਲਕੁਲ ਘਰੇਲੂ ਟਾਈਪ ਦਾ, ਸਿੱਧਾ ਸਾਧਾ।

ਅਮਿਤਾਭ ਦੀ ਪ੍ਰਸੈਨਿਲਟੀ ਨੂੰ ਜੇ ਕਿਸੇ ਉਸ ਵੇਲੇ ਸਮਝਾਇਆ ਤਾਂ ਉਹ ਸੀ ਪ੍ਰਸਿੱਧ ਪ੍ਰੋਡਿਊਸਰ ਡਾਇਰੈਕਟਰ ਪਰਕਾਸ਼ ਮਹਿਰਾ। ਉਸ ਨੇ ਅਮਿਤਾਭ ਨੂੰ ਲੈ ਕੇ ਫ਼ਿਲਮ ਬਣਾਈ 'ਜ਼ੰਜੀਰ'। ਜ਼ੰਜੀਰ ਨੇ ਸਭ ਜ਼ੰਜੀਰਾਂ ਤੋੜ ਦਿੱਤੀਆਂ ਤੇ ਅਮਿਤਾਭ ਰਾਤੋ ਰਾਤ ਫਰਸ਼ ਤੋਂ ਉੱਠ ਕੇ ਆਸਮਾਨ 'ਤੇ ਉੱਡਣ ਲੱਗਾ। ਫਲਾਪ ਹੀਰੋ ਤੋਂ 'ਸੁਪਰ ਸਟਾਰ'। ਪਰਾਣ ਵਰਗੇ ਜ਼ਬਰਦਸਤ ਕਰੈਕਟਰ ਸਾਹਮਣੇ ਕੋਈ ਪੰਜ ਫੁੱਟਾ ਚਿਕਨਾ ਹੀਰੋ ਕਿਵੇਂ ਸਾਹਮਣਾ ਕਰ ਸਕਦਾ ਸੀ। ਇਹ ਫ਼ਿਲਮ ਸਿਰਫ ਹਿੱਟ ਹੀ ਨਹੀਂ ਸੀ ਹੋਈ ਇਸ ਨੇ ਫ਼ਿਲਮ ਨਾਲ ਸਬੰਧ ਰੱਖਣ ਵਾਲੇ ਸਾਰੇ ਲੋਕਾਂ ਦੇ ਬੈਂਕ ਨੋਟਾਂ ਨਾਲ ਭਰ ਦਿੱਤੇ। ਕਰੋੜਾਂ ਦਾ ਬਿਜ਼ਨਿਸ ਹੋਇਆ ਤੇ ਅਮਿਤਾਭ ਇਸ ਫ਼ਿਲਮ ਤੋਂ ਬਣ ਗਿਆ ਇਕ ਨਵਾਂ ਕਿਰਦਾਰ 'ਐਂਗਰੀ ਯੰਗ ਮੈਨ'।

ਇਸ ਫ਼ਿਲਮ ਤੋਂ ਪਹਿਲਾਂ ਤਕਰੀਬਨ ਸਾਰੀਆਂ ਹੀ ਫ਼ਿਲਮਾਂ ਦੀ ਕੁਝ ਰਲਦੀ ਮਿਲਦੀ ਇਕੋ ਜਿਹੀ ਕਹਾਣੀ ਹੁੰਦੀ ਸੀ। ਹੀਰੋ ਗਰੀਬ, ਹੀਰੋਇਨ ਅਮੀਰ ਬਾਪ ਦੀ ਬੇਟੀ, ਦੋਹਾਂ ਦਾ ਪਿਆਰ ਇਸ਼ਕ, ਗਾਣੇ, ਘਰ ਵਾਲੇ ਮੰਨਦੇ ਨਹੀਂ... ਫਿਰ ਕਹਾਣੀ ਵਿਚ ਇਕ ਨਵਾਂ ਮੋੜ, ਹੀਰੋ ਮਾਪਿਆਂ ਕੋਲ ਅਪਣਾ ਸਿੱਕਾ ਮੰਨਵਾ ਲੈਂਦਾ ਤੇ ਅਖੀਰ ਵਿਚ ਸਭ ਇਕੱਠੇ- ਚਾਰ ਫੇਰੇ- ਫ਼ਿਲਮ ਖਤਮ-ਦੀ ਐਂਡ।

ਇਸ ਫ਼ਿਲਮ ਨਾਲ ਅਮਿਤਾਭ ਦੀ ਜ਼ਿੰਦਗੀ ਹੀ ਬਦਲ ਗਈ ਸੀ। ਇਸੇ ਫ਼ਿਲਮ ਦੀ ਕਾਮਯਾਬੀ ਤੋਂ ਝਟ ਬਾਅਦ ਹੀ ਉਸ ਅਪਣੀ ਪ੍ਰੇਮਿਕਾ ਜਯਾ ਭਾਦੁਰੀ ਨਾਲ ਵਿਆਹ ਕਰ ਲਿਆ ਸੀ। ਜ਼ਿੰਦਗੀ ਏਨੀ ਬਦਲੀ ਕਿ ਅੱਜ ਵੀ ਤਕਰੀਬਨ ਚਾਲੀ ਸਾਲ ਬਾਅਦ ਉਸਦਾ ਕੋਈ ਮੁਕਾਬਲਾ ਨਹੀਂ। ਅਮਿਤਾਭ ਬਚਨ, ਬੱਚਿਆਂ, ਜਵਾਨਾਂ ਤੇ ਬੁਢਾਪਿਆਂ ਦਾ ਵੀ ਹੀਰੋ-ਗਰੇਟ ਅਮਿਤਾਭ ਬਚਨ।

ਇੰਡੀਆ ਵਿਚ ਕੋਈ ਵੀ ਫ਼ਿਲਮ ਸ਼ੁੱਕਰਵਾਰ ਨੂੰ ਹੀ ਰਿਲੀਜ਼ ਹੁੰਦੀ ਹੈ। ਪਹਿਲੇ ਸ਼ੋਅ ਤੋਂ ਬਾਅਦ ਹੀ ਮੁਰਗੀ ਦੇ ਪੇਟ ਵਿਚੋਂ ਆਂਡਾ ਨਿਕਲਦਾ ਹੈ, ਆਂਡਾ ਟੁੱਟਦਾ ਹੈ ਜਾਂ ਉਹ ਸੋਨੇ ਦਾ ਆਂਡਾ ਬਣਦਾ ਹੈ। ਪਬਲਿਕ ਦਾ ਰੀਐਕਸ਼ਨ ਇਸ ਪਹਿਲੇ ਸ਼ੋਅ ਤੋਂ ਬਾਅਦ ਹੀ ਲਿਆ ਜਾਂਦਾ ਹੈ। ਤੁਹਾਡੇ ਲਾਏ ਕਰੋੜਾਂ ਰੁਪਏ ਨੂੰ ਪਬਲਿਕ ਪਸੰਦ ਕਰਦੀ ਹੈ ਜਾਂ ਠੋਕਰ ਮਾਰਦੀ ਹੈ। ਪ੍ਰੋਡਿਊਸਰਾਂ, ਡਾਇਰੈਕਟਰਾਂ, ਸੰਗੀਤਕਾਰਾਂ, ਹੀਰੋ ਹੀਰੋਇਨਾਂ ਦੀ ਕਿਸਮਤ ਦਾ ਫੈਸਲਾ ਹੁੰਦਾ ਹੈ ਹਰ ਸ਼ੁੱਕਰਵਾਰ ਤਿੰਨ ਵਜੇ ਬਾਅਦ ਦੁਪਹਿਰ-ਬਾਰਾਂ ਵਜੇ ਦੇ ਸ਼ੋਅ ਤੋਂ ਬਾਅਦ।

ਕਈ ਵੱਡੇ ਵੱਡੇ ਪ੍ਰੋਡਿਊਸਰ ਡਾਇਰੈਕਟਰ ਡੁੱਬਦੇ ਵੇਖੇ ਹਨ ਮੈਂ ਇਨ੍ਹਾਂ ਫ਼ਿਲਮਾਂ ਵਿਚ। ਕਾਰਾਂ ਵਿਕ ਗਈਆਂ, ਘਰ ਵਿਕ ਗਏ, ਸਮੁੰਦਰ ਦੀਆਂ ਲਹਿਰਾਂ ਵਿਚ ਡੁੱਬ ਮਰੇ।

ਮੈਂ ਤਾਂ ਇਸ ਇੰਡਸਟਰੀ ਵਿਚ ਬਿਲਕੁਲ ਨਵਾਂ ਸਾਂ ਜਿਸ ਨੂੰ ਸਿਰਫ ਫ਼ਿਲਮਾਂ ਦਾ ਸ਼ੌਕ ਸੀ, ਫ਼ਿਲਮ ਕਿਵੇਂ ਬਣਦੀ ਹੈ ਇਸ ਦੀ ਰੱਤੀ ਭਰ ਵੀ ਜਾਣਕਾਰੀ ਨਹੀਂ ਸੀ। ਕਹਾਣੀ ਲਿਖ ਸਕਦਾ ਸਾਂ, ਪੜ੍ਹ ਸਕਦਾ ਸਾਂ, ਕਿਰਦਾਰ ਨੂੰ ਸਮਝ ਸਕਦਾ ਸਾਂ, ਪਰ ਉਸਦਾ ਸਕਰੀਨ ਪਲੇਅ ਬਣਾ ਕੇ ਪਰਦੇ 'ਤੇ ਕਿਵੇਂ ਪੇਸ਼ ਕਰਨਾ ਹੈ, ਇਹ ਤਾਂ ਮੇਰੀ ਜਾਣਕਾਰੀ ਤੋਂ ਬਾਹਰ ਸਨ। ਡਾਇਰੈਕਟਰ ਸੁਨੀਲ ਘੋਸ਼ ਸ਼ੂਟਿੰਗ ਕਰਦਾ ਰਿਹਾ ਤੇ ਮੈਂ ਪੈਸੇ ਲਾਉਂਦਾ ਰਿਹਾ।

ਇਕ ਦਿਨ ਨੀਲਮ ਨੇ ਮੈਨੂੰ ਅਪਣੇ ਘਰ ਬੁਲਾਇਆ। ਸਾਰਾ ਪਰਿਵਾਰ ਸੀ। ਨੀਲਮ ਦੀ ਮਾਂ ਪਰਵੀਨ ਕਹਿਣ ਲੱਗੀ, ''ਨੀਲਮ ਦਾ ਖ਼ਿਆਲ ਹੈ ਕਿ ਤੁਹਾਡੇ ਡਾਇਰੈਕਟਰ ਨੂੰ ਫੀਚਰ ਫ਼ਿਲਮ ਬਣਾਉਣ ਦਾ ਏਨਾ ਐਕਸਪੀਰੀਐਂਸ ਨਹੀਂ ਹੈ। ਉਹ ਡਾਕੂਮੈਂਟਰੀ ਤੇ ਐਡਵਰਟਾਈਜ਼ਿੰਗ ਫ਼ਿਲਮਾਂ ਬਣਾਉਂਦਾ ਆਇਆ ਹੈ, ਜਦਕਿ ਫੀਚਰ ਫ਼ਿਲਮ ਬਣਾਉਣੀ ਇਕ ਵੱਖਰੀ ਹੀ ਟੈਕਨੀਕ ਹੈ। ਡਾਕੂਮੈਂਟਰੀ ਫ਼ਿਲਮਾਂ ਵਿਚ ਸਬਜੈਕਟ ਬੜੀ ਹੀ ਸਲੋਅ ਸਪੀਡ 'ਤੇ ਚੱਲਦਾ ਹੈ, ਜਿਹੜੀ ਗੱਲ ਤੁਸੀਂ ਇਕ ਘੰਟੇ ਵਿਚ ਵੀ ਕਹਿ ਸਕਦੇ ਹੋ, ਉਹ ਦਸ ਘੰਟਿਆਂ ਤੱਕ ਵੀ ਲਿਜਾ ਸਕਦੇ ਹੋ ਪਰ ਫੀਚਰ ਫ਼ਿਲਮ ਦੀ ਬਣਤਰ ਇਸ ਦੇ ਬਿਲਕੁਲ ਉਲਟ ਹੈ, ਜਿਹੜਾ ਨਾਵਲ ਕਹਾਣੀ ਤੁਸੀਂ ਵੀਹ ਪੰਝੀ ਦਿਨਾਂ ਵਿਚ ਪੜ੍ਹਕੇ ਵੀ ਖਤਮ ਨਹੀਂ ਕਰ ਸਕਦੇ, ਉਸ ਕਹਾਣੀ ਨੂੰ ਤੁਸੀਂ ਦੋ ਤਿੰਨ ਘੰਟਿਆਂ ਵਿਚ ਪੇਸ਼ ਕਰਨਾ ਹੁੰਦਾ ਹੈ ਤੇ ਸਿਰਫ ਕਹਾਣੀ ਨੂੰ ਹੀ ਨਹੀਂ ਫਿਰ ਉਸ ਵਿਚ ਗਾਣੇ, ਕਾਮੇਡੀ ਤੇ ਕਈ ਕੁਝ ਹੋਰ ਮਸਾਲਾ ਭਰਨਾ ਹੁੰਦਾ ਹੈ, ਫਿਰ ਕਿਧਰੇ ਜਾ ਕੇ ਦਰਸ਼ਕ ਨੂੰ ਉਹ ਖਾਣਾ ਸੁਆਦ ਲੱਗਦਾ ਹੈ ਤੇ ਇਹ ਸੁਆਦੀ ਖਾਣਾ ਬਣਾਉਣਾ ਨੀਲਮ ਨੂੰ ਲੱਗਦਾ ਨਹੀਂ ਸੁਨੀਲ ਘੋਸ਼ ਦੇ ਵੱਸ ਦੀ ਗੱਲ ਹੈ।

ਨੀਲਮ ਵੀ ਕੋਲ ਬੈਠੀ ਅਪਣੀ ਹਾਮੀ ਭਰ ਰਹੀ ਸੀ। ਮੈਂ ਚੁੱਪ ਸਾਂ।

ਪਰਵੀਨ ਫਿਰ ਕਹਿਣ ਲੱਗੀ, ''ਮੈਂ ਤੁਹਾਨੂੰ ਤੇ ਪਰਿਵਾਰ ਨੂੰ ਮਿਲੀ ਹਾਂ ਤੁਸੀਂ ਲੋਕ ਬੜੀ ਮਿਹਨਤ ਨਾਲ ਪੈਸਾ ਕਮਾ ਰਹੇ ਹੋ, ਸਾਡੇ ਕੋਲੋਂ ਇਸ ਪੈਸੇ ਦੀ ਬਰਬਾਦੀ ਵੇਖੀ ਨਹੀਂ ਜਾ ਰਹੀ।

ਮੈਂ ਸਸ਼ੋਪੰਜ ਵਿਚ ਪੈ ਗਿਆ। ਹੁਣ ਤਾਂ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਗੱਲ ਹੋ ਗਈ ਸੀ, ਛੱਡੇ ਤਾਂ ਕਲੰਕੀ, ਖਾਵੇ ਤਾਂ ਮਰੇ। ਮੈਂ ਫ਼ਿਲਮਾਂ ਵਿਚ ਬਣੇ ਕੁਝ ਦੋਸਤਾਂ ਮਿੱਤਰਾਂ ਨਾਲ ਗੱਲ ਕੀਤੀ, ਬੜੀ ਦੁਬਿਧਾ ਜਿਹੀ ਵਿਚ ਫਸ ਗਿਆ ਸਾਂ। ਇਸ ਸਮੇਂ, ਇਸ ਹਾਲਤ ਵਿਚ ਹੁਣ ਕੀਤਾ ਕੀ ਜਾ ਸਕਦਾ ਸੀ।

ਅਸੀਂ ਕਹਾਣੀ ਬਾਰੇ ਫਿਰ ਸੋਚਿਆ, ਕੁਝ ਰੱਦੋ ਬਦਲ ਕਰਕੇ ਸ਼ੂਟਿੰਗ ਫਿਰ ਸ਼ੁਰੂ ਹੋ ਗਈ। ਸੁਨੀਲ ਘੋਸ਼ ਨੂੰ ਰਫਤਾਰ ਤੇਜ਼ ਕਰਨ ਲਈ ਕਿਹਾ। ਅੰਮ੍ਰਿਤਪਾਲ ਨੂੰ ਕਿਹਾ ਕਿ ਉਸ ਨੇ ਹੀ ਸੁਨੀਲ ਘੋਸ਼ ਨੂੰ ਮੇਰੇ ਨਾਲ ਮਿਲਾਇਆ ਸੀ, ਉਹ ਹੀ ਕੁਝ ਕਰੇ।

ਅੰਮ੍ਰਿਤਪਾਲ ਕਹਿਣ ਲੱਗਾ, ''ਅਸਲ ਵਿਚ ਮੇਰੇ ਕੋਲੋਂ ਆਟੋ ਰਿਕਸ਼ਿਆਂ ਵਿਚ ਲੋਕਾਂ ਪਿੱਛੇ ਨਹੀਂ ਭੱਜ ਹੁੰਦਾ, ਕੰਮ ਮੈਂ ਤੁਹਾਡਾ ਤੇਜ਼ ਕਰਵਾ ਦਿਆਂਗਾ ਪਰ ਇਹਦੇ ਲਈ ਇਕ ਕਾਰ ਦੀ ਜ਼ਰੂਰਤ ਹੈ, ਪੰਝੀ ਤੀਹ ਹਜ਼ਾਰ ਮੇਰੇ ਕੋਲ ਹਨ, ਪੰਝੀ ਤੀਹ ਜੇ ਤੁਸੀਂ ਦੇ ਦੇਵੋ ਤਾਂ ਮੈਂ ਇਕ ਪੁਰਾਣੀ ਫੀਏਟ ਖਰੀਦ ਲੈਂਦਾ ਹਾਂ ਫਿਰ ਵੇਖੋ ਸ਼ੂਟਿੰਗ ਦਾ ਕੰਮ ਕਿਵੇਂ ਤੇਜ਼ ਕਰਵਾਉਂਦਾ ਹਾਂ।

ਤੇ ਪੰਝੀ ਹਜ਼ਾਰ ਰੁਪਏ ਮੈਂ ਅੰਮ੍ਰਿਤਪਾਲ ਨੂੰ ਕਾਰ ਖਰੀਦਣ ਲਈ ਭਾਜੀ ਪਾ ਦਿੱਤੇ।

ਇਕ ਸਾਲ ਬੀਤ ਚੁੱਕਿਆ ਸੀ ਫ਼ਿਲਮ ਦਾ ਅਜੇ ਵੀ ਕੋਈ ਮੂੰਹ ਮੱਥਾ ਨਜ਼ਰ ਨਹੀਂ ਸੀ ਆ ਰਿਹਾ। ਸੁਨੀਲ ਘੋਸ਼ ਕਹਿਣ ਲੱਗਾ, ਅਜੇ ਇਹ ਰਾਅ ਫ਼ਿਲਮ ਹੈ, ਕੱਚੀ ਹੈ, ਜਦ ਇਸ ਦੀ ਸਹੀ ਐਡੀਟਿੰਗ ਕੀਤੀ ਗਈ, ਗਾਣੇ ਭਰੇ ਗਏ ਫਿਰ ਹੀ ਕਹਾਣੀ ਦੀ ਸਮਝ ਆਵੇਗੀ। ਇਸ ਤਰ੍ਹਾਂ ਕਰਦਿਆਂ ਅਸੀਂ ਗਾਣੇ ਰਿਕਾਰਡ ਕਰਵਾਉਣ ਦਾ ਪ੍ਰੋਗਰਾਮ ਬਣਾ ਲਿਆ।

ਕਲਿਆਨ ਜੀ, ਆਨੰਦ ਜੀ ਦੋ ਸਕੇ ਭਰਾ, ਪਿਛਲੇ ਪੰਝੀ ਤੀਹ ਸਾਲਾਂ ਵਿਚ ਉਹਨਾਂ ਨੇ ਅਨੇਕਾਂ ਹੀ ਸੁਪਰ ਹਿੱਟ ਮਿਊਜ਼ਿਕ ਦਿੱਤਾ ਸੀ, ਅਨੇਕਾਂ ਫ਼ਿਲਮਾਂ ਉਹਨਾਂ ਦੀਆਂ ਬਣਾਈਆਂ ਤਰਜ਼ਾਂ ਦੇ ਗੀਤਾਂ ਨਾਲ ਹੀ ਹਿੱਟ ਹੋਈਆਂ ਸਨ। ਕਦੇ ਨਾਗਿਨ ਵਰਗੀ ਤਹਿਲਕਾ ਮਚਾਉਣ ਵਾਲੀ ਫ਼ਿਲਮ ਦੀ ਬੀਨ ਕਲਿਆਨ ਜੀ ਨੇ ਹਰਮੋਨੀਅਮ ਉੱਪਰ ਵਜਾ ਕੇ ਫ਼ਿਲਮਾਂ ਵਿਚ ਅਪਣੀ ਐਂਟਰੀ ਕੀਤੀ ਸੀ। ਇਸ ਫ਼ਿਲਮ ਦਾ ਸੰਗੀਤ ਭਾਵੇਂ ਹੇਮੰਤ ਕੁਮਾਰ ਦਾ ਸੀ ਪਰ ਇਹ ਕਲਿਆਨ ਜੀ ਦੀ ਵਜਾਈ ਬੀਨ ਹੀ ਸੀ ਜਿਸ ਨੇ ਸਪੇਰੇ ਦਾ ਰੋਲ ਕਰ ਰਹੇ ਪਰਦੀਪ ਕੁਮਾਰ ਨੂੰ ਜ਼ੀਰੋ ਤੋਂ ਹੀਰੋ ਬਣਾ ਦਿੱਤਾ ਸੀ।

ਮੈਂ, ਸੁਨੀਲ ਘੋਸ਼, ਕਲਿਆਣ ਜੀ, ਆਨੰਦ ਜੀ, ਉਹਨਾਂ ਦੇ ਸ਼ਾਜ਼ਿੰਦੇ, ਗੀਤ ਲਿਖਣ ਵਾਲਾ ਮਸ਼ਹੂਰ ਸ਼ਾਇਰ ਵਰਮਾ ਮਲਿਕ, ਅਸੀਂ ਸਾਰੇ ਮਿਊਜ਼ਿਕ ਰੂਮ ਵਿਚ ਬੈਠੇ ਹੋਏ ਸਾਂ। ਗਾਣੇ ਦੇ ਮੁਖੜੇ ਤੇ ਟਿਊਨ ਬਣਾਈ ਜਾ ਰਹੀ ਸੀ।

ਇੱਥੇ ਮੈਂ ਇਹ ਵੀ ਦੱਸਦਾ ਚਲਾ ਜਾਵਾਂ ਕਿ ਗਾਣਿਆਂ ਨੂੰ ਫ਼ਿਲਮ ਵਿਚ ਕਿੱਥੇ ਕਿੱਥੇ ਫਿੱਟ ਕਰਨਾ ਹੁੰਦਾ ਹੈ, ਇਹ ਫ਼ਿਲਮ ਦੀ ਸਕਰਿਪਟ, ਸਕਰੀਨ ਪਲੇ ਲਿਖਣ ਵੇਲੇ, ਵਿਚ ਵਿਚ ਸਿਚੂਏਸ਼ਨ ਕਰੀਏਟ ਕਰਨੀ ਪੈਂਦੀ ਹੈ। ਕਈ ਵਾਰੀ ਤਾਂ ਇਹ ਸਹਿਜੇ ਹੀ ਸਿਚੂਏਸ਼ਨ ਬਣ ਜਾਂਦੀ ਹੈ ਤੇ ਕਈ ਵਾਰੀ ਜ਼ਬਰਦਸਤੀ ਕੀਤੀ ਜਾਂਦੀ ਹੈ।

ਕਿਸੇ ਵੀ ਭਾਰੀ ਸੀਨ ਤੋਂ ਬਾਅਦ, ਟੈਨਸ਼ਨ ਤੋਂ ਬਾਅਦ ਜਾਂ ਤਾਂ ਕਾਮੇਡੀ ਫਿੱਟ ਕੀਤੀ ਜਾਂਦੀ ਹੈ ਤੇ ਜਾਂ ਫਿਰ ਗਾਣਾ ਭਰਿਆ ਜਾਂਦਾ ਹੈ। ਫ਼ਿਲਮ ਦੀ ਕਹਾਣੀ ਬਾਰੇ ਮਿਊਜ਼ਿਕ ਡਾਇਰੈਕਟਰ ਨੂੰ ਪਹਿਲੇ ਹੀ ਦੱਸਿਆ ਜਾਂਦਾ ਹੈ, ਸਿਚੂਏਸ਼ਨ ਸਮਝਾਈ ਜਾਂਦੀ ਹੈ, ਕਿਰਦਾਰਾਂ ਦਾ ਮੂਡ ਦੱਸਿਆ ਜਾਂਦਾ ਹੈ, ਗਲ ਕੀ ਪੂਰੇ ਮਾਹੌਲ ਦੀ ਬਣਤਰ ਸਮਝਾਈ ਜਾਂਦੀ ਹੈ, ਫਿਰ ਹੀ ਉਸ ਮੂਡ ਨੂੰ ਲੈ ਕੇ ਮਿਊਜ਼ਿਕ ਡਾਇਰੈਕਟਰ ਪਹਿਲੇ ਲਫ਼ਜ਼ਾਂ ਦੇ ਛੋਟੇ ਛੋਟੇ ਟੁਕੜੇ ਬਣਾਉਂਦਾ ਹੈ, ਜਿਸ ਨੂੰ 'ਮੁਖੜਾ' ਕਿਹਾ ਜਾਂਦਾ ਹੈ, ਫਿਰ ਇਸ ਮੁਖੜੇ ਨੂੰ ਸੰਗੀਤ ਦੀ ਧੁਨੀ ਵਿਚ ਢਾਲਿਆ ਜਾਂਦਾ ਹੈ। ਜਦ ਮੁਖੜੇ ਦੀ ਤਰਜ਼ ਬਣ ਜਾਵੇ ਤਾਂ ਉਹ ਸੁਨਾਉਣ ਲਈ ਪ੍ਰੋਡਿਊਸਰ, ਡਾਇਰੈਕਟਰ ਤੇ ਗੀਤ ਲਿਖਣ ਵਾਲਾ, ਸਭ ਮਿਲ ਕੇ ਸਾਰੇ ਸਾਜ਼ਿੰਦਿਆਂ ਨਾਲ ਗੀਤ ਨੂੰ ਅੱਗੇ ਤੋਰਦੇ ਹਨ।

ਕਿਸੇ ਵੀ ਇਕ ਗਾਣੇ ਦੇ ਮੁਖੜੇ ਤੋਂ ਬਾਅਦ ਤਿੰਨ, ਚਾਰ ਜਾਂ ਕਈ ਵਾਰੀ ਪੰਜ ਅੰਤਰੇ ਹੁੰਦੇ ਹਨ, ਜਿਹਨਾਂ ਨੂੰ ਤਿੰਨ ਤੋਂ ਪੰਜ ਮਿੰਟਾਂ ਵਿਚ ਫਿੱਟ ਕਰਨਾ ਹੁੰਦਾ ਹੈ। ਇਨ੍ਹਾਂ ਅੰਤਰਿਆਂ ਦੇ ਵਿਚਕਾਰ ਫਿਰ ਇੰਟਰਲਿਊਡ ਵੀ ਹੁੰਦਾ ਹੈ, ਜਿਹੜਾ ਸੰਗੀਤ ਇਕ ਅੰਤਰੇ ਦੇ ਖ਼ਤਮ ਹੋਣ ਤੋਂ ਬਾਅਦ ਤੇ ਦੂਸਰੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੱਜਦਾ ਹੈ। ਏਨੀਆਂ ਮਿਹਨਤਾਂ ਨਾਲ ਤਿਆਰ ਕੀਤਾ ਗਾਣਾ ਜਾਂ ਤਾਂ ਫਿਰ 'ਸੁਪਰ ਹਿੱਟ' ਹੋ ਜਾਂਦਾ ਹੈ, ਬੱਚੇ ਬੱਚੇ ਦੀ ਜ਼ਬਾਨ 'ਤੇ ਚੜ੍ਹ ਜਾਂਦਾ ਹੈ, ਸਦਾ ਬਹਾਰ ਬਣ ਜਾਂਦਾ ਹੈ ਤੇ ਜਾਂ ਫਿਰ ਫ਼ਿਲਮ

ਚਲਦਾ

9/11, ਅਮਰੀਕਾ, ਇਸਲਾਮ ਅਤੇ ਸਿਨੇਮਾ

ਰਾਹੁਲ ਸਿੰਘ



ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ 9/11 ਨੇ ਅਮਰੀਕੀ ਐਕਸ਼ਨ ਫਿਲਮਾਂ ਦੇ ਬਾਜ਼ਾਰ ਨੂੰ ਅਤੇ ਹਥਿਆਰ-ਤਕਨੀਕ ਵੇਚ ਕੇ ਜ਼ਿੰਦਾ ਰਹਿਣ ਵਾਲੇ ਇਸ ਦੇਸ਼ ਨੂੰ ਕਿੰਨੀ ਹਾਨੀ ਪਹੁੰਚਾਈ ਸੀ। ਅਮਰੀਕਾ ਨੇ ਜਿਸ ਅੰਦਾਜ਼ ਨਾਲ ਪਾਕਿਸਤਾਨ ਵਿਚ ਵੜ ਕੇ ਉਸਾਮਾ ਦੀ ਹੱਤਿਆ ਕੀਤੀ, ਉਸ ਨੂੰ ਬਾਰੀਕੀ ਨਾਲ ਦੇਖੀਏ ਤਾਂ ਇਉਂ ਨਹੀਂ ਲੱਗਦਾ ਕਿ ਅਮਰੀਕਾ ਆਪਣੀ ਉਸੇ ਗੁਆਚੀ ਹੋਈ ਸਾਖ ਨੂੰ ਅਤੇ ਬਿੰਬ ਨੂੰ ਪੁਨਰ ਸਥਾਪਿਤ ਕਰਨਾ ਚਾਹ ਰਿਹਾ ਹੈ, ਜੋ 9/11 ਤੋਂ ਪਹਿਲਾਂ ਉਸ ਦੀਆਂ ਐਕਸ਼ਨ ਫਿਲਮਾਂ ਨੇ ਘੜ ਰੱਖਿਆ ਸੀ।

ਇਰਾਨੀ ਫਿਲਮਕਾਰਾਂ ਕਾਰਨ ਵਿਸ਼ਵ ਸਿਨੇਮਾ ਵਿਚ ਇਰਾਨੀ ਫਿਲਮਾਂ ਨੂੰ ਬੜੇ ਸਨਮਾਨ ਨਾਲ ਦੇਖਿਆ ਜਾਂਦਾ ਰਿਹਾ ਹੈ,ਪਰ 9/11 ਤੋਂ ਬਾਅਦ ਇਰਾਨ ਦੇ ਨਾਲ-ਨਾਲ ਜਿਸ ਕਦਰ ਅਫ਼ਗਾਨੀ, ਅਤੇ ਪਾਕਿਸਤਾਨੀ ਫਿਲਮਾਂ ਨੇ ਵਿਸ਼ਵ ਸਿਨੇਮਾ ਵਿਚ ਆਪਣੀ ਮੌਜੂਦਗੀ ਦਰਜ ਕਰਾਈ ਹੈ, ਉਹ ਮਹੱਤਵਪੂਰਨ ਹੋਣ ਦੇ ਨਾਲ-ਨਾਲ ਵਿਚਾਰਨ ਯੋਗ ਵੀ ਹੈ। ਸਭ ਤੋਂ ਪਹਿਲਾਂ ਅਫਗਾਨਿਸਤਾਨ ਨੂੰ ਹੀ ਲਈਏ ਕਿਉਂਕਿ ਓਸਾਮਾ ਬਿਨ ਲਾਦੇਨ ਅਤੇ ਤਾਲਿਬਾਨ ਦੇ ਇਸ ਗੜ੍ਹ ਨੇ ਨਾ ਸਿਰਫ ਵਿਸ਼ਵ ਸ਼ਕਤੀ ਦੇ ਅਰਥਤੰਤਰ ਬਲਕਿ ਉਸ ਦੇ ਸੁਰੱਖਿਆਤੰਤਰ ਦੇ ਗੁਬਾਰੇ ਵਿਚ ਵੀ ਪਿੰਨ ਚੁਭੋਣ ਦਾ ਕੰਮ ਕੀਤਾ ਸੀ। ਅਮਰੀਕੀ ਫਿਲਮਾਂ ਨੇ ਆਪਣੀਆਂ ਐਕਸ਼ਨ ਫਿਲਮਾਂ ਦੇ ਜ਼ਰੀਏ ਵਿਸ਼ਵ ਵਿਚ ਜੋ ਆਪਣਾ ਬਿੰਬ ਸਥਾਪਿਤ ਕੀਤਾ ਸੀ, ਜ਼ਰਾ ਉਸ ਬਿੰਬ ਵੱਲ ਧਿਆਨ ਮਾਰੋ। ਇਕ ਅਜਿਹਾ ਦੇਸ਼ ਜਿਸ ਦੇ ਖੁਫੀਆ ਏਜੰਟ ਆਪਣੇ ਬਲਬੂਤੇ ਕਿਵੇਂ ਵੀ ਦੁਸ਼ਮਣ ਦੇਸ਼ ਦੀ ਮਿੱਟੀ ਪਲੀਤ ਕਰ ਸਕਦੇ ਹਨ। ਅੰਦਰੂਨੀ ਖ਼ਤਰਿਆਂ ਨਾਲ ਸਿਝੱਣ ਵਾਲੀ, ਸਦਾ ਚੌਕੰਨੀ, ਐਫ.ਬੀ.ਆਈ, ਆਕਾਸ਼ ਜਾਂ ਕਿਸੇ ਹੋਰ ਗ੍ਰਹਿ ਨਾਲ ਪ੍ਰਿਥਵੀ ਉਪਰ ਕੋਈ ਸੰਕਟ ਆਵੇ ਤਾਂ ਇਕੱਲਾ ਦੇਸ਼ ਜਿਸ ਕੋਲ ਸਭ ਤੋਂ ਕਾਬਿਲ ਵਿਗਿਆਨਿਕ ਅਤੇ ਆਧੁਨਿਕਤਮ ਹਥਿਆਰਾਂ ਨਾਲ ਲੈਸ ਜਾਬਜ਼ਾਂ ਦੀ ਟੁਕੜੀ ਹੈ। ਇਹ ਬਿੰਬ ਕੋਈ ਇਕ ਦਿਨ ਵਿਚ ਨਹੀਂ ਬਣਿਆ। ਸਾਲਾਂ ਦੀ ਮਿਹਨਤ ਨਾਲ ਤੀਲਾ-ਤੀਲਾ ਜੋੜ ਕੇ ਬਣਾਇਆ ਗਿਆ ਸੀ, ਜਿਸ ਦੀ ਹਵਾ ਦੋ-ਤਿੰਨ ਹਵਾਈ ਜਹਾਜ਼ਾਂ ਵਿਚ ਸਵਾਰ ਫਿਦਾਇਨਾਂ ਨੇ ਕੱਢ ਦਿੱਤੀ। ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ 9/11 ਨੇ ਅਮਰੀਕੀ ਐਕਸ਼ਨ ਫਿਲਮਾਂ ਦੇ ਬਾਜ਼ਾਰ ਨੂੰ ਅਤੇ ਹਥਿਆਰ-ਤਕਨੀਕ ਵੇਚ ਕੇ ਜ਼ਿੰਦਾ ਰਹਿਣ ਵਾਲੇ ਇਸ ਦੇਸ਼ ਨੂੰ ਕਿੰਨੀ ਹਾਨੀ ਪਹੁੰਚਾਈ ਸੀ। ਅਮਰੀਕਾ ਨੇ ਜਿਸ ਅੰਦਾਜ਼ ਨਾਲ ਪਾਕਿਸਤਾਨ ਵਿਚ ਵੜ ਕੇ ਉਸਾਮਾ ਦੀ ਹੱਤਿਆ ਕੀਤੀ, ਉਸ ਨੂੰ ਬਾਰੀਕੀ ਨਾਲ ਦੇਖੀਏ ਤਾਂ ਇਉਂ ਨਹੀਂ ਲੱਗਦਾ ਕਿ ਅਮਰੀਕਾ ਆਪਣੀ ਉਸੇ ਗੁਆਚੀ ਹੋਈ ਸਾਖ ਨੂੰ ਅਤੇ ਬਿੰਬ ਨੂੰ ਪੁਨਰ ਸਥਾਪਿਤ ਕਰਨਾ ਚਾਹ ਰਿਹਾ ਹੈ, ਜੋ 9/11 ਤੋਂ ਪਹਿਲਾਂ ਉਸ ਦੀਆਂ ਐਕਸ਼ਨ ਫਿਲਮਾਂ ਨੇ ਘੜ ਰੱਖਿਆ ਸੀ। ਇੰਨਾ ਹੀ ਨਹੀਂ, ਇਰਾਕ ਅਤੇ ਅਫਗਾਨਿਸਤਾਨ ਦੇ ਹਮਲੇ ਵੀ ਸੈਨਿਕ ਮੁਹਿੰਮ ’ਤੇ ਬਣੀਆਂ ਅਮਰੀਕੀ ਫਿਲਮਾਂ ਨਾਲ ਮੇਲ ਖਾਂਦੇ ਹਨ। ਅਮਰੀਕਾ ਨੇ ਇਰਾਕ ਵਿਚ ਪ੍ਰਮਾਣੂ ਅਤੇ ਰਸਾਇਣਕ ਹਥਿਆਰਾਂ ਦੇ ਨਾਂ ’ਤੇ ਜੋ ਕੀਤਾ ਹੈ, ਉਸ ਦੀ ਪੋਲ ਖੁੱਲ੍ਹਣੀ ਸ਼ੁਰੂ ਹੋ ਚੁੱਕੀ ਹੈ। ਫਿਲਹਾਲ ਅਮਰੀਕਾ ਕੋਲ ਦੁਨੀਆ ਦੇ ਸ਼ਾਤਰ ਦਿਮਾਗਾਂ ਦਾ ਇਕ ਸਮੂਹ ਹੈ, ਜੋ ਦਿਨ-ਰਾਤ ਉਸ ਦੀ ਵਿਗੜਦੇ ਅਕਸ ਨੂੰ ਸੁਧਾਰਨ ਵਿਚ ਲੱਗਾ ਹੈ। ਕਿੰਨਾ ਚੰਗਾ ਹੋਵੇ, ਜੇਕਰ ਵਿਸ਼ਵ ਵਿਚ ਇਹ ਸੁਨੇਹਾ ਜਾਏ ਕਿ ਅਮਰੀਕਾ ਨੇ ਇਰਾਕ ਜਾਂ ਅਫਗਾਨਿਸਤਾਨ ਵਿਚ ਜੋ ਕੀਤਾ, ਉਹ ਸਹੀ ਸੀ ਅਤੇ ਜੇਕਰ ਉਸ ਦਾ ਸਮਰਥਨ ਉਹੀ ਦੇਸ਼ ਕਰਨ ਲੱਗਣ, ਜਿਨ੍ਹਾਂ ਦੇ ਖਿਲਾਫ਼ ਸੈਨਿਕ ਮੁਹਿੰਮ ਚਲਾਈ ਗਈ ਹੋਵੇ ਤਾਂ ਸੁਬਾਨਅੱਲਾ! ਜੇਕਰ ਇਹ ਦੂਰ ਦੀ ਗੱਲ ਲੱਗ ਰਹੀ ਹੈ ਤਾਂ ਸਭ ਤੋਂ ਪਹਿਲਾਂ ਟੂਵਿਨ ਟਾਵਰ ਉਪਰ ਹਮਲੇ ਦੀ ਤਾਰੀਖ ਲਈ ਘੜੇ ਗਏ 9/11 ਨੂੰ ਹੀ ਦੇਖ ਲਿਆ ਜਾਵੇ। ਇਸ ਮਿਤੀ ਤੋਂ ਧਿਆਨ ਵਿਚ ਆਉਂਦਾ ਹੈ 9 ਸਤੰਬਰ, 8 ਨਵੰਬਰ ਜਾਂ 11 ਸਤੰਬਰ? ਜੇਕਰ ਤਾਰੀਖ਼ ਯਾਦ ਵੀ ਰਹਿ ਜਾਵੇ ਤਾਂ ਕਿਹੜੇ ਸਾਲ ਇਹ ਹਾਦਸਾ ਵਾਪਰਿਆ? ਇਸ ਨੂੰ ਇਸ ਰੂਪ ਵਿਚ ਘੜਿਆ ਗਿਆ ਹੈ ਕਿ ਜਿਨ੍ਹਾਂ ਉਪਰ ਬੀਤੀ ਹੈ, ਉਨ੍ਹਾਂ ਨੂੰ ਤਾਂ ਯਾਦ ਰਹੇਗੀ, ਪਰ ਬਾਕੀਆਂ ਲਈ ਯਾਦ ਰੱਖਣਾ ਉਨਾ ਆਸਾਨ ਨਹੀਂ ਹੈ।

ਖ਼ੈਰ, ਅਮਰੀਕਾ ਅਤੇ ਨਾਟੋ ਦੀ ਫੌਜ ਨੇ ਮਿਲ ਕੇ ਅਫਗਾਨਿਸਤਾਨ ਵਿਚ ਜੋ ਕੀਤਾ, ਉਸ ਤੋਂ ਅਸੀਂ ਸਭ ਵਾਕਫ਼ ਹਾਂ। ਇਸ ਨਾਲ ਅਫਗਾਨਿਸਤਾਨ ਵਿਚ ਤਾਲਿਬਾਨ ਦਾ ਸਾਸ਼ਨ (1996-2001) ਖ਼ਤਮ ਹੋਇਆ। 1996 ਤੋਂ ਬਾਅਦ ‘ਓਸਾਮਾ’ (2003) ਉਹ ਪਹਿਲੀ ਫਿਲਮ ਸੀ, ਜਿਸ ਦੀ ਪੂਰੀ ਸ਼ੂਟਿੰਗ ਅਫਗਾਨਿਸਤਾਨ ਵਿਚ (ਜੂਨ 2002-ਮਾਰਚ 2003) ਹੋਈ। ਫਿਲਮ ਬਾਰੇ ਗੱਲਬਾਤ ਕਰਦੇ ਹੋਏ ਨਿਰਦੇਸ਼ਕ ਸਾਦਿਕ ਬਰਮਾਰਕ ਨੇ ਦੱਸਿਆ ਸੀ ਕਿ ਇਹ ਉਹ ਦੌਰ ਸੀ ਜਦ ਕਿਸੇ ਨੂੰ ਕੋਈ ਅਧਿਕਾਰ ਨਹੀਂ ਸੀ ਕਿ ਉਹ ਕੋਈ ਫੈਸਲਾ ਕਰ ਸਕੇ। ਇਹ ਕਹਾਣੀ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦਾ ਵਜੂਦ ‘ਓਸਾਮਾ’ ਦੇ ਨਾਮ ਦੇ ਪਿੱਛੇ ਗੁੰਮ ਹੋ ਗਿਆ ਸੀ। ਇਹ ਕਹਾਣੀ ਹੈ ਡਰ ਦੀ, ਆਪਣੇ ਪਰਛਾਵੇਂ ਦੀ ਆਵਾਜ਼ ਨਾਲ ਵੀ ਪੈਦਾ ਹੋਣ ਵਾਲੀ ਦਹਿਸ਼ਤ ਦੀ। ਇਹ ਕਹਾਣੀ ਹੈ ਉਨ੍ਹਾਂ ਔਰਤਾਂ ਦੀ ਜਿਨ੍ਹਾਂ ਦੀ ਜ਼ਿੰਦਗੀ ਇਕ ਸਥਾਈ ਅਤੇ ਅੰਤਹੀਣ ਕੈਦ ਵਿਚ ਤਬਦੀਲ ਹੋ ਗਈ ਹੈ। ਇਹ ਕਹਾਣੀ ਹੈ ਇਕ ਛੋਟੀ ਬੱਚੀ, ਜਿਸ ਦੇ ਮੋਢਿਆਂ ’ਤੇ ਮੂਲਵਾਦ ਤੋਂ ਉਪਜਿਆ ਬੇਇਨਸਾਫ਼ੀ ਦਾ ਬੋਝ ਲੱਦਿਆ ਹੋਇਆ ਹੈ। ਇਹ ਫਿਲਮ ਨੀਦਰਲੈਂਡ, ਜਾਪਾਨ, ਆਇਰਲੈਂਡ ਅਤੇ ਇਰਾਨ ਦੇ ਸਾਂਝੇ ਯਤਨਾਂ ਦਾ ਸਿੱਟਾ ਸੀ। ਇਕ ਦੂਜੀ ਉਦਾਹਰਣ ਹੈ, ਇਰਾਨੀ ਮੂਲ ਅਤੇ ਕੁਰਦ ਨਸਲ ਦੇ ਬਹਮਾਨ ਗੋਬਦੀ ਦੀ ਜਿਨ੍ਹਾਂ ਨੇ ‘ਟਰਟਲਸ ਕੈਨ ਫਲਾਏ’ (2004) ਬਣਾਈ ਸੀ। ਦਿਲਚਸਪ ਗੱਲ ਇਹ ਹੈ ਕਿ ‘ਓਸਾਮਾ’ ਉਹ ਪਹਿਲੀ ਫਿਲਮ ਹੈ, ਜੋ ਸੱਦਾਮ ਹੁਸੈਨ ਦੇ ਪਤਨ ਤੋਂ ਬਾਅਦ ਇਰਾਕ ਵਿਚ ਬਣੀ। ਲੇਕਿਨ ਇਹ ਕਹਾਣੀ ਅਮਰੀਕਾ ਦੇ ਇਰਾਕ ਵਿਚ ਹਮਲੇ ਦੇ ਹਫ਼ਤੇ ਪਹਿਲਾਂ ਦੀ ਕਹਾਣੀ ਬਿਆਨ ਕਰਦੀ ਹੈ। ਕਹਾਣੀ ਵੀ ਟਰਕੀ ਅਤੇ ਇਰਾਕ ਦੀ ਸੀਮਾ ਉਪਰ ਸਥਿਤ ਇਕ ਪਿੰਡ ‘ਕਨੀਬੋ’ ਉਪਰ ਕੇਂਦਰਿਤ ਹੈ, ਜਦ ਕਿ ਖੁਦ ਇਰਾਨ ਦੀ ਸੀਮਾ ਇਰਾਕ ਅਤੇ ਟਰਕੀ ਦੋਵਾਂ ਮੁਲਕਾਂ ਨਾਲ ਲੱਗਦੀ ਹੈ।

ਪਹਿਲੀ ਨਜ਼ਰੇ ਇਹ ਇਕ ਯੁੱਧ ਵਿਰੋਧੀ ਫਿਲਮ ਪ੍ਰਤੀਤ ਹੁੰਦੀ ਹੈ ਪਰ ਬੁਨਿਆਦੀ ਤੌਰ ’ਤੇ ਇਹ ਫਿਲਮ ਸੱਦਾਮ ਹੁਸੈਨ ਵਿਰੋਧੀ ਹੈ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਹ ਫਿਲਮ ਇਰਾਨ ਅਤੇ ਇਰਾਕ (ਸੱਦਾਮ ਹੁਸੈਨ ਤੋਂ ਬਾਅਦ ਦੇ ਅਮਰੀਕਾ ਦੇ ਪਿੱਠੂ ਇਰਾਕ) ਦੇ ਆਪਸੀ ਸਹਿਯੋਗ ਦਾ ਸਿੱਟਾ ਸੀ। ਨਿਰਸੰਦੇਹ, ਇਹ ਦੋਵੇਂ ਫਿਲਮਾਂ ਬਿਹਤਰੀਨ ਹਨ, ਪਰ ਇਨ੍ਹਾਂ ਦੋਨਾਂ ਵਿਚ ਬੱਸ ਇੰਨੀ ਸਮਾਨਤਾ ਹੈ ਕਿ ਇਕ ਤਾਲਿਬਾਨੀ ਸ਼ਾਸਨ ਦੇ ਖਾਤਮੇ ਨੂੰ ਅਤੇ ਦੂਜੀ ਸੱਦਾਮ ਹੁਸੈਨ ਦੇ ਸ਼ਾਸਨ ਨੂੰ ਖਤਮ ਕਰਨ ਨੂੰ ਨਿਆਂਯੁਕਤ ਠਹਿਰਾਉਂਦੀ ਹੈ। ਦੂਸਰਾ ਇਕ ਮਹੱਤਵਪੂਰਨ ਪਹਿਲੂ ਹੈ ਇਨ੍ਹਾਂ ਦੋਨਾਂ ਫਿਲਮਾਂ ਦੇ ਨਿਰਮਾਣ ਵਿਚ ਇਰਾਨ ਦੀ ਮੌਜੂਦਗੀ। ਇਰਾਨ ਦੀ ਭੂਗੋਲਿਕ, ਰਾਜਨੀਤਿਕ ਅਤੇ ਧਾਰਮਿਕ ਸਥਿਤੀ ਤੋਂ ਜੇਕਰ ਤੁਸੀਂ ਵਾਕਫ਼ ਹੋ ਤਾਂ ਤਸਵੀਰ ਥੋੜ੍ਹੀ ਸਾਫ ਹੋ ਜਾਂਦੀ ਹੈ। ਇਰਾਨ ਦੀ ਦਿਲਚਸਪੀ ਦਾ ਸਬੱਬ ਤਾਲਿਬਾਨ ਅਤੇ ਸੱਦਾਮ ਹੁਸੈਨ ਹੈ, ਨਾ ਕਿ ਉਹ ਕਦਰਾਂ-ਕੀਮਤਾਂ ਜਿਹੜੀਆਂ ਇਹ ਦੋਵੇਂ ਫਿਲਮਾਂ ਸਾਡੇ ਸਾਹਮਣੇ ਰੱਖਦੀਆਂ ਹਨ। ਜੇਕਰ ਅਜਿਹਾ ਹੁੰਦਾ ਤਾਂ ਇਰਾਨੀ ਹਕੂਮਤ ਨੂੰ ਚਾਹੀਦਾ ਸੀ ਕਿ ਉਹ ਆਪਣੇ ਵਿਸ਼ਵ ਪੱਧਰ ’ਤੇ ਪ੍ਰਸੰਸਾ ਖੱਟਣ ਵਾਲੇ ਫਿਲਮਕਾਰ ਜ਼ਫਰ ਪਨਾਹੀ ਨੂੰ ਬਾਹਾਂ ’ਤੇ ਚੁੱਕਦੇ ਕਿਉਂਕਿ ਉਸ ਦੀ ‘ਸਰਕਲ’ ਅਤੇ ‘ਆਫ ਸਾਈਡ’ 200 ਵੀ ਠੀਕ ‘ਓਸਾਮਾ’ ਦੀ ਤਰ੍ਹਾਂ ਉਸੇ ਵਿਸ਼ੇ ਨੂੰ ਉਠਾਉਂਦੀ ਹੈ ਕਿ ਇਸਲਾਮਿਕ ਕਾਨੂੰਨ ਕਿਸ ਕਦਰ ਕਿਸੇ ਮੁਸਲਿਮ ਔਰਤ ਨੂੰ ਬੁਨਿਆਦੀ ਅਧਿਕਾਰਾਂ ਤੋਂ ਵਾਂਝਾ ਕਰਦਾ ਹੈ। ਇਰਾਨੀ ਸਰਕਾਰ ਨੇ ਨਾ ਕੇਵਲ ਜ਼ਫ਼ਰ ਪਨਾਹੀ ਨੂੰ ਜੇਲ੍ਹ ਵਿਚ ਬੰਦ ਕਰ ਰੱਖਿਆ ਹੈ, ਬਲਕਿ ਜੀਵਨ-ਭਰ ਉਸ ਦੇ ਫਿਲਮ ਬਣਾਉਣ ’ਤੇ ਵੀ ਪਾਬੰਦੀ ਲਾ ਦਿੱਤੀ ਹੈ। ਜ਼ਫਰ ਪਨਾਹੀ ਤੋਂ ਇਲਾਵਾ ਇਰਾਨੀ ਸੈਂਸਰਸ਼ਿੱਪ ਤੋਂ ਤੰਗ ਆ ਕੇ ਇਰਾਨ ਛੱਡ ਕੇ ਪੈਰਿਸ ਜਾ ਵਸਣ ਵਾਲੇ ਦੂਜੇ ਫਿਲਮਕਾਰ ਮੋਹਸਿਨ ਮਖ਼ਮਲਬਫ਼ ਹਨ। ਉਨ੍ਹਾਂ ਨੇ ਜਦੋਂ ਕੰਧਾਰ (2001) ਬਣਾ ਕੇ ਤਾਲਿਬਾਨੀ ਸ਼ਾਸਨ ਦੀ ਹਕੀਕਤ ਸਾਹਮਣੇ ਰੱਖੀ ਸੀ, ਉਦੋਂ ਤੱਕ ਸਭ ਠੀਕ ਸੀ, ਪਰ ਬਾਅਦ ਵਿਚ ਇਸਲਾਮ ਦੇ ਫਰਮਾਬਰਦਾਰਾਂ ਤੋਂ ਤੰਗ ਆ ਕੇ ਉਨ੍ਹਾਂ ਨੂੰ ਵੀ ਇਰਾਨ ਛੱਡਣ ਲਈ ਮਜ਼ਬੂਰ ਹੋਣਾ ਪਿਆ। ਇਸ ਦੇ ਉਲਟ ਮਾਜ਼ਿਦ ਮਾਜ਼ਿਦੀ ਵਰਗੇ ਵੱਡੇ ਫਿਲਮਕਾਰ ਜੇਕਰ ਇਰਾਨ ਵਿਚ ਸਰਵਾਈਵ ਕਰ ਰਹੇ ਹਨ ਤਾਂ ਉਸ ਦੇ ਕੀ ਕਾਰਨ ਹੋ ਸਕਦੇ ਹਨ? ਜੇਕਰ ਬਹਮਾਨ ਗੋਬਦੀ ਦੀ ਪੈਦਾਇਸ਼ ਅਤੇ ਇਰਾਨ ਦੀ ਵਿਦੇਸ਼ ਨੀਤੀ ਨੂੰ ਧਿਆਨ ਵਿਚ ਰੱਖੀਏ ਤਾਂ ‘ਓਸਾਮਾ’ ਦਾ ਨਿਰਦੇਸ਼ਨ ਇਕ ਪੁਲਿਟੀਕਲੀ ਕਰੈਕਟ ਇਰਾਨੀ ਸਟੈਂਡ ਹੈ। ਇਸ ਦੇ ਨਾਲ-ਨਾਲ ਜੇਕਰ ਇਕ-ਦੂਜੇ ਕੱਦਾਵਰ ਫਿਲਮਕਾਰ ਮਾਜ਼ਿਦ ਮਾਜ਼ਿਦੀ ਨੂੰ ਦੇਖੀਏ ਤਾਂ ਇਕ ਦੂਸਰਾ ਫਿਲਚਸਪ ਤੱਥ ਸਾਹਮਣੇ ਆਉਂਦਾ ਹੈ। ਮਾਜ਼ਿਦ ਮਾਜ਼ਿਦੀ ਦੀਆਂ ਫਿਲਮਾਂ ਵਿਚ ਭਾਵੇਂ ਇਰਾਨ ਦੀ ਗੁਰਬਤ ਦੀਆਂ ਤਸਵੀਰਾਂ ਸਾਨੂੰ ਦੇਖਣ ਨੂੰ ਮਿਲਦੀਆਂ ਹਨ, ਪਰ ਉਹ ਇਮਾਨ ਅਤੇ ਅੱਲਾ ਦੇ ਦੀਨ ਵਿਚ ਵਿਸ਼ਵਾਸ ਦੇ ਜ਼ਰੀਏ ਹੀ ਉਨ੍ਹਾਂ ਹਾਲਤਾਂ ਵਿਚੋਂ ਨਿਕਲਣ ਦੀ ਇਕ ਭਰੋਸੇਯੋਗ ਕਥਾ-ਕਹਾਣੀ ਸਕਰੀਨ ’ਤੇ ਰਚਦੇ ਨਜ਼ਰ ਆਉਂਦੇ ਹਨ।



ਚਾਹੇ ਉਹ ‘ਚਿਲਡਰਨ ਆਫ ਹੇਵੇਨ’ (1997) ਹੋਵੇ, ‘ਕਲਰ ਆਫ ਪੈਰਾਡਾਈਜ਼’ (1997) ਹੋਵੇ, ‘ਬਰਨ’ (2001) ਹੋਵੇ ਜਾਂ ਫਿਰ ‘ਸਾਂਗ ਆਫ ਸਪੈਰੋ’ (2008)। ਇਕ ਤਰ੍ਹਾਂ ਨਾਲ ਮਾਜ਼ਿਦ ਇਨਸਾਨੀਅਤ ਦੇ ਪਰਦੇ ਵਿਚ ਸ਼ਰੀਅਤ ਨੂੰ ਪਰੋਸਦੇ ਪ੍ਰਤੀਤ ਹੁੰਦੇ ਹਨ। ਇਸ ਦੇ ਉਲਟ ਜ਼ਫਰ ਪਨਾਹੀ ਅਤੇ ਮੋਹਸਿਨ ਮਖ਼ਮਲਬਾਫ਼ ਉਸ ਹਾਲਾਤ ਦੇ ਲਈ ਹਕੂਮਤ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਨਜ਼ਰ ਆਉਂਦੇ ਹਨ। ਇਰਾਨ ਵਿਚ ਇਸਤਰੀਆਂ ਦੇ ਹਾਲਾਤ ਬਹੁਤ ਚੰਗੇ ਹਨ, ਅਜਿਹੀ ਗੱਲ ਨਹੀਂ ਹੈ। ਜੇਕਰ ਫਿਲਮ ਉਪਰ ਹੀ ਭਰੋਸਾ ਕਰਨਾ ਹੋਵੇ ਤਾਂ ਅਜਿਹੀਆਂ ਫਿਲਮਾਂ ਦਾ ਜ਼ਿਆਦਾ ਭਰੋਸਾ ਕਰਨਾ ਚਾਹੀਦਾ ਹੈ, ਜੋ ਇਹ ਕਹਿੰਦੀਆਂ ਹੋਣ ਕਿ ਇਹ ਸੱਚੀ ਘਟਨਾ ਉਪਰ ਆਧਾਰਿਤ ਹੈ। ਉਸ ਦੀ ਸੱਚਾਈ ਉਪਰ ਸੰਦੇਹ ਦਾ ਆਧਾਰ ਉਦੋਂ ਹੋਰ ਵੀ ਨਹੀਂ ਰਹਿ ਜਾਂਦਾ, ਜਦ ਇਰਾਨੀ ਸਰਕਾਰ ਉਸ ਕਿਤਾਬ ’ਤੇ ਪਾਬੰਦੀ ਲਾ ਦਿੰਦੀ ਹੈ, ਜਿਸ ਉਪਰ ਫਿਲਮ ਆਧਾਰਿਤ ਹੈ। ਵਿਡੰਬਨਾ ਇਹ ਹੈ ਕਿ ਫਿਲਮ ਇਰਾਨੀ ਮੂਲ ਦੇ ਅਮਰੀਕੀ ਫਿਲਮਕਾਰ ਸਾਈਰਸ ਨੋਰਸਤੇਹ ਨੇ ਬਣਾਈ ਅਤੇ ਫਿਲਮ ਦਾ ਨਾਂ ਸੀ ‘ਸਟੋਨਿੰਗ ਆਫ ਸਰੋਆ ਐਮ’ (2008) ਸੱਚੀ ਘਟਨਾ ਉਪਰ ਆਧਾਰਿਤ ਇਹ ਫਿਲਮ ਵੀ ਇਸਲਾਮ ਦੇ ਇਸਤਰੀ ਵਿਰੋਧੀ ਰੂਪ ਨੂੰ ਹੀ ਦਰਸਾਉਂਦੀ ਹੈ, ਫ਼ਰਕ ਸਿਰਫ਼ ਇੰਨਾ ਹੈ ਕਿ ਪਿੱਠਭੂਮੀ ਇਰਾਨ ਦੇ ਪਿੰਡ ‘ਖੋਪਾਏ’ ਦੀ ਹੈ। 9/11 ਤੋਂ ਬਾਅਦ ਇਸਲਾਮ ਨੂੰ ਅੱਤਵਾਦੀ ਮਜ਼ਹਬ ਪ੍ਰਚਾਰਿਤ ਅਤੇ ਸਾਬਤ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਜੱਗ ਜ਼ਾਹਿਰ ਹਨ ਅਤੇ ਇਸਲਾਮਿਕ ਪਿੱਠਭੂਮੀ ਉਪਰ ਬਣੀਆਂ ਅਤੇ ਕੌਮਾਂਤਰੀ ਫਿਲਮ ਸਮਾਰੋਹਾਂ ਵਿਚ 9/11 ਤੋਂ ਬਾਅਦ ਪੁਰਸਕ੍ਰਿਤ ਹੋਣ ’ਤੇ ਸ਼ਲਾਘਾ ਖੱਟਣ ਵਾਲੀਆਂ ਫਿਲਮਾਂ ਦੇ ਪੈਟਰਨ ਨੂੰ ਵੀ ਹੁਣ ਪਛਾਣਿਆ ਜਾ ਸਕਦਾ ਹੈ। ਉਨ੍ਹਾਂ ਫਿਲਮਾਂ ਵਿਚ ਆਮ ਤੌਰ ’ਤੇ ਦੋ ਰੁਝਾਨ ਦੇਖਣ ਨੂੰ ਮਿਲ ਰਹੇ ਹਨ। ਇਕ ਤਾਂ ਧਾਰਮਿਕ ਕੱਟੜਵਾਦ ਦਾ ਫਿਲਮਾਂਕਣ ਅਤੇ ਦੂਜਾ ਇਸਲਾਮਿਕ ਕਾਨੂੰਨ ਦੇ ਅਧੀਨ ਇਸਤਰੀਆਂ ਦੀ ਦੁਰਦਸ਼ਾ ਦਾ। ਕਹਿਣ ਦੀ ਲੋੜ ਨਹੀਂ ਕਿ ਦੂਜੇ ਵਿਸ਼ਵਯੁੱਧ ਅਤੇ ਨਾਜ਼ੀ ਤਸੀਹਿਆਂ ਉਪਰ ਬਣੀਆਂ ਫਿਲਮਾਂ ਦੇ ਪੁਰਸਕ੍ਰਿਤ ਹੋਣ ਤੋਂ ਬਾਅਦ ਇਹ ਦੂਸਰਾ ਸ਼ਰਤੀਆ ਫਾਰਮੂਲਾ ਹੱਥ ਲੱਗ ਪਿਆ ਹੈ। ਕੁੱਲ ਮਿਲਾ ਕੇ ਇਸਲਾਮਿਕ ਦੇਸ਼ਾਂ ਵਿਚ ਬਣੀਆਂ ਫਿਲਮਾਂ ਨੂੰ ਯੂਰਪੀ ਦੇਸ਼ਾਂ ਨੇ ਉਸ ਮੁਕਾਮ ਤੱਕ ਪਹੁੰਚਾ ਦਿੱਤਾ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਕੁਝ ਜ਼ਿਆਦਾ ਕਹਿਣ-ਕਰਨ ਦੀ ਲੋੜ ਨਹੀਂ ਹੈ। ਇਸੇ ਲੜੀ ਵਿਚ ਪਾਕਿਸਤਾਨੀ ਨਿਰਦੇਸ਼ਕ ਸ਼ੋਇਬ ਮਨਸੂਰ ਦੀਆਂ ਫਿਲਮਾਂ ‘ਖੁਦਾ ਕੇ ਲੀਏ’ (2007) ਅਤੇ ‘ਬੋਲ’ (2011) ਨੂੰ ਵੀ ਦੇਖਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ‘ਖੁਦਾ ਕੇ ਲੀਏ’ ਤਾਂ ਭਾਰਤ, ਪਾਕਿਸਤਾਨ ਅਤੇ ਅਮਰੀਕਾ ਦਾ ਸਾਂਝਾ ਉਦਮ ਹੈ।

ਇਨ੍ਹਾਂ ਸਾਲਾਂ ਵਿਚ ਪਾਕਿਸਤਾਨ ਵਿਚ ਬਣੀਆਂ ਇਹ ਵਿਸ਼ੇਸ਼ ਫਿਲਮਾਂ ਹਨ ਪਰ ਸਬੱਬ ਨਾਲ ਇਨ੍ਹਾਂ ਦੋਵਾਂ ਫਿਲਮਾਂ ਦੇ ਥੀਮ ਵੀ ਲਗਪਗ ਉਹੀ ਹਨ, ਜਿਨ੍ਹਾਂ ਵੱਲ ਉਪਰ ਇਸ਼ਾਰਾ ਕੀਤਾ ਗਿਆ ਸੀ। ਸ਼ੋਇਬ ਦੀ ਤੀਸਰੀ ਫਿਲਮ ਦੇ ਬਾਅਦ ਹੀ ਮੁਕੰਮਲ ਤੌਰ ’ਤੇ ਕੁਝ ਕਿਹਾ ਜਾ ਸਕਦਾ ਹੈ। ਫਿਲਹਾਲ ਤਾਂ ਪਾਕਿਸਤਾਨ ਦੇ ਜੋ ਹਾਲਾਤ ਹਨ, ਉਨ੍ਹਾਂ ਵਿਚ ਸ਼ੋਇਬ ਮਨਸੂਰ ਦੇ ਹੌਂਸਲੇ ਦੀ ਜਿੰਨੀ ਦਾਦ ਦਿੱਤੀ ਜਾਵੇ, ਥੋੜ੍ਹੀ ਹੈ। ਪਾਕਿਸਤਾਨ ਦੇ ਨਿਰਮਾਣ ਵਿਚ ਉਂਝ ਤਾਂ ਮਜ਼੍ਹਬ ਦੀ ਵੱਡੀ ਭੂਮਿਕਾ ਰਹੀ ਸੀ, ਪਰ ਸ਼ਾਸਨ ਦਾ ਇਸਲਾਮੀਕਰਨ ਜ਼ਿਆ ਉਲ ਹੱਕ ਦੇ ਦੌਰ ਵਿਚ ਸਭ ਤੋਂ ਤੇਜ਼ੀ ਨਾਲ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਪਾਕਿਸਤਾਨ ਦੇ ਉਤਰ ਪੱਛਮੀ ਇਲਾਕੇ ਸਵਾਤ ਵਿਚ, ਜਿਥੇ ਤਾਲਿਬਾਨੀਆਂ ਦਾ ਪ੍ਰਭਾਵ ਹੁਣ ਵੀ ਹੈ, ਇਸਲਾਮੀ ਕਾਨੂੰਨ ਜਾਰੀ ਰੱਖਣ ਦੇ ਆਦੇਸ਼ ਵਰਤਮਾਨ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਜਾਰੀ ਕੀਤੇ ਹਨ।

ਸਿਨੇਮਾ ਜਗਤ ਦਾ ਸਭ ਤੋਂ ਵੱਡਾ ਪੁਰਸਕਾਰ ਆਸਕਰ ਵੀ ਇਸ ਰਾਜਨੀਤੀ ਤੋਂ ਅਛੂਤਾ ਨਹੀਂ ਰਹਿ ਗਿਆ ਹੈ। ਅਕਾਦਮੀ ਐਵਾਰਡ ਵੀ ਪੱਛਮੀ ਸਾਮਰਾਜਵਾਦੀ ਵਿਚਕਾਰ ਧਾਰਨਾਵਾਂ ਦੇ ਪ੍ਰਸਾਰ ਦਾ ਅੰਤਰਰਾਸ਼ਟਰੀ ਮੰਚ ਜਿਹਾ ਬਣ ਕੇ ਰਹਿ ਗਿਆ ਹੈ। 82ਵੇਂ ਅਕਾਦਮੀ ਐਵਾਰਡ ਵਿਚ ਤਾਂ ਇਹ ਬਹੁਤ ਖੁੱਲ੍ਹ ਕੇ ਸਾਹਮਣੇ ਆਇਆ, ਜਦੋਂ ਸਰਵੋਤਮ ਫਿਲਮ ਅਤੇ ਸਰਵੋਤਮ ਨਿਰਦੇਸ਼ਕ ਦਾ ਐਵਾਰਡ ਜੇਮਸ ਕੈਮਰੂਨ ਦੇ ‘ਅਵਤਾਰ’ ਦੀ ਥਾਂ ਕੈਥਰੀਨ ਬਿਗੇਲੋ ਨੂੰ ‘ਹਾਰਟ ਲਾਕਰ’ ਦੇ ਲਈ ਦਿੱਤਾ ਗਿਆ। ਦੋਨਾਂ ਫਿਲਮਾਂ ਦੇ ਥੀਮ ਨੂੰ ਦੇਖ ਕੇ ਅਮਰੀਕੀ ਸਾਮਰਾਜਵਾਦੀ ਅਤੇ ਮੂਲਵਾਦੀ ਨੀਤੀਆਂ ਦਾ ਸਮਰਥਨ ਅਤੇ ਵਿਰੋਧ ਕਰਨ ਵਾਲੀਆਂ ਫਿਲਮਾਂ ਦੀ ਸ਼ਨਾਖ਼ਤ ਬੇਹੱਦ ਸਹਿਜਤਾ ਨਾਲ ਕੀਤੀ ਜਾ ਸਕਦੀ ਹੈ।

-ਅਨੁਵਾਦ-ਰਮਨ

Royal Executive Homes

Town Houses in Wildwood

Hurry 70% Sold




Available from **1232 sq** ft. to **1589 sq** ft. with attached Single and Double Garage. Starting price: **$ 299,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud &
- Anthony Henday

NOW UNDER CONSTRUCTION

SHOW HOME OPENING SOON.





Wild Wood TOWN HOUSES
1820, 34th Ave
Edmonton.

780-965-7390
780-906-4497
royalexecutivehomes@hotmail.com



Sales Contact :
Rob Gill : 780-297-1198

ਅਲਬਰਟਾ ਸੂਬੇ ਦੀ ਬੇਹਤਰੀ, ਵਧੀਆ ਸਿਹਤ ਸੇਵਾਵਾਂ, ਸਿਖਿਆ ਅਤੇ ਬੱਚਿਆਂ ਦੇ ਉੱਜਲ ਭਵਿੱਖ ਲਈ ✓ ਸੁਹੇਲ ਕਾਦਰੀ

✓ Sohail Quadri

PC Alberta Candidate, Edmonton-Mill Woods

"I'm running to keep our province on the right track by Investing in Healthcare, Education and Our Children's Future."

Proven Track Record in Leadership & Entrepreneurship

To share your views and concerns please call me at 780.850.4080

squadri@shaw.ca quadri.votepc.ca



PC Alberta


BRIDGEPORT HOMES LTD.

BEST PRICES IN TOWN
WE ASSURE BEATING MARKET PRICE

Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ ਗੱਲਬਾਤ ਕਰੋ

780-935-7718



Lots available for bi-Level homes in Silverberry Area



For more information call: Dolly Chauhan @ 780-935-7718